ਜਨਵਰੀ-ਮਾਰਚ 2018
Vol. 1 Issue

# ਅਨਹਦ

ਈ-ਮੈਗਜ਼ੀਨ



**Coordinator**
**Gagan Brar (London)**
Khushwinder74@yahoo.co.uk

**Chief Editor**
**Parminder Singh Shonkey**
parmindersinghshonkey@yahoo.com

**Assistant Editor**
**Amina**
Ameenapbiuni8@gmail.com

**Advisory Pannle**
**Dr. Harpal Singh Pannu**
**Dr. Bhim Inder Singh**
**Dr. Amarjit Singh**
**Dr. Kiran**
**Gurpreet (Poet) Mansa**
**Pardeep**

**Supporting Pannle**
Jasvir Singh Ranna
Preeti Shelly
Rajinder Singh
Kind Nahal Singh
Balraj Singh Kokri
Jasvir Singh Longowal
Manjinder Singh

**Legal Advisor**
**Adv. Gurshamshir Singh**
**Punjab & Haryana Hight Court**

# ਅਨਹਦ

ਈ-ਮੈਗਜ਼ੀਨ

ਜਨਵਰੀ-ਮਾਰਚ 2018
Vol. 1 Issue

A Peer Reviewed Punjabi Research Journal

email: anhadmagazine@gmail.com
website:anhadmagazine.blogspot.in
Contact: 94643-46677
follow us @ fb: www.facebook.com/anhademagazine

* ਅਨਹਦ ਈ-ਮੈਗਜ਼ੀਨ ਦੇ ਸਾਰੇ ਕਾਮੇ ਆਰਜ਼ੀ ਤੌਰ 'ਤੇ ਬਿਨ੍ਹਾਂ ਕਿਸੇ ਮੁਆਵਜ਼ੇ ਦੇ ਕੰਮ ਕਰਦੇ ਹਨ।
* ਲੇਖਕ ਆਪਣੇ ਵਿਚਾਰਾਂ ਲਈ ਆਪ ਜ਼ਿੰਮੇਵਾਰ ਹੋਵੇਗਾ।
* 'ਅਨਹਦ ਈ-ਮੈਗਜ਼ੀਨ' ਸੰਬੰਧੀ ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਕਾਰਵਾਈ ਚੰਡੀਗੜ੍ਹ ਦੀ ਅਦਾਲਤ ਵਿਚ ਹੀ ਹੋ ਸਕੇਗੀ।

**ਤਤਕਰਾ**

1.ਸੰਪਾਦਕੀ/3
2.ਮਾਰਕਸਵਾਦੀ ਚਿੰਤਨ-ਸ਼੍ਰੇਣੀ-ਸੰਘਰਸ਼ ਦੀ ਪਛਾਣ/4
3.ਸਿਗਮੰਡ ਫਰਾਇਡ/13
4.ਸਿਖੁ ਸੋ ਖੋਜਿ ਲਹੈ: ਵਿਚਾਰਧਾਰਕ ਸਰੋਕਾਰ/26
5.ਚੰਦਨ ਨੇਗੀ ਦੀਆਂ ਕਹਾਣੀਆਂ ਵਿਚ ਡੁੱਗਰ ਆਂਚਲਿਕਤਾ/34
6.ਸੋਫ਼ੀ ਪਿੰਡ ਦੇ ਘੁਮਿਆਰ ਸਮਾਜ ਦਾ ਸਭਿਆਚਾਰਕ ਅਧਿਐਨ/38
7.ਗੁਰੂ ਨਾਨਕ ਬਾਣੀ 'ਚ ਵਰਣਿਤ ਅਧਿਆਤਮਕ-ਸਦਾਚਾਰਕ 'ਗੁਣ ਫ਼ਲਸਫ਼ਾ'/45
8.ਗੁਰਬਾਣੀ ਵਿਚ ਨਾਸਿਕਤਾ (ਬਿੰਦੀ) ਦਾ ਪ੍ਰਯੋਗ/52
9.ਮੈਂ ਨਾਵਲ ਵਿਚ ਵੇਰਵਿਆਂ ਦਾ ਹਾਮੀ ਨਹੀਂ ਹਾਂ,
ਵੇਰਵਿਆਂ ਦੀ ਮਾਨਸਿਕਤਾ ਦਾ ਪੱਖੀ ਹਾਂ-ਜਸਬੀਰ ਸਿੰਘ ਮੰਡ।/58
10.ਪੰਜਾਬੀ ਦਾ ਸੱਤਿਆਨਾਸ਼/69
11.ਡਾ. ਗੰਡਾ ਸਿੰਘ/76
12.ਭਾਈ ਵੀਰ ਸਿੰਘ: ਜੀਵਨ ਬਿਰਤਾਂਤ/84
13.ਚਿੱਟਾ ਬਨਾਮ ਪੰਜਾਬ/90
14.ਕਸ਼ਮੀਰਨਾਮਾ: ਸ਼ੰਘਰਸ਼ ਦੇ ਦੌਰ ਦੀ ਇੱਕ ਦਾਸਤਾਨ/92
15.ਅਰਨੈਸਟੋ ਕਾਰਦੇਨਾਲ ਦੀਆਂ ਚੋਣਵੀਆਂ ਕਵਿਤਾਵਾਂ/99
16.ਕਠਪੁਤਲੀ ਦਾ ਨਾਚ/102
17.ਮੈਨੂੰ ਸਭ ਪਤਾ/108
18.ਲੇਖਕ/113
19.ਹੈਵਾਨੀਅਤ/118
20.ਵਰਿੰਦਰ ਪਰਿਹਾਰ ਦੀਆਂ ਕਵਿਤਾਵਾਂ/125
21.ਗਗਨ ਬਰਾੜ ਦੀਆਂ ਕਵਿਤਾਵਾਂ/126
22.ਸੁਖਵੰਤ ਸਿੰਘ ਜੜਤੌਲੀ ਦੀਆਂ ਕਵਿਤਾਵਾਂ/130
23.ਚੰਦ 'ਤੇ ਜਾਣ ਦਾ ਕੱਚ-ਸੱਚ/131
24.ਵਾਹਿਦ 'ਪ੍ਰਿਜ਼ਮ 'ਚੋਂ ਲੰਘਦਾ ਸ਼ਹਿਰ'/136
25.ਤਕਨੀਕੀ ਖ਼ਰਾਬੀ/137

# ਅਨਹਦ

## ਸੰਪਾਦਕੀ

"ਅਨਹਦ" ਦੀ ਸ਼ੁਰੂਆਤ ਉਸ ਮੱਧਮ ਪੈਂਦੀ ਜਾ ਰਹੀ ਲੋਅ ਵਿਚੋਂ ਹੋਈ ਹੈ, ਜਿਸ ਦੀਆਂ ਕੰਨਸੋਆਂ ਖੋਜ ਖੇਤਰ ਅਤੇ ਸਾਹਿੱਤ ਨਾਲ ਜੁੜੇ ਸੱਜਣ ਅਕਸਰ ਮਹਿਸੂਸ ਕਰਦੇ ਰਹਿੰਦੇ ਹਨ। ਇਹ ਉਸ ਵਰਤਾਰੇ ਪ੍ਰਤੀ ਅਪਣਾਈ ਸਿੱਧੀ ਪਹੁੰਚ ਹੈ, ਜਿਸ ਅੰਦਰ ਨਿੱਜੀ ਖ਼ੁਦਗਰਜ਼ੀਆਂ, ਪਹੁੰਚਾਂ, ਸਿਆਸਤਾਂ ਅਤੇ ਤਰਾਸਦੀਆਂ ਭਰੀਆਂ ਪਈਆਂ ਹਨ। ਸਾਹਿੱਤ ਦੇ ਖੇਤਰ ਅੰਦਰ ਪੈਦਾ ਹੋਏ ਲਿਹਾਜ਼ਦਾਰੀ ਦੇ ਦੌਰ ਦੀਆਂ ਸਥਾਪਿਤ ਕੀਤੀਆਂ ਕੁਰਤੀਆਂ ਨੂੰ ਦੂਰ ਕਰਨ, ਉਨ੍ਹਾਂ ਦਾ ਬਦਲ ਲੱਭਣ ਦੀਆਂ ਕੋਸ਼ਿਸ਼ਾਂ ਵਿਚੋਂ ਹੀ "ਅਨਹਦ" ਦਾ ਜਨਮ ਹੋਇਆ ਹੈ। ਸਾਡੀਆਂ ਉਮੀਦਾਂ ਅਤੇ ਨਿਸ਼ਾਨਿਆਂ ਦਾ ਨਿਰਧਾਰਨ ਹੁਣ ਤੁਸੀਂ ਕਰ ਸਕਦੇ ਹੋ।

ਮੌਜੂਦਾ ਦੌਰ ਅੰਦਰ ਪਸਰੇ ਉਪਭੋਗਤਾਵਾਦ ਦੁਆਰਾ ਉਤਪੰਨ ਪ੍ਰਵਚਨਾਂ ਖ਼ਿਲਾਫ ਪੈਦਾ ਹੋਣ ਵਾਲੇ ਪ੍ਰਤਿਰੋਧਾਂ ਦੀ ਅਵਾਜ਼ ਨੂੰ ਦਬਾਉਣ/ਫੜਨ ਹਿਤ ਕਾਰਜ਼ਸ਼ੀਲ ਕਾਮਿਆਂ ਵਜੋਂ ਵਿਦਵਾਨ, ਲੇਖਕ ਅਤੇ ਕਲਾਕਾਰ ਆਦਿ ਖ਼ਾਸ ਅਹਿਮੀਅਤ ਰੱਖਦੇ ਹਨ। ਇਨ੍ਹਾਂ ਦੀਆਂ ਸਿਰਜਣਾਵਾਂ ਅਕਸਰ ਸ਼ਖਸ਼ੀਅਤਾਂ ਦੇ ਕੱਦ ਹੇਠ ਅਪਣਾ ਆਲੋਚਨਾਤਮਿਕ ਸਰੂਪ ਸਾਹਮਣੇ ਆਉਣ ਤੋਂ ਰੋਕਣ ਲਈ ਯਤਨਸ਼ੀਲ ਰਹਿੰਦੀਆਂ ਹਨ। ਜਿਸ ਦਾ ਖ਼ਮਿਆਜਾ ਸਮਾਜ ਨੂੰ ਭੁਗਤਨਾ ਪੈਂਦਾ ਹੈ। ਅਜਿਹੀਆਂ 'ਵੱਡੀਆਂ ਸ਼ਖਸ਼ੀਅਤਾਂ' ਦੁਆਰਾ ਪੈਦਾ ਸਾਹਿੱਤ ਅਤੇ ਸਾਹਿੱਤ ਦੇ ਵਿਦਿਆਰਥੀ ਸਮਾਜ ਨੂੰ ਲੱਗੇ ਘੁਣ ਹੁੰਦੇ ਹਨ। ਉਸ ਘੁਣ ਨੂੰ ਜੇਕਰ ਥੋੜ੍ਹਾ ਜਿਹਾ ਵੀ ਘੱਟ ਕਰਨ ਵਿਚ "ਅਨਹਦ" ਸਫਲ ਹੁੰਦਾ ਹੈ, ਤਾਂ ਇਹ ਸਾਡੀ ਅਹਿਮ ਪ੍ਰਾਪਤੀ ਹੋਵੇਗੀ।

"ਸਮਕਾਲੀ ਸਾਹਿੱਤ ਚਿੰਤਨ ਅੰਦਰ ਮਨਫ਼ੀ ਹੋ ਰਹੇ ਸੰਵਾਦ ਦੀ ਪ੍ਰਤੱਖ ਦ੍ਰਿਸ਼ਟੀ ਕਾਰਨ ਪੈਦਾ ਹੋਏ ਧੁੰਦੂਕਾਰੇ ਨਾਲ ਨਜਿੱਠਣ ਹਿਤ ਕਾਰਜ਼ਸ਼ੀਲ ਸਾਹਿਤੱਕ ਵਿਧੀਆਂ/ਜੁਗਤਾਂ/ਅੰਤਰ-ਅਨੁਸ਼ਾਸ਼ਨਾਂ/ਪੜ੍ਹਤਾਂ ਆਦਿ ਰਾਹੀਂ ਤੁਸੀਂ ਸਾਡੇ ਇਸ ਕਾਰਜ ਵਿਚ ਬਰਾਬਰ ਭਾਈਵਾਲ ਬਣ ਕਿ ਨਾਲ ਤੁਰੋਗੇ, ਅਜਿਹੀਆਂ ਆਸਾਂ ਨਾਲ ਹੀ "ਅਨਹਦ" ਤੁਹਾਡੇ ਸਨਮੁੱਖ ਹੈ। ਇਹ ਤੁਹਾਡਾ ਆਪਣਾ ਮੰਚ ਹੈ, ਤੁਹਾਡੇ ਹਰ ਸੁਝਾਅ ਅਤੇ ਵਿਚਾਰ ਦਾ ਤਹਿ ਦਿਲੋਂ ਸਵਾਗਤ ਹੈ।

ਮੁੱਖ ਸੰਪਾਦਕ, ਅਨਹਦ




# ਮਾਰਕਸਵਾਦੀ ਚਿੰਤਨ-ਸ਼੍ਰੇਣੀ-ਸੰਘਰਸ਼ ਦੀ ਪਛਾਣ

ਡਾ. ਹਰਜੀਤ ਸਿੰਘ

**it is not the consciousness of men that determines their being but, on the contrary their social being that determines their consciousness.**

**K. Marx and F. Engels**

ਮਨੁੱਖੀ-ਹੋਂਦ ਦਾ ਮੂਲ ਆਧਾਰ ਉਤਪਾਦਨ ਤੇ ਪੁਨਰ-ਉਤਪਾਦਨ ਦੀ ਪ੍ਰਕਿਰਿਆ ਉੱਤੇ ਨਿਰਭਰ ਕਰਦਾ ਹੈ,ਜਿਹੜਾ ਮਨੁੱਖ ਨੂੰ ਪ੍ਰਕਿਰਤੀ ਦੀਆਂ ਸ਼ੈਆਂ ੋਬਜਇਚਟਸ) ਨਾਲ ਸੰਦਾਂ (ਮਇਓਨਸ) ਤੇ ਕਿਰਤ (ਲਓਬੋਰ) ਦੇ ਸੁਮੇਲ ਦੁਆਰਾ (ਉਤਪਾਦਨ ਸ਼ਕਤੀਆਂ) ਉਤਪਾਦਨ ਪ੍ਰਕਿਰਿਆ ਵਿਚ ਕਾਰਜਸ਼ੀਲ ਹੋਣ ਲਈ ਮਜਬੂਰ ਕਰਦਾ ਹੈ। ਇਸ ਸੰਦਰਭ ਵਿਚ ਮਨੁੱਖ ਪ੍ਰਕਿਰਤੀ ਦੇ ਮੁਕਾਬਲਤਨ ਆਪਣੀ ਵਿਅਕਤੀਗਤ ਸ਼ਕਤੀ ਦੀਆਂ ਸੀਮਾਵਾਂ ਨੂੰ ਸੰਭਾਵਨਾਵਾਂ ਵਿਚ ਤਬਦੀਲ ਕਰਨ ਲਈ ਬਾਹਰਮੁਖੀ ਨਿਯਮਾਂ ਅਧੀਨ ਨਿਸ਼ਚਿਤ ਸਮੂਹਿਕ ਸੰਬੰਧਾਂ ਵਿਚ ਬੱਝਦਾ ਹੈ। ਇਨ੍ਹਾਂ ਸੰਬੰਧਾਂ ਦੀ ਪ੍ਰਵਿਰਤੀ ਮੂਲ ਰੂਪ ਵਿਚ ਅੱਗੋਂ ਉਤਪਾਦਨ ਦੀਆਂ ਸ਼ੈਆਂ ਤੇ ਸੰਦਾਂ (ਉਤਪਾਦਨ ਦੇ ਸਾਧਨਾਂ) ਦੀ ਮਲਕੀਅਤ 'ਤੇ ਨਿਰਭਰ ਕਰਦੀ ਹੋਈ ਪ੍ਰਚਲਿਤ ਉਤਪਾਦਨ-ਢੰਗਾਂ ਅਧੀਨ ਕਾਰਜਸ਼ੀਲ ਮਨੁੱਖੀ ਗੁੱਟਾਂ ਜਾਂ ਦਾਇਰਿਆਂ ਦੀ ਪ੍ਰਧਾਨ ਜਾਂ ਪ੍ਰਾਧੀਨ ਸਥਿਤੀ ਨਿਰਧਾਰਿਤ ਕਰਦੀ ਹੈ। ਇਸ ਅਧੀਨ ਭਾਰੂ ਗੁੱਟ ਜਾਂ ਦਾਇਰੇ (ਬੁਨਿਆਦੀ ਰੂਪ ਵਿਚ ਸ਼ੋਸ਼ਕ-ਸ਼੍ਰੇਣੀਆਂ) ਆਪਣੀ ਹੋਂਦ ਦੇ ਆਰੰਭ ਤੋਂ ਸਮਕਾਲ ਤੱਕ ਕਿਸੇ ਨਾ ਕਿਸੇ ਰੂਪ ਵਿਚ ਉਤਪਾਦਨ ਦੀ ਪ੍ਰਕਿਰਿਆ ਤੋਂ ਬਾਹਰ ਰਹਿ ਕੇ ਵੀ ਉਪਜ ਦੇ ਵਧੇਰੇ ਹਿੱਸੇ 'ਤੇ ਕਾਬਜ਼ ਹੁੰਦੇ ਆਏ ਹਨ ਅਤੇ ਪ੍ਰਾਧੀਨ ਗੁੱਟਾਂ ਜਾਂ ਦਾਇਰਿਆਂ (ਬੁਨਿਆਦੀ ਰੂਪ ਵਿਚ ਸ਼ੋਸ਼ਿਤ-ਸ਼੍ਰੇਣੀ) ਦਾ ਸ਼ੋਸ਼ਣ ਕਰਦੇ ਰਹੇ ਹਨ। ਇਸ ਸ਼ੋਸ਼ਣ ਦਾ ਅੰਤ ਸਦਾ ਸੰਬੰਧਿਤ ਸਮਾਜ ਦੀਆਂ ਸ਼ੋਸ਼ਿਤ-ਸ਼੍ਰੇਣੀਆਂ ਦੀ ਸ਼ੋਸ਼ਕ-ਸ਼ੇਣੀਆਂ ਵਿਰੁੱਧ ਵਿਕਸਤ ਹੋਈ ਚੇਤਨਾ ਤੇ ਯਤਨਾਂ ਦੁਆਰਾ ਵਿਕਾਸਮੁੱਖੀ-ਪਰਿਵਰਤਨ ਨੂੰ ਵਿਹਾਰਿਕ ਰੂਪ ਦੇ ਕੇ ਕੀਤਾ ਗਿਆ ਹੈ। ਇਸ ਆਧਾਰ 'ਤੇ ਹੁਣ ਤੱਕ ਦੇ ਮਨੁੱਖੀ-ਸਮਾਜ ਦੇ

ਇਤਿਹਾਸ ਵਿਚ, ਮੁੱਢਲੀ-ਸਮਾਜਵਾਦੀ (ਸ਼੍ਰੇਣੀ-ਰਹਿਤ ਵਿਵਸਥਾ), ਗ਼ੁਲਾਮਦਾਰੀ, ਸਾਮੰਤਵਾਦੀ, ਪੂੰਜੀਵਾਦੀ ਤੇ ਕਮਿਊਨਿਜ਼ਮ (ਮਾਰਕਸ ਦੀ ਭਵਿੱਖਬਾਣੀ ਅਨੁਸਾਰ) ਵਰਗੀਆਂ ਸਮਾਜਿਕ-ਆਰਥਿਕ ਵਿਵਸਥਾਵਾਂ ਵਿਕਸਤ ਹੋਈਆਂ ਹਨ। ਜਿਸ ਕਾਰਨ ਹੁਣ ਤੱਕ ਦਾ ਵਿਦਮਾਨ ਸਮੁੱਚਾ ਮਨੁੱਖੀ-ਸਮਾਜ ਦਾ ਇਤਿਹਾਸ ਇਨ੍ਹਾਂ ਵਿਰੋਧੀ ਸ਼੍ਰੇਣੀਆਂ ਵਿਚਲੇ ਸੰਘਰਸ਼ ਦੇ ਸਿੱਟੇ ਵਜੋਂ ਹੀ ਹੋਂਦ ਗ੍ਰਹਿਣ ਕਰਦਾ ਆਇਆ ਹੈ। ਇਸ ਲਈ ਹੀ ਮਾਰਕਸਵਾਦੀ ਫ਼ਲਸਫ਼ਾ ਵਿਰੋਧੀ ਹਿਤਾਂ ਤੇ ਅਕਾਂਖਿਆਵਾਂ ਵਾਲੀਆਂ ਸ਼੍ਰੇਣੀਆਂ ਵਿਚਲੇ ਵਿਰੋਧ ਨੂੰ ਸ਼੍ਰੇਣੀਗਤ-ਸਮਾਜ ਦੀ ਪ੍ਰਮੁੱਖ ਸੰਚਾਲਕ ਸ਼ਕਤੀ ਸਵੀਕਾਰ ਕਰਦਾ ਹੈ। ਕਾਰਲ ਮਾਰਕਸ ਅਨੁਸਾਰ :

> ਆਜ਼ਾਦ ਸ਼ਹਿਰੀ ਅਤੇ ਗ਼ੁਲਾਮ, ਰਾਠ ਅਤੇ ਸਾਧਾਰਨ ਮਨੁੱਖ, ਜਾਗੀਰਦਾਰ ਅਤੇ ਖ਼ੇਤ-ਗ਼ੁਲਾਮ, ਗਿਲਡ-ਮਾਲਕ ਅਤੇ ਕਾਰੀਗਰ, ਮਤਲਬ ਇਹ ਕਿ ਦਬਾਉਣ ਵਾਲਾ ਅਤੇ ਦਬਾਇਆ ਹੋਇਆ, ਇਕ ਦੂਜੇ ਦੇ ਲਗਾਤਾਰ ਵਿਰੁੱਧ ਖੜੇ ਹੁੰਦੇ ਸਨ, ਨਿਰੰਤਰ, ਕਦੀ ਪ੍ਰਤੱਖ, ਕਦੀ ਪ੍ਰੋਖ ਲੜਾਈ ਵਿਚ ਜੁਟੇ ਰਹਿੰਦੇ ਸਨ, ਅਜਿਹੀ ਲੜਾਈ ਜਿਹੜੀ ਹਰ ਵਾਰ ਜਾਂ ਤਾਂ ਸਮੁੱਚੇ ਤੌਰ ਉੱਤੇ ਸਮਾਜ ਦੀ ਇਨਕਲਾਬੀ ਮੁੜ-ਬਣਤਰ ਵਿਚ, ਜਾਂ ਲੜਾਈ-ਜੁਟੀਆਂ ਸ਼੍ਰੇਣੀਆਂ ਦੀ ਸਾਂਝੀ ਬਰਾਬਰੀ ਵਿਚ ਜਾ ਮੁਕਦੀ ਸੀ।[1]

ਇਹ ਵਿਰੋਧੀ ਹਿਤਾਂ ਵਾਲੀਆਂ ਸ਼੍ਰੇਣੀਆਂ ਵਿਚਲਾ ਸੰਘਰਸ਼ ਸਮਾਜ ਦੀ ਆਧਾਰ ਸੰਰਚਨਾ ਵਿਚ ਕਾਰਜਸ਼ੀਲ ਰਹਿੰਦਾ ਹੈ ਅਤੇ ਪ੍ਰਤੱਖ ਜਾਂ ਪ੍ਰੋਖ ਰੂਪ ਵਿਚ ਸਮਾਜ ਦੀ ਪਰ-ਉਸਾਰ ਸੰਰਚਨਾ ਦੇ ਵਿਭਿੰਨ ਵਿਚਾਰਧਾਰਕ ਰੂਪਾਂ ਦੁਆਰਾ ਵੀ ਪ੍ਰਤੀਬਿੰਬਤ ਹੁੰਦਾ ਹੈ। ਇਸ ਅਧੀਨ ਸਾਧਨ-ਸੰਪੰਨ ਸ਼੍ਰੇਣੀਆਂ ਸਮਾਜਕ-ਆਧਾਰ ਵਿਚਲੇ ਵਿਰੋਧਾਂ ਨੂੰ ਲੁਪਤ ਕਰਨ ਲਈ ਸਾਧਨ-ਵਿਪੰਨ ਸ਼੍ਰੇਣੀਆਂ ਦੀ ਚਿੰਤਨ, ਚੇਤਨਾ ਤੇ ਸੰਵੇਦਨਾ ਨੂੰ ਸੰਸਕ੍ਰਿਤਕ-ਕੰਡੀਸ਼ਨਿੰਗ ਦੁਆਰਾ ਇਸ ਪ੍ਰਕਾਰ ਰੂਪਾਂਤਰਿਤ ਕਰਨ ਦਾ ਯਤਨ ਕਰਦੀਆਂ ਹਨ ਕਿ ਉਨ੍ਹਾਂ ਦਾ ਸਮੁੱਚਾ ਚਿੰਤਨ, ਚੇਤਨਾ ਤੇ ਸੰਵੇਦਨਾ ਸਾਧਨ-ਸੰਪੰਨ ਸ਼੍ਰੇਣੀਆਂ ਦੇ ਹਿਤਾਂ ਤੇ ਇੱਛਾਵਾਂ ਦੇ ਹੀ ਅਨੁਕੂਲ ਹੋਵੇ। ਅਜਿਹੀ ਪ੍ਰਕਿਰਿਆ ਵਿਚੋਂ ਲੰਘੀਆਂ ਸਾਧਨ-ਵਿਪੰਨ ਸ਼੍ਰੇਣੀਆਂ ਆਪਣੇ ਅਨੁਭਵ ਨੂੰ ਕੇਵਲ ਉਸੇ ਰੂਪ ਵਿਚ ਪਹਿਚਾਣਦੀਆਂ ਹਨ ਜਿਸ ਰੂਪ ਵਿਚ ਇਹ ਸਾਧਨ-ਸੰਪੰਨ ਸ਼੍ਰੇਣੀਆਂ ਨੂੰ ਸਵੀਕਾਰ ਹੁੰਦਾ ਹੈ। ਅਜਿਹਾ ਕਰਨ ਲਈ ਸਾਧਨ-ਸੰਪੰਨ ਸ਼੍ਰੇਣੀਆਂ ਪ੍ਰਚਾਰ ਦੇ ਵਿਭਿੰਨ ਸਾਧਨਾਂ ਜਿਵੇਂ ਸਿੱਖਿਆ-ਸੰਸਥਾਵਾਂ, ਧਾਰਮਿਕ-ਸੰਸਥਾਵਾਂ, ਨਿਆਂ-ਸੰਸਥਾਵਾਂ, ਸਾਹਿੱਤਕ-ਕਿਰਤਾਂ ਤੇ ਹੋਰ ਪ੍ਰਚਾਰਕ ਸੰਸਥਾਵਾਂ ਦੇ ਮਾਧਿਅਮ ਦੁਆਰਾ ਸਾਧਨ-ਵਿਪੰਨ ਸ਼੍ਰੇਣੀਆਂ ਦੀ ਚੇਤਨਾ ਦਾ ਇਸ ਪ੍ਰਕਾਰ ਰੂਪਾਂਤਰਨ ਕਰਦੀਆਂ ਹਨ ਕਿ ਉਨ੍ਹਾਂ ਵਿਚੋਂ ਕਈਆਂ ਨੂੰ ਇਹ ਮਹਿਸੂਸ ਵੀ ਨਹੀਂ ਹੁੰਦਾ ਕਿ ਉਨ੍ਹਾਂ ਦੀ ਚੇਤਨਾ ਸਾਧਨ-ਸੰਪੰਨ ਸ਼੍ਰੇਣੀਆਂ ਦੀ ਵਿਚਾਰਧਾਰਾ ਦੇ ਅਨੁਕੂਲ ਬਣ ਗਈ ਹੈ। ਇਹ ਸਥਿਤੀ ਉਦੋਂ ਤੱਕ ਮੌਜੂਦ ਰਹਿੰਦੀ ਹੈ ''ਜਦ ਤੱਕ ਤਤਕਾਲੀਨ ਉਤਪਾਦਨ ਸੰਬੰਧਾਂ ਤੇ ਉਤਪਾਦਨ ਸ਼ਕਤੀਆਂ ਵਿਚ ਕੋਈ ਤੀਬਰ ਅੰਤਰ-ਵਿਰੋਧ ਨਹੀਂ ਉੱਭਰਦਾ ਤਦ ਤੱਕ ਪ੍ਰਭੁਤਾ-ਸੰਪੰਨ ਵਰਗ ਦੀ ਵਿਚਾਰਧਾਰਾ ਤਰਕਸੰਗਤ, ਸੁਭਾਵਿਕ ਅਤੇ ਪੂਰਨ ਵਿਗਿਆਨਿਕ ਲਗਦੀ ਹੈ। ਪ੍ਰੰਤੂ ਜਦ ਇਕ ਬਿੰਦੂ 'ਤੇ ਆਕੇ ਇਹ ਨਿਰੰਤਰਣ ਸਮਾਜਿਕ ਤੇ ਭੌਤਿਕ ਉਤਪਾਦਨ ਸ਼ਕਤੀਆਂ ਉੱਤੇ ਬੰਧਨ ਬਣ ਜਾਂਦਾ ਹੈ ਤਾਂ ਕਿਸੇ ਹੋਰ ਵਰਗ ਦੀ ਵਿਚਾਰਧਾਰਾ ਉਤਪਾਦਨ ਸ਼ਕਤੀਆਂ ਦੇ ਅਨੁਕੂਲ ਹੋਣ ਕਰ ਕੇ ਵਧੇਰੇ ਸਹੀ ਤੇ ਤਾਰਕਿਕ ਪ੍ਰਤੀਤ ਹੋਣ ਲੱਗਦੀ ਹੈ। ਇਸ ਪ੍ਰਕਾਰ ਇਤਿਹਾਸਕ ਵਿਕਾਸ ਦੇ ਹਰੇਕ ਪੜਾਅ 'ਤੇ ਟੱਕਰ ਵਾਸਤਵਿਕ ਵਿਚ ਦੋ ਵਿਰੋਧੀ ਵਰਗ ਦ੍ਰਿਸ਼ਟੀਕੋਣਾਂ ਵਿਚ ਹੁੰਦੀ ਹੈ ਜਿਸ ਵਿਚ ਇਕ ਵਧੇਰੇ ਸਹੀ ਤੇ ਦੂਜਾ

ਘੱਟ। ਸਾਹਿੱਤਕਾਰ ਦੇ ਸਾਹਮਣੇ ਵਿਕਲਪ ਇਹ ਦੋ ਵਰਗਗਤ ਦ੍ਰਿਸ਼ਟੀਕੋਣਾਂ ਵਿਚੋਂ ਇਕ ਨੂੰ ਚੁਣਨਾ ਹੁੰਦਾ ਹੈ।''[2] ਇਸ ਤਰ੍ਹਾਂ ਸ਼੍ਰੇਣੀਗਤ-ਸਮਾਜ ਵਿਚ ਸਾਧਨ-ਸੰਪੰਨ ਤੇ ਸਾਧਨ-ਵਿਪੰਨ ਸ਼੍ਰੇਣੀਆਂ ਵਿਚਲਾ ਸੰਘਰਸ਼ ਸਮਾਜ ਦੀ ਆਧਾਰ-ਸੰਰਚਨਾ ਵਿਚ ਕਾਰਜਸ਼ੀਲ ਤਾਂ ਰਹਿੰਦਾ ਹੀ ਹੈ ਅਤੇ ਨਾਲ ਹੀ ਸਮਾਜ ਦੀ ਪਰ-ਉਸਾਰ ਸੰਰਚਨਾ, ਜਿਸ ਵਿਚ ਸਾਹਿੱਤ ਵਰਗੇ ਅਨੇਕਾਂ ਅੰਗਾ ਸ਼ਮੂਲੀਅਤ ਕਰਦੇ ਹਨ, ਵਿਚ ਵੀ ਜਟਿਲ ਰੂਪ ਵਿਚ ਪ੍ਰਗਟ ਹੁੰਦਾ ਹੈ, ਜਿਸ ਨੂੰ ਪਹਿਚਾਣ ਦਾ ਕਾਰਜ ਮਾਰਕਸਵਾਦੀ ਸਾਹਿਤ-ਆਲੋਚਨਾ ਦੇ ਪ੍ਰਮੁੱਖ ਪ੍ਰਯੋਜਨਾਂ ਵਿਚੋਂ ਇਕ (ਇਕ ਮਾਤਰ ਨਹੀਂ) ਹੈ।

ਮਾਰਕਸਵਾਦੀ ਪੰਜਾਬੀ ਸਾਹਿਤ-ਆਲੋਚਨਾ ਦੇ ਖੇਤਰ ਅਧੀਨ ਇਸ ਪ੍ਰਯੋਜਨ ਦੀ ਭੂਮਿਕਾ ਤੇ ਭੂਮੀ ਸਿਰਜਣ ਵਾਲਿਆਂ ਵਿਚ ਕੇਸਰ ਸਿੰਘ ਕੇਸਰ ਦਾ ਨਾਂ ਵਿਸ਼ੇਸ਼ ਅਰਥਾਂ ਦਾ ਧਾਰਨੀ ਹੈ, ਜਿਸ ਦੀ ਸਾਹਿਤ-ਆਲੋਚਨਾ ਬਹੁ-ਵਿਧਾਈ ਰੁਖ਼ ਅਖ਼ਤਿਆਰ ਕਰਦੀ ਹੋਈ ਆਪਣੇ ਅਧਿਐਨ-ਖੇਤਰ ਨੂੰ ਮਾਰਕਸਵਾਦੀ ਸਾਹਿੱਤ ਅਧਿਐਨ-ਮਾਡਲ ਉੱਤੇ ਆਸ਼ਰਿਤ ਕਰਦੀ ਪੰਜਾਬੀ ਕਵਿਤਾ, ਨਾਟਕ, ਖੋਜ, ਆਲੋਚਨਾ ਤੇ ਗਲਪ ਤੱਕ ਪਸਾਰਦੀ ਹੈ। ਉਸ ਦੇ ਇਨ੍ਹਾਂ ਪਸਾਰਾਂ ਨੂੰ ਉਸ ਦੇ ਮੌਲਿਕ ਆਲੋਚਨਾਤਮਿਕ-ਪਾਠਾਂ ਸਾਹਿੱਤ-ਖੋਜ ਅਤੇ ਸਾਹਿਤ-ਆਲੋਚਨਾ (1984, 2002), ਪ੍ਰਗਤੀਵਾਦੀ ਵਿਚਾਰਧਾਰਾ ਤੇ ਪੰਜਾਬੀ ਕਵਿਤਾ (1987, 2005) ਤੇ ਵਰਗ ਸੰਘਰਸ਼ ਅਤੇ ਗਲਪ ਸਾਹਿੱਤ (1992) ਅਤੇ ਸੰਪਾਦਿਤ-ਪਾਠਾਂ ਗ਼ਦਰ ਲਹਿਰ ਦੀ ਕਵਿਤਾ (1995), ਡਾ. ਹਰਿਭਜਨ ਸਿੰਘ ਅਭਿਨੰਦਨ ਗ੍ਰੰਥ (1994) ਤੇ ਡਾ. ਅਤਰ ਸਿੰਘ ਅਭਿਨੰਦਨ ਗ੍ਰੰਥ (1995) ਵਿਚੋਂ ਸਹਿਜੇ ਹੀ ਵੇਖਿਆ ਜਾ ਸਕਦਾ ਹੈ। ਇਨ੍ਹਾਂ ਆਲੋਚਨਾਤਮਿਕ ਪਾਠਾਂ ਦੇ ਅੰਤਰਗਤ ਸਾਹਿੱਤ-ਸਿਰਜਨਾ, ਪ੍ਰਵਿਰਤੀ-ਚਿੰਤਨ, ਪੰਜਾਬੀ ਖੋਜ ਦੇ ਮੁਲਾਂਕਣ, ਆਲੋਚਨਾ ਪ੍ਰਣਾਲੀਆਂ ਦੇ ਸਿਧਾਂਤਕ-ਢਾਂਚੇ ਤੇ ਉਨ੍ਹਾਂ ਦੀ ਵਿਚਾਰਧਾਰਕ ਪਹੁੰਚ ਆਦਿ ਬਾਰੇ ਉਸ ਦਾ ਮਹੀਨ ਤੇ ਸਪਸ਼ਟ ਅਧਿਐਨ ਦ੍ਰਿਸ਼ਟੀਗੋਚਰ ਹੁੰਦਾ ਹੈ, ਜਿਹੜਾ ਸਾਹਿੱਤ-ਸਿਰਜਨਾ ਦੀਆਂ ਪਰਤਾਂ ਨੂੰ ਪਾਠ ਤੇ ਪ੍ਰਸੰਗ ਦੇ ਦਵੰਦਾਤਮਿਕ ਨੂੰ ਵੇਖਣ ਵਾਲੀ ਤਰਕਸੰਗਤ ਤੇ ਸੰਪੂਰਨ ਆਲੋਚਨਾ-ਵਿਧੀ ਦੁਆਰਾ ਅਗ੍ਰਭੂਮਿਤ ਕਰਦਾ ਖ਼ੁਦ ਵੀ ਅਨੇਕਾਂ ਪਾਸਾਰ ਗ੍ਰਹਿਣ ਕਰਦਾ ਹੈ। ਇਸ ਦਾ ਇਕ ਮਹੱਤਵਪੂਰਨ ਪਾਸਾਰ ਕੇਸਰ ਸਿੰਘ ਕੇਸਰ ਦੇ ਆਲੋਚਨਾਤਮਿਕ-ਪਾਠ 'ਕੇਸਰ ਸਿੰਘ ਕੇਸਰ ਗਲਪ-ਚਿੰਤਨ'ਦੇ ਰੂਪ ਵਿਚੋਂ ਵੀ ਵੇਖਿਆ ਜਾ ਸਕਦਾ ਹੈ (ਜਿਸ ਦਾ ਅਧਿਐਨ ਕਰਨਾ ਇਸ ਮਜ਼ਮੂਨ ਦਾ ਮੂਲ ਸਰੋਕਾਰ ਹੈ), ਜਿਹੜਾ ਕੇਸਰ ਸਿੰਘ ਕੇਸਰ ਦੇ ਪੂਰਵਲੇ ਪੰਜਾਬੀ ਗਲਪੀ-ਵਿਧਾ ਦੇ ਅਧਿਐਨ ਉੱਤੇ ਆਧਾਰਿਤ ਆਲੋਚਨਾਤਮਿਕ-ਪਾਠ 'ਵਰਗ ਸੰਘਰਸ਼ ਅਤੇ ਗਲਪ ਸਾਹਿੱਤ' ਦਾ ਹੀ ਵਿਸਤਰਿਤ ਰੂਪ ਹੈ। ਜਿਸ ਅਧੀਨ ਕੇਸਰ ਗਲਪ-ਆਲੋਚਨਾ ਮਕਾਨਕੀ ਮਾਰਕਸਵਾਦੀ ਚਿੰਤਕਾਂ ਵਾਂਗ ਉਪਰੋਕਤ ਸ਼੍ਰੇਣੀ-ਸੰਘਰਸ਼ ਦੇ ਸੰਕਲਪ ਨੂੰ ਆਰੋਪਿਤ ਕਰਨ ਦੀ ਬਜਾਇ ਇਸ ਨੂੰ ਭਾਰਤੀ/ਪੰਜਾਬੀ ਸਮਾਜਿਕ-ਆਰਥਿਕ ਵਿਵਸਥਾ ਦੇ ਅਨੁਕੂਲ ਕਰ ਕੇ ਆਲੋਚਨਾਤਮਿਕ ਤੇ ਸਿਰਜਣਾਤਮਿਕ ਢੰਗ ਨਾਲ ਗਲਪੀ-ਬਿੰਬ ਵਿਚੋਂ ਉਭਾਰਨ ਦਾ ਯਤਨ ਕਰਦੀ ਹੈ ਅਤੇ ਸ਼੍ਰੇਣੀ-ਸੰਘਰਸ਼ ਦੀ ਪਹਿਚਾਣ ਨੂੰ ਮੱਧਮ-ਧੁਨੀ ਵਿਚ ਆਪਣੀ ਆਲੋਚਨਾਤਮਿਕ-ਪਹੁੰਚ ਦੀ ਮੂਲ ਸੁਰ ਬਣਾਉਂਦੀ ਹੋਈ ਗਲਪੀ-ਬਿੰਬ ਨੂੰ ਸਮਝਦੀ ਹੀ ਨਹੀਂ ਬਲਕਿ ਸਮਝਣਯੋਗ ਵੀ ਬਣਾਉਂਦੀ ਹੈ।

ਕੇਸਰ ਸਿੰਘ ਕੇਸਰ ਦੀ ਇਹ ਗਲਪ-ਆਲੋਚਨਾ ਉਪਰੋਕਤ ਸ਼੍ਰੇਣੀ-ਸੰਘਰਸ਼ ਤੇ ਸ਼੍ਰੇਣੀ-ਸੰਘਰਸ਼ ਦੀ ਚੇਤਨਾ ਨੂੰ ਹੀ ਆਪਣੀ ਆਲੋਚਨਾਤਮਿਕ-ਪਹੁੰਚ ਦਾ ਆਧਾਰਿਤ ਤੇ ਪਾਸਾਰ ਬਿੰਦੂ ਗ੍ਰਹਿਣ ਕਰਦੀ ਹੈ। ਇਸ ਕੇਂਦਰੀ-ਬਿੰਦੂ ਉੱਤੇ ਖਲੋ ਕੇ ਹੀ ਕੇਸਰ ਗਲਪ-ਆਲੋਚਨਾ ਪੂਰਵਵਰਤੀ ਪੰਜਾਬੀ ਮਾਰਕਸਵਾਦੀ

ਗਲਪ-ਆਲੋਚਨਾ ਦੀ ਵਿਧੀਮੂਲਕ-ਪਰਿਪੇਖ ਤੇ ਸਮਾਨ ਵਰਤੀ ਰੂਪਵਾਦੀ-ਸੰਰਚਨਾਵਾਦੀ ਪੰਜਾਬੀ ਗਲਪ-ਆਲੋਚਨਾ ਦੀ ਵਿਚਾਰਮੂਲਕ-ਪਰਿਪੇਖ ਉੱਤੇ ਪ੍ਰਸ਼ਨ ਚਿੰਨ੍ਹ ਲਗਾ ਕੇ ਸੰਵਾਦ ਦੇ ਸੰਬੰਧਾਂ ਵਿਚ ਬੱਝਦੀ ਹੈ। ਇਸ ਸੰਵਾਦ ਤੋਂ ਅੱਗੇ ਕੇਸਰ ਗਲਪ-ਆਲੋਚਨਾ ਦੀ ਆਲੋਚਨਾਤਮਿਕ ਪਹੁੰਚ 'ਵਿਹਾਰਮੁੱਖ' ਰੁਖ ਅਖ਼ਤਿਆਰ ਕਰਦੀ ਹੋਈ ਅਧਿਆਪਨ ਸ਼ੈਲੀ ਦੇ ਅੰਤਰਗਤ ਸੰਕਲਪਾਂ ਦੇ ਸੂਖਮ ਨਿਖੇੜਿਆਂ ਵੱਲ ਰੁਚਿਤ ਹੁੰਦੀ ਹੈ ਅਤੇ ਗਲਪੀ-ਬਿੰਬ ਦਾ ਮੁਲਾਂਕਣ ਸ਼੍ਰੇਣੀ-ਸੰਘਰਸ਼ ਦੇ ਨੁਕਤੇ ਦੇ ਆਧਾਰ 'ਤੇ ਕਰਦੀ ਹੋਈ ਵਿਕਾਸਮੂਲਕ ਭਵਿੱਖਮੁੱਖੀ-ਪਰਿਵਰਤਨ ਦੀ ਤਰਕ ਸੰਗਤਾਂ ਤੇ ਨਿਆਂਸ਼ੀਲਤਾ ਵਿਚ ਵਿਸ਼ਵਾਸ ਦ੍ਰਿੜ ਕਰਦੀ ਹੈ। ਪ੍ਰੰਤੂ ਇੱਥੇ ਧਿਆਨਯੋਗ ਨੁਕਤਾ ਇਹ ਹੈ ਕਿ ਕੇਸਰ ਗਲਪ-ਆਲੋਚਨਾ ਵਿਦਮਾਨ-ਵਾਸਤਵਿਕਤਾ ਅਧੀਨ ਵਿਕਾਸਮੂਲਕ ਭਵਿੱਖਮੁੱਖੀ-ਪਰਿਵਰਤਨ ਦੀਆਂ ਸੰਭਾਵਨਾ ਅਤੇ ਪ੍ਰਾਧੀਨ ਵਿਅਕਤੀਆਂ ਦੇ ਪ੍ਰਧਾਨ ਸ਼੍ਰੇਣੀ ਅਧੀਨ ਮਤਾਧੀਨ ਬਣ ਕੇ ਕਾਰਜਸ਼ੀਲ ਰਹਿਣ ਦੀਆਂ ਸੀਮਾਵਾਂ ਤੇ ਸਮੱਸਿਆਵਾਂ ਦੀ ਸਥਿਤੀ ਤੋਂ ਪੂਰਨ ਭਾਂਤ ਸੁਚੇਤ ਹੈ, ਜਿਹੜੀਆਂ ਕਿਸੇ ਪ੍ਰਕਾਰ ਦੇ ਮਨੁੱਖ-ਹਿਤੈਸ਼ੀ ਭਵਿੱਖਮੁੱਖੀ-ਪਰਿਵਰਤਨ ਨੂੰ ਟਾਲਦੀਆਂ ਰਹਿੰਦੀਆਂ ਹਨ। ਕੇਸਰ ਗਲਪ-ਆਲੋਚਨਾ ਦੀ ਵਸਤੂਗਤ-ਸਥਿਤੀਆਂ ਪ੍ਰਤੀ ਇਹ ਵਸਤੂਭਾਵੀ ਸੁਚੇਤ-ਪਹੁੰਚ ਨਿਰਸੰਦੇਹ ਵਿਚਾਰਧਾਰਕ ਸਪਸ਼ਟਤਾ ਤੇ ਪਰਪੱਕਤਾ ਦਾ ਹੀ ਇਕ ਪ੍ਰਮਾਣ ਹੈ। ਇਸ ਪ੍ਰਸੰਗ ਵਿਚ ਕੇਸਰ ਗਲਪ-ਆਲੋਚਨਾ ਕਰਮਜੀਤ ਸਿੰਘ ਕੁੱਸਾ ਦੇ ਨਾਵਲ'ਰੋਹੀ ਬੀਆਬਾਨ' ਦਾ ਵਿਸ਼ਲੇਸ਼ਣ ਕਰਦੀ ਵਿਚਾਰ ਪ੍ਰਗਟਾਉਂਦੀ ਹੈ :

> (ਦੁਖਾਂਤ ਉਦੋਂ ਵਾਪਰਦਾ ਹੈ) ਜਦੋਂ ਸੰਵੇਦਨਸ਼ੀਲ ਵਿਅਕਤੀ ਅਜਿਹੇ ਬੁਨਿਆਦੀ ਸੰਕਟ ਵਾਪਰਦੇ ਹਨ ਜਿਨ੍ਹਾਂ ਦਾ ਹੱਕ ਉਨ੍ਹਾਂ ਵਿਅਕਤੀਗਤ ਪਹੁੰਚ ਤੋਂ ਦੂਰ ਸਮਾਜਕ-ਸਭਿਆਚਾਰਕ ਤੇ ਰਾਜਨੀਤਿਕ ਤਬਦੀਲੀਆਂ ਵਿਚ ਪਿਆ ਹੁੰਦਾ ਹੈ ਪਰ ਸਥਿਤੀ ਦੇ ਰਾਜਨੀਤਿਕ ਦਵੰਦ ਅਜਿਹੇ ਇਨਕਲਾਬਾਂ ਦੇ ਵਾਪਰਨ ਨੂੰ ਲੰਮੇ ਸਮੇਂ ਤੱਕ ਟਾਲੀ ਰੱਖਦੇ ਹਨ।[3]

ਇਸ ਪ੍ਰਕਾਰ ਕੇਸਰ ਗਲਪ-ਆਲੋਚਨਾ ਲਈ "ਵਰਗ-ਸੰਘਰਸ਼ ਕੇਵਲ ਆਰਥਿਕ ਜਾਂ ਰਾਜਨੀਤਿਕ ਖੇਤਰਾਂ ਦੀ ਹੀ ਵਸਤ ਨਹੀਂ, ਇਹ ਮਨੁੱਖੀ ਸਭਿਆਚਾਰ ਦੇ ਹਰੇਕ ਮੁਹਾਜ਼ ਵਿਚ ਮੌਜੂਦ ਹੈ। ਇਸ ਤੋਂ ਵੀ ਅੱਗੇ ਉਹ ਇਸ ਸੰਘਰਸ਼ ਨੂੰ ਸ਼ੋਸ਼ਿਤ ਪਰ ਇਨਕਲਾਬੀ ਮਿਹਨਤਕਸ਼ ਵਰਗ ਦੀ ਦ੍ਰਿਸ਼ਟੀ ਤੋਂ ਪੇਸ਼ ਕਰਦਾ ਹੋਇਆ ਉਸ ਦੀ 'ਭਵਿੱਖ ਵਿਚ ਜਿੱਤ' ਵਿਚ ਵਿਸ਼ਵਾਸ ਬਿਠਾਉਂਦਾ ਹੈ।"[4] ਇਸ ਸ਼੍ਰੇਣੀ-ਸੰਘਰਸ਼ ਦੀ ਪਹਿਚਾਣ ਲਈ ਕੇਸਰ ਗਲਪ-ਆਲੋਚਨਾ ਗਲਪੀ-ਬਿੰਬ ਦਾ ਅਧਿਐਨ-ਵਿਸ਼ਲੇਸ਼ਣ ਕਰਨ ਦੇ ਨਾਲ-ਨਾਲ ਉਸ ਦੀ ਪ੍ਰਸੰਗ ਨਾਲ ਜੋੜ ਕੇ ਵਿਆਖਿਆ ਵੀ ਕਰਦੀ ਹੈ ਅਤੇ ਅਜਿਹਾ ਕਰਦੇ ਸਮੇਂ ਇਸ ਆਲੋਚਨਾ ਦਾ ਰੁਖ਼ ਅਮੂਮਨ ਪਾਠ ਤੋਂ ਪ੍ਰਸੰਗ ਵੱਲ ਆਰੰਭ ਹੁੰਦਾ ਹੋਇਆ ਵਿਸ਼ਲੇਸ਼ਣ ਦੌਰਾਨ ਪਾਠ ਤੋਂ ਪ੍ਰਸੰਗ ਤੇ ਪ੍ਰਸੰਗ ਤੋਂ ਪਾਠ ਵੱਲ ਵਾਰ-ਵਾਰ ਜਾਂਦੀ ਤੇ ਪਰਤਦੀ ਹੈ। ਆਪਣੀ ਇਸ ਦਿਸ਼ਾ ਨੂੰ ਨਿਰਧਾਰਿਤ ਕਰਨ ਸਮੇਂ ਕੇਸਰ ਗਲਪ-ਆਲੋਚਨਾ ਵਿਸ਼ੇਸ਼ ਗਲਪੀ-ਸਿਰਜਨਾ ਦੇ ਅਧਿਐਨ-ਵਿਸ਼ਲੇਸ਼ਣ ਲਈ ਰਚਨਾਕਾਰ ਦੀਆਂ ਪੂਰਵਵਲੀਆਂ ਗਲਪੀ-ਸਿਰਜਨਾ ਦਾ ਸਹਾਰਾ ਵੀ ਲੈਂਦੀ ਹੈ ਅਤੇ ਕਈ ਵਾਰ ਉਸ ਨੂੰ ਸਮੁੱਚੀ ਪੰਜਾਬੀ ਗਲਪ-ਸਾਹਿੱਤ ਪਰੰਪਰਾ ਵਿਚ ਰੱਖ ਕੇ ਵੇਖਦੀ ਹੋਈ ਸੰਬੰਧਿਤ ਗਲਪੀ-ਸਿਰਜਨਾ ਦੇ ਅੰਤਰ-ਪਾਠੀ ਸੰਬੰਧਾਂ ਨੂੰ ਵੀ ਉਜਾਗਰ ਕਰਦੀ ਹੈ ਅਤੇ ਸ਼੍ਰੇਣੀ-ਚੇਤਨਾ ਨੂੰ ਨਿਸ਼ਚਿਤ ਕਰਨ ਲਈ ਸੇਖੋਂ-ਆਲੋਚਨਾ ਵਾਂਗ ਰਚਨਾਕਾਰ ਦੇ ਜੀਵਨੀ-ਮੂਲਕ ਵੇਰਵਿਆਂ ਦਾ ਸਹਾਰਾ ਲੈਣ ਦੀ ਵਿਧੀ ਨੂੰ ਅਪਣਾਉਂਦੀ ਹੈ, ਜਿਸ ਦੇ ਅੰਤਰਗਤ ਇਹ ਆਲੋਚਨਾ ਰਚਨਾ-ਦ੍ਰਿਸ਼ਟੀ, ਜੀਵਨ-ਦ੍ਰਿਸ਼ਟੀ ਤੇ ਯੁੱਗ-ਦ੍ਰਿਸ਼ਟੀ ਦੇ ਅੰਤਰ-ਸੰਬੰਧਾਂ ਤੇ ਅੰਤਰ-ਦਵੰਦਾਂ ਨੂੰ ਵੇਖਦੀ ਹੋਈ ਗਲਪੀ-ਸਿਰਜਨਾ ਦੀ

ਵਿਆਖਿਆ, ਵਿਸ਼ਲੇਸ਼ਣ ਤੇ ਮੁਲਾਂਕਣ ਕਰਨ ਵੱਲ ਅਗ੍ਰਸਰ ਹੁੰਦੀ ਹੈ।

ਕੋਈ ਸਾਹਿੱਤਕਾਰ ਇਸ ਦਵੰਦ ਦੇ ਸਾਰੇ ਪੱਖਾਂ ਨੂੰ ਕਿੰਨੀ ਭਰਪੂਰਤਾ ਤੇ ਕਿੰਨੇ ਠੀਕ ਇਤਿਹਾਸਕ ਪਰਿਪੇਖ ਵਿਚ ਗ੍ਰਹਿਣ ਕਰਦਾ ਹੈ, ਇਹ ਗੱਲ ਉਸ ਦੀ ਜੀਵਨ-ਦ੍ਰਿਸ਼ਟੀ, ਜੀਵਨ-ਅਨੁਭਵ ਤੇ ਸਾਹਿੱਤਿਕ ਯੋਗਤਾ ਉੱਤੇ ਨਿਰਭਰ ਹੁੰਦੀ ਹੈ ਤੇ ਇਸ ਦੇ ਆਧਾਰ 'ਤੇ ਹੀ ਉਸ ਦੀਆਂ ਸਾਹਿੱਤਿਕ ਪ੍ਰਾਪਤੀਆਂ ਦਾ ਲੇਖਾ-ਜੋਖਾ ਕੀਤਾ ਜਾ ਸਕਦਾ ਹੈ।[5]

ਇਸ ਤਰ੍ਹਾਂ ਕੇਸਰ ਗਲਪ-ਆਲੋਚਨਾ ਗਲਪੀ-ਬਿੰਬ ਦੀ ਵਿਆਖਿਆ ਅਤੇ ਰਚਨਾਕਾਰ ਦੇ ਜੀਵਨ-ਮੂਲਕ ਵੇਰਵਿਆਂ ਉੱਤੇ ਆਸ਼ਰਿਤ ਹੋ ਕੇ ਰਚਨਾਕਾਰ ਦੀ ਸ਼੍ਰੇਣਿਕ-ਸਥਿਤੀ ਦਾ ਨਿਰਨਾ ਕਰਦੀ ਹੈ, ਪ੍ਰੰਤੂ ਧਿਆਨਯੋਗ ਇਹ ਹੈ ਕਿ ਜੀਵਨੀਮੂਲਕ-ਵੇਰਵਿਆਂ ਉੱਤੇ ਆਧਾਰਿਤ ਇਹ ਵਿਧੀ ਜਿੱਥੇ ਪ੍ਰਤੱਖ ਸੰਭਾਵਨਾ ਤੇ ਸਾਰਥਿਕਤਾ ਮੌਜੂਦ ਭਰਪੂਰ ਨਜ਼ਰੀ ਪੈਂਦੀ ਹੈ, ਉੱਥੇ ਪ੍ਰੋਖ ਰੂਪ ਵਿਚ ਇਸ ਵਿਧੀਆਂ ਦੀਆਂ ਅਨੇਕਾਂ ਸੀਮਾਵਾਂ ਤੇ ਸਮੱਸਿਆਵਾਂ ਵੀ ਹੋਂਦ ਰੱਖਦੀਆਂ ਹਨ। ਕਿਉਂਕਿ ਕਈ ਵਾਰ ਰਚਨਾਕਾਰ ਆਪਣੇ ਜੀਵਨ ਦੇ ਅੰਤਰਗਤ ਸੁਚੇਤ ਰੂਪ ਵਿਚ ਕਿਸੇ ਵਿਚਾਰਧਾਰਕ ਪ੍ਰਤੀਬੱਧਤਾ ਦੇ ਲੜ ਲੱਗਿਆ ਹੋਇਆ ਵੀ ਆਪਣੀ ਕਲਾਤਮਿਕ ਸੀਮਾਵਾਂ ਦੇ ਕਾਰਨ ਵੱਸ ਅਚੇਤ ਹੀ ਗਲਪੀ-ਬਿੰਬ ਦੀ ਅਧੀਨ ਵਿਪਰੀਤ ਧੁਨੀ ਪ੍ਰਸਤੁਤ ਕਰ ਜਾਂਦਾ ਹੈ ਅਤੇ ਆਪਣੀ ਵਿਚਾਰਧਾਰਕ ਪ੍ਰਤੀਬੱਧਤਾ ਤੋਂ ਸੁਚੇਤ ਹੁੰਦਾ ਹੋਇਆ ਵੀ ਉਸ ਨੂੰ ਜ਼ੁਬਾਨ ਨਹੀਂ ਦੇ ਪਾਉਂਦਾ (ਜਿਵੇਂ ਪੰਜਾਬੀ ਦਾ ਨਾਵਲਕਾਰ ਜਸਵੰਤ ਸਿੰਘ ਕੰਵਲ)। ਇਸ ਪ੍ਰਸੰਗ ਵਿਚ ਕੇਸਰ ਗਲਪ-ਆਲੋਚਨਾ ਜਿੱਥੇ ਇਕ-ਪਾਸੇ ਸੇਖੋਂ-ਆਲੋਚਨਾ ਦੀ ਇਸ ਉਪਰੋਕਤ ਵਿਧੀ ਨੂੰ ਅਪਣਾਉਣ ਕਾਰਨ ਸਾਂਝੇ ਧਰਾਤਲ ਉੱਤੇ ਵਿਚਰਦੀ ਹੈ, ਉੱਥੇ ਇਹ ਆਲੋਚਨਾ ਇਸ ਵਿਧੀ ਨੂੰ ਲਾਗੂ ਕਰਨ ਵਿਚ ਨਿੱਖੜੀ ਦ੍ਰਿਸ਼ਟੀਗੋਚਰ ਹੁੰਦੀ ਹੈ, ਜਿਸ ਅਧੀਨ ਇਹ ਗਲਪ-ਆਲੋਚਨਾ ਜ਼ਿਆਦਾਤਰ ਰਚਨਾ-ਦ੍ਰਿਸ਼ਟੀ, ਜੀਵਨ-ਦ੍ਰਿਸ਼ਟੀ ਤੇ ਯੁੱਗ-ਦ੍ਰਿਸ਼ਟੀ ਦੇ ਪਰਸਪਰ ਸੰਬੰਧਾਂ ਦਾ ਮੁਤਾਲਿਆ ਕਰਦੀ ਹੋਈ ਤਰਕਸੰਗਤ ਤੇ ਵਿਵੇਕਸ਼ੀਲ ਢੰਗ ਨਾਲ ਪੰਜਾਬੀ ਦੇ ਵਿਸ਼ੇਸ਼ ਨਾਵਲਕਾਰਾਂ (ਜਿਵੇਂ ਨਾਨਕ ਸਿੰਘ, ਸੁਰਿੰਦਰ ਸਿੰਘ ਨਰੂਲਾ, ਜਸਵੰਤ ਸਿੰਘ ਕੰਵਲ, ਸੰਤ ਸਿੰਘ ਸੇਖੋਂ,ਕਰਮਜੀਤ ਕੁੱਸਾ ਆਦਿ) ਦੀਆਂ ਸਿਰਜਨਾਵਾਂ ਦਾ ਸਟੀਕ ਤੇ ਸੰਤੁਲਿਤ ਮੁਲਾਂਕਣ ਕਰਨ ਦੇ ਸਮਰੱਥ ਬਣਦੀ ਹੈ।ਕੇਸਰ ਗਲਪ-ਆਲੋਚਨਾ ਦੀ ਇਹ ਸਮਰੱਥਾ ਇਸ ਆਲੋਚਨਾ ਦੀ ਉਸ ਦ੍ਰਿਸ਼ਟੀ ਤੇ ਵਿਧੀ ਉੱਤੇ ਆਸ਼ਰਿਤ ਹੈ, ਜਿਸ ਅਧੀਨ ਇਹ ਆਲੋਚਨਾ ਗਲਪੀ-ਪਾਠ ਦੇ ਯਥਾਰਥ ਨੂੰ ਪ੍ਰਸੰਗ ਵਿਚਲੀ ਵਾਸਤਵਿਕਤਾ ਨਾਲ ਅੰਤਰ-ਸੰਬੰਧਿਤ ਕਰਦੀ ਹੋਈ ਪਾਠ ਦੇ ਲੁਪਤ ਅਰਥਾਂ ਨੂੰ ਉਜਾਗਰ ਕਰਨ ਵੱਲ ਅਗ੍ਰਸਰ ਹੁੰਦੀ ਹੈ । ਅਜਿਹਾ ਕਰਦੇ ਸਮੇਂ ਇਹ ਆਲੋਚਨਾ ਆਪਣੀ ਵਿਚਾਰਧਾਰਕ ਸਪਸ਼ਟਤਾ ਕਾਰਨ ਸਥਾਪਤ ਨਾਲੋਂ ਵੱਖਰੇ ਵਿਚਾਰ ਤੇ ਵਿਸ਼ਲੇਸ਼ਣ ਕਰਨ ਵੱਲ ਰੁਚਿਤ ਨਹੀਂ ਹੁੰਦੀ ਸਗੋਂ ਸਥਾਪਿਤ ਦੇ ਬਿੰਬ ਨੂੰ ਵਿਖੰਡਤ ਕਰ ਕੇ ਉਸ ਦੇ ਮੁੱਲਾਂ ਦੇ ਮੂਲ ਤੱਕ ਪਹੁੰਚਣ ਲਈ ਯਤਨਸ਼ੀਲ ਰਹਿੰਦੀ ਹੈ, ਜਿਵੇਂ ਕੇਸਰ ਗਲਪ-ਆਲੋਚਨਾ ਸੁਰਿੰਦਰ ਸਿੰਘ ਨਰੂਲਾ ਦੇ ਨਾਵਲ ਬਾਰੇ ਵਿਸ਼ਲੇਸ਼ਣ ਕਰਦੀ ਹੋਈ ਇਹ ਮੱਤ ਦਿੰਦੀ ਹੈ :

> ਆਮ ਤੌਰ 'ਤੇ ਨਰੂਲੇ ਨੂੰ ਯਥਾਰਥਵਾਦੀ ਪੰਜਾਬੀ ਨਾਵਲ ਦਾ ਮੋਢੀ ਕਿਹਾ ਜਾਂਦਾ ਹੈ ਪਰ ਉਹ ਦਾ ਇਹ ਨਾਵਲ ਸਧਾਰਨ ਦ੍ਰਿਸ਼ਟੀ ਤੋਂ ਪੰਜਾਬੀ ਦੇ ਨਿਮਨ ਕੋਟੀ ਦੇ ਨਾਵਲਾਂ ਵਿਚ ਆਉਂਦਾ ਹੈ। ਉਹ 'ਯੂਟੋਪੀਆਈ ਸਮਾਜਵਾਦ' ਦੀ ਸਿਰਜਣ ਦੀ ਧੁਨ ਵਿਚ ਭਾਰਤੀ ਦੀ ਆਜ਼ਾਦੀ ਤੋਂ ਬਾਅਦ ਸਰਕਾਰੀ ਸੁਧਾਰਵਾਦੀ ਨਾਅਰਿਆਂ ਦੀ ਹਮਾਇਤ ਵਿਚ ਜਾ ਖੜ੍ਹਦਾ ਹੈ। ਪਰ ਨਾਇਕ ਦੇ ਕਿਰਦਾਰ ਨੂੰ ਯਥਾਰਥਕ ਰੂਪ ਵਿਚ ਪੇਸ਼ ਕਰ ਕੇ ਤੇ ਕਾਮਿਆਂ ਦੇ ਆਗੂਆਂ ਨੂੰ ਜੇਲ੍ਹ ਵਿਚ ਦਿਖਾ ਕੇ

ਉਹ ਇਸ ਸੁਧਾਰਵਾਦ ਦਿੱਖ ਨੂੰ ਅੰਦਰੋ ਸੱਕੀ ਵੀ ਬਣਾਉਂਦਾ ਹੈ। ਸਮੁੱਚੇ ਰੂਪ ਵਿਚ ਇਸ ਨੂੰ ਯਥਾਰਥ ਦਾ ਨਹੀਂ ਸੁਪਨੇ ਦਾ ਨਾਵਲ ਹੀ ਕਿਹਾ ਜਾ ਸਕਦਾ ਹੈ।[6]

ਉਪਰੋਕਤ ਸੰਦਰਭ ਇਸ ਆਲੋਚਨਾ ਦੀ ਮੌਲਿਕਤਾ ਦਾ ਪ੍ਰਮਾਣ ਅਤੇ ਵਿਕਾਸਮਈ ਹੋਣ ਦੀ ਪਹਿਚਾਣ ਹੈ। ਜਿਸ ਪਹਿਚਾਣ ਨੂੰ ਕੇਸਰ ਗਲਪ-ਆਲੋਚਨਾ ਦੀ ਸੰਵਾਦ ਪ੍ਰਵਿਰਤੀ ਵਿਚੋਂ ਵੀ ਤਲਾਸ਼ਿਆ ਜਾ ਸਕਦਾ ਹੈ, ਜਿਸ ਅਧੀਨ ਇਹ ਆਲੋਚਨਾ ਪੰਜਾਬੀ ਗਲਪੀ-ਸਿਰਜਨਾਵਾਂ ਬਾਰੇ ਮੌਜੂਦ ਪੰਜਾਬੀ ਗਲਪ-ਆਲੋਚਕਾਂ (ਜੋਗਿੰਦਰ ਸਿੰਘ ਰਾਹੀ ਤੇ ਨਿਰੰਜਨ ਤਸਨੀਮ) ਦੀਆਂ ਪੂਰਵਲੀਆਂ ਧਾਰਨਾਵਾਂ ਨਾਲ ਸੰਵਾਦ ਦਾ ਰਿਸ਼ਤਾ ਕਾਇਮ ਕਰਦੀ ਇਨ੍ਹਾਂ ਧਾਰਨਾਵਾਂ ਨੂੰ ਦਰੁਸਤ ਕਰਨ ਲਈ ਵੀ ਯਤਨਸ਼ੀਲ ਰਹਿੰਦੀ ਹੈ। ਉਸ ਦਾ ਇਹ ਸੰਵਾਦ ਕੇਵਲ ਪੰਜਾਬੀ ਗਲਪ ਨਾਲ ਸੰਬੰਧਿਤ ਪਰ-ਆਲੋਚਕਾਂ ਦੀਆਂ ਧਾਰਨਾਵਾਂ ਨਾਲ ਹੀ ਨਹੀਂ ਰਹਿੰਦਾ ਸਗੋਂ ਇਨ੍ਹਾਂ ਆਲੋਚਕਾਂ ਦੀਆਂ ਅਧਿਐਨ-ਪ੍ਰਣਾਲੀਆਂ ਜਾਂ ਅਧਿਐਨ-ਵਿਧੀਆਂ ਨੂੰ ਵੀ ਆਪਣੇ ਕਲੇਵਰ ਵਿਚ ਲੈਂਦਾ ਹੈ। ਇਸ ਧਰਾਤਲ ਉੱਤੇ ਇਹ ਆਲੋਚਨਾ ਰੂਪ-ਕੇਂਦਰਿਤ ਤੇ ਆਦਰਸ਼ਵਾਦੀ ਆਲੋਚਨਾ ਪੱਧਤੀਆਂ ਦੀਆਂ ਪਹੁੰਚ-ਵਿਧੀਆਂ ਦੀਆਂ ਕਮਜ਼ੋਰੀਆਂ ਤੇ ਇਨ੍ਹਾਂ ਦੀਆਂ ਵਿਚਾਰਧਾਰਕ ਵਿਸੰਗਤੀਆਂ ਦੀ ਭੂਮੀ ਤੇ ਭੂਮਿਕਾ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ। ਇਹ ਕੇਸਰ ਗਲਪ-ਆਲੋਚਨਾ ਦੀ ਵਿਚਾਰਧਾਰਕ ਪ੍ਰਤੀਬੱਧਤਾ ਦਾ ਪ੍ਰਮਾਣ ਹੈ, ਜਿਸ ਦੇ ਅੰਤਰਗਤ ਪ੍ਰਗਟਾਅ ਦੀ ਸਪਸ਼ਟਤਾ ਦਾ ਗੁਣ ਇਸ ਆਲੋਚਨਾ ਦੀ ਅਧਿਆਪਨੀ-ਸ਼ੈਲੀ ਨੇ ਆਪਣੇ ਵਿਚ ਸਮੋਇਆ ਹੈ।

ਕੇਸਰ ਗਲਪ-ਆਲੋਚਨਾ ਦਾ ਅਗਲੇਰਾ ਪਛਾਣ ਚਿੰਨ੍ਹ ਉਸ ਦੇ ਗਲਪ-ਸ਼ਾਸਤਰ ਦੇ ਨਿਰਮਾਣ ਵਿਚ ਲੁਪਤ ਹੈ ਜਿਸ ਦਾ ਨਿਰਮਾਣ ਇਹ ਆਲੋਚਨਾ ਪ੍ਰੌਢ ਸਮਾਜ-ਸ਼ਾਸਤਰੀ ਤੇ ਸੁਹਜ-ਸ਼ਾਸਤਰੀ ਜਿਵੇਂ ਮਿਸ਼ੈਲ ਜਿਰਾਫ਼ਾ, ਜਾਰਜ ਲੁਕਾਚ, ਰੈਲਫ਼ ਫਾਕਸ, ਐਡਵਿਨ ਮਿਉਰ ਤੇ ਲੁਇਸ ਗੋਲਡਮਾਨ ਆਦਿ ਦੇ ਸਿਧਾਂਤਕ ਸੁਹਜ ਤੇ ਸਮਾਜ-ਸ਼ਾਸਤਰੀ ਮਾਡਲਾਂ ਉੱਤੇ ਆਧਾਰਿਤ ਹੈ। ਇਨ੍ਹਾਂ ਸਾਹਿੱਤ-ਚਿੰਤਕਾਂ ਪਾਸੋਂ ਇਹ ਗਲਪ-ਆਲੋਚਨਾ ਗਲਪੀ-ਸਿਰਜਨਾ ਦੀ ਹੋਂਦ-ਵਿਧੀ ਨਾਲ ਸੰਬੰਧਿਤ 'ਸਮੁੱਚਤਾ' ਅਤੇ 'ਪ੍ਰਤੀਨਿਧਤਾ'[7] ਵਰਗੇ ਸੰਕਲਪਾਂ ਨੂੰ ਗ੍ਰਹਿਣ ਕਰਦੀ ਹੈ। ਇਨ੍ਹਾਂ ਵਿਚ ਸਮੁੱਚਤਾ ਤੋਂ ਇਸ ਆਲੋਚਨਾ ਦਾ ਭਾਵ ਸਥਿਤੀਆਂ ਜਾਂ ਪਾਤਰਾਂ ਦੇ ਜਨਮ ਤੋਂ ਲੈ ਕੇ ਮੌਤ ਤੱਕ ਦੇ ਕ੍ਰਮ-ਬੱਧ ਵਿਵਰਨ ਤੋਂ ਨਹੀਂ, ਸਗੋਂ ਇਸ ਦਾ ਭਾਵ ਨਾਵਲ ਵਿਚ ਪੇਸ਼ ਮਨੁੱਖੀ ਸ਼ਖ਼ਸੀਅਤ ਦੇ ਬੌਧਿਕ, ਭਾਵੁਕ ਤੇ ਅਮਲ ਦੇ ਤਿੰਨੋਂ ਪੱਖਾਂ ਨੂੰ ਉਜਾਗਰ ਕਰਨ ਤੋਂ ਹੈ। ਇਸ ਸਮੁੱਚੇ ਜੀਵਨ-ਬਿੰਬ ਨੂੰ ਉਘਾੜਨ ਲਈ ਕੇਸਰ ਗਲਪ-ਆਲੋਚਨਾ ਰਚਨਾਕਾਰ ਤੋਂ ਗਲਪੀ-ਸਿਰਜਨਾ ਨੂੰ ਅਖੰਡਿਤ ਤੇ ਵਿਆਪਕ ਵਾਸਤਵਿਕ-ਜੀਵਨ ਵਿਚੋਂ ਚੋਣ ਦੇ ਸਿਧਾਂਤ 'ਤੇ ਆਧਾਰਿਤ ਇਕ ਪ੍ਰਤੀਨਿਧ ਜੀਵਨ-ਸਥਿਤੀ ਉਭਾਰਨ ਦੀ ਮੰਗ ਕਰਦੀ ਹੈ। ਕੇਸਰ ਗਲਪ-ਆਲੋਚਨਾ ਦੁਆਰਾ ਪ੍ਰਸਤੁਤ ਹੋਏ ਪ੍ਰਤੀਨਿਧ ਬਿੰਬ ਤੇ ਮੂਲ-ਵਰਤਾਰੇ ਦੇ ਸੰਬੰਧਾਂ ਨੂੰ ਦਵੰਦਾਤਮਿਕ-ਪਦਾਰਥਵਾਦ ਦੇ 'ਆਮ ਤੇ ਵਿਸ਼ੇਸ਼' (ਘੲਨੲਰਅਲ ੳਨਦ ਫੳਰਟਚਿੁਲੳਰ) ਦੇ ਦਾਰਸ਼ਨਿਕ ਪ੍ਰਵਰਗ ਦੇ ਸਮਾਨਾਂਤਰ ਰੱਖ ਕੇ ਹੋਰ ਗਹਿਰਾਈ ਨਾਲ ਸਮਝ ਸਕਦੇ ਹਾਂ, ਜਿਵੇਂ ਆਮ, ਵਿਸ਼ੇਸ਼ ਦੁਆਰਾ ਪ੍ਰਗਟ ਹੁੰਦਾ ਹੈ ਅਤੇ ਵਿਸ਼ੇਸ਼, ਆਮ ਦੀ ਪ੍ਰਤੀਨਿਧਤਾ ਕਰਦਾ ਹੈ, ਉਸੇ ਤਰ੍ਹਾਂ ਪ੍ਰਤੀਨਿਧ ਬਿੰਬ ਮੂਲ ਵਰਤਾਰੇ ਵਿਚੋਂ ਪੈਦਾ ਹੋ ਕੇ ਵੀ ਵਿਸ਼ੇਸ਼ ਹੁੰਦਾ ਹੈ ਅਤੇ ਮੂਲ ਵਰਤਾਰੇ ਦੀ ਹੀ ਪ੍ਰਤੀਨਿਧਤਾ ਕਰਦਾ ਹੈ। ਇਸ ਪ੍ਰਕਾਰ ਪ੍ਰਤੀਨਿਧ ਬਿੰਬ ਮੂਲ-ਵਰਤਾਰੇ ਨਾਲ ਵਰਗੇਵੇਂ ਤੇ ਵਖਰੇਵੇਂ (ਰਚਨਾਕਾਰ ਦੀ ਸਿਰਜਣ ਸ਼ਕਤੀ ਦੇ ਸਹਾਰੇ) ਦੇ ਸੰਬੰਧਾਂ ਵਿਚ ਬੱਝਿਆ ਹੋਇਆ ਮੂਲ-ਵਰਤਾਰੇ ਦੇ ਵਿਸ਼ੇਸ਼ ਗੁਣ ਆਪਣੇ ਵਿਚ ਸਮੋਈ ਰੱਖਦਾ ਹੈ। ਜਿਸ ਬਾਰੇ ਬੋਰਿਸ ਸ਼ਚਕੋਵ (ਭੋਰਸਿ ਸ਼ੋਚਹਕੋਵ) ਦਾ ਕਹਿਣਾ ਹੈ ਕਿ ''ਨਿੱਕੇ ਦੁਖਾਂਤਾਂ ਦੇ

ਪਾਤਰ ਕੇਵਲ ਆਪਣੇ ਜੁਗ ਦੀਆਂ ਪੁਸ਼ਾਕਾਂ ਹੀ ਨਹੀਂ ਪਹਿਨਦੇ, ਉਹ ਆਪਣੇ-ਆਪਣੇ ਜੁਗ ਦੀਆਂ ਬਹੁਤ ਸਾਰੀਆਂ ਮਨੋਵਿਗਿਆਨਕ ਵਿਸ਼ੇਸ਼ਤਾਵਾਂ ਵੀ ਰੱਖਦੇ ਹਨ। ਉਨ੍ਹਾਂ ਦਾ ਇਸ ਹੱਦ ਤੱਕ ਸਾਧਾਰਨੀਕਰਨ ਅਤੇ ਯਥਾਰਥਵਾਦੀ ਢੰਗ ਨਾਲ ਪ੍ਰਕਾਰੀਕਰਨ ਕੀਤਾ ਗਿਆ ਹੈ (ਕਿ) ਇਹ ਇਤਿਹਾਸਕ ਤੱਥ ਦੀਆਂ ਸੀਮਾਵਾਂ ਬੰਦਸ਼ਾਂ ਤੋਂ ਪਾਰ ਚਲੇ ਜਾਂਦੇ ਹਨ।''[8]

ਇਸ ਪ੍ਰਸੰਗ ਵਿਚ ਕੇਸਰ ਗਲਪ-ਆਲੋਚਨਾ ਉਪਰੋਕਤ ਮਾਰਕਸਵਾਦੀ-ਚਿੰਤਕਾਂ ਦੇ ਸਮੁੱਚਤਾ ਤੇ ਪ੍ਰਤੀਨਿਧਤਾ ਦੇ ਸੰਕਲਪਾਂ ਨੂੰ ਹੀ ਯਥਾਰਥਕ ਗਲਪ-ਬਿੰਬ ਸਿਰਜਣ ਦਾ ਆਧਾਰ-ਤੱਤ ਕਿਆਸ ਕਰਦੀ ਹੈ, ਪ੍ਰੰਤੂ ਕੇਸਰ ਗਲਪ-ਆਲੋਚਨਾ ਦੀ ਪ੍ਰਾਪਤੀ ਇਨ੍ਹਾਂ ਸਾਹਿਤਿੱਕ-ਮਾਡਲਾਂ ਨੂੰ ਫ਼ੈਸ਼ਨਪ੍ਰਸਤੀ ਦੇ ਪ੍ਰਭਾਵ ਅਧੀਨ ਗ੍ਰਹਿਣ ਕਰਨ ਦੀ ਬਜਾਇ ਇਨ੍ਹਾਂ ਮਾਡਲਾਂ ਦੇ ਮੁੱਲਾਂ ਨੂੰ ਹੂ-ਬ-ਹੂ ਗ੍ਰਹਿਣ ਕਰਨ ਦੀ ਥਾਂ ਇਨ੍ਹਾਂ ਮਾਡਲਾਂ ਨੂੰ ਪੰਜਾਬੀ ਸਾਹਿਤ ਦੀ ਪਰੰਪਰਾ ਤੇ ਪਸਾਰਾਂ ਦੇ ਅਨੁਰੂਪ ਢਾਲ਼ ਕੇ ਨਵ-ਸਿਰਜਨ ਜਾਂ ਪ੍ਰਸੰਗਿਕ ਕਰਨ ਦਾ ਕਾਰਜ ਕਰਨ ਵਿਚ ਅਤੇ ਇਨ੍ਹਾਂ ਮਾਡਲਾਂ ਦੇ ਮੂਲ ਦੀ ਤਲਾਸ਼ ਕਰ ਕੇ ਧਾਰਨ ਕਰਨ ਵਿਚ ਨਿਹਿਤ ਹੈ। ਜਿਵੇਂ ਜਾਰਜ ਲੁਕਾਚ ਤੇ ਰੈਲਫ ਫ਼ਾਕਸ ਦੀਆਂ ਧਾਰਨਾਵਾਂ ਨੂੰ ਮਾਰਕਸ ਤੇ ਏਂਗਲਜ਼ ਨਾਲ ਸੰਬੰਧਿਤ ਕਰਦੀ ਇਸ ਆਲੋਚਨਾ ਦਾ ਮੱਤ ਹੈ :

> ਯਥਾਰਥਵਾਦੀ ਨਾਵਲੀ ਦੇ ਸੌਂਦਰਯ-ਸ਼ਾਸਤਰ ਦੀ ਉਸਾਰੀ ਵਿਚ ਹੰਗੇਰੀਅਨ ਚਿੰਤਨ ਲੁਕਾਚ ਅਤੇ ਇਕ ਅੰਗਰੇਜ਼ ਆਲੋਚਕ ਰੈਲਫ ਫਾਕਸ ਦਾ ਯੋਗਦਾਨ ਮਹੱਤਵਪੂਰਨ ਹੈ। ਉਨ੍ਹਾਂ ਦੋਹਾਂ ਦਾ ਵਿਚਾਰ ਹੈ ਕਿ ਨਾਵਲ ਸੰਪੂਰਨ ਮਾਨਵ (ਟਹਏ ਾਹੋਲਏ) ਦੀ ਅਭਿਵਿਅਕਤੀ ਹੈ ਅਤੇ 'ਸੰਪੂਰਨ ਮਾਨਵ' ਦੀ ਅਭਿਵਿਅਕਤੀ 'ਪੂਰੇ ਸਮਾਜ' ਦੇ ਸੰਦਰਭ ਵਿਚ ਹੀ ਹੋ ਸਕਦੀ ਹੈ।(ਇਹ) ਲੁਕਾਚ ਤੇ ਫਾਕਸ ਦੇ ਗਲਪ-ਸ਼ਾਸਤਰ ਦਾ ਸਿਧਾਂਤਕ ਆਧਾਰ ਮੋਟੇ ਤੌਰ 'ਤੇ, ਮਾਰਕਸ-ਏਂਗਲਜ਼ ਦੀਆਂ ਕੁੱਝ ਟਿੱਪਣੀਆਂ (ੋਬਸਏਰਵੳਟੋਿਨ) ਹਨ।[9]

ਇਸ ਪ੍ਰਕਾਰ ਇਹ ਗਲਪ-ਆਲੋਚਨਾ ਇਨ੍ਹਾਂ ਸੰਕਲਪਾਂ ਦੀ ਮੂਲ ਪ੍ਰਕਿਰਤੀ ਦੇ ਅਨੁਕੂਲ ਹੀ ਇਨ੍ਹਾਂ ਦੀਆਂ ਨਵੀਨ ਸੰਭਾਵਨਾਵਾਂ ਨੂੰ ਉਜਾਗਰ ਕਰਦੀ ਹੈ ਅਤੇ ਇਨ੍ਹਾਂ ਵਿਚ ਵਧੇਰੇ ਸਪਸ਼ਟਤਾ ਤੇ ਮੌਲਿਕਤਾ ਦਾ ਸੰਚਾਰ ਕਰਦੀ ਹੋਈ ਇਨ੍ਹਾਂ ਦੇ ਮੂਲ ਸੁਭਾਅ ਨੂੰ ਕਾਇਮ ਰੱਖਦੀ ਆਪਣੀ ਆਲੋਚਨਾਤਮਿਕ-ਪਹੁੰਚ ਦਾ ਵਿਕਾਸ ਕਰਦੀ ਹੈ।

ਇਸ ਤੋਂ ਇਲਾਵਾ ਕੇਸਰ ਗਲਪ-ਆਲੋਚਨਾ ਦੀ ਇਕ ਵਿਸ਼ੇਸ਼ਤਾ ਗਲਪੀ-ਸਿਰਜਨਾ ਦੀ ਹੋਂਦ-ਵਿਧੀ ਬਾਰੇ ਵਿਚਾਰ ਕਰਨ ਵਿਚ ਵੀ ਲੁਪਤ ਹੈ, ਜਿਸ ਦੇ ਅੰਤਰਗਤ ਇਹ ਗਲਪ-ਆਲੋਚਨਾ ਗਲਪ-ਸਿਰਜਨਾ ਦੀ ਹੋਂਦ ਨੂੰ ਸਮਾਜ-ਸਾਪੇਖ ਸਿਰਜਨਾ ਕਿਆਸ ਕਰਦੀ ਹੋਈ ਰਚਨਾਕਾਰ ਦੀ ਸਵੈ-ਅਭਿਵਿਅਕਤੀ ਤੇ ਸਮਾਜਿਕ-ਸੱਚ ਦੇ ਦਵੰਦਾਤਮਿਕ ਸੰਬੰਧਾਂ ਉੱਤੇ ਆਧਾਰਿਤ ਉਪਯੋਗਿਕਤਾ-ਮੂਲਕ ਕਿਰਤ ਸਵੀਕਾਰਦੀ ਹੈ। ਅਜਿਹਾ ਕਰਦੇ ਸਮੇਂ ਕੇਸਰ ਗਲਪ-ਆਲੋਚਨਾ ਆਪਣੀ ਸੰਤੁਲਿਤ ਸਿਧਾਂਤਕ ਸੂਝ ਦੁਆਰਾ ਇਸ ਨੁਕਤੇ ਤੋਂ ਵੀ ਸੁਚੇਤ ਹੈ ਕਿ ਵਿਚਾਰਕ ਤੱਤਾਂ ਨਾਲ ਲਬਰੇਜ਼ ਤੇ ਸੁਹਜਾਤਮਿਕ ਤੱਤਾਂ ਤੋਂ ਨਿਰਲੇਪ ਕੋਈ ਗਲਪੀ-ਸਿਰਜਨਾ ਨਿਰੋਲ ਪ੍ਰਚਾਰ ਦਾ ਦਰਜਾ ਪ੍ਰਾਪਤ ਕਰ ਜਾਂਦੀ ਹੈ। ਇਸ ਪ੍ਰਕਾਰ ਦੀ ਸਿਰਜਨਾ ਕੇਸਰ ਗਲਪ-ਆਲੋਚਨਾ ਲਈ ਕਿਸੇ ਵੀ ਪੱਧਰ 'ਤੇ ਸਾਹਿਤਿੱਕ-ਕਿਰਤ ਦਾ ਦਰਜਾ ਨਹੀਂ ਰੱਖਦੀ, ਸਗੋਂ ਇਸ ਗਲਪ-ਆਲੋਚਨਾ ਲਈ ਪ੍ਰਮਾਣਿਕ ਗਲਪ-ਸਿਰਜਨਾ ਸੋਚ ਤੇ ਸੁਹਜ ਦੀ ਸੰਯੁਕਤੀ ਪੇਸ਼ ਕਰਦੀ ਹੈ, ਇਸ ਸੰਯੁਕਤੀ ਦਾ ਨਿਭਾਅ ਕਰਨਾ ਰਚਨਾਕਾਰ ਦੀ ਮਰਜ਼ੀ ਉੱਤੇ ਆਧਾਰਿਤ ਨਹੀਂ ਸਗੋਂ ਇਹ ਗਲਪ-ਸਿਰਜਨਾ

ਦੀ ਹੋਂਦ-ਵਿਧੀ ਦੀ ਮਜਬੂਰੀ ਦਾ ਪਰਿਣਾਮ ਹੈ।

ਯਥਾਰਥਵਾਦੀ ਸਾਹਿੱਤਿਕ ਕਿਰਤ ਦੀ ਰਚਨਾ ਪ੍ਰਕਿਰਿਆ ਦਾ ਮੁੱਖ ਆਧਾਰ ਪੂਰਵ-ਪ੍ਰਾਪਤ ਸ਼ਿਲਪ-ਗਿਆਨ ਨਹੀਂ ਹੁੰਦਾ, ਸਗੋਂ ਜੀਵਨ-ਯਥਾਰਥ ਦਾ ਉਹ ਪੈਟਰਨ ਹੁੰਦਾ ਹੈ ਜਿਸ ਨੂੰ ਸਾਹਿੱਤਕਾਰ ਨੇ ਆਪ ਖੋਜਿਆ ਤੇ ਅਨੁਭਵਿਆ ਹੁੰਦਾ ਹੈ। ਉਹ ਨਾ ਤਾਂ ਪੂਰਵ-ਪ੍ਰਾਪਤ ਸ਼ਿਲਪ-ਗਿਆਨ ਨੂੰ ਪ੍ਰਾਪਤ ਯਥਾਰਥ ਉੱਤੇ ਠੋਸਦਾ ਹੈ ਤੇ ਨਾ ਹੀ ਆਪਣੇ ਅਨੁਭਵ ਕੀਤੇ ਯਥਾਰਥ ਨੂੰ ਆਪ ਮੁਹਾਰੇ ਕਲਾ-ਕਿਰਤ ਵਿਚ ਰੂਪਾਂਤਰਿਤ ਹੋ ਜਾਣ ਦੀ ਖੁੱਲ੍ਹ ਦਿੰਦਾ ਹੈ। ਉਹ ਕਿਸੇ ਅੰਤਿਮ ਮਨੋਰਥ ਨੂੰ ਮੁੱਖ ਰੱਖ ਕੇ, ਪੂਰਵ ਪ੍ਰਾਪਤ ਸ਼ਿਲਪ-ਔਜ਼ਾਰਾਂ ਨਾਲ ਰਚਨਾ-ਪ੍ਰਕਿਰਿਆ ਵਿਚ ਬੁਝਦਾ ਹੈ, ਪਰ ਇਸ ਪ੍ਰਕਿਰਿਆ ਦੇ ਦੌਰਾਨ ਅਨੁਭਵ ਠੀਕ ਯਥਾਰਥ ਦੀ ਕੱਚੀ ਸਮਗਰੀ ਦਾ ਤਕਾਜ਼ਾ ਉਸ ਨੂੰ ਆਪਣੇ ਆਰੰਭਕ ਮਨੋਰਥ ਅਤੇ ਸ਼ਿਲਪ-ਗਿਆਨ ਵਿਚ ਤਬਦੀਲੀ ਕਰਨ ਲਈ ਮਜਬੂਰ ਕਰਦਾ ਹੈ।[10]

ਪ੍ਰੰਤੂ ਇਸ ਪ੍ਰਸੰਗ ਵਿਚ ਕਈ ਵਾਰ ਕੇਸਰ ਗਲਪ-ਆਲੋਚਨਾ ਗਲਪੀ-ਰਚਨਾ ਦੇ ਸਮਾਜਿਕ ਤੇ ਸੁਹਜਾਤਮਿਕ ਪਹਿਲੂਆਂ ਦਾ ਵਿਸ਼ਲੇਸ਼ਣ ਕਰਦੀ ਹੋਈ ਤੱਤਵਾਦੀ-ਆਲੋਚਨਾ ਦੇ ਅਰਥ-ਖੇਤਰ ਵਿਚ ਪ੍ਰਵੇਸ਼ ਕਰ ਜਾਂਦੀ ਹੈ, ਜਿਸ ਅਧੀਨ ਇਹ ਗਲਪ-ਆਲੋਚਨਾ ਗਲਪੀ-ਸਿਰਜਨਾ ਨੂੰ 'ਕੱਥ ਤੇ ਵੱਥ' ਦੇ ਮੋਟੇ ਜਿਹੇ ਰੂਪ ਵਿਚ ਵਿਭਾਜਤ ਕਰਦੀ ਗਲਪੀ-ਸਿਰਜਨਾ ਨੂੰ ਪਾਤਰ-ਚਿਤਰਣ, ਰਚਨਾ-ਵਸਤੂ, ਭਾਸ਼ਾ-ਸ਼ੈਲੀ ਤੇ ਸਾਹਿਤਿੱਕ-ਯੋਗਦਾਨ ਵਰਗੇ ਸਿਰਲੇਖਾਂ ਅਧੀਨ ਵਿਚਾਰਨ ਲਈ ਕਾਰਜਸ਼ੀਲ ਹੋ ਜਾਂਦੀ ਹੈ। ਵਿਸ਼ਲੇਸ਼ਣ ਤੇ ਮੁਲਾਂਕਣ ਦੀ ਇਸ ਪ੍ਰਕਾਰ ਦੀ ਵਿਧੀ ਨਿਰਸੰਦੇਹ ਗਲਪੀ-ਸਿਰਜਨਾ ਦੇ ਸੰਪੂਰਨ ਅਧਿਐਨ ਨੂੰ ਦਰਕਿਨਾਰ ਕਰਨ ਦੀ ਵਿਸੰਗਤੀਆਂ ਨਾਲ ਭਰਪੂਰ ਹੈ। ਇਸ ਦੇ ਨਾਲ ਹੀ ਕੇਸਰ ਗਲਪ-ਆਲੋਚਨਾ ਵਿਕੋਲਿਤਰੇ ਰੂਪ ਵਿਚ ਰਚਨਾਕਾਰ ਦੀ ਜੀਵਨ-ਦ੍ਰਿਸ਼ਟੀ ਤੇ ਰਚਨਾ-ਦ੍ਰਿਸ਼ਟੀ ਦੇ ਅੰਤਰ-ਸੰਬੰਧਾਂ ਤੇ ਅੰਤਰ-ਦਵੰਦਾਂ ਨੂੰ ਵਿਚਾਰਦੀ ਹੋਈ ਕੋਈ ਵਾਰ ਗਲਪੀ-ਪਾਠ ਦੀ ਸਤਹੀ-ਸੰਰਚਨਾ ਤੱਕ ਹੀ ਸੀਮਤ ਹੋ ਜਾਂਦੀ, ਰਚਨਾਕਾਰ ਦੀਆਂ ਸਮੁੱਚੀਆਂ ਸਿਰਜਨਾਵਾਂ ਦਾ ਠੀਕ ਮੁਤਾਲਿਆ ਕਰਨ ਤੋਂ ਅਵੇਸਲੀ ਵੀ ਰਹਿ ਜਾਂਦੀ ਹੈ। ਇਸ ਪ੍ਰਕਾਰ ਦੀ ਇਕ ਉਦਾਹਰਨ ਕੇਸਰ ਗਲਪ-ਆਲੋਚਨਾ ਦੁਆਰਾ ਸੁਜਾਨ ਸਿੰਘ ਦੀ ਕਹਾਣੀ-ਸਿਰਜਨਾ ਦੇ ਅਧਿਐਨ-ਵਿਸ਼ਲੇਸ਼ਣ ਵਿਚੋਂ ਦ੍ਰਿਸ਼ਟੀਗੋਚਰ ਹੁੰਦੀ ਹੈ, ਜਿਸ ਅਧੀਨ ਕੇਸਰ ਗਲਪ-ਆਲੋਚਨਾ ਸੁਜਾਨ ਸਿੰਘ ਦੇ ਜੀਵਨਪਰਕ-ਵੇਰਵਿਆਂ ਨਾਲ ਉਸ ਦੀ ਦੀ ਜੀਵਨ-ਦ੍ਰਿਸ਼ਟੀ ਦਾ ਨਿਰਧਾਰਨ ਕਰਦੀ ਹੋਈ ਅੱਗੋਂ ਰਚਨਾ-ਦ੍ਰਿਸ਼ਟੀ ਨੂੰ ਉਲੀਕਣ ਦੇ ਯਤਨ ਅਧੀਨ ਵਿਸ਼ਲੇਸ਼ਣ ਕਰਦੀ ਹੈ ਅਤੇ ਸੁਜਾਨ ਸਿੰਘ ਨੂੰ ਯਥਾਰਥਵਾਦੀ ਅਤੇ ਇਤਿਹਾਸਕ ਅਨਿਵਾਰਤਾ ਨੂੰ ਪੇਸ਼ ਕਰਨ ਵਾਲਾ ਕਹਾਣੀਕਾਰ ਕਿਆਸ ਕਰਦੀ ਹੈ। ਇੱਥੇ ਕੇਸਰ ਗਲਪ-ਆਲੋਚਨਾ ਦੀ ਸਮੱਸਿਆ ਸੁਜਾਨ ਸਿੰਘ ਦੀ ਕਹਾਣੀ-ਸਿਰਜਨਾ ਵਿਚੋਂ ਉੱਭਰਦੇ ਸਮਾਜਵਾਦੀ ਗਲਪੀ-ਬਿੰਬ ਦੀ ਉਪਭਾਵੁਕਤਾ ਨੂੰ ਅਣਗੋਲਿਆਂ ਕਰਨ ਵਿਚ ਨਜ਼ਰੀ ਪੈਂਦੀ ਹੈ। ਜਿਸ ਅਧੀਨ ਇਹ ਗਲਪ-ਆਲੋਚਨਾ ਸੁਜਾਨ ਸਿੰਘ ਦੀਆਂ ਜੀਵਨ-ਸਥਿਤੀਆਂ ਦੇ ਪ੍ਰਭਾਵ ਅਧੀਨ ਉਸ ਦੇ ਵਿਅਕਤਿਤਵ ਵਿਚ ਪ੍ਰਵੇਸ਼ ਪਾਉਂਦੀ ਉਪਭਾਵੁਕਤਾ ਅਤੇ ਉਪਭਾਵੁਕਤਾ ਆਧਾਰਿਤ ਰਚਨਾ-ਦ੍ਰਿਸ਼ਟੀ (ਵਿਕੋਲਿਤਰੇ ਰੂਪ ਵਿਚ) ਕਾਰਨ ਉਸ ਦੇ ਗਲਪੀ-ਬਿੰਬ ਦੀ ਅਣਯਥਾਰਥਿਕਤਾ,ਸਤਹੀ-ਪੱਧਰ ਤੇ ਪੂਰਬ-ਆਗ੍ਰਹੀ (ਪਰਏਜੁਦਚਿਏ) ਦ੍ਰਿਸ਼ਟੀ ਦੀ ਹੋਂਦ ਪ੍ਰਕਿਰਿਆ ਨੂੰ ਪ੍ਰੋਖੇ ਕਰਦੀ ਹੈ। ਜਿਸ ਕਾਰਨ ਸੁਜਾਨ ਸਿੰਘ ਦੀ ਕਹਾਣੀ-ਸਿਰਜਨਾ ਵਿਚੋਂ ਸਮਾਜਵਾਦ ਦਾ ਵਿਗਿਆਨਿਕ ਤੇ ਬੌਧਿਕ ਸਰੂਪ ਉਜਾਗਰ ਹੋਣ ਦੀ ਬਜਾਇ ਉਪਭਾਵੁਕਤਾ ਨਾਲ ਸੰਮਲਿਤ ਸਰੂਪ ਹੀ ਉੱਭਰਦਾ ਹੈ।

ਪ੍ਰੰਤੂ ਇਸ ਦੇ ਬਾਵਜੂਦ ਵੀ ਕੇਸਰ ਗਲਪ-ਆਲੋਚਨਾ ਦੀ ਪ੍ਰਮੁੱਖ ਪ੍ਰਾਪਤੀ ਪੰਜਾਬੀ ਗਲਪ-ਸਾਹਿੱਤ ਨੂੰ ਸਮਾਜ, ਸਿਆਸਤ ਤੇ ਸਭਿਆਚਾਰ ਨਾਲ ਸੰਬੰਧਿਤ ਕਰ ਕੇ ਇਸ ਨੂੰ ਭਾਰਤੀ/ਪੰਜਾਬੀ ਜ਼ਮਾਤੀ-ਖਾਸੇ ਅਨੁਸਾਰ ਸਮਝਣ ਦੇ ਯਤਨ ਅਤੇ ਪਾਠਕ ਨੂੰ ਇਤਿਹਾਸਕ ਤੇ ਵਿਚਾਰਧਾਰਕ ਸਚੇਤਨਾ ਪ੍ਰਦਾਨ ਕਰਦੀ ਹੋਈ ਵਿਕਾਸਮਈ ਭਵਿੱਖਮੁਖੀ ਪਰਿਵਰਤਨ ਨੂੰ ਦ੍ਰਿੜ ਕਰਵਾਉਣ ਵਿਚ ਨਿਹਿਤ ਹੈ। ਇਸ ਅਧੀਨ ਇਹ ਗਲਪ-ਆਲੋਚਨਾ ਪਹਿਲੀ ਪੀੜ੍ਹੀ ਦੀ ਮਾਰਕਸਵਾਦੀ ਪੰਜਾਬੀ ਗਲਪ-ਆਲੋਚਨਾ ਦੀਆਂ ਸੀਮਾਵਾਂ ਤੇ ਸਮੱਸਿਆਵਾਂ ਤੋਂ ਸੁਚੇਤ ਪਾਠ ਤੇ ਪ੍ਰਸੰਗ ਦੇ ਦਵੰਦਾਤਮਿਕ ਸੰਬੰਧਾਂ ਨੂੰ ਵੇਖਣ ਵਾਲੀ ਪ੍ਰਮਾਣਿਕ ਵਿਧੀ ਨੂੰ ਅੰਤਰ-ਅਨੁਸ਼ਾਸਨੀ ਤੇ ਤੁਲਨਾਤਮਿਕ ਪਹੁੰਚ ਨਾਲ ਅਖ਼ਤਿਆਰ ਵੇਖਦੀ ਅਤੇ ਅਧਿਆਪਨੀ-ਸ਼ੈਲੀ ਦੁਆਰਾ ਵਿਗਿਆਨਿਕ ਤੇ ਆਲੋਚਨਾਤਮਿਕ ਸੰਕਲਪਾਂ ਨੂੰ ਸਾਹਿੱਤ ਤੇ ਸਮਾਜਿਕ ਸੰਦਰਭ ਵਿਚ ਸਪਸ਼ਟ ਕਰਦੀ ਹੈ। ਨਿਰਸੰਦੇਹ, ਕੇਸਰ ਗਲਪ-ਆਲੋਚਨਾ ਪੰਜਾਬੀ ਦੇ ਆਲੋਚਨਾਤਮਿਕ ਅਨੁਸ਼ਾਸਨ ਦਾ ਇਕ ਨਿਵੇਕਲਾ ਤੇ ਵਿਲੱਖਣ ਪਸਾਰ ਤੇ ਪ੍ਰਾਪਤੀ ਹੈ।

## ਹਵਾਲੇ ਤੇ ਟਿੱਪਣੀਆਂ

1. ਮਾਰਕਸ ਏਂਗਲਜ਼, ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ, ਪੰਨਾ-29
2. ਓਮ ਪ੍ਰਕਾਸ਼ ਗਰੇਵਾਲ, 'ਸਾਹਿੱਤ ਔਰ ਵਿਚਾਰਧਾਰਾ', ਮਾਰਕਸਵਾਦੀ ਸੌਂਦਰਯ ਸ਼ਾਸਤਰ, ਸੰਪਾ. ਕਮਲਾ ਪ੍ਰਸਾਦ, ਮੈਨੇਜਰ ਪਾਂਡੇ, ਗਿਆਨ ਰੰਜਨ, ਪੰਨਾ-28-29
3. ਜਸਬੀਰ ਕੇਸਰ (ਸੰਪਾ), ਕੇਸਰ ਸਿੰਘ ਕੇਸਰ ਗਲਪ ਚਿੰਤਨ, ਪੰਨਾ-80
4. ਟੀ. ਆਰ. ਵਿਨੋਦ, ਪੰਜਾਬੀ ਆਲੋਚਨਾ ਸ਼ਾਸਤਰ, ਪੰਨਾ-53
5. ਕੇਸਰ ਸਿੰਘ ਕੇਸਰ, ਗਲਪ ਚਿੰਤਨ, ਪੰਨਾ-142
6. ਉਹੀ, ਪੰਨਾ-49
7. ਗਲਪ-ਰਚਨਾ ਵਿਚ ਟਾਈਪ-ਸਿਰਜਨ ਦਾ ਉਹੀ ਮਹੱਤਵ ਹੈ ਜੋ ਕਵਿਤਾ ਵਿਚ ਮੈਟਾਫਰ (ਜਾਂ ਰੂਪਕ) ਸਿਰਜਣ ਦਾ ਹੈ, 'ਟਾਈਪ' ਜਾਂ 'ਨਮੂਨਾ' ਇਕ ਲਘੂ-ਬ੍ਰਹਿਮੰਡ ਹੁੰਦਾ ਹੈ ਜਿਸ ਵਿਚੋਂ ਵਿਰਾਟ ਬ੍ਰਹਿਮੰਡ ਦੇ ਦਰਸ਼ਨ ਕੀਤੇ ਜਾ ਸਕਦੇ ਹਨ। ਇਕ ਪਰਿਸਥਿਤੀ ਤੇ ਇਕੱਲਾ ਪਾਤਰ ਹੀ ਨਹੀਂ, ਪੂਰੇ ਦਾ ਪੂਰਾ ਨਾਵਲ ਹੀ ਇਕ'ਟਾਈਪ' ਜਾਂ ਇਕ 'ਨਮੂਨਾ' ਹੋ ਨਿੱਬੜਦਾ ਹੈ।
   ਕੇਸਰ ਸਿੰਘ ਕੇਸਰ, ਗਲਪ ਚਿੰਤਨ, ਪੰਨਾ-23
8. ਬੋਰਿਸ ਸ਼ਚਕੋਵ, ਯਥਾਰਥਵਾਦ ਦਾ ਇਤਿਹਾਸ, ਪੰਨਾ-96
9. ਕੇਸਰ ਸਿੰਘ ਕੇਸਰ, ਗਲਪ ਚਿੰਤਨ, ਪੰਨਾ-22
10. ਉਹੀ, ਪੰਨਾ-20



# ਸਿਗਮੰਡ ਫਰਾਇਡ

ਸਿਗਮੰਡ ਫਰਾਇਡ ਦਾ ਨਾਂ ਅਧੁਨਿਕ ਸੰਸਾਰ ਦੇ ਉਨ੍ਹਾਂ ਮਹਾਨ ਚਿੰਤਕਾਂ ਵਿੱਚ ਗਿਣਿਆਂ ਜਾਂਦਾ ਹੈ, ਜਿੰਨਾਂ ਨੇ ਮਨੁੱਖ ਨੂੰ ਨਵੀਂ ਚਿੰਤਨ-ਦ੍ਰਿਸ਼ਟੀ ਦਿੱਤੀ ਹੈ। ਜੇਕਰ ਆਧੁਨਿਕ ਸੰਸਾਰ ਦੇ ਤਿੰਨ ਮਹਾਨ ਚਿੰਤਕਾਂ ਦੀ ਚੋਣ ਕਰਨੀ ਹੋਵੇ ਤਾਂ ਫਰਾਇਡ ਤਾਂ ਉਨ੍ਹਾਂ ਵਿਚ ਹੋਵੇਗਾ ਹੀ, ਦੂਜੇ ਦੋ ਚਿੰਤਕ ਡਾਰਵਿਨ ਅਤੇ ਆਈਨਸਟੀਨ ਗਿਣੇ ਜਾ ਸਕਦੇ ਹਨ। ਆਧੁਨਿਕ ਸੰਸਾਰ ਵਿਗਿਆਨ ਅਤੇ ਵਿਗਿਆਨਿਕਾਂ ਦਾ ਰਿਣੀ ਹੈ, ਪਰ ਫਰਾਇਡ, ਡਾਰਵਿਨ ਅਤੇ ਆਈਨਸਟੀਨ ਦਾ ਸਥਾਨ ਵਿਗਿਆਨ ਅਤੇ ਵਿਗਿਆਨਿਕਾਂ ਨਾਲੋਂ ਇਸ ਕਰ ਕੇ ਉੱਚਾ ਹੈ, ਕਿਉਂਕਿ ਇਨ੍ਹਾਂ ਯੁੱਗ-ਪੁਰਸ਼ਾਂ ਨੇ ਉਸ ਸੋਚ-ਵਿਧੀ ਅਤੇ ਗਿਆਨ-ਦ੍ਰਿਸ਼ਟੀ ਨੂੰ ਜਨਮ ਦਿੱਤਾ ਹੈ, ਜਿਸ ਦੀ ਲੋਅ ਵਿਚ ਵਿਗਿਆਨ ਗਿਆਨ ਬਣਿਆ ਅਤੇ ਵਿਗਿਆਨਕ ਅਨੇਕਾਂ ਕਾਢਾਂ ਕੱਢਣ ਦੇ ਯੋਗ ਹੋਏ ਅਤੇ ਸੰਸਾਰ ਆਧੁਨਿਕ ਲੀਹਾਂ ਉੱਤੇ ਢਲ਼ਨ ਲੱਗਿਆ। ਉਪਰੋਕਤ ਤਿੰਨੇ ਚਿੰਤਕ ਆਧੁਨਿਕ ਯੁੱਗ ਦੇ ਦਾਰਸ਼ਨਿਕ ਸਨ, ਜਿਨ੍ਹਾਂ ਨੇ ਅਪਣੇ ਮਨ-ਮਸਤਕ ਵਿਚ ਨਵੇਂ ਸੰਸਾਰ ਦੀ ਕਲਪਨਾ ਕੀਤੀ ਅਤੇ ਆਪਣੇ ਆਪਣੇ ਖੇਤਰ ਵਿਚ ਅਜਿਹੇ ਤਰਕ ਪੇਸ਼ ਕੀਤੇ ਜਿਨ੍ਹਾਂ ਨਾਲ ਵਿਸ਼ਵ ਦੀ ਨੁਹਾਰ ਬਦਲ ਗਈ ਹੈ।

ਫ਼ਰਾਇਡ ਦੀ ਜੀਵਨ ਕਥਾ ਉਸ ਦੇ ਜਨਮ ਨਾਲ ਆਰੰਭ ਕਰਨ ਦੀ ਥਾਂ ਉਸ ਦੀ ਮੌਤ ਨਾਲ ਸ਼ੁਰੂ ਕਰਨੀ ਵਧੇਰੇ ਉਪਯੋਗੀ ਪ੍ਰਤੀਤ ਹੁੰਦੀ ਹੈ। ਅੱਜ ਤੋਂ ਲਗਭਗ ਅੱਧੀ ਸਦੀ ਪਹਿਲਾਂ, 1939 ਦੇ ਸਤੰਬਰ ਮਹੀਨੇ ਵਿਚ, ਬਿਆਸੀ ਸਾਲਾਂ ਦੀ ਉਮਰ ਵਿੱਚ ਇਹ ਮਹਾਨ ਮਨੋ-ਵਿਗਿਆਨੀ ਇਸ ਸੰਸਾਰ ਨੂੰ ਤਿਆਗ ਕਰ ਗਿਆ, ਪਰ ਸਾਰੇ ਸੰਸਾਰ ਨੇ ਅਪਣਾ ਲਿਆ। ਫਰਾਇਡ ਦਾ ਅਧਿਐਨ ਕੀਤੇ ਬਿਨਾਂ ਨਾ ਕੋਈ ਵਿਅਕਤੀ ਵਿਦਵਾਨ ਕਹਾ ਸਕਦਾ ਹੈ ਨਾ ਹੀ ਆਧੁਨਿਕ। ਮਹਾਨ ਪੁਰਸ਼ਾਂ ਵਾਲੀ ਰਵਾਇਤ ਨੂੰ ਪਾਲਦੇ ਹੋਏ ਫਰਾਇਡ ਨੂੰ ਆਪਣੇ ਵਿਚਾਰਾਂ ਕਾਰਨ ਆਪਣਾ ਜਰਮਨੀ ਵਿਚਲਾ ਨਿਵਾਸ ਸਥਾਨ ਤਿਆਗਣਾ ਪਿਆ ਅਤੇ ਨਾਜ਼ੀ ਫ਼ੌਜੀਆਂ ਦੇ ਕ੍ਰੋਧ ਕਾਰਨ ਉਸ ਨੂੰ ਅਪਣਾ ਸਭ ਕੁੱਝ ਛੱਡ ਕੇ ਇੰਗਲੈਂਡ ਵਿਚ ਸ਼ਰਨ ਲੈਣੀ ਪਈ। ਉਸ ਦੇ ਅਜਿਹਾ ਕਰਨ ਕਰ ਕੇ ਉਸ ਦੀਆਂ

ਸੱਤਰ ਵਰ੍ਹਿਆਂ ਦੀ ਵੱਡੀ ਉਮਰ ਵਾਲੀਆਂ ਤਿੰਨ ਭੈਣਾਂ ਨੂੰ ਨਾਜ਼ੀਆਂ ਨੇ ਗੈਸ ਸੁੰਘਾ ਕੇ ਮਾਰ ਦਿੱਤਾ। ਇਸ ਸਮੇਂ ਤੱਕ ਕੈਂਸਰ ਕਾਰਨ ਫਰਾਇਡ ਦਾ ਵੀ ਦੋ ਵਾਰੀ ਓਪਰੇਸ਼ਨ ਹੋ ਚੁੱਕਾ ਸੀ। ਅਪਣੇ ਜੀਵਨ ਦੇ ਅੰਤਲੇ ਪੰਦਰਾਂ ਵਰ੍ਹੇ ਫਰਾਇਡ ਨੂੰ ਆਪਣੇ ਜਬਾੜੇ ਦਾ ਅੰਤਾਂ ਦਾ ਦਰਦ ਹੰਢਾਉਣਾ ਪਿਆ ਅਤੇ ਉਸ ਦਾ ਇੱਕ ਹੱਥ ਜਬਾੜ੍ਹੇ ਦੀ ਦਰਦ ਨੂੰ ਘਟਾਉਣ ਦੇ ਆਹਰ ਵਿਚ ਲੱਗਿਆ ਰਿਹਾ। ਅਜਿਹੀ ਅਵਸਥਾ ਦੇ ਬਾਵਜੂਦ ਉਹ ਪ੍ਰਯੋਗ ਕਰਦਾ ਰਿਹਾ, ਸੰਕਲਪ ਉਸਾਰਦਾ ਰਿਹਾ ਅਤੇ ਮਨੋ-ਵਿਸ਼ਲੇਸ਼ਣ ਦੇ ਸਿਧਾਂਤਾਂ ਨੂੰ ਨਿਖਾਰਦਾ ਰਿਹਾ। ਜਬਾੜੇ ਦੇ ਦਰਦ ਤੋਂ ਨਿਜਾਤ ਕੇਵਲ ਮੌਤ ਵਿੱਚ ਸੀ, ਪਰ ਫਰਾਇਡ ਨੇ ਆਪਣੇ-ਆਪ ਨੂੰ ਆਪਣੇ ਕੰਮ ਵਿਚ ਇਸ ਹੱਦ ਤੱਕ ਰੁਝਾ ਲਿਆ ਕਿ ਉਸ ਦਾ ਦਰਦ ਸਿਰਜਣਾਤਮਿਕ ਹੋ ਨਿੱਬੜਿਆ।

ਫਰਾਇਡ ਇੱਕ ਨਿਪੁੰਨ ਲੇਖਕ ਸੀ ਅਤੇ ਆਪਣੀ ਲੇਖਣੀ ਨਾਲ ਉਸ ਨੇ ਅਪਣੇ ਵਿਚਾਰਾਂ ਨੂੰ ਆਧੁਨਿਕ ਯੁੱਗ ਦਾ ਇਕ ਵਾਦ ਬਣਾ ਦਿੱਤਾ। ਉਹ ਆਪ ਹੀ ਆਪਣਾ ਵਿਸ਼ਾ ਸੀ। ਉਸ ਦਾ ਮਨੋ-ਵਿਸ਼ਲੇਸ਼ਣ ਉਸ ਦੇ ਆਪਣੇ ਮਨ, ਮਨ ਵਿਚਲੇ ਡਰਾਂ ਅਤੇ ਭੈਣਾਂ, ਅਤ੍ਰਿਪਤ ਇੱਛਾਵਾਂ, ਦੱਬੀਆਂ-ਘੁੱਟੀਆਂ ਖ਼ਾਹਿਸ਼ਾਂ, ਹਾਰ ਗਈਆਂ ਤਾਂਘਾਂ-ਉਮੰਗਾਂ ਦਾ ਹੀ ਵਿਸ਼ਲੇਸ਼ਣ ਹੈ। ਉਸ ਦੇ ਬਚਪਨ ਵਿਚ ਅਨੇਕਾਂ ਅਜਿਹੀਆਂ ਘਟਨਾਵਾਂ ਵਾਪਰੀਆਂ ਕਿ ਮਾਤਾ-ਪਿਤਾ, ਭੈਣਾਂ-ਭਰਾਵਾਂ ਅਤੇ ਆਲ਼ੇ-ਦੁਆਲ਼ੇ ਦੇ ਇਸਤਰੀ-ਪੁਰਸ਼ਾਂ ਨਾਲ ਉਸ ਦੇ ਸਬੰਧ ਜਟਿਲ ਅਤੇ ਗੁੰਝਲਦਾਰ ਹੁੰਦੇ ਗਏ। ਉਸ ਨੇ ਆਪਣੇ ਨਿੱਜੀ ਅਨੁਭਵਾਂ ਨੂੰ ਤਰਕਸੰਗਤ ਢੰਗ ਨਾਲ ਪੇਸ਼ ਕਰ ਕੇ ਮਨੋਵਿਸ਼ਲੇਸ਼ਨ ਦੇ ਨਾਂ ਨਾਲ ਜਾਣੀ ਜਾਣ ਵਾਲੀ ਵਿਧੀ ਦਾ ਨਿਰਮਾਣ ਕੀਤਾ। ਭਾਵੇ ਉਸ ਦੇ ਆਪਣੇ ਸਮਕਾਲੀਆਂ ਅਤੇ ਸਾਥੀਆਂ ਨਾਲ ਵਿਚਾਰਾਂ ਦੇ ਪੱਖੋਂ ਮਤਭੇਦ ਪੈਦਾ ਹੋਏ ਅਤੇ ਐਡਲਰ, ਯੁੰਗ, ਰੈਂਕ, ਸਟੈਕਲ ਆਦਿ ਉਸ ਦਾ ਸਾਥ ਛੱਡ ਗਏ ਅਤੇ ਭਿੰਨ-ਭਿੰਨ ਪ੍ਰਕਾਰ ਦਾ ਮਨੋ-ਵਿਗਿਆਨ ਉਧਾਰਨ ਲੱਗ ਪਏ, ਪਰ ਫਰਾਇਡ ਆਪਣੇ ਵਿਚਾਰਾਂ ਦੇ ਪੱਖੋਂ ਦ੍ਰਿੜ ਰਿਹਾ। ਹਰ ਨਵੇਂ ਮਨੋ-ਵਿਗਿਆਨੀ ਪਹਿਲਾਂ ਇਹ ਸਪਸ਼ਟ ਕਰਨਾ ਪੈਂਦਾ ਹੈ ਕਿ ਉਹ ਫਰਾਇਡ ਦੇ ਪੱਖ ਵਿਚ ਖਲੋਤਾ ਹੈ ਜਾਂ ਵਿਰੋਧ ਵਿਚ। ਇਹ ਦੋਵੇਂ ਸਥਿਤੀਆਂ ਫਰਾਇਡ ਦੇ ਵਿਸ਼ਾਲ ਅਤੇ ਡੂੰਘੇ ਪ੍ਰਭਾਵ ਦਾ ਪ੍ਰਮਾਣ ਹਨ।

ਫਰਾਇਡ ਨੂੰ ਹੁਣ ਉਸ ਦੇ ਮਰਨ ਤੋਂ ਪੰਜਾਹ ਵਰ੍ਹੇ ਉਪਰੰਤ ਨਿਰਪੱਖ ਅਤੇ ਸੁਤੰਤਰ ਦ੍ਰਿਸ਼ਟੀ ਤੋਂ ਨਿਰਖਣਾ ਪਰਖਣਾ ਸੰਭਵ ਹੋਇਆ। ਉਸ ਨਾਲ ਸਬੰਧਿਤ ਅਨੇਕਾਂ ਵਾਦ-ਵਿਵਾਦ ਮੁੱਕ ਗਏ। ਸੋ ਨਿਰਸੰਦੇਹ ਅਸੀਂ ਉਸ ਦੇ ਯੋਗਦਾਨ ਦਾ ਨਿਰਪੱਖ ਲੇਖਾ-ਜੋਖਾ ਕਰ ਸਕਦੇ ਹਾਂ। ਫਰਾਇਡ ਤੋਂ ਪਹਿਲਾਂ ਮਨੋਵਿਗਿਆਨ ਅਕਾਦਮਿਕ ਖੇਤਰਾਂ ਤੱਕ ਸੀਮਤ ਸੀ ਅਤੇ ਇਸ ਦਾ ਅਧਿਐਨ ਯੂਨੀਵਰਸਿਟੀਆਂ ਦੇ ਅੰਦਰ ਹੀ ਹੁੰਦਾ ਸੀ। ਮਨੁੱਖ ਦੇ ਵਿਹਾਰ ਨੂੰ ਵੇਖ ਕੇ ਕੁੱਝ ਨਿਰਣੇ-ਸਿੱਟੇ ਸਾਹਮਣੇ ਆ ਚੁੱਕੇ ਸਨ, ਪਰ ਇਹ ਸਾਰੇ ਨਿਰਣੇ ਮਨੁੱਖ ਦੇ ਤਾਰਕਿਕ ਵਿਹਾਰ ਅਤੇ ਮੂਲ ਪ੍ਰਵਿਰਤੀਆਂ (ਇਨਸਟਨਿਚਟਸ) ਦੇ ਉਪਜਾਏ ਵਿਹਾਰ ਉੱਤੇ ਆਧਾਰਿਤ ਸਨ। ਮਨੁੱਖ ਦੇ ਵਿਹਾਰ ਨੂੰ ਇਕ ਸਿੱਧੀ ਰੇਖਾ ਵਿਚ ਸਮਝਣ ਦਾ ਯਤਨ ਕੀਤਾ ਜਾਂਦਾ ਸੀ। ਮਨੁੱਖੀ ਵਿਹਾਰ ਨੂੰ ਦੋ ਮੁੱਖ ਵੰਨਗੀਆਂ ਵਿਚ ਵੰਡਣ ਦੀ ਰੀਤ ਅਨੁਸਾਰ ਪਹਿਲੀ ਵੰਨਗੀ ਵਿਚ ਉਸ ਨੂੰ ਗਿਣਿਆ ਜਾਂਦਾ ਸੀ, ਜਿਸ ਦੇ ਕਾਰਣ ਸਪਸ਼ਟ ਅਤੇ ਪ੍ਰਤੱਖ ਸਨ। ਦੂਜੀ ਵੰਨਗੀ ਵਿਚ ਉਸ ਵਿਹਾਰ ਨੂੰ ਗਿਣਿਆ ਜਾਂਦਾ ਸੀ, ਜਿਸ ਦੇ ਕਾਰਣ ਅਸਪਸ਼ਟ ਅਤੇ ਗੁੱਝੇ ਸਨ। ਅਜਿਹੇ ਵਿਹਾਰ ਨੂੰ ਕੋਈ ਮਹੱਤਵ ਨਹੀਂ ਦਿੱਤਾ

ਜਾਂਦਾ ਸੀ। ਮਹੱਤਵਹੀਣ ਸਮਝੇ ਜਾਣ ਕਾਰਨ ਅਜਿਹੇ ਵਿਹਾਰ ਦਾ ਵਿਸ਼ਲੇਸ਼ਣ ਵੀ ਨਹੀਂ ਕੀਤਾ ਜਾਂਦਾ ਸੀ। ਅਜਿਹੇ ਵਿਹਾਰ ਨੂੰ ਪਹਿਲੀ ਵੰਨਗੀ ਦੇ ਤਾਰਕਿਕ ਵਿਹਾਰ ਦੇ ਮੁਕਾਬਲੇ ਨੀਵੀਂ ਪੱਧਰ ਦਾ ਦੱਸ ਕੇ ਅਣਡਿੱਠ ਕਰਨ ਦੀ ਪ੍ਰਵਿਰਤੀ ਦਾਰਸ਼ਨਿਕਾਂ ਅਤੇ ਮਨੋ-ਵਿਗਿਆਨੀਆਂ ਵਿਚ ਸਾਂਝੀ ਸੀ।

ਫਰਾਇਡ ਦੀ ਮਹਾਨ ਦੇਣ ਇਹ ਹੈ ਕਿ ਉਸ ਨੇ ਅਪਣਾ ਧਿਆਨ ਮਨੁੱਖੀ ਵਿਹਾਰ ਦੇ ਨਿਗੂਣੇ ਪੱਖਾਂ ਉੱਤੇ ਕੇਂਦ੍ਰਿਤ ਕੀਤਾ ਅਤੇ ਮਨੁੱਖ ਦੇ ਅਤਾਰਕਿਕ ਵਿਹਾਰ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ। ਅਜਿਹਾ ਕਰਨ ਨਾਲ ਉਸ ਦੇ ਮਨੋਵਿਗਿਆਨ ਦੇ ਅਰਥ ਅਤੇ ਇਸ ਦੇ ਅਧਿਐਨ-ਖੇਤਰ ਨੂੰ ਬਦਲ ਦਿੱਤਾ। ਉਸ ਨੇ ਮਨੁੱਖੀ ਮਨ ਵਿਚ ਬੰਦ ਬੂਹੇ-ਬਾਰੀਆਂ ਨੂੰ ਖੋਲ੍ਹਿਆ ਅਤੇ ਮਨੁੱਖੀ ਮਨ ਦੀ ਵਿਆਖਿਆ ਦੀ ਥਾਂ 'ਵਿਸ਼ਲੇਸ਼ਣ' ਕਰਨਾ ਆਰੰਭ ਕੀਤਾ। ਫਰਾਇਡ ਤੋਂ ਪਹਿਲਾਂ ਵਿਆਖਿਆ ਉੱਤੇ ਜ਼ੋਰ ਸੀ, ਫਰਾਇਡ ਤੋਂ ਮਗਰੋਂ ਵਿਸ਼ਲੇਸ਼ਣ ਗਿਆਨ ਦੇ ਹਰ ਖੇਤਰ ਵਿਚ ਮੁੱਖ ਪ੍ਰਵਿਰਤੀ ਬਣ ਗਿਆ। ਫਰਾਇਡ ਨੇ ਮਨੁੱਖ ਦੇ ਅਤਾਰਕਿਕ ਵਿਹਾਰ ਨੂੰ ਆਪਣੇ ਅਧਿਐਨ ਦਾ ਕੇਂਦਰ ਬਣਾਇਆ ਸੀ, ਸੋ ਤਾਰਕਿਕ ਵਿਹਾਰ ਦਾ ਅਧਿਐਨ ਕਰਨ ਵਾਲੇ ਮਨੋ-ਵਿਗਿਆਨੀ ਉਸ ਦੇ ਸੰਕਲਪਾਂ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਦੇ ਰਹੇ, ਪਰ ਸਹਿਜੇ-ਸਹਿਜੇ ਫਰਾਇਡ ਨੇ ਵਿਸ਼ਲੇਸ਼ਣ ਦੇ ਆਧਾਰਾਂ ਨੂੰ ਏਨਾ ਤਾਰਕਿਕ ਬਣਾ ਦਿੱਤਾ ਕਿ ਸਾਰੇ ਉਸ ਦੇ ਸ਼ਰਧਾਲੂ ਹੋ ਨਿੱਬੜੇ। ਇਵੇਂ ਫਰਾਇਡ ਨੇ ਮਨੁੱਖੀ ਵਿਹਾਰ ਦੇ ਨਿਗੂਣੇ ਪੱਖਾਂ ਦੇ ਮਹੱਤਵ ਨੂੰ ਉਜਾਗਰ ਕਰ ਕੇ ਅਧਿਐਨ ਦੀ ਇਕ ਅਸਲੋਂ ਹੀ ਮੌਲਿਕ ਵਿਧੀ ਨੂੰ ਜਨਮ ਦਿੱਤਾ, ਨਿਰਮਾਣ ਕੀਤਾ ਅਤੇ ਪ੍ਰਪੱਕ ਕੀਤਾ।

ਫਰਾਇਡ ਦੀ ਇਹ ਧਾਰਨਾ ਸੀ ਕਿ ਪਾਗਲਪਣ ਦੇ ਵੀ ਤਾਰਕਿਕ ਆਧਾਰ ਹੁੰਦੇ ਹਨ। ਜਦੋਂ ਮਨ ਵਿਚ ਉੱਠਦੀਆਂ ਤਾਂਘਾਂ-ਉਮੰਗਾਂ ਨੂੰ ਸਮਾਜਿਕ ਦਬਾਵਾਂ ਅਧੀਨ ਕੁਚਲਨਾ ਪੈਂਦਾ ਹੈ ਤਾਂ ਇਹ ਸਾਡੇ ਅਚੇਤ ਵਿਚ ਦੱਬੀ- ਘੁੱਟੀ ਅਵਸਥਾ ਵਿਚ ਵਿਚਰਦੀਆਂ ਉਮੰਗਾਂ ਵੀ ਪੂਰਤੀ ਲਈ ਤਾਂਘਦੀਆਂ ਰਹਿੰਦੀਆਂ ਹਨ। ਜਦੋਂ ਵਾਸਤਵਿਕ ਸੰਸਾਰ ਵਿਚ ਇਨ੍ਹਾਂ ਦੀ ਪੂਰਤੀ ਸੰਭਵ ਨਾ ਹੋਵੇ ਤਾਂ ਇਹ ਸੁਪਨਿਆਂ ਵਿਚ ਤ੍ਰਿਪਤ ਹੁੰਦੀਆਂ ਪ੍ਰਤੀਤ ਹੁੰਦੀਆਂ ਹਨ। ਜਦੋਂ ਮੂਲ ਤਾਂਘਾਂ ਅਤੇ ਉਮੰਗਾਂ ਦਾ ਨਿਰੰਤਰ ਦਮਨ ਕੀਤਾ ਜਾਵੇ ਤਾਂ ਵਿਅਕਤੀ ਦੀ ਮਨ ਅੰਦਰਲੀ ਸਥਿਤੀ ਸਮਾਜ ਦੀ ਬਾਹਰੀ ਸਥਿਤੀ ਨਾਲ ਇੱਕ-ਸੁਰ ਨਹੀਂ ਰਹਿੰਦੀਆਂ ਅਤੇ ਸਬੰਧਿਤ ਵਿਅਕਤੀ ਲਈ ਸਾਵਾਂ-ਸੁਖਾਵਾਂ ਜੀਵਨ ਜਿਊਣਾ ਅਸੰਭਵ ਹੋ ਜਾਂਦਾ ਹੈ। ਅਜਿਹੀ ਸਥਿਤੀ ਵਿਚ ਵਿਅਕਤੀ ਪਾਗਲਪਣ ਜਾਂ ਡੁੱਲ੍ਹ-ਪਣੇ ਦੇ ਲੱਛਣ ਪ੍ਰਗਟਾਉਣ ਲੱਗ ਪੈਂਦਾ ਹੈ। ਅਜਿਹੇ ਵਿਅਕਤੀ ਦੇ ਮੂੰਹੋਂ ਅਚਾਨਕ ਕੁੱਝ ਬੋਲਿਆ ਜਾਂਦਾ ਹੈ, ਉਸ ਨੂੰ ਅਜੀਬ ਸੁਪਨੇ ਆਉਣ ਲੱਗ ਪੈਂਦੇ ਹਨ, ਉਸ ਤੋਂ ਚੀਜ਼ਾਂ ਟੁੱਟਣ ਲੱਗ ਪੈਂਦੀਆਂ ਹਨ ਅਤੇ ਗੱਲਾਂ ਭੁੱਲਣ ਲੱਗ ਪੈਂਦੀਆਂ ਹਨ। ਉਸ ਦਾ ਵਿਹਾਰ ਹਾਸੋਹੀਣਾ ਅਤੇ ਅਤਾਰਕਿਕ ਹੋ ਜਾਂਦਾ ਹੈ, ਪਰ ਅਜਿਹੇ ਵਿਹਾਰ ਦੇ ਕਾਰਨ ਉਸ ਵਿਅਕਤੀ ਦੇ ਅਚੇਤ ਮਨ ਵਿਚ ਛੁਪੇ ਹੋਏ ਹਨ। ਫਰਾਇਡ ਤੋਂ ਪਹਿਲਾਂ ਦੇ ਮਨੋਵਿਗਿਆਨੀ ਅਚੇਤ ਮਨ ਨੂੰ ਕੂੜੇ ਦੀ ਟੋਕਰੀ ਜਾਂ ਨਿਰਾਰਥਕ ਅਨੁਭਵਾਂ ਦਾ ਭੰਡਾਰ ਸਮਝਦੇ ਸਨ, ਪਰ ਫਰਾਇਡ ਨੇ ਇਹ ਸਥਾਪਿਤ ਕਰਨ ਦਾ ਯਤਨ ਕੀਤਾ ਕਿ ਮਨੁੱਖ ਦਾ ਅਚੇਤ-ਮਨ ਹੀ ਸਭ ਤੋਂ ਮਹੱਤਵਪੂਰਨ ਹੈ ਅਤੇ ਮਨੁੱਖ ਦੇ ਸੁਚੇਤ ਵਿਹਾਰ ਪਿੱਛੇ ਵੀ ਅਚੇਤ ਮਨ ਕਾਰਜਸ਼ੀਲ ਹੁੰਦਾ ਹੈ। ਇਵੇਂ ਫਰਾਇਡ ਨੇ ਯਾਦਾਂ, ਬਚਪਨ ਦੇ ਅਨੁਭਵਾਂ, ਅਤ੍ਰਿਪਤ ਤਾਂਘਾਂ, ਦੁਖਦਾਈ ਘਟਨਾਵਾਂ ਅਤੇ

ਭੁੱਲੇ-ਵਿਸਰੇ ਤਜਰਬਿਆਂ ਦੇ ਵਿਸ਼ਾਲ ਸਮੁੰਦਰ ਅਰਥਾਤ ਅਚੇਤ ਮਨ ਦੇ ਮਹੱਤਵ ਨੂੰ ਉਜਾਗਰ ਕੀਤਾ ਅਤੇ ਇਸੇ ਦਾ ਅਧਿਐਨ ਕਰਨ ਲਈ ਮਨੋਵਿਸ਼ਲੇਸ਼ਨ ਦੀ ਵਿਧੀ ਦਾ ਨਿਰਮਾਣ ਕੀਤਾ।

ਹਰ ਇਕ ਵਿਅਕਤੀ ਆਪਣੇ ਅਨੁਭਵ ਦੇ ਅਨੇਕਾਂ ਅਜਿਹੇ ਪੱਖਾਂ ਨੂੰ ਪ੍ਰਗਟਾਉਣ ਤੋਂ ਝਿਜਕਦਾ ਹੈ, ਜਿਨ੍ਹਾਂ ਨੂੰ ਪ੍ਰਗਟਾਉਣ ਨਾਲ ਉਸ ਦੀ ਹਉਂ ਨੂੰ ਸੱਟ ਵਜਦੀ ਹੋਵੇ। ਅਨੁਭਵ ਦੇ ਅਜਿਹੇ ਪੱਖਾਂ ਨੂੰ ਮਨੁੱਖ ਆਪਣੇ ਮਨ ਦੇ ਸੰਦੂਕ ਵਿਚ ਜਿੰਦਰਾ ਮਾਰ ਕੇ ਰਖਦਾ ਹੈ ਅਤੇ ਆਪਣੀ ਮਾਨਸਿਕ ਸ਼ਕਤੀ ਦਾ ਬਹੁਤ ਵੱਡਾ ਭਾਗ ਉਹ ਇਸ ਸੰਦੂਕ ਦੀ ਚੌਕੀਦਾਰੀ ਵਿਚ ਖ਼ਰਾਬ ਕਰ ਦਿੰਦਾ ਹੈ। ਭਾਵੇਂ ਇਹ ਅਨੁਭਵ ਉਹ ਪ੍ਰਗਟਾਉਂਦਾ ਨਹੀਂ, ਪਰ ਇਸ ਅਨੁਭਵ ਦੇ ਹਵਾਲੇ ਉਸ ਦੇ ਵਿਹਾਰ ਵਿਚੋਂ ਨਿਰੰਤਰ ਚਲਦੇ ਰਹਿੰਦੇ ਹਨ। ਦੱਬੇ-ਘੁੱਟੇ ਅਨੁਭਵ ਕਈ ਮਨੋ-ਗ੍ਰੰਥੀਆਂ, ਸਮਾਜਿਕ-ਗੁੰਝਲਾਂ ਅਤੇ ਮਾਨਸਿਕ-ਪੱਖਪਾਤਾਂ ਨੂੰ ਜਨਮ ਦਿੰਦੇ ਹਨ। ਇਵੇਂ ਮਨੁੱਖ ਦਾ ਸਮੁੱਚਾ ਵਿਹਾਰ ਉਸ ਦੇ ਮੁੱਢਲੇ ਅਨੁਭਵਾਂ ਦੇ ਪ੍ਰਭਾਵ ਅਧੀਨ ਵਿਚਰਦਾ ਹੈ। ਮਨੁੱਖ ਨੂੰ ਇਹ ਭੁਲੇਖਾ ਹੈ ਕਿ ਉਹ ਆਜ਼ਾਦ ਹੈ ਜਦੋਂ ਕਿ ਵਾਸਤਵਿਕਤਾ ਇਹ ਹੈ ਕਿ ਉਹ ਆਪਣੇ ਅਚੇਤ ਮਨ ਦਾ ਚਲਾਇਆ ਚਲਦਾ ਹੈ ਅਤੇ ਅਚੇਤ ਮਨ ਵਿਚ ਸਮੁੱਚੀ ਮਾਨਵ ਜਾਤੀ ਦਾ ਸਮੁੱਚਾ ਅਨੁਭਵ ਅਤੇ ਵਿਹਾਰ ਉਸ ਦੇ ਅਚੇਤ ਮਨ ਦੇ ਇਸ ਹੱਦ ਤੱਕ ਪ੍ਰਭਾਵ ਅਧੀਨ ਹੈ ਕਿ ਉਸ ਦੇ ਵਿਹਾਰ ਦਾ ਕੋਈ ਅਜਿਹਾ ਪੱਖ ਪ੍ਰਤੀਤ ਹੀ ਨਹੀਂ ਹੁੰਦਾ, ਜਿਸ ਨੂੰ ਸੁਚੇਤ ਵਿਹਾਰ ਕਿਹਾ ਜਾ ਸਕੇ। ਇਵੇਂ ਫਰਾਇਡ ਨੇ ਸਾਨੂੰ ਆਪਣੇ ਆਪ ਨੂੰ ਵੇਖਣ, ਨਿਰਖਣ, ਪਰਖਣ ਅਤੇ ਸਮਝਣ ਦੀ ਨਵੀਂ ਸ੍ਰਿਸ਼ਟੀ ਦਿੱਤੀ ਹੈ।

ਸੰਜੋਗ ਵੱਸ ਜਦੋਂ ਫਰਾਇਡ ਮਨੋ-ਵਿਸ਼ਲੇਸ਼ਣ ਵਿਧੀ ਦਾ ਨਿਰਮਾਣ ਕਰ ਰਿਹਾ ਸੀ ਤਾਂ ਉਸੇ ਸਮੇਂ ਉਸ ਦੇ ਸਮਕਾਲੀ ਵੀ ਨਵੀਆਂ ਦ੍ਰਿਸ਼ਟੀਆਂ ਪ੍ਰਦਾਨ ਕਰ ਰਹੇ ਸਨ। ਫਰਾਇਡ ਤੋਂ ਢੇਰ ਪਹਿਲਾਂ ਕਾਪਰਨੀਕਸ ਨੇ ਇਹ ਸਾਬਤ ਕਰ ਦਿੱਤਾ ਸੀ ਕਿ ਸੂਰਜ ਧਰਤੀ ਦੁਆਲੇ ਨਹੀਂ ਸਗੋਂ ਧਰਤੀ ਸੂਰਜ ਦੁਆਲੇ ਘੁੰਮਦੀ ਹੈ, ਇਵੇਂ ਧਰਤੀ ਅਤੇ ਧਰਤੀ ਤੇ ਵੱਸਣ ਵਾਲੇ ਜੀਵਾਂ ਦਾ ਮਹੱਤਵ ਘਟਿਆ ਪ੍ਰਤੀਤ ਹੋਇਆ। ਡਾਰਵਿਨ ਨੇ ਸਾਬਤ ਕਰ ਦਿੱਤਾ ਸੀ ਕਿ ਜੀਵ-ਜੰਤੂ ਜਗਤ ਰੱਬ ਦੇ ਕਹੇ ਅਨੁਸਾਰ ਅਚਾਨਕ ਹੋਂਦ ਵਿਚ ਨਹੀਂ ਸੀ ਆਇਆ, ਸਗੋਂ ਕਰੋੜਾਂ ਸਾਲਾਂ ਦੇ ਨਿਰੰਤਰ ਵਿਕਾਸ ਨਾਲ ਹੋਂਦ ਵਿਚ ਆਇਆ ਹੈ। ਇਸ ਸੰਕਲਪ ਨਾਲ ਰੱਬ ਦੀ ਹਸਤੀ ਅਤੇ ਬਾਈਬਲ ਵਿਚ ਪੇਸ਼ ਕਹਾਣੀਆਂ ਮਹੱਤਵ ਗੁਆ ਬੈਠੀਆਂ। ਮਨੋਵਿਗਿਆਨ ਅਤੇ ਜੀਵ-ਵਿਗਿਆਨ ਨੇ ਇਹ ਸਾਬਤ ਕਰ ਦਿੱਤਾ ਸੀ ਕਿ ਮਨੁੱਖ ਦੇ ਪਿਤਾ-ਪੁਰਖੇ ਦੇਵਤੇ ਜਾਂ ਰੱਬ ਨਹੀਂ ਸਨ, ਸਗੋਂ ਜੰਗਲੀ ਜਾਨਵਰ ਸਨ। ਅਜਿਹੇ ਸੰਕਲਪਾਂ ਨੇ ਮਨੁੱਖੀ ਮਹੱਤਵ ਨੂੰ ਸਥਾਪਿਤ ਕਰਨ ਵਾਲੀਆਂ ਦੈਵੀ ਸ਼ਕਤੀਆਂ ਦੀ ਥਾਂ ਉਸ ਦੇ ਅੰਦਰ ਛੁਪੀਆਂ ਪਾਸ਼ਵਿਕ ਸ਼ਕਤੀਆਂ ਨੂੰ ਉਜਾਗਰ ਕੀਤਾ। ਭੌਤਿਕ ਵਿਗਿਆਨ ਨੇ ਸਾਬਤ ਕਰ ਦਿੱਤਾ ਸੀ ਕਿ ਧਰਤੀ ਬ੍ਰਹਿਮੰਡ ਦਾ ਕੇਂਦਰ ਨਹੀਂ ਸਗੋਂ ਬ੍ਰਹਿਮੰਡਾਂ ਵਿਚੋਂ ਇੱਕ ਨਿੱਕੇ ਜਿਹੇ ਬ੍ਰਹਿਮੰਡ ਦਾ ਕਿਣਕਾ-ਮਾਤਰ ਸੀ। ਇਸ ਸੰਕਲਪ ਨਾਲ ਮਨੁੱਖ ਨੂੰ ਆਪਣੇ ਨਿਗੁਣੇਪਨ ਦਾ ਅਹਿਸਾਸ ਹੋਇਆ। ਇਵੇਂ ਸਪਸ਼ਟ ਹੈ ਕਿ ਜਦੋਂ ਫਰਾਇਡ ਮਨੋਵਿਸ਼ਲੇਸ਼ਨ ਵਿਧੀ ਦਾ ਨਿਰਮਾਣ ਕਰ ਰਿਹਾ ਸੀ ਤਾਂ ਗਿਆਨ ਦੇ ਦੂਜੇ ਖੇਤਰਾਂ ਵਿਚ ਵੀ ਇਨਕਲਾਬ ਵਾਪਰ ਰਿਹਾ ਸੀ। ਇਸੇ ਆਧਾਰ ਤੇ ਫਰਾਇਡ ਨੂੰ ਅਧੁਨਿਕ ਯੁੱਗ ਦਾ ਉਸਰੱਈਆ ਕਿਹਾ ਜਾਂਦਾ ਹੈ। ਉਸ ਨੇ ਆਧੁਨਿਕ ਮਨੁੱਖ ਨੂੰ ਸਮਝਣ ਦੇ ਵੀ ਨਵੇਂ ਅਤੇ ਮੌਲਿਕ ਅਤੇ ਵਿਗਿਆਨਕ ਆਧਾਰ ਸਥਾਪਿਤ ਕੀਤੇ ਹਨ।

ਫਰਾਇਡ ਦੇ ਮਨੋਵਿਗਿਆਨਕ ਸਿਧਾਤਾਂ ਨੂੰ ਸਮਝਣ ਵਾਸਤੇ ਉਸ ਦੇ ਜੀਵਨ ਦੀਆਂ ਮਹੱਤਵਪੂਰਨ ਘਟਨਾਵਾਂ ਦੀ ਜਾਣਕਾਰੀ ਆਵੱਸ਼ਕ ਹੈ, ਕਿਉਂਕਿ ਉਸ ਦੇ ਜੀਵਨ ਦੀਆਂ ਨਿੱਜੀ ਘਟਨਾਵਾਂ ਉਸ ਦੇ ਸੰਕਲਪਾਂ ਨੂੰ ਉਭਾਰਨ ਅਤੇ ਨਿਖਾਰਨ ਵਿਚ ਸਹਾਈ ਹੋਈਆਂ ਹਨ। ਫਰਾਇਡ ਦਾ ਜਨਮ 6 ਮਈ, 1856 ਨੂੰ ਆਸਟ੍ਰੀਆ-ਹੰਗਰੀ ਰਾਜ-ਇਲਾਕੇ ਦੇ ਮੋਰਵੀਆ ਕਸਬੇ ਵਿਚ ਹੋਇਆ। ਅੱਜ-ਕੱਲ੍ਹ ਇਹ ਕਸਬਾ ਚੈਕੋਸਲੋਵਾਕੀਆ ਵਿਚ ਹੈ। ਫਰਾਇਡ ਨੇ ਇਕ ਮੱਧ-ਸ਼੍ਰੇਣਿਕ ਯਹੂਦੀ ਪਰਿਵਾਰ ਵਿਚ ਜਨਮ ਲਿਆ। ਉਸ ਦੀ ਮਾਂ ਉਸ ਦੇ ਪਿਤਾ ਦੀ ਦੂਜੀ ਪਤਨੀ ਸੀ ਅਤੇ ਜਦੋਂ ਫਰਾਇਡ ਦਾ ਜਨਮ ਹੋਇਆ ਤਾਂ ਉਸ ਦੇ ਪਿਤਾ ਦੀ ਪਹਿਲੀ ਪਤਨੀ ਵਿਚੋਂ ਦੋ ਜਵਾਨ ਪੁੱਤਰ ਉਸ ਦੇ ਮਤਰੇਏ ਭਰਾ ਬਣੇ। ਇਨ੍ਹਾਂ ਦੋ ਪੁੱਤਰਾਂ ਵਿਚੋਂ ਇਕ ਵਿਆਹਿਆ ਹੋਇਆ ਸੀ ਅਤੇ ਉਸ ਦਾ ਇਕ ਬੱਚਾ ਵੀ ਸੀ। ਜਾਨ ਨਾਂ ਦਾ ਇਹ ਬੱਚਾ ਫਰਾਇਡ ਦਾ ਬਚਪਨ ਦਾ ਸਾਥੀ ਬਣਿਆ। ਫਰਾਇਡ ਉਪਰੰਤ ਉਸ ਦੀ ਮਾਂ ਨੇ ਸੱਤ ਹੋਰ ਪੁੱਤਰਾਂ ਧੀਆਂ ਨੂੰ ਜਨਮ ਦਿੱਤਾ। ਜਦੋਂ ਫਰਾਇਡ ਦਾ ਜਨਮ ਹੋਇਆ ਤਾਂ ਉਸ ਦਾ ਪਿਤਾ, ਜੈਬਰ ਫਰਾਇਡ, ਚਾਲੀ ਸਾਲਾਂ ਤੋਂ ਵੱਡਾ ਸੀ ਅਤੇ ਉਸ ਦੇ ਵਪਾਰੀ ਵਜੋਂ ਉਸ ਦੀ ਆਮਦਨ ਸਧਾਰਨ ਪ੍ਰਕਾਰ ਦੀ ਸੀ, ਦਿਲਚਸਪ ਪੱਖ ਇਹ ਸੀ ਕਿ ਫਰਾਇਡ ਦੀ ਮਾਂ ਦੀ ਉਮਰ ਫਰਾਇਡ ਦੇ ਜਨਮ ਸਮੇਂ ਅੱਧੀ ਸੀ ਅਰਥਾਤ ਕੇਵਲ ਵੀਹ ਵਰ੍ਹੇ ਸੀ। ਫਰਾਇਡ ਦੀ ਮਾਂ ਦੀ ਉਮਰ ਫਰਾਇਡ ਦੇ ਮਤਰੇਏ ਭਰਾ ਜਿੰਨੀ ਸੀ। ਇਸ ਸਥਿਤੀ ਨੇ ਆਪਸੀ ਸੰਬੰਧਾਂ ਨੂੰ ਜਟਿਲ ਬਣਾ ਦਿੱਤਾ ਸੀ। ਫਰਾਇਡ ਦੇ ਮਨ ਵਿਚ ਆਪਣੇ ਪਿਤਾ ਪ੍ਰਤੀ ਸਾੜੇ, ਨਫ਼ਰਤ, ਤਰਸ ਅਤੇ ਪਿਆਰ ਦੇ ਮਿਲੇ-ਜੁਲੇ ਭਾਵ ਸਨ। ਉਹ ਆਪਣੀ ਮਾਂ ਵੱਲ ਵਧੇਰੇ ਝੁਕਿਆ ਹੋਇਆ ਸੀ ਅਤੇ ਅਪਣੇ ਮਤਰੇਏ ਭਰਾਵਾਂ ਦੇ ਆਪਣੀ ਮਾਂ ਵੱਲ ਝੁਕਾ ਨੂੰ ਸਦਾ ਸੰਦੇਹ ਦੀ ਦ੍ਰਿਸ਼ਟੀ ਨਾਲ ਵੇਖਦਾ ਰਿਹਾ। ਉਹ ਆਪਣੀ ਮਾਂ ਦਾ ਵਧੇਰੇ ਤੋਂ ਵਧੇਰੇ ਧਿਆਨ ਖਿੱਚਣ ਲਈ ਆਪਣੇ ਸਕੇ ਭੈਣਾਂ-ਭਰਾਵਾਂ ਨਾਲ ਈਰਖਾ ਅਤੇ ਸਾੜੇ ਵਾਲਾ ਵਿਹਾਰ ਕਰਦਾ ਸੀ। ਉਹ ਆਪਣੇ ਪਿਤਾ ਪ੍ਰਤੀ ਗ਼ੁੱਸਾ ਆਪਣੇ ਮਤਰੇਏ ਭਰਾਵਾਂ ਤੇ ਕੱਢਦਾ ਸੀ। ਜੀਵਨ ਦੇ ਇਹ ਮੁੱਢਲੇ ਅਨੁਭਵ ਉਸ ਦੇ ਕਈ ਸੰਕਲਪਾਂ ਅਤੇ ਸਿਧਾਤਾਂ ਦੇ ਆਧਾਰ ਬਣੇ ਸਨ।

ਉਸ ਦੇ ਮੁੱਢਲੇ ਜੀਵਨ ਦੀ ਇੱਕ ਮਹੱਤਵਪੂਰਨ ਘਟਨਾ ਤਿੰਨ-ਚਾਰ ਵਰ੍ਹੇ ਦੀ ਉਮਰ ਵਿਚ ਉਹ ਲੰਮੀ ਅਤੇ ਥਕਾ ਦੇਣ ਵਾਲੀ ਰੇਲ ਯਾਤਰਾ ਸੀ, ਜਿਹੜੀ ਉਸ ਨੂੰ ਆਪਣੀ ਜਨਮ-ਭੋਇੰ ਤਿਆਗ ਕੇ ਵਿਆਨਾ ਤੱਕ ਕਰਨੀ ਪਈ ਸੀ। ਇਸ ਯਾਤਰਾ ਦੌਰਾਨ ਉਸ ਨੇ ਭਾਫ਼ ਦੇ ਇੰਜਨ ਤੋਂ ਫੁਆਰੇ ਵੇਖੇ ਅਤੇ ਇਨ੍ਹਾਂ ਫੁਹਾਰਿਆਂ ਨੇ ਉਸ ਦੇ ਮਨ ਵਿਚ 'ਨਰਕ ਦਾ ਸੰਕਲਪ' ਉਸਾਰਿਆ, ਜਿੱਥੋਂ ਉਸ ਦੇ ਮਨ ਵਿਚ ਮਨੁੱਖ ਦੀ ਅਸ਼ਾਂਤ ਭਟਕਣ ਦਾ ਵਿਚਾਰ ਉਪਜਿਆ। ਪਰਿਵਾਰ ਦਾ ਖਿੰਡਾਓ, ਯਹੂਦੀਆਂ ਦੇ ਸਦੀਆਂ ਤੋਂ ਖਿੰਡੇ ਅਤੇ ਉੱਜੜੇ ਹੋਣ ਦੇ ਅਰਥਾਂ ਵਿਚ ਉਸ ਦੇ ਮਨ-ਮਸਤਕ ਵਿਚ ਵੱਸ ਗਿਆ।

ਆਰਥਿਕ ਮਜਬੂਰੀਆਂ ਕਾਰਨ ਫਰਾਇਡ ਦਾ ਪਿਤਾ ਨੂੰ ਵਿਆਨਾ ਵਿਚ ਟਿਕਣ ਲਈ ਮਜਬੂਰ ਹੋਣਾ ਪਿਆ। ਭਾਵੇਂ ਸਥਿਤੀ ਕਿਹੋ ਜਿਹੀ ਵੀ ਸੀ, ਫਰਾਇਡ ਦਾ ਪਿਤਾ ਸਦਾ ਹੀ ਇਸ ਗੱਲ ਤੇ ਦ੍ਰਿੜ ਰਿਹਾ ਕਿ ਫਰਾਇਡ ਨੂੰ ਚੰਗੇ ਸਕੂਲ ਵਿਚ ਦਾਖ਼ਿਲ ਕਰਵਾਇਆ ਜਾਵੇ। ਆਪਣੇ ਸਕੂਲ ਵਿਚਲੇ ਅੱਠਾਂ ਸਾਲਾਂ ਵਿਚੋਂ ਅੰਤਲੇ ਛੇ ਵਰ੍ਹੇ ਫਰਾਇਡ ਸਦਾ ਆਪਣੀ ਜਮਾਤ ਵਿਚ ਪਹਿਲੇ ਨੰਬਰ ਤੇ

ਰਿਹਾ। ਵਿਆਨਾ ਵਿਚ ਯਹੂਦੀਆਂ ਲਈ ਕੰਮ ਧੰਦਿਆਂ ਦੀ ਚੋਣ ਬੜੀ ਸੀਮਤ ਸੀ। ਫਰਾਇਡ ਨੇ ਚਕਿਤਸਾ-ਵਿਗਿਆਨ ਦਾ ਖੇਤਰ ਚੁਣਿਆ। ਬਚਪਨ ਵਿਚ ਫਰਾਇਡ ਦੇ ਮਨ ਵਿਚ ਮਾਨਵ ਜਾਤੀ ਦੇ ਦੁੱਖਾਂ-ਕਲੇਸ਼ਾਂ ਪ੍ਰਤੀ ਧਿਆਨ ਦੇਣ ਦੀ ਬਿਰਤੀ ਨਹੀਂ ਸੀ, ਪਰ ਜਵਾਨੀ ਵਿਚ ਇਹ ਭਾਵਨਾ ਉਤਪੰਨ ਹੋ ਚੁਕੀ ਸੀ ਅਤੇ ਉਸ ਦੇ ਮਨ ਵਿਚ ਮਾਨਵ ਜਾਤੀ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਉਨ੍ਹਾਂ ਦੇ ਹੱਲ ਲੱਭਣ ਦੀ ਜਗਿਆਸਾ ਸੀ ਇਸ ਜਗਿਆਸਾ ਨਾਲ ਉਹ 1873 ਤੋਂ 1881 ਤਕ ਅੱਠ ਸਾਲ ਚਕਿਤਸਾ-ਵਿਗਿਆਨ ਦਾ ਅਧਿਐਨ ਕਰਦਾ ਰਿਹਾ। ਇਸ ਸਮੇਂ ਡਾਰਵਿਨ ਅਤੇ ਹੈਮਹੋਲਟਜ਼ ਆਦਿ ਜੀਵ-ਵਿਗਿਆਨੀਆਂ ਅਤੇ ਸਰੀਰ-ਕ੍ਰਿਆ-ਵਿਗਿਆਨੀਆਂ ਦੀਆਂ ਲੱਭਤਾਂ ਨਾਲ ਵਿਸ਼ਵ-ਦ੍ਰਿਸ਼ਟੀਕੋਣ ਵਿਚ ਤਬਦੀਲੀ ਵਾਪਰ ਰਹੀ ਸੀ। ਵਿਗਿਆਨ ਦੇ ਖੇਤਰ ਵਿਚ ਰਹੱਸਵਾਦ ਅਤੇ ਰੁਮਾਂਸ ਵਾਦ ਦੀ ਥਾਂ ਵਿਗਿਆਨਕ ਸਪਸ਼ਟਤਾ ਅਤੇ ਸੁਨਿਸ਼ਚਿਤਤਾ ਦਾ ਬੋਲ-ਬਾਲਾ ਹੋ ਰਿਹਾ ਸੀ। ਫਰਾਇਡ ਨੇ ਚਕਿਤਸਾ-ਵਿਗਿਆਨ ਦੀ ਪੜ੍ਹਾਈ ਦੌਰਾਨ ਪਹਿਲਾਂ ਜੀਵ-ਵਿਗਿਆਨ ਅਤੇ ਸਰੀਰ-ਕ੍ਰਿਆ ਵਿਗਿਆਨ ਨੂੰ ਆਪਣੇ ਡੂੰਘੇ ਅਧਿਐਨ ਦਾ ਵਿਸ਼ਾ ਨਿਰਧਾਰਿਤ ਕੀਤਾ। ਉਸ ਦੀ ਮੁੱਢਲੀ ਖੋਜ ਤੰਤੂ-ਪ੍ਰਬੰਧ ਸੰਬੰਧੀ ਹੈ। ਇਸ ਖੋਜ ਉਪਰੰਤ ਹੀ ਉਹ ਚਕਿਤਸਾ-ਵਿਗਿਆਨ ਨੂੰ ਗੰਭੀਰਤਾ ਨਾਲ ਲੈਣ ਲੱਗਾ। ਅਗਲੇਰੀ ਪੜ੍ਹਾਈ ਲਈ ਉਹ ਇਕ ਸਾਲ ਲਈ ਪੈਰਿਸ ਗਿਆ, ਜਿੱਥੇ ਪ੍ਰਸਿੱਧ ਸਰੀਰ-ਵਿਗਿਆਨੀ ਚਾਰਕੋਟ ਦੀ ਨਿਗਰਾਨੀ ਅਧੀਨ ਉਹ ਹਿਸਟੀਰੀਆ ਅਤੇ ਹਿਪਨੋਟਿਜ਼ਮ ਦੇ ਅਧਿਐਨ ਵਲ ਪ੍ਰੇਰਿਆ ਗਿਆ। ਇੱਥੇ ਹੀ ਉਸ ਨੂੰ ਮਾਨਸਿਕ ਕਿਰਿਆਵਾਂ ਦਾ ਅਧਿਐਨ ਕਰਨ ਦੀ ਜਾਗ ਲੱਗੀ। ਉਸ ਨੇ ਵੇਖਿਆ ਕਿ ਉਸ ਦਾ ਨਿਗਰਾਨ ਆਪਣੇ ਮਰੀਜ਼ਾਂ ਨੂੰ ਜਾਣ-ਬੁਝ ਕੇ ਸੰਮੋਹਨ ਜਾਂ ਹਿਪਨੋਟਿਜ਼ਮ ਦੀ ਸਥਿਤੀ ਵਿਚ ਲਿਆਉਂਦਾ ਸੀ ਅਤੇ ਇਸ ਸਥਿਤੀ ਵਿਚ ਮਰੀਜ਼ ਆਪਣੇ ਮਨ ਵਿਚਲੇ ਦੱਬੇ-ਕੁਚਲੇ ਅਨੁਭਵਾਂ, ਡਰ-ਭੈਅ ਅਤੇ ਅਤ੍ਰਿਪਤ ਇੱਛਾਵਾਂ ਸੰਬੰਧੀ ਬੋਲਦਾ ਸੀ। ਮਤਭੇਦਾਂ ਕਾਰਨ ਫਰਾਇਡ ਨੇ ਆਪਣੇ ਨਿਗਰਾਨ ਨਾਲ ਤੋੜ-ਵਿਛੋੜਾ ਕਰ ਲਿਆ ਅਤੇ ਆਪਣਾ ਸਾਰਾ ਜੀਵਤ ਪ੍ਰਯੋਗਸ਼ਾਲਾ ਵਾਲੀ ਵਿਧੀ ਦੀ ਥਾਂ ਵਿਸ਼ਲੇਸ਼ਣ ਵਾਲੀ ਵਿਧੀ ਦੀ ਥਾਂ ਵਿਸ਼ਲੇਸ਼ਣ ਵਾਲੀ ਵਿਧੀ ਪ੍ਰਤੀ ਲਾਉਣ ਦਾ ਨਿਸ਼ਚਾ ਕੀਤਾ। ਇਵੇਂ ਮਨੋਵਿਗਿਆਨ ਦੇ ਖੇਤਰ ਵਿਚ ਵਿਸ਼ਲੇਸ਼ਣ ਦੀ ਵਿਧੀ ਦਾ ਪ੍ਰਵੇਸ਼ ਹੋਇਆ। ਜਿਹੜੀ ਮਨੋ-ਵਿਸ਼ਲੇਸ਼ਣ ਦੇ ਨਾਂ ਨਾਲ ਪ੍ਰਸਿੱਧ ਹੋਈ।

ਵਿਆਨਾ ਵਿਚ ਮੁੜ ਆਉਣ ਉਪਰੰਤ ਉਸ ਨੇ 1886 ਵਿਚ ਵਿਆਹ ਕਰਵਾ ਲਿਆ ਅਤੇ ਇਸੇ ਵਰ੍ਹੇ ਤੰਤੂ-ਪ੍ਰਬੰਧ ਦੇ ਵਿਕਾਰਾਂ ਦਾ ਇਲਾਜ ਕਰਨ ਦਾ ਕੰਮ ਆਰੰਭ ਕੀਤਾ। ਬੱਚਿਆਂ ਦੇ ਦਿਮਾਗੀ-ਅਧਰੰਗ ਦਾ ਉਹ ਮਾਹਿਰ ਬਣ ਗਿਆ। ਸਥਿਤੀ ਦਾ ਵਿਅੰਗ ਇਹ ਸੀ ਕਿ ਫਰਾਇਡ ਦੀ ਮੁੱਢਲੀ ਦਿਲਚਸਪੀ ਖੋਜ ਵਿਚ ਸੀ, ਪਰ ਆਰਥਿਕ ਮਜਬੂਰੀਆਂ ਕਾਰਨ ਉਸ ਨੂੰ ਡਾਕਟਰੀ ਵੀ ਕਰਨੀ ਪਈ। ਇਸ ਸਮੇਂ ਦੌਰਾਨ ਉਹ ਬ੍ਰਿਉਰ ਦੇ ਸੰਪਰਕ ਵਿਚ ਆਇਆ, ਜਿਹੜਾ ਹਿਪਨੋਟਿਜ਼ਮ ਦੀ ਵਿਧੀ ਰਾਹੀਂ ਮਾਨਸਿਕ ਮਰੀਜ਼ਾਂ ਨੂੰ ਆਪਣੇ ਭੁੱਲੇ-ਵਿਸਰੇ ਅਨੁਭਵ ਯਾਦ ਕਰਾ ਕੇ ਮਾਨਸਿਕ ਰੋਗਾਂ ਤੋਂ ਮੁਕਤ ਕਰਾਉਣ ਦਾ ਇਲਾਜ ਕਰਦਾ ਸੀ। ਆਪਣੇ ਅਨੁਭਵਾਂ ਨੂੰ ਯਾਦ ਕਰ ਕੇ ਮਰੀਜ਼ਾਂ ਨੂੰ ਇਕ ਵਿਸ਼ੇਸ਼ ਪ੍ਰਕਾਰ ਦਾ ਸੁਖ (Catharsis) ਪ੍ਰਾਪਤ ਹੁੰਦਾ ਸੀ। ਇਵੇਂ ਇਸ ਵਿਧੀ ਦਾ ਵਿਕਾਸ ਕਰ ਕੇ ਫਰਾਇਡ ਨੇ ਬੇਰੋਕ-ਇਕਾਤਰਤਾ (Free-Association) ਦਾ ਸੰਕਲਪ ਉਸਾਰਿਆ। ਇਸ ਵਿਧੀ ਅਨੁਸਾਰ ਮਰੀਜ਼ਾਂ ਨੂੰ ਸੋਫ਼ੇ ਉੱਤੇ ਲੇਟਣ ਅਤੇ ਆਪਣੇ ਮਨ ਵਿਚ ਆਉਂਦੇ ਭਾਵਾਂ-

ਵਿਚਾਰਾਂ ਨੂੰ ਨਿਸ਼ੰਗ ਹੋ ਕੇ ਕਹਿਣ ਲਈ ਕਿਹਾ ਜਾਂਦਾ। ਵੇਖਿਆ ਗਿਆ ਕਿ ਇਨ੍ਹਾਂ ਭਾਵਾਂ-ਵਿਚਾਰਾਂ ਨੂੰ ਪ੍ਰਗਟਾ ਕੇ ਮਰੀਜ਼ ਨੂੰ ਆਪਣੇ ਮਨ 'ਤੇ ਪਏ ਬੋਝ ਦੇ ਉਤਰ ਜਾਣ ਦਾ ਅਹਿਸਾਸ ਹੁੰਦਾ। ਫਰਾਇਡ ਨੇ ਵੇਖਿਆ ਕਿ ਉਸ ਦੇ ਮਰੀਜ਼ ਆਪਣੇ ਬਚਪਨ ਦੀਆਂ ਗੱਲਾਂ ਵਧੇਰੇ ਕਰਦੇ ਸਨ ਅਤੇ ਇਨ੍ਹਾਂ ਵਿਚੋਂ ਬਹੁਤੀਆਂ ਗੱਲਾਂ ਕਾਮ-ਇੱਛਾ, ਕਾਮ-ਖਿੱਚ, ਕਾਮ-ਅਤ੍ਰਿਪਤ ਆਦਿ ਨਾਲ ਸੰਬੰਧਿਤ ਹੁੰਦੀਆਂ। ਇਸ ਪ੍ਰਵਿਰਤੀ ਤੋਂ ਫਰਾਇਡ ਨੇ ਇਹ ਸੰਕਲਪ ਉਸਾਰਿਆ ਕਿ ਸਾਡੇ ਮਾਨਸਿਕ ਉਲਾਰਾਂ-ਵਿਕਾਰਾਂ ਦਾ ਸਰੋਤ ਅਤ੍ਰਿਪਤ ਕਾਮ-ਇੱਛਾਵਾਂ ਹਨ। ਉਸ ਦਾ ਇਹ ਸੰਕਲਪ ਉਸ ਦੀਆਂ ਲੱਭਤਾਂ ਦਾ ਕੇਂਦਰੀ ਨੁਕਤਾ ਹੈ ਅਤੇ ਇਹ ਨੁਕਤਾ ਹੀ ਉਸ ਦੀ ਆਲੋਚਨਾ ਦਾ ਕੇਂਦਰ ਬਣਿਆ ਹੈ ਅਤੇ ਇਸੇ ਨੁਕਤੇ ਕਾਰਨ ਉਸ ਦੇ ਕਈ ਸਹਿਯੋਗੀ ਉਸ ਦੇ ਵਿਰੋਧੀ ਹੋ ਨਿੱਬੜੇ।

ਫਰਾਇਡ ਨੇ ਮਾਨਸਿਕ-ਉਲਾਰਾਂ-ਵਿਕਾਰਾਂ ਦਾ ਅਧਿਐਨ ਕਰਨ ਦੀ ਆਪਣੀ ਵਿਧੀ ਦਾ ਨਾਂ 1896 ਵਿਚ 'ਮਨੋਵਿਸ਼ਲੇਸ਼ਨ' ਰਖਿਆ। ਉਸ ਨੇ ਇਹ ਵਿਚਾਰ ਵੀ ਪੇਸ਼ ਕੀਤਾ ਕਿ ਮਾਨਸਿਕ-ਵਿਕਾਰਾਂ-ਉਲਾਰਾਂ ਤੋਂ ਬਚਣ ਲਈ ਮਨ ਪੇਸ਼ ਅਨੇਕਾਂ ਸੁਰੱਖਿਆਤਮਿਕ ਵਿਧੀਆਂ (Mental Defeness) ਦੀ ਵਰਤੋਂ ਕਰਦਾ ਹੈ ਅਤੇ ਇਹ ਵੀ ਮੱਤ ਪੇਸ਼ ਕੀਤਾ ਕਿ ਜਦੋਂ ਕਾਮ-ਇੱਛਾਵਾਂ-ਤਾਂਘਾਂ (Libido) ਜਦੋਂ ਸਮਾਜਿਕ-ਆਪੇ (Ego) ਨਾਲ ਟਕਰਾਉਂਦੀਆਂ ਹਨ ਇਹ ਟਕਰਾ ਮਾਨਸਿਕ-ਉਲਾਰਾਂ ਵਿਕਾਰਾਂ ਨੂੰ ਜਨਮ ਦਿੰਦਾ ਹੈ। ਅਗਲੇ ਵਰ੍ਹੇ ਅਰਥਾਤ 1897 ਵਿਚ ਫਰਾਇਡ ਨੇ ਸਵੈ-ਵਿਸ਼ਲੇਸ਼ਣ ਕੀਤਾ ਅਤੇ ਬਾਲ-ਕਾਮੁਕਤਾ (Infantile Sexuality) ਅਤੇ ਮਾਂ ਦੀ ਪੁੱਤਰ ਵੱਲ ਅਤੇ ਧੀ ਦੀ ਪਿਤਾ ਵੱਲ ਖਿੱਚ ਅਰਥਾਤ ਈਡੀਪਸ ਗ੍ਰੰਥੀ (Oedipus Complex) ਦਾ ਸੰਕਲਪ ਉਸਾਰਿਆ। ਇਨ੍ਹਾਂ ਸੰਕਲਪਾਂ ਤੋਂ ਇਲਾਵਾ ਫਰਾਇਡ ਨੇ ਅਚੇਤ-ਪ੍ਰੇਰਨਾ (Unconscious Motivation) ਇੱਛਾ ਦਮਨ (Repression), ਇੱਛਾ-ਪੂਰਤੀ ਦੇ ਬਦਲ (ਠਰਓਨਸਡਏਰਏਨਚਏ) ਅਤੇ ਮਾਨਸਿਕ-ਉਲਾਰਾਂ-ਵਿਕਾਰਾਂ ਦੇ ਕਾਰਨ ਕਾਰਜ (Causation of The Neurosis) ਦੇ ਸਿਧਾਂਤ ਵੀ ਉਸਾਰੇ। ਇਨ੍ਹਾਂ ਵਰ੍ਹਿਆਂ ਵਿਚ ਹੀ ਉਸ ਨੇ ਸੁਪਨਿਆਂ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਸੰਬੰਧੀ ਇਕ ਪੁਸਤਕ ਵੀ ਛਪਵਾਈ ਅਤੇ ਨਿਤਾ-ਪ੍ਰਤੀ ਦੀਆਂ ਮਾਨਸਿਕ ਸਮੱਸਿਆਵਾਂ ਦੇ ਕਾਰਨਾਂ ਸੰਬੰਧੀ ਵੀ ਲਿਖਿਆ।

ਆਰੰਭ ਵਿਚ ਕਿਸੇ ਨੇ ਵੀ ਫਰਾਇਡ ਦੀ ਖੋਜ ਅਤੇ ਉਸ ਦੀਆਂ ਪ੍ਰਕਾਸ਼ਨਾਵਾਂ ਵੱਲ ਕੋਈ ਧਿਆਨ ਨਾ ਦਿੱਤਾ। ਲਗਭਗ 1902 ਵਿਚ ਉਸ ਨੇ ਆਪਣੇ ਪ੍ਰਸ਼ੰਸਕਾਂ ਦਾ ਇੱਕ ਘੇਰਾ ਉਸਾਰਿਆ ਅਤੇ ਉਸ ਦੀ ਚਰਚਾ ਹੋਣ ਲੱਗ ਪਈ। ਇਸ ਚਰਚਾ ਦੇ ਨਤੀਜੇ ਵੱਸ 1906 ਵਿਚ ਕੁੱਝ ਸਵਿਸ ਮਾਨਸਿਕ-ਚਕਿਤਸਿਕਾਂ ਨੇ ਉਸ ਦੇ ਵਿਚਾਰਾਂ ਅਤੇ ਸਿਧਾਂਤਾਂ ਦੀ ਪ੍ਰੋੜ੍ਹਤਾ ਕਰਨੀ ਆਰੰਭ ਕੀਤੀ, ਪਰ ਇਸ ਸਮੇਂ ਤਕ ਉਸ ਦੀ ਖੋਜ ਕਾਮ-ਇੱਛਾਵਾਂ ਦੀ ਪੂਰਤੀ-ਅਪੂਰਤੀ ਤੱਕ ਹੀ ਸੀਮਤ ਸੀ। ਸਾਲ 1908 ਵਿਚ ਪਹਿਲੀ ਵਾਰ ਮਨੋਵਿਸ਼ਲੇਸ਼ਨ ਦੇ ਵਿਸ਼ੇ ਤੇ ਅੰਤਰ-ਰਾਸ਼ਟਰੀ ਮੀਟਿੰਗ ਹੋਈ ਅਤੇ ਅਗਲੇ ਵਰ੍ਹੇ ਫਰਾਇਡ ਨੂੰ ਯੁੰਗ ਨਾਲ ਅਮਰੀਕਾ ਵਿਚ ਇੱਕ ਭਾਸ਼ਣ ਲੜੀ ਲਈ ਇਕ ਸੱਦਾ-ਪੱਤਰ ਪ੍ਰਾਪਤ ਹੋਇਆ। ਆਪਣੀ ਖੋਜ ਨੂੰ ਜਾਰੀ ਰੱਖਦਿਆਂ 1910 ਵਿਚ ਫਰਾਇਡ ਨੇ ਨਾਰਸੀ ਰੁਚੀ (Narcissism) ਦਾ ਸੰਕਲਪ ਉਸਾਰਿਆ। ਇਸ ਦੌਰਾਨ ਫਰਾਇਡ ਨੇ ਮਨੋ-ਵਿਸ਼ਲੇਸ਼ਣ ਵਿਧੀ ਨੂੰ ਹੋਰ ਨਿਖਾਰਿਆ ਅਤੇ ਸਪਸ਼ਟ ਕੀਤਾ। ਉਸ ਦੇ ਯਤਨਾਂ ਸਦਕਾ ਮਨੋ-ਵਿਸ਼ਲੇਸ਼ਣ ਦੇ

ਸੰਕਲਪ ਨੂੰ ਵਿਸ਼ਵ-ਵਿਆਪੀ ਪ੍ਰਵਾਨਗੀ ਮਿਲ ਗਈ, ਪਰ ਇਸ ਦੇ ਨਾਲ ਹੀ ਕਈ ਮਨੋ-ਵਿਗਿਆਨੀਆਂ ਨੇ ਉਸ ਦੇ ਸੰਕਲਪਾਂ-ਸਿਧਾਂਤਾਂ ਦੀ ਵਿਰੋਧਤਾ ਕਰਨੀ ਆਰੰਭ ਕਰ ਦਿੱਤੀ ਅਤੇ ਉਸ ਅਤੇ ਉਸ ਦੇ ਪੱਕੇ ਸਾਥੀ ਬ੍ਰਿਉਰ, ਯੰਗ, ਐਡਲਰ ਆਦਿ ਨੇ ਉਸ ਨਾਲ ਤੋੜ-ਵਿਛੋੜਾ ਕਰ ਕੇ ਆਪਣੇ ਵੱਖਰੇ ਸਿਧਾਂਤ ਉਸਾਰਨੇ ਆਰੰਭ ਕੀਤੇ। ਫਰਾਇਡ ਦੇ ਸਿਧਾਂਤਾਂ ਕਾਮ-ਅਤ੍ਰਿਪਤੀ ਉੱਤੇ ਅਧਿਕ ਬਲ ਹੈ। ਐਲਡਰ ਨੇ ਵਿਅਕਤੀਗਤ-ਮਨੋਗਿਆਨ (Individual Psychology) ਦਾ ਸਿਧਾਂਤ ਉਸਾਰਿਆ, ਜਿਸ ਅਨੁਸਾਰ ਮਨੁੱਖ ਆਪਣੀ ਹੀਣਤਾ-ਭਾਵਨਾ ਨੂੰ ਛੁਪਾਉਣ ਲਈ ਵਧੇਰੇ ਤੋਂ ਵਧੇਰੇ ਸੱਤਾ, ਚੜ੍ਹਤ ਜਾਂ ਅਧਿਕਾਰ ਪ੍ਰਾਪਤ ਕਰਨਾ ਚਾਹੁੰਦਾ ਹੈ। ਐਲਡਰ ਅਨੁਸਾਰ ਮਨੋਤਾਪ ਉਪਜਾਉਣ ਵਿਚ ਵਧੇਰੇ ਮਹੱਤਵਪੂਰਨ ਰੋਲ ਨਿਭਾਉਂਦੀ ਹੈ ਅਤੇ ਕਾਮ ਬਾਹਰੇ ਪੱਖ ਵੀ ਟਕਰਾਓ ਨੂੰ ਜਨਮ ਦੇ ਸਕਦੇ ਹਨ। ਨਿਰਸੰਦੇਹ ਐਡਲਰ ਦੇ ਇਨ੍ਹਾਂ ਵਿਚਾਰਾਂ ਦਾ ਮਨੋ-ਵਿਸ਼ਲੇਸ਼ਣਾਤਮਕ ਸੰਕਲਪਾਂ ਦੇ ਵਿਕਾਸ ਉੱਤੇ ਡੂੰਘਾ ਪ੍ਰਭਾਵ ਪਿਆ। ਮਨੋਵਿਗਿਆਨੀਆਂ ਨੂੰ ਐਲਡਰ ਦੇ ਯੋਗਦਾਨ ਦੇ ਮਹੱਤਵ ਪ੍ਰਤੀ ਸੰਦੇਹ ਨਹੀਂ।

ਐਲਡਰ ਨਾਲ਼ ਤੋੜ-ਵਿਛੋੜੇ ਉਪਰੰਤ ਫਰਾਇਡ ਦੇ ਯੁੰਗ ਨਾਲ ਵੀ ਸੰਬੰਧ ਵੀ ਸੁਖਾਲੇ ਨਾ ਰਹੇ ਅਤੇ ਯੁੰਗ ਨੇ ਵਿਸ਼ਲੇਸ਼ਣੀ-ਮਨੋਵਿਗਿਆਨ ਦੀ ਨਵੀਂ ਧਾਰਾ ਦਾ ਐਲਾਨ ਕੀਤਾ। ਵਿਸ਼ਲੇਸ਼ਣੀ ਮਨੋਵਿਗਿਆਨ (Analytic Psychology) ਦਾ ਬਹੁਤਾ ਪ੍ਰਭਾਵ ਨਾ ਪਿਆ, ਕਿਉਂਕਿ ਇਹ ਵਧੇਰੇ ਗੂੜ੍ਹ-ਗਿਆਨ ਵਾਲੀ ਸ਼ਬਦਾਵਲੀ ਸੀ। ਯੁੰਗ ਦਾ ਵਿਚਾਰ ਸੀ ਕਿ ਫਰਾਇਡ ਅਤੇ ਐਡਲਰ ਦੋਵੇਂ ਮਨੁੱਖੀ ਸ਼ਖ਼ਸੀਅਤ ਦੇ ਸਮੁੱਚ ਨੂੰ ਨਹੀਂ ਸਮਝ ਸਕੇ ਅਤੇ ਦੋਹਾਂ ਨੇ ਅਚੇਤ ਮਨ ਦੇ ਸਿਧਾਂਤ ਨੂੰ ਸਮਝਣ ਵਿਚ ਟਪਲਾ ਖਾਧਾ ਹੈ। ਯੁੰਗ ਨੇ ਫਰਾਇਡ ਦੇ ਸਿਧਾਂਤ ਨੂੰ ਬਾਹਰਮੁੱਖਤਾ ਅਤੇ ਐਡਗਰ ਦੇ ਸਿਧਾਂਤ ਨੂੰ ਅੰਤਰਮੁੱਖਤਾ ਕਿਹਾ। ਯੁੰਗ ਨੇ ਸਮੂਹਿਕ-ਅਵਚੇਤਨ (Collective Unconsious) ਦਾ ਸਿਧਾਂਤ ਸਿਰਜਿਆ, ਜਿਸ ਅਨੁਸਾਰ ਸਾਰੀ ਮਾਨਵ ਜਾਤੀ ਦਾ ਅਵਚੇਤਨ ਸਾਂਝਾ ਹੈ। ਇਵੇਂ ਫਰਾਇਡ ਦੇ ਸਮਕਾਲੀ ਇਕ ਇਕ ਕਰ ਕੇ ਉਸ ਨਾਲੋਂ ਵਿੱਛੜਦੇ ਗਏ ਅਤੇ ਆਪਣੇ ਵੱਖਰੇ ਸਿਧਾਂਤ ਉਸਾਰਦੇ ਗਏ, ਪਰ ਜਿਹੜੀ ਪ੍ਰਸਿੱਧੀ ਫਰਾਇਡ ਨੂੰ ਮਿਲੀ ਉਹ ਕਿਸੇ ਹੋਰ ਨੂੰ ਪ੍ਰਾਪਤ ਨਾ ਹੋਈ।

ਪਹਿਲੇ ਵਿਸ਼ਵ ਯੁੱਗ ਦੇ ਆਰੰਭ ਹੋਣ ਨਾਲ ਫਰਾਇਡ ਨੂੰ ਅਨੇਕਾਂ ਦੁਖਦਾਈ ਅਨੁਭਵਾਂ ਵਿਚੋਂ ਲੰਘਣਾ ਪਿਆ। ਉਸ ਨੂੰ ਅਨੁਭਵ ਹੋਇਆ ਕਿ ਦੋਹਾਂ ਪਾਸਿਆਂ ਦੇ ਫ਼ੌਜੀਆਂ ਵਲ ਮਰਨ-ਮਾਰਨ ਦੀ ਪ੍ਰਵਿਰਤੀ ਉਸ ਦੇ ਕਾਮ-ਅਤ੍ਰਿਪਤੀ ਵਾਲੇ ਸਿਧਾਤਾਂ ਨਾਲ ਮੇਚ ਨਹੀਂ ਸੀ ਖਾਂਦੀ। ਇਸੇ ਦੌਰਾਨ ਉਸ ਨੇ ਜੀਵਨ-ਵ੍ਰਿਤੀ (Eros) ਅਤੇ ਮੌਤ-ਵ੍ਰਿਤੀ (Thauatos) ਦੇ ਸੰਕਲਪ ਉਸਾਰੇ। ਇਨ੍ਹਾਂ ਦਿਨਾਂ ਦੌਰਾਨ ਸਤਾਈ ਸਾਲਾਂ ਦੀ ਉਮਰ ਵਿਚ ਹੀ ਉਸ ਦੀ ਧੀ ਸੋਫੀਆ ਸੁਰਗਵਾਸ ਹੋ ਗਈ। ਇਸ ਦੁਖਾਂਤ ਵਿਚ ਹੀ ਉਹ ਨਵੇਂ ਸੰਕਲਪ ਉਸਾਰਦਾ ਰਿਹਾ ਅਤੇ ਉਸ ਨੇ ਸ਼ਖ਼ਸੀਅਤ ਅਤੇ ਮਨ ਦੇ ਤਿੰਨ ਮੱਖ ਆਧਾਰਾਂ ਇਦ, ਈਗੋ ਅਤੇ ਸੁਪਰ ਈਗੋ (Id, Ego and Super Ego) ਦਾ ਸੰਕਲਪ ਉਸਾਰਿਆ। ਇਹ ਸੰਕਲਪ ਉਸ ਦੇ ਪਹਿਲੇ ਚੇਤਨ-ਪੂਰਵਚੇਤਨ-ਅਵਚੇਤਨ ਦੇ ਸੰਕਲਪ ਦਾ ਨਿਰਾਸ਼ਾਵਾਦੀ ਹੈ। ਇਸ ਦਾ ਇਕ ਕਾਰਨ ਇਹ ਪ੍ਰਤੀਤ ਹੁੰਦਾ ਹੈ ਕਿ ਉਹ ਇਸ ਸਮੇਂ ਧੀ ਦੀ ਮੌਤ, ਹਰਮਨ ਪਿਆਰੇ ਦੋਹਤੇ, ਦੋਹਤੀ ਦੀ ਮੌਤ ਅਤੇ ਆਪਣੇ ਜਬਾੜੇ ਦੇ ਕੈਂਸਰ ਨਾਲ ਪੀੜਤ ਸੀ।

ਇਸੇ ਮਾਨਸਿਕ ਅਵਸਥਾ ਵਿਚ ਫਰਾਇਡ ਨੇ ਮਨੁੱਖ ਵਿਚ ਵਿਨਾਸ਼ਕਾਰੀ ਭਾਵਨਾਵਾਂ ਦਾ ਅਧਿਐਨ ਕੀਤਾ। ਇਸ ਅਧਿਐਨ ਵਿਚ ਉਸ ਨੇ ਹਿਟਲਰ ਜਿਹੇ ਵਿਅਕਤੀ ਦੀ ਸੰਭਾਵੀ ਚੜ੍ਹਤ ਦਾ ਉੱਲੇਖ ਵੀ ਕੀਤਾ ਅਤੇ ਉਸ ਦੇ ਅਜਿਹੇ ਵਿਚਾਰਾਂ ਦੇ ਵਿਰੋਧ ਵਜੋਂ ਬਰਲਿਨ ਵਿਚ ਉਸ ਦੀਆ ਪੁਸਤਕਾਂ ਸਾੜੀਆਂ ਗਈਆਂ। ਅਪਣੇ ਜੀਵਨ ਦੇ ਅੰਤਲੇ ਵਰ੍ਹਿਆਂ ਵਿਚ ਉਸ ਨੇ ਧਰਮ ਅਤੇ ਵਿਸ਼ੇਸ਼ ਕਰ ਕੇ ਯਹੂਦੀ ਧਰਮ ਦੇ ਸੰਕਲਪਾਂ ਦਾ ਵਿਸ਼ਲੇਸ਼ਣ ਕੀਤਾ। ਉਸ ਦਾ ਇਹ ਵਿਸ਼ਲੇਸ਼ਣ 'ਪ੍ਰੇਰਨਾਵਾਂ ਅਤੇ ਮਨਾਹੀਆਂ' (ਠੋਟਇਮ ੳਨਦ ਠੳਬਬੳ) ਦੇ ਵਿਸ਼ਲੇਸ਼ਣ ਜਿੰਨਾ ਹੀ ਮਹੱਤਵਪੂਰਨ ਹੈ। ਅੰਤ ਵਿਚ ਫਰਾਇਡ ਸਮਾਜ ਅਤੇ ਸਭਿਅਤਾ ਦਾ ਅਧਿਐਨ ਕਰਨ ਵਿਚ ਰੁੱਝਿਆ ਰਿਹਾ।

ਫਰਾਇਡ ਅਨੁਸਾਰ ਸਮਾਜ ਦੀ ਉਸਾਰੀ ਦਾ ਉਦੇਸ਼ ਮਨੁੱਖ ਦੀਆਂ ਬੇਮੁਹਾਰ ਕਾਮ-ਇੱਛਾਵਾਂ ਨੂੰ ਨਿਯੰਤਰਨ ਵਿਚ ਰੱਖਣਾ ਹੈ। ਸੋ ਸਮਾਜ ਦਾ ਰੋਲ ਵਾਸਤਵ ਵਿਚ ਮਨੁੱਖੀ ਸ਼ਖ਼ਸੀਅਤ ਨੂੰ ਕੁਚਲਨਾ ਹੈ। ਧਰਮ, ਰਸਮਾਂ-ਰੀਤਾਂ ਕਾਨੂੰਨ ਆਦਿ ਮਨੁੱਖ ਦੀਆਂ ਪਾਸ਼ਵਿਕ ਅਤੇ ਆਕਰਮਣਕਾਰੀ ਸ਼ਕਤੀਆਂ ਨੂੰ ਠੱਲ੍ਹ ਪਾਉਣ ਅਤੇ ਨਿਯੰਤਰਨ ਵਿਚ ਰਖਣ ਦਾ ਕਾਰਜ ਕਰਦੇ ਹਨ। ਸਮਾਜ ਮਨੁੱਖ ਨੂੰ ਆਪਣੀਆਂ ਅਤ੍ਰਿਪਤ ਇੱਛਾਵਾਂ ਦੀ ਪੂਰਤੀ ਕਈ ਬਦਲ ਪ੍ਰਦਾਨ ਕਰਦਾ ਹੈ ਅਤੇ ਉਦਾਤੀਕਰਨ ਦੀਆਂ ਸੰਭਾਵਨਾਵਾਂ ਉਜਾਗਰ ਕਰਦਾ ਹੈ। ਸਾਹਿੱਤ ਅਤੇ ਵਿਭਿੰਨ ਪ੍ਰਕਾਰ ਦੀ ਕਲਾ ਉਦਾਤੀਕਰਨ ਦੀਆਂ ਉਦਾਹਰਨਾਂ ਹਨ। ਫਰਾਇਡ ਅਨੁਸਾਰ ਸਮਾਜ ਮਨੁੱਖ ਉੱਤੇ ਬੰਧਨ ਲਾ ਕੇ ਉਸ ਨੂੰ ਮਨੋਤਾਪੀ ਬਣਾਉਂਦਾ ਹੈ। ਉਸ ਅਨੁਸਾਰ ਮਨੁੱਖ ਜਿਉਂ ਜਿਉਂ ਵਧੇਰੇ ਸਭਿਅਕ ਹੁੰਦਾ ਜਾਵੇਗਾ ਤਿਉਂ-ਤਿਉਂ ਉਹ ਮਨੋਤਾਪ ਤੋਂ ਛੁਟਕਾਰਾ ਪਾਉਂਦਾ ਜਾਵੇਗਾ। ਸਮਾਜ ਦਾ ਰੋਲ ਮਨੁੱਖ ਨੂੰ ਉਦਾਸ ਕਰਨ ਦਾ ਹੈ। ਉਦਾਸੀ ਨੂੰ ਦੂਰ ਕਰਨ ਲਈ ਮਨੁੱਖ ਨਸ਼ਿਆਂ ਦੀ ਬੁੱਕਲ ਵਿਚ ਆ ਜਾਂਦਾ ਹੈ। ਨਸ਼ੇ ਅਸਲ ਵਿਚ ਉਸ ਦੇ ਮਨ ਉੱਤੇ ਪਏ ਸਮਾਜਿਕ ਦਬਾਵਾਂ ਨੂੰ ਕੁੱਝ ਚਿਰ ਲਈ ਦੂਰ ਕਰਨ ਦਾ ਰੋਲ ਨਿਭਾਉਂਦੇ ਹਨ। ਉਦਾਤੀਕਰਨ ਦੀ ਸੰਭਾਵਨਾ ਕੇਵਲ ਕੁੱਝ ਪਤਵੰਤਿਆਂ ਤੱਕ ਹੀ ਸੀਮਤ ਹੈ। ਨਸ਼ੇ ਕਰਨ ਨਾਲ ਮਨੁੱਖ ਆਪਣੇ ਅਸਲ ਰੂਪ ਵਿਚ ਪ੍ਰਗਟ ਹੁੰਦਾ ਹੈ, ਉਸ ਦੇ ਦੱਬੇ-ਘੁੱਟੇ ਭਾਵ ਪੂਰੇ ਜਲੋ ਵਿਚ ਪ੍ਰਗਟ ਹੁੰਦੇ ਹਨ ਅਤੇ ਜਾਨਵਰਾਂ ਵਾਲੀਆਂ ਹਰਕਤਾਂ ਕਰਨ ਲੱਗ ਪੈਂਦਾ ਹੈ।

ਜਦੋਂ 1938 ਵਿਚ ਹਿਟਲਰ ਨੇ ਆਸਟਰੀਆ ਉੱਤੇ ਹਮਲਾ ਕਰ ਦਿੱਤਾ ਤਾਂ ਇਕ ਯਹੂਦੀ ਹੋਣ ਕਰ ਕੇ ਉਸ ਨੂੰ ਉੱਥੋਂ ਨਿਕਲਣਾ ਪਿਆ। ਇਸ ਸਮੇਂ ਉਹ 'ਮਨੋ-ਵਿਸ਼ਲੇਸ਼ਣ ਦੀ ਰੂਪ-ਰੇਖਾ' ਨਾਂ ਦੀ ਪੁਸਤਕ ਤੇ ਕੰਮ ਕਰ ਰਿਹਾ ਸੀ। ਅਗਲੇ ਸਾਲ 1939 ਵਿਚ ਲੰਡਨ ਵਿਚ ਫਰਾਇਡ ਨੂੰ ਮਹਾਨ ਕਹਿਣਾ ਵਿਦਵਾਨਾਂ ਦੀ ਆਦਤ ਜਿਹੀ ਬਣ ਗਈ। ਉਸ ਦਾ ਨਾਂ ਹੋਰ ਮਹਾਨ ਚਿੰਤਕਾਂ ਨਾਲ ਜੋੜਨਾ ਇਕ ਰਿਵਾਜ ਬਣ ਗਿਆ ਹੈ। ਫਰਾਇਡ ਸੰਬੰਧੀ ਮਹਾਨ ਗੱਲ ਇਹ ਸੀ ਕਿ ਉਸ ਨੇ ਆਪਣਾ ਸਾਰਾ ਜੀਵਨ ਮਨੋ-ਵਿਸ਼ਲੇਸ਼ਣ ਦੇ ਉਪ-ਸਿਧਾਂਤ ਨੂੰ ਉਸਾਰਨ ਵਿਚ ਲਾ ਦਿੱਤਾ ਜਿਸ ਨੇ ਸਮੁੱਚੀ ਮਾਨਵ ਜਾਤੀ ਦੀ ਸੋਚ ਨੂੰ ਪ੍ਰਭਾਵਿਤ ਨਹੀਂ ਕੀਤਾ, ਉਸ ਨੂੰ ਬਦਲ ਵੀ ਦਿੱਤਾ ਉਹ ਆਪਣੇ ਵਿਚਾਰਾਂ ਅਤੇ ਸਿਧਾਤਾਂ ਵਿਚ ਕੱਟੜ ਨਹੀਂ ਸੀ, ਜਿਉਂ-ਜਿਉਂ ਨਵੇਂ ਤੱਥ ਉੱਘੜਦੇ ਗਏ, ਉਨ੍ਹਾਂ ਦੀ ਲੋਅ ਵਿਚ ਉਹ ਆਪਣੇ ਸਿਧਾਤਾਂ ਨੂੰ ਰੱਦ ਕਰਦਾ, ਬਦਲਦਾ ਅਤੇ ਨਿਖਾਰਦਾ ਗਿਆ। ਸਮੁੱਚੇ ਰੂਪ ਵਿਚ ਉਹ ਵਿਸ਼ਵ ਦੇ ਪਹਿਲੀ ਕਤਾਰ ਦੇ ਚਿੰਤਕਾਂ ਵਿਚ ਹੀ ਗਿਣਿਆ ਜਾਂਦਾ ਹੈ ਅਤੇ ਇਨ੍ਹਾਂ ਵਿਚ ਹੀ ਗਿਣਿਆ ਜਾਣਾ ਚਾਹੀਦਾ ਹੈ।

ਜੇ ਫਰਾਇਡ ਦੇ ਮੁੱਖ ਸਿਧਾਂਤਾਂ ਦਾ ਸੰਖੇਪ ਵਰਣਨ ਕਰਨਾ ਹੋਵੇ ਤਾਂ ਸਭ ਤੋਂ ਪਹਿਲਾਂ ਬੇਰੋਕ-ਇਕਤਾਰਤਾ (ਢਰਏ-ਅਸਸੋਚਇਟਿੋਨਿ) ਦਾ ਸਿਧਾਂਤ ਆਉਂਦਾ ਹੈ। ਇਸ ਸਿਧਾਂਤ ਦਾ ਅਰਥ ਇਹ ਹੈ ਕਿ ਅਸੀਂ ਆਪਣੇ ਅਨੁਭਵਾਂ ਅਤੇ ਯਾਦਾਂ ਨੂੰ ਪ੍ਰਗਟਾਉਣ ਸਮੇਂ ਅਕਸਰ ਕਈ ਪੱਖਾਂ ਅਤੇ ਤੱਥਾਂ ਨੂੰ ਛੁਪਾ ਲੈਂਦੇ ਹਾਂ। ਫਰਾਇਡ ਆਪਣੇ ਮਰੀਜ਼ਾਂ ਨੂੰ ਕਿਹਾ ਕਰਦਾ ਸੀ ਕਿ ਜਿਉਂ-ਜਿਉਂ, ਜਿਵੇਂ-ਜਿਵੇਂ ਵਿਚਾਰ ਅਤੇ ਭਾਵ ਉਨ੍ਹਾਂ ਦੇ ਮਨ ਵਿਚ ਆਉਂਦੇ ਜਾਂਦੇ ਹਨ, ਤਿਉਂ-ਤਿਉਂ, ਤਿਵੇਂ-ਤਿਵੇਂ ਉਹ ਉਨ੍ਹਾਂ ਨੂੰ ਪ੍ਰਗਟਾਈ ਜਾਣ। ਉਹ ਇਸ ਹੱਕ ਦੀ ਪ੍ਰਵਾਹ ਨਾ ਕਰਨ ਕਿ ਕੀ ਅਸ਼ਲੀਲ, ਭੱਦਾ, ਗੰਦਾ ਜਾਂ ਨਿਗੂਣਾ ਜਾਂ ਨਿਰਾਰਥਕ ਹੈ। ਅਜਿਹਾ ਕਰਨ ਨਾਲ ਮਾਨਸਿਕ ਰੋਗੀ ਆਪਣੇ ਆਪ ਨੂੰ ਹਲਕਾ-ਫੁਲਕਾ ਮਹਿਸੂਸ ਕਰਦਾ ਹੈ ਅਤੇ ਉਹ ਮਾਨਸਿਕ ਸੰਤੁਲਨ ਮੁੜ ਪ੍ਰਾਪਤ ਕਰ ਲੈਂਦਾ ਹੈ। ਫਰਾਇਡ ਨੇ ਵੇਖਿਆ ਕਿ ਪ੍ਰੇਰਨਾ ਦੇ ਬਾਵਜੂਦ ਕਈ ਮਾਨਸਿਕ ਰੋਗੀ ਆਪਣੇ ਭਾਵ ਅਤੇ ਵਿਚਾਰ ਨਿਸ਼ੰਗ ਹੋ ਕੇ ਪ੍ਰਗਟਾਉਣ ਤੋਂ ਝਿਜਕਦੇ ਸਨ। ਉਸ ਨੇ ਇਹ ਮੱਤ ਪੇਸ਼ ਕੀਤਾ ਕਿ ਜਦੋਂ ਤੱਕ ਇਹ ਝਿਜਕ ਦੂਰ ਨਹੀਂ ਕੀਤੀ ਜਾਂਦੀ, ਇਲਾਜ ਸੰਭਵ ਨਹੀਂ ਹੁੰਦਾ। ਹਰ ਵਿਅਕਤੀ ਵਿਚ ਘੱਟ ਜਾਂ ਵੱਧ ਝਿਜਕ ਹੁੰਦੀ ਹੈ।

ਫਰਾਇਡ ਦਾ ਸਿਧਾਂਤ ਸੀ ਕਿ ਸਾਡੀਆਂ ਇੱਛਾਵਾਂ ਦਾ ਜਿੰਨਾ ਵਧੇਰੇ ਦਮਨ ਹੋਵੇਗਾ, ਓਨਾ ਹੀ ਅਸੀਂ ਵਧੇਰੇ ਮਨੋਤਾਪੀ ਹੋਵਾਂਗੇ। ਫਰਾਇਡ ਅਨੁਸਾਰ ਝਿਜਕ ਵਿਅਕਤੀ ਨੂੰ ਆਪਣੇ ਭਾਵ-ਵਿਚਾਰ ਪ੍ਰਗਟਾਉਣ ਤੋਂ ਰੋਕਦੀ ਨਹੀਂ, ਸਗੋਂ ਅਗਲੇਰੇ ਦਮਨ ਦਾ ਵੀ ਕਾਰਨ ਬਣਦੀ ਹੈ। ਇੱਛਾਵਾਂ ਦਾ ਦਮਨ ਦਾ ਵੀ ਕਾਰਨ ਬਣਦੀ ਹੈ। ਇੱਛਾਵਾਂ ਦਾ ਦਮਨ (ੀਪਰਏਸਸੋਿਨ) ਇੱਛਾਵਾਂ ਨੂੰ ਕੁਚਲਨ (ਸ਼ੁਪਪਰਏਸਸੋਿਨ) ਨਾਲੋਂ ਵੱਖਰੇ ਅਰਥ ਰਖਦਾ ਹੈ, ਕਿਉਂਕਿ ਦਮਨ ਪ੍ਰਤੀ ਵਿਅਕਤੀ ਸੁਚੇਤ ਨਹੀਂ ਹੁੰਦਾ, ਜਦੋਂ ਕਿ ਕੁਚਲਣ ਪ੍ਰਤੀ ਉਹ ਸੁਚੇਤ ਹੁੰਦਾ ਹੈ। ਦਮਨ ਕੀਤੀਆਂ ਇੱਛਾਵਾਂ ਨੂੰ ਯਾਦ ਕਰਨ ਵਿਚ ਝਿਜਕ ਹੁੰਦੀ ਹੈ, ਜਦੋਂ ਕਿ ਕੁਚਲੀਆਂ ਇੱਛਾਵਾਂ ਨੂੰ ਯਾਦ ਕਰਨ ਵਿਚ ਮਰਜ਼ੀ ਵਰਤੀ ਜਾਂਦੀ ਹੈ।

ਫ਼ਰਾਇਡ ਨੇ ਮਨੁੱਖੀ ਮਨ ਵਿਚ ਕਾਮ-ਇੱਛਾ ਸ਼ਕਤੀ ਨੂੰ ਲਿਬਿਡੋ (ਲ਼ਬਿਦਿੋ) ਦਾ ਨਾਂ ਦਿੱਤਾ ਹੈ। ਇਸ ਇੱਛਾ ਸ਼ਕਤੀ ਦਾ ਵਿਕਾਸ ਬੜੇ ਜਟਿਲ ਢੰਗ ਨਾਲ ਹੁੰਦਾ ਰਹਿੰਦਾ ਹੈ ਅਤੇ ਅੰਤ ਵਿਚ ਇਹ ਕਾਮ-ਪ੍ਰਵਿਰਤੀ ਦੇ ਰੂਪ ਵਿਚ ਚੜ੍ਹਦੀ ਜਵਾਨੀ ਦੇ ਵਿਚ ਪ੍ਰਗਟ ਹੁੰਦੀ ਹੈ। ਕਾਮ ਇੱਛਾ-ਸ਼ਕਤੀ ਦਾ ਵਿਕਾਸ ਬਚਪਨ ਵਿਚ ਹੀ ਆਰੰਭ ਹੋ ਜਾਂਦਾ ਹੈ ਅਤੇ ਇਹ ਕਈ ਰੂਪ ਧਾਰਦੀ ਤੇ ਕਈ ਪੜਾਵਾਂ ਵਿਚੋਂ ਲੰਘਦੀ ਹੈ। ਫਰਾਇਡ ਨੇ ਲਿਬਿਡੋ ਦੇ ਸੰਕਲਪ ਨੂੰ ਬੜੇ ਵਿਸਥਾਰ ਵਿਚ ਪੇਸ਼ ਕੀਤਾ ਹੈ ਅਤੇ ਇਸ ਸੰਕਲਪ ਨੂੰ ਪੇਸ਼ ਕਰਦਿਆਂ ਉਸ ਨੇ ਅਨੇਕਾਂ ਹੋਰ ਸੰਕਲਪ ਵੀ ਪੇਸ਼ ਕੀਤੇ ਹਨ ਜਿਨ੍ਹਾਂ ਵਿਚ ਵਿਭਿੰਨ ਮਨੋ-ਗ੍ਰੰਥੀਆਂ ਦਾ ਉਲੇਖ ਵੀ ਹੋਇਆ ਹੈ।

ਸੁਪਨਿਆਂ ਦਾ ਵਿਸ਼ਲੇਸ਼ਣ ਕਰਨ ਸਮੇਂ ਫਰਾਇਡ ਨੇ ਮਨ ਦੀਆਂ ਤਿੰਨ ਮੁੱਖ ਅਵਸਥਾਵਾਂ ਦਾ ਉਲੇਖ ਕੀਤਾ ਹੈ, ਜਿਨ੍ਹਾਂ ਨੂੰ ਉਸ ਨੇ ਚੇਤਨ ਅਤੇ ਅਵਚੇਤਨ ਦਾ ਨਾਂ ਦਿੱਤਾ ਹੈ। ਅਵਚੇਤਨ ਸਭ ਤੋਂ ਵੱਧ ਅਮੀਰ ਹੈ, ਕਿਉਂਕਿ ਇਸ ਵਿਚ ਸਭ ਪ੍ਰਕਾਰ ਦੀਆਂ ਅਤ੍ਰਿਪਤ ਇੱਛਾਵਾਂ ਦਫ਼ਨ ਹੋਈਆਂ ਪਈਆਂ ਹਨ। ਅਵਚੇਤਨ ਚੇਤਨ ਦੀ ਪਹੁੰਚ ਤੋਂ ਪਰ੍ਹੇ ਹੈ। ਚੇਤਨ ਮਨ ਅਵਚੇਤਨ ਮਨ ਤੱਕ ਤਾਂ ਪਹੁੰਚ ਸਕਦਾ ਹੈ ਜੇਕਰ ਪੂਰਵ ਚੇਤਨ ਦਾ ਬੰਧਨ ਹਟਾ ਦਿੱਤਾ ਜਾਵੇ। ਸੁਪਨਿਆਂ ਵਿਚ

ਅਜਿਹਾ ਕੋਈ ਬੰਧਨ ਨਹੀਂ ਹੁੰਦਾ ਸੋ ਸਾਡਾ ਅਵਚੇਤਨ ਇਵੇਂ ਪ੍ਰਗਟ ਹੁੰਦਾ ਹੈ ਜਿਵੇਂ ਸਭ ਕੁੱਝ ਚੇਤਨ ਪੱਧਰ ਤੇ ਵਾਪਰ ਰਿਹਾ ਹੋਵੇ। ਅਸ਼ਲੀਲ ਚੁਟਕਲੇ ਸੁਣਾਉਣ ਸਮੇਂ ਅਸੀਂ ਇਕ ਪ੍ਰਕਾਰ ਨਾਲ਼ ਅਪਣਾ ਅਵਚੇਤਨ ਹੀ ਪ੍ਰਗਟਾ ਰਹੇ ਹੁੰਦੇ ਹਾਂ। ਅਵਚੇਤਨ ਦਾ ਮੀਰੀ ਕਾਰਜ ਇੱਛਾ-ਪੂਰਤੀ ਹੈ, ਸੋ ਅਵਚੇਤਨ ਉਨ੍ਹਾਂ ਢੰਗਾਂ-ਤਰੀਕਿਆਂ ਬਾਰੇ ਸੋਚਦਾ ਰਹਿੰਦਾ ਹੈ, ਜਿਨ੍ਹਾਂ ਰਾਹੀਂ ਅਤ੍ਰਿਪਤ ਇੱਛਾਵਾਂ ਦੀ ਪੂਰਤੀ ਸੰਭਵ ਹੋ ਸਕੇ। ਅਵਚੇਤਨ ਵਾਸਤਵਿਕਤਾ ਤੋਂ ਬੇਮੁਖ ਹੋ ਕੇ ਅਨੰਦ ਪ੍ਰਾਪਤੀ ਦੇ ਯਤਨ ਵਿਚ ਰਹਿੰਦਾ ਹੈ। ਸਾਡਾ ਅਵਚੇਤਨ ਸਾਡੀ ਮੁੱਢਲੀ ਸੋਚ ਸ਼ਕਤੀ ਨਾਲ ਸੰਬੰਧਿਤ ਹੈ, ਜਿਸ ਦਾ ਖੇਤਰ ਇੱਛਾਵਾਂ ਦੀ ਪੂਰਤੀ ਕਰਨਾ ਹੈ। ਪੂਰਵ-ਚੇਤਨ (ਫਰਇਚੋਨਸਚੁੌਸਿ) ਸਾਡੇ ਮਨ ਦੀ ਉਹ ਅਵਸਥਾ ਹੈ, ਜਿਹੜੀ ਆਲੇ-ਦੁਆਲੇ ਅਰਥਾਤ ਸਮਾਜ ਨੂੰ ਧਿਆਨ ਵਿਚ ਰਖ ਕੇ ਦੁਖਦਾਈ ਅਨੁਭਵਾਂ ਤੋਂ ਬਚਦੀ ਅਤੇ ਇੱਛਾਵਾਂ ਦੀ ਪੂਰਤੀ ਦੇ ਸਾਧਨ ਸੋਚਦੀ ਹੈ। ਚੇਤਨ ਉਹ ਅਵਸਥਾ ਹੈ ਜਿਸ ਵਿਚ ਇੱਛਾਵਾਂ ਦੀ ਪੂਰਤੀ ਦੀ ਮਾਣ-ਮਰਿਆਦਾ ਵਲ ਵਧੇਰੇ ਧਿਆਨ ਦਿੱਤਾ ਜਾਂਦਾ ਹੈ। ਇਹ ਅਵਚੇਤਨ ਤੋਂ ਵਿਪਰੀਤ ਅਵਸਥਾ ਹੈ।

ਫਰਾਇਡ ਨੇ ਮਨ ਦੀ ਸੰਰਚਨਾ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ। ਇਹ ਮਨ ਦਾ ਉਹ ਭਾਗ ਹੈ ਜਿਸ ਵਿਚ ਅੱਥਰੇ ਜਜ਼ਬੇ ਹਰ ਹੀਲੇ ਤ੍ਰਿਪਤੀ ਲਈ ਜ਼ੋਰ ਪਾਉਂਦੇ ਹਨ। ਇਹ ਅੱਥਰੇ ਜਜ਼ਬੇ ਸਾਡੇ ਅਚੇਤ ਮਨ ਦੀਆਂ ਧੁਰ ਅੰਦਰਲੀਆਂ ਤਹਿਆਂ ਵਿਚ ਹੁੰਦੇ ਹਨ। ਇਹਨਾਂ ਨੂੰ ਭਾਵੇਂ ਕਿੰਨਾ ਹੀ ਕੁਚਲੀਏ-ਦਬਾਈਏ ਇਹ ਪੂਰਤੀ ਲਈ ਸਿਰ ਚੁੱਕਦੇ ਹੀ ਰਹਿੰਦੇ ਹਨ। ਇਹ ਉਹ ਜਜ਼ਬੇ ਹਨ ਜਿਹੜੇ ਮਨੁੱਖਾਂ ਅਤੇ ਜਾਨਵਰਾਂ ਵਿਚ ਸਾਂਝੇ ਹਨ। ਹਉਂ ਜਾਂ ਈਗੋ ਸ਼ਕਤੀ ਜਾਂ ਅਵਸਥਾ ਹੈ, ਜਿਹੜੀ ਇਦ ਦੀ ਸੰਤੁਸ਼ਟੀ ਦੇ ਸਾਧਨ ਜੁਟਾਉਂਦੀ ਹੈ, ਪਰ ਨਾਲ ਹੀ ਇਹ ਵਿਵਸਥਾ ਵੀ ਕਰਦੀ ਹੈ ਕਿ ਸੰਤੁਸ਼ਟੀ ਸਮਾਜ-ਪ੍ਰਵਾਨਿਤ ਢੰਗ ਨਾਲ ਹੀ ਹੋਵੇਗੀ। ਉਦਾਹਰਨ ਵਜੋਂ ਕਾਮ ਦੀ ਅਥਾਹ ਇੱਛਾ ਇਦ ਦਾ ਖੇਤਰ ਹੈ, ਪਰ ਵਿਆਹ ਦੀ ਸਮਾਜਿਕ ਵਿਵਸਥਾ ਈਗੋ ਦਾ ਖੇਤਰ ਹੈ। ਇਨ੍ਹਾਂ ਦੋਹਾਂ ਵਿਚ ਸੰਤੁਲਨ ਅਤੇ ਸਮਝੌਤਾ ਬਣਾਈ ਰਖਣ ਲਈ ਉਪਦੇਸ਼, ਧਰਮ, ਰੀਤੀ-ਰਿਵਾਜ ਆਦਿ ਸੁਪਰ ਈਗੋ ਦਾ ਰੋਲ ਨਿਭਾਉਂਦੇ ਹਨ। ਧਰਮ ਕਾਮ-ਇੱਛਾ ਨੂੰ ਭੰਡਦੇ ਹਨ, ਤਾਂ ਕਿ ਇਸ ਦਾ ਬੇਮੁਹਾਰਾ ਪ੍ਰਗਟਾਵਾ ਰੋਕਿਆ ਜਾਂ ਅਤੇ ਕਾਮ-ਸ਼ਕਤੀ ਨੂੰ ਉਸਾਰੂ ਅਤੇ ਰਚਨਾਤਮਿਕ ਕਾਰਜਾਂ ਵਿਚ ਲਾਇਆ ਜਾ ਸਕੇ। ਕਲਾ ਦਾ ਵਿਕਾਸ ਕਾਮ-ਇੱਛਾ ਦੇ ਉਦਾਤੀਕਰਨ ਨਾਲ ਹੀ ਸੰਭਵ ਹੁੰਦਾ ਹੈ।

ਫਰਾਇਡ ਨੇ ਇਹ ਸਿਧਾਂਤ ਪੇਸ਼ ਕੀਤਾ ਸੀ ਕਿ ਜਦੋਂ ਕਾਮ-ਇੱਛਾ ਸ਼ਕਤੀ ਦੀ ਸੰਤੁਸ਼ਟੀ ਦੀ ਸੰਭਾਵਨਾ ਨਾ ਹੋਵੇ ਤਾਂ ਇਸ ਦੀ ਦਿਸ਼ਾ ਦੂਜੀ ਧਿਰ ਤੋਂ ਹਟਾ ਕੇ ਆਪਣੇ ਆਪ ਤੇ ਕੇਂਦਰਿਤ ਕਰ ਲਈ ਜਾਂਦੀ ਹੈ। ਇਸ ਰੁਚੀ ਅਧੀਨ ਹੀ ਵਿਅਕਤੀ ਸ਼ੀਸ਼ੇ ਵਿਚ ਆਪਣੇ ਆਪ ਨੂੰ ਨਿਹਾਰਦਾ-ਨਿਹਾਰਦਾ ਆਪਣੇ ਆਪ ਨੂੰ ਪਿਆਰ ਕਰਨ ਲੱਗ ਪੈਂਦਾ ਹੈ। ਇਸੇ ਰੁਚੀ ਅਧੀਨ ਹਰ ਕੋਈ ਆਪਣੇ ਆਪ ਨੂੰ ਸੋਹਣਾ ਸਮਝਦਾ ਹੈ। ਇਹ ਰੁਚੀ ਸਾਡੇ ਵਿਚ ਆਤਮ-ਵਿਸ਼ਵਾਸ ਜਗਾਉਂਦੀ ਹੈ। ਇਸੇ ਰੁਚੀ ਦਾ ਵਿਕਸਿਤ ਰੂਪ ਦੂਜੀ ਧਿਰ ਨਾਲ ਪਿਆਰ ਵਿਚ ਪ੍ਰਗਟ ਹੁੰਦਾ ਹੈ। ਪਿਆਰ ਵਿਚ ਇੱਛਾ ਸਵੈ-ਪਿਆਰ ਦੀ ਹੀ ਹੁੰਦੀ ਹੈ। ਅਸੀਂ ਦੂਜੀ ਧਿਰ ਰਾਹੀਂ ਆਪਣੇ ਆਪ ਨੂੰ ਹੀ ਪਿਆਰ ਕਰਦੇ ਹਾਂ। ਸਮਲਿੰਗੀ ਰੁਚੀਆਂ ਵੀ ਸਵੈ-ਪਿਆਰ ਦੀ ਭਾਵਨਾ ਵਿਚੋਂ ਉਪਜਦੀਆਂ ਹਨ।

ਫਰਾਇਡ ਨੇ ਇਹ ਧਾਰਨਾ ਪੇਸ਼ ਕੀਤੀ ਹੈ ਕਿ ਤੀਬਰ ਹਉ ਅਤੇ ਉਤੇਜਿਤ ਕਾਮ-

ਇੱਛਾ ਸ਼ਕਤੀ ਰਲ ਕੇ ਮਨੁੱਖ ਵਿਚ ਪਰ-ਪੀੜਣ ਅਰਥਾਤ ਆਕਰਮਣ ਦੀ ਰੁਚੀ ਉਪਜਾਉਂਦਿਆਂ ਹਨ। ਇਹ ਰੁਚੀ ਵਧ ਕੇ ਕਈ ਵਾਰੀ ਯੁੱਧ ਦਾ ਰੂਪ ਵੀ ਧਾਰ ਲੈਂਦੀ ਹੈ। ਕਈ ਵਿਅਕਤੀਆਂ ਵਿਚ ਇਹ ਰੁਚੀ ਜਦੋਂ ਬੇਮੁਹਾਰ ਹੋ ਜਾਵੇ ਤਾਂ ਇਹ ਕਿਸੇ ਦਾ ਕਤਲ ਕਰਨ ਦੀ ਭਾਵਨਾ ਵਿਚ ਪ੍ਰਗਟ ਹੁੰਦੀ ਹੈ। ਕਈ ਵਿਅਕਤੀਆਂ ਵਿਚ ਇਹ ਰੁਚੀ ਸਵੈ-ਪੀੜਨ ਵਿਚ ਅਤੇ ਖ਼ੁਦਕੁਸ਼ੀ ਵਿਚ ਪ੍ਰਗਟ ਹੁੰਦੀ ਹੈ। ਕਤਲ ਅਤੇ ਆਤਮਘਾਤ ਆਕਰਮਣਕਾਰੀ ਰੁਚੀਆਂ ਦੇ ਪ੍ਰਮਾਣ ਹਨ, ਪਹਿਲੀ ਕਿਸੇ ਹੋਰ ਵਲ ਅਤੇ ਦੂਜੀ ਆਪਣੇ ਵਲ ਸੇਧੀ ਹੋਈ ਹੁੰਦੀ ਹੈ। ਆਕਰਮਣਕਾਰੀ ਰੁਚੀ ਦਾ ਉਦੇਸ਼ ਵਿਨਾਸ਼ ਕਰਨਾ ਹੁੰਦਾ ਹੈ।

ਹਰ ਇਕ ਵਿਅਕਤੀ ਵਿਚ ਮੌਤ ਦੀ ਰੁਚੀ ਵੀ ਹੁੰਦੀ ਹੈ ਜਿਸ ਨੂੰ ਫਰਾਇਡ ਨੇ ਮੌਤ ਵਿਤ੍ਰੀ (ਠਹਓਨਓਟੋਸ) ਕਿਹਾ ਹੈ। ਇਸ ਰੁਚੀ ਦਾ ਉਦੇਸ਼ ਜਨਮ ਤੋਂ ਪਹਿਲੇ ਦੀ ਹਾਲਤ ਵਲ ਮੁੜਨਾ ਹੁੰਦਾ ਹੈ। ਦੂਜੇ ਪਾਸੇ ਜੀਵਨ-ਵ੍ਰਿਤੀ (ਓਰੋਸ) ਦਾ ਉਦੇਸ਼ ਦੂਜਿਆ ਨਾਲ ਸਾਂਝ ਉਪਜਾ ਕੇ, ਕਾਮ-ਸੰਬੰਧ ਸਥਾਪਿਤ ਕਰ ਕੇ, ਸੰਤਾਨ ਉਪਜਾਉਣਾ ਹੁੰਦਾ ਹੈ। ਫਰਾਇਡ ਅਨੁਸਾਰ ਮੌਤ-ਵ੍ਰਿਤੀ ਜੀਵਨ-ਵ੍ਰਿਤੀ ਨਾਲੋਂ ਵਧੇਰੇ ਸ਼ਕਤੀਸ਼ਾਲੀ ਹੈ। ਇਵੇਂ ਜੀਵਨ ਇਕ ਪ੍ਰਕਾਰ ਉਹ ਪਲ ਹਨ ਜਿਹੜੇ ਅਸੀਂ ਮੌਤ ਤੋਂ ਖੋਂਹਦੇ ਹਾਂ ਜਾਂ ਚੁਰਾਉਂਦੇ ਹਾਂ।


ਫਰਾਇਡ ਦੇ ਮੁੱਖ ਸਿਧਾਂਤਾਂ ਵਿਚ ਆਨੰਦ ਦਾ ਸਿਧਾਂਤ ਅਤੇ ਯਥਾਰਥ ਦਾ ਵੀ ਸਿਧਾਂਤ ਹਨ। ਹਰ ਜੀਵ ਵਿਚ ਦੁੱਖ-ਦਰਦ ਤੋਂ ਬਚਣ ਅਤੇ ਆਨੰਦ ਮਾਣਨ ਦੀ ਜਨਮ-ਜਾਤ ਪ੍ਰਵਿਰਤੀ ਹੁੰਦੀ ਹੈ। ਹਰ ਜੀਵ ਤਣਾਓ-ਮੁਕਤ ਹੋ ਕੇ ਆਨੰਦ ਮਾਣਨ ਦਾ ਅਭਿਲਾਸ਼ੀ ਹੁੰਦਾ ਹੈ। ਸਭ ਤੋਂ ਵੱਡਾ ਆਨੰਦ ਕਾਮ-ਤ੍ਰਿਪਤੀ ਵਿਚ ਹੈ, ਸੋ ਹਰ ਕੋਈ ਇਸ ਵਲ ਆਪ-ਮੁਹਾਰੇ ਹੀ ਪ੍ਰੇਰਿਆ ਜਾਂਦਾ ਹੈ। ਸਾਡਾ ਸਮਾਜ ਸਾਡੀਆਂ ਸਾਰੀਆਂ ਲੋੜਾਂ ਘੱਟ-ਵੱਧ ਰੂਪ ਵਿਚ ਪੂਰੀਆਂ ਕਰਦਾ ਹੈ, ਪਰ ਇਹ ਬੇਰੋਕ ਕਾਮ-ਤ੍ਰਿਪਤੀ ਤੇ ਰੋਕਾਂ ਲਗਾਉਂਦਾ ਹੈ। ਇਵੇਂ ਆਨੰਦ ਦੀ ਇੱਛਾ ਸਮਾਜਿਕ ਨੇਮਾਂ-ਬੰਧਨਾਂ ਨਾਲ ਟਕਰਾਉਂਦੀ ਹੈ ਅਰਥਾਤ ਆਨੰਦ ਦੀ ਇੱਛਾ ਯਥਾਰਥ ਵਿਵਸਥਾ ਨਾਲ ਟਕਰਾਉਂਦੀ ਹੈ ਸਮਾਜ ਸਾਨੂੰ ਆਨੰਦ-ਪ੍ਰਾਪਤੀ ਦੀ ਇੱਛਾ ਨੂੰ ਮੁਲਤਵੀ ਕਰਨ ਲਈ ਕਹਿੰਦਾ ਹੈ ਜਦੋਂ ਕਿ ਸਾਡੇ ਜਜ਼ਬੇ ਆਨੰਦ ਦੀ ਪ੍ਰਾਪਤੀ ਲਈ ਤਾਂਘਦੇ ਹਨ। ਭਾਵੇਂ ਸਮਾਜਕ ਵਿਵਸਥਾ ਇਹ ਭਰੋਸਾ ਦਿਵਾਉਂਦੀ ਹੈ ਕਿ ਭਵਿਖ ਵਿਚ ਵਧੇਰੇ ਆਨੰਦ ਦੀ ਪ੍ਰਾਪਤੀ ਹੋਵੇਗੀ ਪਰ ਕਈ ਵਾਰੀ ਸਾਡੇ ਜਜ਼ਬੇ ਇਹ ਭਰੋਸਾ ਸਵੀਕਾਰ ਨਹੀਂ ਕਰਦੇ। ਇਸ ਅਵਸਥਾ ਵਿਚ ਇਦ ਅਤੇ ਈਗੋ ਵਿਚਾਰ ਟਕਰਾ ਉਪਜਦਾ ਹੈ। ਇਦ ਸਾਡੇ ਉਹ ਅੱਥਰੇ ਜਜ਼ਬੇ ਹਨ ਜਿਹੜੇ ਸਮਾਜਿਕ ਵਿਵਸਥਾ ਨੂੰ ਸਵੀਕਾਰ ਨਹੀਂ ਕਰਦੇ ਅਤੇ ਇਕ ਸੀਮਾ ਤੋਂ ਬਹਾਰ ਇਹ ਟਕਰਾਓ ਮਾਨਸਿਕ ਵਿਕਾਰ ਬਣ ਜਾਂਦਾ ਹੈ ਅਤੇ ਅਜਿਹਾ ਵਿਅਕਤੀ ਮਾਨਸਿਕ ਸੰਤੁਲਨ ਗੁਆ ਬੈਠਦਾ ਹੈ।

ਫਰਾਇਡ ਦੇ ਸਿਧਾਂਤ ਭਾਵੇ ਮੁੱਖ ਤੌਰ ਤੇ ਮਨੋ-ਵਿਗਿਆਨ ਅਤੇ ਚਕਿਤਸਾ-ਵਿਗਿਆਨ ਨਾਲ ਸੰਬੰਧਿਤ ਹਨ ਪਰ ਇਨ੍ਹਾਂ ਦਾ ਸਾਹਿੱਤ ਉੱਤੇ ਬਹੁਤ ਹੀ ਵਿਆਪਕ ਪ੍ਰਭਾਵ ਪਿਆ ਹੈ। ਇਸ ਪ੍ਰਭਾਵ ਸਦਕਾ ਸਾਹਿੱਤ ਦੀ ਪਰਿਭਾਸ਼ਾ, ਸਾਰ, ਸੁਭਾਅ, ਪ੍ਰਕਾਰ ਆਦਿ ਸਭ ਦਾ ਕਾਇਆ-ਕਲਪ ਹੋ ਗਿਆ। ਸਾਹਿੱਤ ਹੁਣ ਮਨੁੱਖ ਦੇ ਬਾਹਰੀ ਜਗਤ ਨੂੰ ਨਹੀਂ ਉਸ ਦੇ ਅੰਤਰੀਵ ਜਗਤ ਨੂੰ ਪੇਸ਼ ਕਰਦਾ ਹੈ। ਸਾਹਿੱਤ ਆਲੋਚਨਾ ਰਾਹੀਂ ਹੁਣ ਅਸੀਂ ਲੇਖਕ ਜਾਂ ਕਵੀ ਦੇ ਅਚੇਤ ਮਨ ਤਕ ਅੱਪੜਦੇ ਹਾਂ। ਹੁਣ

ਘਟਨਾਵਾਂ ਨਾਲੋਂ ਘਟਨਾਵਾਂ ਪ੍ਰਤੀ ਪ੍ਰਤੀਕਰਮ ਵਧੇਰੇ ਮਹੱਤਵਪੂਰਨ ਹੋ ਗਏ ਹਨ। ਸਾਹਿੱਤ ਵਿਚ ਸਮੇਂ ਦਾ ਸੰਕਲਪ ਵੀ ਬਦਲ ਗਿਆ ਹੈ। ਹੁਣ ਪਾਤਰ-ਉਸਾਰੀ ਦਾ ਮਹੱਤਵ ਪਲਾਟ ਨਾਲੋਂ ਵਧ ਗਿਆ ਹੈ, ਕਿਉਂਕਿ ਘਟਨਾਵਾਂ ਪਾਤਰਾਂ ਪ੍ਰਭਾਵਿਤ ਨਹੀਂ ਕਰਦੀਆਂ, ਸਗੋਂ ਪਾਤਰ ਘਟਨਾਵਾਂ ਨੂੰ ਪ੍ਰਭਾਵਿਤ ਅਤੇ ਪਰਿਭਾਸ਼ਿਤ ਕਰਦੇ ਹਨ। ਦਿਸਦੇ ਦੀ ਥਾਂ ਅਪ੍ਰਤੱਖ, ਕਹੇ ਦੀ ਥਾਂ ਅਣਕਹੇ, ਪ੍ਰਗਟਾਏ ਦੀ ਥਾਂ ਸੁਝਾਏ, ਦਿਖਾਏ ਦੀ ਥਾਂ ਛੁਪਾਏ ਦਾ ਮਹੱਤਵ ਵਧ ਗਿਆ ਹੈ। ਹੁਣ ਲੇਖਕ ਸਭ ਕੁੱਝ ਆਪ ਬਿਆਨ ਕਰਨ ਦੀ ਥਾਂ ਪਾਤਰਾਂ ਦੇ ਵਾਰਤਾਲਾਪ ਰਾਹੀਂ ਉਨ੍ਹਾਂ ਦੇ ਮਨ ਦੀ ਸਥਿਤੀ ਨੂੰ ਉਘਾੜਦਾ ਹੈ। ਯਾਦਾਂ, ਸੁਪਨੇ, ਨਿੱਕੀਆਂ-ਨਿੱਕੀਆਂ ਸ਼ਾਬਦਿਕ ਛੋਹਾਂ, ਟਿੱਪਣੀਆਂ, ਸੰਕੇਤਾਂ, ਹਰਕਤਾਂ, ਬਿੰਬਾਂ, ਪ੍ਰਤੀਕਾਂ, ਚਿੰਨ੍ਹਾਂ ਆਦਿ ਦਾ ਮਹੱਤਵ ਵਧ ਗਿਆ। ਸੁਚੇਤ ਦੇ ਮੁਕਾਬਲੇ ਹੁਣ ਪਾਤਰਾਂ ਦਾ ਅਚੇਤ ਮਨ ਪ੍ਰਗਟਾਉਣ ਲਈ ਬਿੰਬਾਂ ਅਤੇ ਪ੍ਰਤੀਕਾਂ ਦਾ ਪ੍ਰਬੰਧ ਸਿਰਜਿਆ ਜਾਂਦਾ ਹੈ। ਮਨੋ-ਵਿਗਿਆਨ ਲੇਖਕ-ਕਵੀ ਨੂੰ ਇਕ ਮਨੋਤਾਪੀ ਦੇ ਰੂਪ ਵਿਚ ਵੇਖਦਾ ਹੈ ਜਿਹੜਾ ਆਪਣੇ ਮਨੋਤਾਪ ਤੋਂ ਛੁਟਕਾਰਾ ਪਾਉਣ ਲਈ ਇਕ ਸੁਪਨ-ਸੰਸਾਰ ਸਿਰਜਦਾ ਹੈ। ਇਸ ਸੁਪਨ ਸੰਸਾਰ ਵਿਚ ਘਟਨਾਵਾਂ ਉਸ ਦੀ ਇੱਛਾ ਅਨੁਸਾਰ ਵਾਪਰਦੀਆਂ ਹਨ। ਇਵੇਂ ਸਾਹਿੱਤ ਲੇਖਕ ਦੀ ਆਪਣੀ ਮੈਂ ਦੀ ਗੂੰਜ ਹੋ ਨਿੱਬੜਦਾ ਹੈ। ਸਾਹਿੱਤ ਦੇ ਖੇਤਰ ਵਿਚ ਮਨੋ-ਵਿਸ਼ਲੇਸ਼ਣ ਦਾ ਮਹੱਤਵ ਨਿਰਵਿਵਾਦ ਹੈ।

ਨਰਿੰਦਰ ਸਿੰਘ ਕਪੂਰ
ਪਟਿਆਲਾ।






# ਸਿਖੁ ਸੋ ਖੋਜਿ ਲਹੈ: ਵਿਚਾਰਧਾਰਕ ਸਰੋਕਾਰ

ਪਿਛਲੇ 'ਕੁੱਝ' ਸਾਲਾਂ ਤੋਂ ਪੰਜਾਬੀ ਵਾਰਤਕ ਦੇ ਖੇਤਰ ਵਿਚ ਕਾਫ਼ੀ ਸ਼ਲਾਘਾਯੋਗ ਯਤਨ ਹੋਏ ਹਨ, ਜੋ ਕਿ ਪੰਜਾਬੀ ਵਾਰਤਕ ਦੇ ਨਿਰੰਤਰ ਵਿਕਾਸ ਦੇ ਸੂਚਕ ਹਨ। ਸਮਕਾਲੀ ਪੰਜਾਬੀ ਵਾਰਤਕ ਆਪਣੀ ਪੂਰਵਲੀ ਵਾਰਤਕ ਪਰੰਪਰਾ ਵਾਂਗ ਸ਼ਰਧਾਮਈ ਦ੍ਰਿਸ਼ਟੀਕੋਣ ਤੋਂ ਵਿੱਥ ਥਾਪ ਕੇ ਆਪਣੀ ਪਛਾਣ ਬਣਾਉਂਦੀ ਲਗਦੀ ਹੈḥਸ਼ਰਧਾ, ਆਦਰਸ਼ ਅਤੇ ਰੁਮਾਂਸ ਪੰਜਾਬੀ ਵਾਰਤਕ ਪਰੰਪਰਾ ਦੇ ਅਨਿੱਖੜ ਅੰਗ ਬਣੇ ਰਹੇ ਹਨ, ਪਰ ਜਦੋਂ ਅਸੀਂ ਸਮਕਾਲੀ ਪੰਜਾਬੀ ਵਾਰਤਕ ਨੂੰ ਦੇਖਦੇ ਹਾਂ ਤਾਂ ਇਹ ਵਰਤਮਾਨ ਨੂੰ ਵਿਸ਼ਲੇਸ਼ਣ ਅਤੇ ਆਲੋਚਨਾਤਮਿਕ ਨਜ਼ਰੀਏ ਤੋਂ ਪੇਸ਼ ਕਰਦੀ ਨਜ਼ਰ ਆਉਂਦੀ ਹੈ। ਪੰਜਾਬੀ ਵਾਰਤਕ ਦੇ ਖੇਤਰ ਵਿਚ ਇਹ ਇਕ ਪੈਰਾਡਾਇਮਕ ਸ਼ਿਫ਼ਟ ਕਹੀ ਜਾ ਸਕਦੀ ਹੈ, ਜਿਸ ਨੇ ਪੰਜਾਬੀ ਵਾਰਤਕ ਵਿਧਾ ਨੂੰ ਇਕ ਰਚਨਾਤਮਿਕ ਟੈਕਸਟ ਦੇ ਤੌਰ 'ਤੇ ਸਥਾਪਿਤ ਕਰਨਾ ਹੈḥਪੰਜਾਬੀ ਦੇ ਮਹੱਤਵਪੂਰਨ ਕਵੀਆਂ ਵੱਲੋਂ ਲਿਖੀ ਜਾ ਰਹੀ ਵਾਰਤਕ ਅਜਿਹੀ ਰਚਨਾਤਮਿਕਤਾ ਦਾ ਹੀ ਸਬੂਤ ਬਣ ਰਹੀ ਹੈ। ਸਮਕਾਲੀ ਪੰਜਾਬੀ ਵਾਰਤਕ ਦੇ ਖੇਤਰ ਵਿਚ ਜਸਵੰਤ ਜ਼ਫ਼ਰ ਦੀ ਪੁਸਤਕ 'ਸਿਖੁ ਸੋ ਖੋਜਿ ਲਹੈ' ਇਕ ਮਹੱਤਵਪੂਰਨ ਰਚਨਾਤਮਿਕ ਕਿਰਤ ਹੈ। ਇਸ ਵਿਚਲੀ ਰਚਨਾਤਮਿਕਤਾ ਕਾਵਿਕ ਅਤੇ ਵਿਅੰਗੀ ਸ਼ੈਲੀ ਰਾਹੀਂ ਬੌਧਿਕ ਅਤੇ ਦਾਰਸ਼ਨਿਕ ਮਸਲਿਆਂ ਨੂੰ ਵੀ ਪ੍ਰਭਾਵਸ਼ਾਲੀ ਅਤੇ ਪ੍ਰਭਾਵਕਾਰੀ ਢੰਗ ਨਾਲ ਪੇਸ਼ ਕਰ ਦਿੰਦੀ ਹੈ। ਪਾਠਕ ਇਕ ਤਰ੍ਹਾਂ ਨਾਲ ਅਜਿਹੀ ਵਾਰਤਕ ਤੋਂ ਕਿਸੇ ਰਚਨਾਤਮਿਕ ਕਿਰਤ ਵਰਗਾ ਆਨੰਦ ਮਹਿਸੂਸ ਕਰਦਾ ਹੈ। ਇਸ ਪੁਸਤਕ ਵਿਚ ਉਸ ਦੇ ਭਿੰਨ-ਭਿੰਨ ਮੁੱਦਿਆਂ ਨੂੰ ਛੂੰਹਦੇ ਸਿਧਾਂਤਕ ਅਤੇ ਸਭਿਆਚਾਰਕ ਨੌਂ ਲੇਖ ਸ਼ਾਮਿਲ ਹਨ। ਜਸਵੰਤ ਜ਼ਫ਼ਰ ਦਾ ਮੁੱਖ ਰੂਪ ਵਿਚ ਰਚਨਾ-ਖੇਤਰ ਭਾਵੇਂ ਕਵਿਤਾ ਹੈ, ਪ੍ਰੰਤੂ ਇਸ ਪੁਸਤਕ ਵਿਚ ਉਸ ਦੀ ਕਾਵਿਕ-ਸੂਝ ਦੇ ਨਾਲ-ਨਾਲ ਬੌਧਿਕ ਚਿੰਤਨ ਦਾ ਵੀ ਭਰਪੂਰ ਰੂਪ 'ਚ ਪ੍ਰਗਟਾਵਾ ਹੋਇਆ ਹੈ। ਇਹ ਕਿਤਾਬ ਪੜ੍ਹਨ ਤੋਂ ਬਾਅਦ ਪਤਾ ਲੱਗਦਾ ਹੈ ਕਿ ਜਸਵੰਤ ਜ਼ਫ਼ਰ ਦੀ ਸਮਾਜ ਦੀਆਂ ਬੁਰਾਈਆਂ ਅਤੇ ਧਾਰਮਿਕ ਫ਼ਲਸਫ਼ੇ ਨੂੰ ਸਮਝਣ ਦੀ ਕਿੰਨੀ ਡੂੰਘੀ ਦਿੱਬ-ਦ੍ਰਿਸ਼ਟੀ ਹੈ ਅਤੇ ਕਾਰਟੂਨਿਕ ਵਿਅੰਗਮਈ ਸ਼ੈਲੀ ਵਿਚ ਇਸ ਨੂੰ ਬਿਆਨ ਕਰਨ ਦੀ ਕਿੰਨੀ ਸੁਹਿਰਦ ਸਮਰੱਥਾ ਹੈ। ਜ਼ਫ਼ਰ ਨੇ ਆਪਣੇ ਇਹਨਾਂ ਲੇਖਾਂ ਵਿਚ ਸਾਹਿੱਤਿਕ, ਰਾਜਨੀਤਿਕ, ਧਾਰਮਿਕ ਅਤੇ ਸਿਧਾਂਤਕ ਮਾਮਲਿਆਂ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਪੇਸ਼ ਕਰ ਕੇ ਪਰੰਪਰਾਗਤ ਸਥਾਪਤ ਹੋਈਆਂ ਲਕੀਰਾਂ ਨੂੰ ਤੋੜ ਕੇ ਨਵਾਂ ਤਰਕ ਪੈਦਾ ਕਰਨ ਦੀ

ਕੋਸ਼ਿਸ਼ ਕੀਤੀ ਹੈ।

ਜਸਵੰਤ ਜ਼ਫ਼ਰ ਨੇ ਆਪਣੀ ਪੁਸਤਕ ਦੇ ਪਹਿਲੇ ਲੇਖ 'ਮੋਹਿ ਕਬੀਰਾ ਨਾਉ ਰੇ' ਵਿਚ ਭਗਤ ਕਬੀਰ ਜੀ ਦੀ ਬਾਣੀ ਦਾ ਡੂੰਘਾ ਅਧਿਐਨ ਤੇ ਵਿਸ਼ਲੇਸ਼ਣ ਕਰ ਕੇ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਗੁਰਮਤਿ ਵਿਚਾਰਧਾਰਾ ਦੇ ਪਹਿਲੇ ਸਿਧਾਂਤਕ ਬੁਲਾਰੇ ਅਸਲ ਵਿਚ ਭਗਤ ਕਬੀਰ ਜੀ ਹੀ ਸਨ, ਜਿਨ੍ਹਾਂ ਤੋਂ ਗੁਰੂ ਨਾਨਕ ਦੇਵ ਜੀ ਤੇ ਹੋਰ ਗੁਰੂ ਸਾਹਿਬਾਨ ਪ੍ਰਭਾਵਿਤ ਹੋਏ ਹਨ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਭਗਤ ਕਬੀਰ ਜੀ ਦੀ ਬਾਣੀ, ਭਾਸ਼ਾ ਅਤੇ ਲਿਪੀ ਤੋਂ ਬਹੁਤ ਪ੍ਰਭਾਵਿਤ ਹੋਏ ਹਨ। ਗੁਰਬਾਣੀ ਦੀ ਭਾਵਨਾ, ਭਗਤ ਕਬੀਰ ਜੀ ਦੀ ਬਾਣੀ ਦੀ ਭਾਵਨਾ ਨਾਲ ਬਿਲਕੁਲ ਮੇਲ ਖਾਂਦੀ ਹੈ। ਜਸਵੰਤ ਜ਼ਫ਼ਰ ਨੇ ਭਗਤ ਕਬੀਰ ਜੀ ਦੀਆਂ ਬਹੁਤ ਸਾਰੀਆਂ ਤੁਕਾਂ ਦਾ ਹਵਾਲਾ ਆਪਣੀ ਪੁਸਤਕ ਵਿਚ ਦਿੱਤਾ ਹੈ ਅਤੇ ਉਨ੍ਹਾਂ ਨਾਲ ਮਿਲਦੀਆਂ-ਜੁਲਦੀਆਂ ਤੁਕਾਂ ਉਨ੍ਹਾਂ ਬਾਬੇ ਨਾਨਕ ਅਤੇ ਹੋਰ ਗੁਰੂ ਸਾਹਿਬਾਨ ਦੀਆਂ ਦੇ ਕੇ ਇਹ ਕਹਿਣ ਦਾ ਯਤਨ ਕੀਤਾ ਹੈ ਕਿ ਭਗਤ ਕਬੀਰ ਜੀ ਨੇ ਗੁਰਬਾਣੀ ਦਾ ਮੁੱਢ ਬੰਨ੍ਹਿਆ ਸੀ। ਗੁਰਮਤਿ ਵਿਚਾਰਧਾਰਾ ਦੇ ਮੋਢੀ ਭਗਤ ਕਬੀਰ ਜੀ ਸਨ, ਜਿਨ੍ਹਾਂ ਨੇ ਸਥਾਪਤੀ ਦੇ ਵਿਰੋਧ ਵਿਚ ਸੁਤੰਤਰ ਮਨੁੱਖ ਦਾ ਮਾਡਲ ਪੇਸ਼ ਕੀਤਾ੍ਹ ਉਨ੍ਹਾਂ ਨੇ ਧਰਮ ਦੇ ਬਾਹਰੀ ਚਿੰਨ੍ਹਾਂ ਦੀ ਵਿਰੋਧਤਾ ਕਰਦਿਆਂ, ਅਮਲ ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ 'ਧਰਮ ਭੇਖ ਦਾ ਨਹੀਂ ਸਗੋਂ ਅਮਲ ਦਾ ਵਿਸ਼ਾ ਹੈ।'[1] ਉਸ ਸਮੇਂ ਭਾਰਤ ਵਿਚ ਪ੍ਰਚੱਲਿਤ ਧਰਮਾਂ ਦੀਆਂ ਰੀਤੀਆਂ ਅਤੇ ਪਾਖੰਡਾਂ ਦਾ ਕਬੀਰ ਜੀ ਨੇ ਡਟਵਾਂ ਵਿਰੋਧ ਕੀਤਾ। ਸਿਰਫ਼ ਵਿਰੋਧ ਹੀ ਨਹੀਂ ਕੀਤਾ, ਸਗੋਂ ਪੂਰਵਲੀ ਪਰੰਪਰਾ ਨਾਲ ਸੰਵਾਦ ਰਚਾ ਕੇ ਸਮਾਨਾਂਤਰ ਸੱਭਿਆਚਾਰ (ਕਾਊਂਟਰ ਕਲਚਰ) ਦੀ ਸਿਰਜਣਾ ਵੀ ਕੀਤੀ। ਉਨ੍ਹਾਂ ਨੇ ਜਾਤੀ-ਪਾਤੀ ਸੰਸਥਾ ਦਾ ਵਿਰੋਧ ਕਰਦੇ ਹੋਏ, ਬ੍ਰਾਹਮਣਵਾਦੀ ਵਿਵਸਥਾ ਨੂੰ ਮੂਲੋਂ ਹੀ ਰੱਦ ਕੀਤਾ। ਇਕ ਪ੍ਰਮਾਤਮਾ ਦੀ ਭਗਤੀ ਤੇ ਜ਼ੋਰ ਦਿੱਤਾ। ਜ਼ਫ਼ਰ ਨੇ ਕਬੀਰ ਜੀ ਦੀ ਬਾਣੀ ਦਾ ਨਿਰਮਲ ਪੱਖ ਉਜਾਗਰ ਕਰਦੇ ਹੋਏ ਦੱਸਿਆ ਹੈ ਕਿ 'ਉਹ ਧਾਰਮਿਕ ਕਰਮਕਾਂਡਾਂ, ਧਾਰਮਿਕ ਭੇਖਾਂ ਅਤੇ ਧਾਰਮਿਕ ਰਸਮਾਂ ਦੀ ਪੂਰੀ ਬੇਕਿਰਕੀ ਨਾਲ ਨਿਖੇਧੀ ਕਰਦੇ ਅਤੇ ਖਿੱਲੀ ਉਡਾਉਂਦੇ ਹਨ। ਉਹ ਤਰਕ ਦੀ ਛੁਰੀ ਨੂੰ ਕਟਾਖਸ਼ ਦੀ ਸਾਣ ਤੇ ਲਾ ਕੇ ਗੱਲ ਕਰਦੇ ਹਨ।'[2] ਕਬੀਰ ਜੀ ਬਾਣੀ ਦੀ ਮਹੱਤਤਾ ਦੱਸਦੇ ਹੋਏ ਬਾਣੇ ਦਾ ਵਿਰੋਧ ਕਰਦੇ ਹਨ। ਜਸਵੰਤ ਜ਼ਫ਼ਰ ਨੇ ਕਬੀਰ ਜੀ ਦੀ ਬਾਣੀ ਦਾ ਇਸ ਲੇਖ ਵਿਚ ਵਿਸ਼ਲੇਸ਼ਣ ਕਰ ਕੇ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਗੁਰਮਤਿ ਵਿਚਾਰਧਾਰਾ ਦੇ ਆਦਿ ਭਗਤ ਕਬੀਰ ਜੀ ਹਨ, ਪ੍ਰੰਤੂ ਭਗਤ-ਬਾਣੀ ਨੂੰ ਗੁਰੂਆਂ ਨਾਲੋਂ ਆਮ ਸਿੱਖ ਆਪਣੀ ਹਉਮੈਂ ਕਾਰਨ ਓਨਾਂ ਮਹੱਤਵ ਨਹੀਂ ਦਿੰਦੇ। ਸਿੱਖਾਂ ਦੀ ਅਜਿਹੀ ਫੋਕੀ ਹਉਮੈ ਤੇ ਕਟਾਖਸ਼ ਕਰਦਾ ਹੋਇਆ ਜ਼ਫ਼ਰ ਲਿਖਦਾ ਹੈ, ''ਅਸੀਂ ਅਕਸਰ ਗੁਰੂ ਅਰਜਨ ਦੇਵ ਜੀ ਦੀ ਸੰਪਾਦਕੀ ਖੁੱਲ੍ਹਦਿਲੀ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਵਿਸ਼ਾਲਤਾ ਦੀ ਵਡਿਆਈ ਇਸ ਤਰ੍ਹਾਂ ਕਰਦੇ ਹਾਂ ਕਿ ਉਸਦਾ ਅਚੇਤ ਤੇ ਅਸਿੱਧਾ ਭਾਵ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਕਬੀਰ ਸਾਹਿਬ ਸਮੇਤ ਸਮੂਹ ਭਗਤਾਂ ਦੀ ਬਾਣੀ ਗੁਰੂ ਗਰੰਥ ਸਾਹਿਬ ਵਿਚ ਗੈਸਟ ਆਈਟਮ ਵਾਂਗ ਸ਼ਾਮਿਲ ਹੋਣ, ਜਾਂ ਪੰਚਮ ਪਾਤਸ਼ਾਹ ਨੇ ਇਨ੍ਹਾਂ ਭਗਤਾਂ ਦੇ ਬੋਲਾਂ ਨੂੰ ਗੁਰੂ ਸ਼ਬਦ ਦੇ ਤੌਰ ਤੇ ਸ਼ਾਮਿਲ ਕਰ ਕੇ ਕੋਈ ਅਹਿਸਾਨ ਕੀਤਾ ਹੋਵੇ, ਜੇ ਅਸੀਂ ਅਜਿਹਾ ਨਾ ਸੋਚਦੇ ਹੁੰਦੇ ਤਾਂ ਅਸੀਂ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਕੇਵਲ ਦਸਾਂ ਪਾਤਸ਼ਾਹੀਆਂ ਦੀ ਜੋਤ ਨਾ ਕਹਿੰਦੇ ਹੁੰਦੇ। ਗੁਰੂਦੁਆਰਿਆਂ ਵਿਚ ਕਬੀਰ ਸਾਹਿਬ ਅਤੇ ਦੂਸਰੇ

ਭਗਤਾਂ ਦੇ ਪੁਰਬ ਵੀ ਮਨਾਉਂਦੇ ਹੁੰਦੇ''[3] ਗੁਰੂ ਗਰੰਥ ਸਾਹਿਬ ਵਿਚ ਦਰਜ ਸਾਰੀ ਬਾਣੀ ਨੂੰ ਗੁਰੂ ਦਾ ਦਰਜਾ ਦਿੱਤਾ ਗਿਆ ਹੈ, ਭਾਵੇਂ ਉਹ ਭਗਤਾਂ ਦੀ ਬਾਣੀ ਹੋਵੇ ਜਾਂ ਗੁਰੂ ਸਾਹਿਬਾਨ ਦੀ।

ਜ਼ਫ਼ਰ ਨੇ ਆਪਣੇ ਦੂਸਰੇ ਲੇਖ 'ਗੁਰੂ ਨਾਨਕ ਬੁੱਢੇ ਨਹੀਂ ਸਨ' ਵਿਚ ਗੁਰੂ ਨਾਨਕ ਦੇ ਬੁਢੇਪੇ ਵਾਲੇ ਬਿੰਬ ਨੂੰ ਤੋੜਨ ਦਾ ਯਤਨ ਕੀਤਾ ਹੈ। ਇਸ ਲੇਖ ਵਿਚ ਉਸਨੇ ਗੁਰੂ ਨਾਨਕ ਦੇਵ ਦੀਆਂ ਵੱਖ-ਵੱਖ ਉਦਾਸੀਆਂ ਦੇ ਸਮੇਂ ਉਹਨਾਂ ਦੀ ਉਮਰ ਅਤੇ ਉਦਾਸੀਆਂ ਦਾ ਸਮਾਂ ਨਿਸ਼ਚਿਤ ਕਰਨ ਦਾ ਯਤਨ ਕੀਤਾ ਹੈ। ਪੰਜਾਬੀ ਮਾਨਸਿਕਤਾ ਵਿਚ ਗੁਰੂ ਨਾਨਕ ਦਾ ਜੋ ਬੁਢਾਪੇ ਵਾਲਾ ਬਿੰਬ ਬਣਿਆ ਹੋਇਆ ਹੈ, ਉਸਨੂੰ ਤੋੜਨਾ ਲਾਜ਼ਮੀ ਹੈ ਤਾਂ ਹੀ ਅਸੀਂ ਗੁਰੂ ਨਾਨਕ ਦੇ ਸਿੱਖੀ ਸਿਧਾਂਤਾਂ ਅਤੇ ਗੁਰਮਤਿ ਵਿਚਾਰਧਾਰਾ ਨੂੰ ਸਮਝ ਪਾਵਾਂਗੇ। ਇਸ ਤਰ੍ਹਾਂ ਗੁਰੂ ਨਾਨਕ ਨੂੰ ਜਵਾਨੀ ਸਮੇਂ ਵੀ ਇਕ ਬੁੱਢੇ ਬਾਬੇ ਦੇ ਰੂਪ 'ਚ ਚਿੱਤਰ ਕੇ ਅਸੀਂ 'ਅੰਧੀ ਰਯਤਿ ਗਿਆਨ ਵਿਹੂਣੀ' ਹੋਣ ਦਾ ਸਬੂਤ ਦੇ ਰਹੇ ਹਾਂ। ਲੇਖ ਵਿਚ ਜ਼ਫ਼ਰ ਨੂੰ ਇਹ ਗੱਲ ਤੰਗ ਕਰਦੀ ਨਜ਼ਰ ਆਉਂਦੀ ਹੈ ਕਿ ਗੁਰੂ ਦੀ ਸਿੱਖਿਆ ਹੈ ਕਿ 'ਗੁਰਮੁਖਿ ਬੁੱਢੇ ਕਦੇ ਨਾਹੀਂ' ਪਰ ਜੋ ਕੁੱਝ ਪ੍ਰਾਪਤ ਹੈ, ਉਸ ਮੁਤਾਬਿਕ ਗੁਰੂ ਨਾਨਕ ਦੇਵ ਜੀ ਉੱਥੇ ਵੀ ਬੁੱਢੇ ਦਿਖਾਏ ਗਏ ਹਨ, ਜਿਥੇ ਉਨ੍ਹਾਂ ਨੂੰ ਨੌਜਵਾਨ ਵਿਖਾਇਆ ਜਾਣਾ ਚਾਹੀਦਾ ਹੈ। ਜ਼ਫ਼ਰ ਨੇ ਇਹ ਗੱਲ ਬਾਣੀ ਵਿੱਚੋਂ ਹਵਾਲੇ ਦੇ ਕੇ ਸਾਹਮਣੇ ਲਿਆਂਦੀ ਹੈ। ਗੁਰੂ ਨਾਨਕ ਦੇਵ ਜੀ ਨੂੰ ਨੌਜਵਾਨਾਂ ਦਾ ਮਾਰਗ ਦਰਸ਼ਕ ਬਣਾਉਣ ਲਈ ਸਾਨੂੰ ਉਹਨਾਂ ਦੇ ਬਿਰਧ ਰੂਪੀ ਮਾਡਲ ਨੂੰ ਨਕਾਰਨਾ ਪਏਗਾ। ਉਨ੍ਹਾਂ ਦੁਆਰਾ ਦੱਸੀ ਜੀਵਨ-ਸ਼ੈਲੀ ਨੂੰ ਨੌਜਵਾਨਾਂ 'ਚ ਪ੍ਰਚਾਰਨ ਦੀ ਲੋੜ 'ਤੇ ਜ਼ੋਰ ਦਿੰਦਾ ਜ਼ਫ਼ਰ ਕਹਿਦਾ ਹੈ, ''ਹੁਣ ਜਦ ਅਸੀਂ ਬੁਢਾਪੇ ਨੂੰ ਸੂਝ, ਸਿਆਣਪ, ਗਿਆਨ ਅਤੇ ਵਡੱਪਣ ਦੀ ਬਜਾਏ ਬੇਵਸੀ, ਕਮਜ਼ੋਰੀ ਅਤੇ ਅਪ੍ਰਸੰਗਤਾ ਨਾਲ ਸੰਬੰਧਤ ਕਰ ਲਿਆ ਹੈ ਤਾਂ ਲੋੜ ਹੈ ਕਿ ਨੁੱਕਰੇ ਲੱਗੇ ਬਿਰਧ ਨਾਨਕ ਦੀ ਬਜਾਏ ਗੱਭਰੂ ਨਾਨਕ ਨੂੰ ਕੇਂਦਰ ਵਿਚ ਲਿਆਈਏ...ਜੇ ਅਸੀਂ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਅੱਜ ਵੀ ਪ੍ਰਸੰਗਿਕ ਮੰਨਦੇ ਹਾਂ ਅਤੇ ਉਨ੍ਹਾਂ ਦੁਆਰਾ ਪ੍ਰਚਾਰੀ ਗਈ ਜੀਵਨ ਸ਼ੈਲੀ ਨੂੰ ਜਿਉਣ ਜੋਗੀ ਮੰਨਦੇ ਹਾਂ ਤਾਂ ਸਥਾਪਤ ਹੋ ਚੁੱਕੇ ਬਿਰਧ ਨਾਨਕ ਦੇ ਜਾਅਲੀ ਤਸੱਵਰ ਨੂੰ ਬੇਕਿਰਕੀ ਨਾਲ ਤੋੜਨਾ ਪਏਗਾ।''[4]

ਤੀਜੇ ਲੇਖ 'ਪ੍ਰਕਿਰਤੀ ਬੋਧ: ਗੁਰਬਾਣੀ ਬਨਾਮ ਵਿਗਿਆਨ' ਵਿਚ ਜ਼ਫ਼ਰ ਨੇ ਗੁਰਬਾਣੀ ਨੂੰ ਵਿਗਿਆਨ ਕਹਿਣ ਦੇ ਹਾਸੋਹੀਣੇ ਰਿਵਾਜ ਤੇ ਕਟਾਖਸ਼ ਕੀਤਾ ਹੈ। ਇਸ ਲੇਖ ਵਿਚ ਉਸਨੇ ਗੁਰਬਾਣੀ ਦੇ ਹਵਾਲੇ ਦੇ ਕੇ ਗੁਰਬਾਣੀ ਦੇ ਕੁਦਰਤ ਬੋਧ ਨੂੰ ਆਧੁਨਿਕਤਾ ਕਾਰਨ ਪੈਦਾ ਹੋਏ ਖਤਰਿਆਂ ਅਤੇ ਮਸਲਿਆਂ ਨੂੰ ਨਜਿੱਠਣ ਲਈ ਪਥ ਪ੍ਰਦਰਸ਼ਕ ਦੇ ਰੂਪ 'ਚ ਪੇਸ਼ ਕੀਤਾ ਹੈ। ਇਸ ਪੁਸਤਕ 'ਚ ਲਏ ਗਏ ਸਰੋਕਾਰਾਂ ਦਾ ਬਖਾਨ ਜ਼ਫ਼ਰ ਵਧੇਰੇ ਕਰ ਕੇ ਗੁਰਬਾਣੀ ਦੇ ਹਵਾਲੇ ਨਾਲ ਕਰਦਾ ਹੈ। ਇਹ ਕਹਿਣਾ ਮੁਸ਼ਕਿਲ ਲੱਗਦਾ ਹੈ ਕਿ ਉਹ ਮਸਲਿਆਂ ਨੂੰ ਗੁਰਬਾਣੀ ਰਾਹੀਂ ਦੇਖਦਾ ਹੈ ਕਿ ਗੁਰਬਾਣੀ ਨੂੰ ਮਸਲਿਆਂ ਦੇ ਹੱਲ ਵਾਸਤੇ ਮਾਧਿਅਮ ਬਣਾਉਂਦਾ ਹੈ। ਇਸ ਲੇਖ ਵਿਚ ਉਹ ਕਾਰਟੇਜੀਅਨ ਨਿਖੇੜ ਵਿਧੀ ਦਾ ਵਰਨਣ ਕਰਦਾ ਲਿਖਦਾ ਹੈ, ''ਕਾਰਟੇਜ਼ੀਅਨ ਨਿਖੇੜ ਕਾਰਨ ਵਿਗਿਆਨੀਆਂ ਨੂੰ ਸਭ ਚੀਜ਼ਾਂ ਬੇਜਾਨ ਅਤੇ ਵਿਯੋਗਿਤ ਨਜ਼ਰ ਆਉਣ ਲੱਗੀਆਂ। ਪੱਛਮੀ ਸੰਸਾਰ ਨੇ ਸ੍ਰਿਸਟੀ ਦੀ ਹਰ ਰਚਨਾ ਨੂੰ ਇਕ ਬੇਜਾਨ ਵਸਤੂ ਜਾਂ ਗਣਿਤ ਦੇ ਇਕ ਸੁਤੰਤਰ ਅੰਕ ਵਾਂਗ ਤਸੱਵਰ ਕਰਨਾ ਸ਼ੁਰੂ ਕੀਤਾ ਅਤੇ ਪੂਰੀ ਸ੍ਰਿਸਟੀ ਨੂੰ ਇਹਨਾਂ ਵਸਤਾਂ ਅਤੇ ਅੰਕਾਂ ਦਾ ਜੋੜ।''[5] ਇਸਦੀ ਵਿਗਿਆਨਕ ਫਾਰਮੂਲੇਸ਼ਨ ਦਾ ਜ਼ਿਕਰ ਜ਼ਫ਼ਰ ਨੇ ਊਰਜਾ, ਪਦਾਰਥ ਅਤੇ ਰੌਸ਼ਨੀ ਦੀ ਰਫ਼ਤਾਰ ਦੇ ਹਵਾਲੇ ਨੂੰ

ਧਿਆਨ ਵਿਚ ਰੱਖਦਿਆਂ ਦੱਸਿਆ ਹੈ ਕਿ ''ਸਾਰੇ ਬਾਣੀਕਾਰਾਂ ਨੇ ਕੁਦਰਤ ਨੂੰ ਨਾ ਕੇਵਲ ਕਰਤੇ ਦੀ ਖੇਡ ਮੰਨਿਆ, ਸਗੋਂ ਇਸਨੂੰ ਕਰਤੇ ਦਾ ਆਪਾ ਵੀ ਕਿਹਾ ਹੈ।''[6] ਇਸ ਲੇਖ ਵਿਚ ਉਸਨੇ ਬਨਸਪਤੀ ਦੇ ਸਾਰੇ ਜੀਵਾਂ ਦੇ ਜੀਵਨ ਦਾ ਆਧਾਰ ਹੋਣ ਦੀ ਪੁਸ਼ਟੀ ਗੁਰਬਾਣੀ ਦੀਆਂ ਤੁਕਾਂ ਦੇ ਹਵਾਲੇ ਦੇ ਕੇ ਕੀਤੀ ਹੈ।

'ਪਾਣੀ ਪਿਤਾ ਜਗਤ ਕਾ' ਅਤੇ 'ਸਫਲਿਓ ਬਿਰਖੁ ਹਰਿਆਵਲਾ' ਦੋ ਲੇਖ ਪ੍ਰਕਿਰਤੀ ਨਾਲ ਸੰਬੰਧਿਤ ਹਨ੍ਹ ਇਹਨਾਂ ਵਿਚ ਉਸਨੇ ਜੀਵਨ ਦੇ ਆਧਾਰ ਪ੍ਰਕਿਰਤੀ ਦੀ ਸੰਭਾਲ ਤੇ ਕੁਦਰਤੀ ਸੋਮਿਆਂ ਨੂੰ ਨਸ਼ਟ ਹੋਣ ਤੋਂ ਬਚਾਉਣ ਲਈ ਮਨੁੱਖਾਂ ਨੂੰ ਪ੍ਰੇਰਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। 'ਪਾਣੀ ਪਿਤਾ ਜਗਤ ਕਾ' ਲੇਖ ਵਿਚ ਪਾਣੀ ਦੀ ਮਹੱਤਤਾ ਬਾਰੇ ਦੱਸਿਆ ਹੈ। ਜ਼ਫ਼ਰ ਨੂੰ ਇਕ ਪਾਸੇ 'ਸਾਚੈ ਤੇ ਪਵਨਾ ਭਇਆ, ਪਵਨੈ ਤੇ ਜਲ ਹੋਇ' ਦੀ ਵਿਗਿਆਨਕ ਸੋਝੀ ਹੈ ਅਤੇ ਦੂਜੇ ਪਾਸੇ ਪਾਣੀ ਦੇ ਇਸ ਮਹੱਤਵ ਦਾ ਵੀ ਅਹਿਸਾਸ ਹੈ ਕਿ ''ਪਾਣੀ ਸੌਂਦਰਯ ਵੀ ਹੈ ਅਤੇ ਸ਼ਕਤੀ ਵੀ। ਇਹ ਰੁੱਤਾਂ ਅਤੇ ਮੌਸਮਾਂ ਦੀ ਖੇਡ ਦਾ ਮੁੱਖ ਪਾਤਰ ਵੀ ਹੈ ਅਤੇ ਕੁਦਰਤ ਦੇ ਹੋਰ ਬੇਅੰਤ ਕੌਤਕਾਂ ਦਾ ਮਾਧਿਅਮ ਵੀ''[7] ਗੁਰਬਾਣੀ ਦੀਆਂ ਤੁਕਾਂ ਦਾ ਹਵਾਲਾ ਦਿੰਦਿਆਂ ਜ਼ਫ਼ਰ ਦੱਸਦਾ ਹੈ ਕਿ ਗੁਰੂਆਂ ਨੇ ਪਾਣੀ ਨੂੰ ਕਿੰਨੀ ਮਹੱਤਤਾ ਦਿੱਤੀ ਹੈ ਕਿਉਂਕਿ ਪਾਣੀ ਸਭ ਮਨੁੱਖਾਂ, ਜੀਵਾਂ ਤੇ ਬਨਸਪਤੀ ਦਾ ਜਨਮਦਾਤਾ ਹੈ। ਗੁਰਬਾਣੀ ਹਵਾ, ਪਾਣੀ ਅਤੇ ਭੋਜਨ ਨੂੰ ਜੀਵਨ ਦੀਆਂ ਮੁੱਢਲੀਆਂ ਲੋੜਾਂ ਮੰਨਦੀ ਹੈ, ਬਾਕੀ ਸਾਰੀਆਂ ਲੋੜਾਂ ਦੂਜੈਲੀਆਂ ਹਨ। ਗੁਰਬਾਣੀ 'ਚ ਜਲ ਨੂੰ ਨਾਮ ਨਾਲ ਤੁਲਨਾ ਦਿੱਤੀ ਗਈ ਹੈ ਅਤੇ ਪੀਣ ਨੂੰ ਜਪਣ ਨਾਲ, ਬਹੁਤ ਸਾਰੀਆਂ ਸੱਭਿਆਤਾਵਾਂ ਦਾ ਜਨਮ ਅਤੇ ਵਿਕਾਸ ਵੀ ਪਾਣੀ ਵਾਲੀਆਂ ਥਾਵਾਂ ਦੇ ਕਿਨਾਰਿਆਂ ਤੇ ਹੀ ਹੋਇਆ ਹੈ, ਕਿਉਂਕਿ ਪਾਣੀ ਜੀਵਨ ਦਾ ਮੂਲ ਆਧਾਰ ਹੈ। ਇਸੇ ਲੇਖ ਵਿਚ ਅਜੋਕੀ ਰਾਜਨੀਤੀ ਤੇ ਵਿਅੰਗ ਕਰਦਾ ਹੋਇਆ ਜ਼ਫ਼ਰ ਲਿਖਦਾ ਹੈ ਕਿ ਸਾਨੂੰ ਦਰਿਆਈ ਪਾਣੀਆਂ ਲਈ ਨਹੀਂ ਸਗੋਂ ਪਾਣੀਆਂ ਨੂੰ ਸਾਂਭਣ ਤੇ ਇਹਨਾਂ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਮੋਰਚੇ ਲਾਉਣ ਦੀ ਲੋੜ ਹੈ। ਜ਼ਫ਼ਰ ਦਾ ਪਾਣੀ ਦੀ ਮਹੱਤਤਾ ਨੂੰ ਦਰਸਾਉਣਾ ਵਾਤਾਵਰਣ ਅਤੇ ਕੁਦਰਤ ਪ੍ਰਤੀ ਮਨੁੱਖੀ ਪਿਆਰ ਅਤੇ ਦਿਆਲਤਾ ਦਾ ਪ੍ਰਤੀਕ ਹੈ। ਉਹ ਪ੍ਰਕਿਰਤੀ ਦੇ ਕੁਦਰਤੀ ਸੋਮਿਆਂ ਦੀ ਸੰਭਾਲ ਤੇ ਇਹਨਾਂ ਦੀ ਸਵੱਛਤਾ ਨੂੰ ਕਾਇਮ ਰੱਖਣ ਲਈ ਮਨੁੱਖੀ ਮਨਾਂ ਅੰਦਰ ਇਹ ਖਿਆਲ ਭਰਨਾ ਚਾਹੁੰਦਾ ਹੈ ਕਿ ਇਹ ਕੁਦਰਤੀ ਦਾਤਾਂ ਮਨੁੱਖ ਲਈ ਬੇਸ਼ਕੀਮਤੀ ਨਿਆਮਤਾਂ ਹਨ, ਜਿੰਨ੍ਹਾਂ ਦੀ ਸੰਭਾਲ ਕਰਨਾ ਮਨੁੱਖ ਦਾ ਮੁੱਢਲਾ ਫਰਜ਼ ਹੈ। ਜ਼ਫ਼ਰ ਦੇ ਆਪਣੇ ਸ਼ਬਦਾਂ ਵਿਚ ''ਜਿਸ ਪਾਣੀ ਨੂੰ ਗੁਰੂ ਨੇ ਅੰਮ੍ਰਿਤ ਰੂਪ ਕੀਤਾ... ਜਿਸ ਪਾਣੀ ਨੂੰ ਗੁਰੂ ਨੇ ਪਿਤਾ ਕਹਿ ਕੇ ਇੰਨਾਂ ਸਨਮਾਨ ਦਿੱਤਾ ਅਸੀ ਆਪ ਵੀ ਉਸ ਦੇ ਸਿਰ ਸਵਾਹ ਪਾ ਰਹੇ ਹਾਂ ਅਤੇ ਦੂਸਰਿਆਂ ਨੂੰ ਪਾਉਂਦੇ ਦੇਖ ਕੇ ਬੜੇ ਆਰਾਮ ਨਾਲ ਸਹਿਣ ਕਰ ਰਹੇ ਹਾਂ''[8]

ਕੁਦਰਤ ਦੀਆਂ ਅਨਮੋਲ ਦਾਤਾਂ ਪ੍ਰਤੀ ਮਨੁੱਖੀ ਵਤੀਰੇ ਤੇ ਕਟਾਖਸ਼ ਕਰਦਾ ਹੋਇਆ ਜ਼ਫ਼ਰ ਲਿਖਦਾ ਹੈ, ''ਅਸੀਂ ਆਪਣੇ ਆਪ ਨੂੰ ਸਮੁੱਚੀ ਕੁਦਰਤ ਦਾ ਅੰਗ ਨਹੀਂ ਸਮਝਦੇ, ਅਸੀਂ ਗੈਰ-ਜਿੰਮੇਵਾਰ ਅਤੇ ਜ਼ਾਲਮ ਹੁਕਮਰਾਨਾਂ ਵਾਂਗ ਵਿਚਰਨ ਲੱਗੇ ਹਾਂ। ਕੁਦਰਤ ਵੱਲੋਂ ਮੁਫ਼ਤ ਵਿਚ ਮਿਲੀਆਂ ਅਨਮੋਲ ਦਾਤਾਂ ਪ੍ਰਤੀ ਸਾਡੇ ਮਨਾਂ 'ਚ ਕੋਈ ਕਦਰ ਅਤੇ ਸ਼ੁਕਰਾਨੇ ਦਾ ਭਾਵ ਨਹੀਂ।''[9] ਅਸੀਂ ਕੇਵਲ ਉਨ੍ਹਾਂ ਵਸਤੂਆਂ ਨੂੰ ਹੀ ਕੀਮਤੀ ਸਮਝਦੇ ਹਾਂ, ਸਾਂਭ ਕੇ ਰੱਖਦੇ ਹਾਂ ਜੋ ਬਾਜ਼ਾਰ 'ਚੋਂ ਵਧੇਰੇ ਕੀਮਤ ਤੇ ਮਿਲਦੀਆਂ ਹਨ- ਕੁਦਰਤ ਦੀਆਂ ਮੁਫਤ ਦੀਆਂ ਦਾਤਾਂ ਭਾਵੇਂ ਉਹ ਬੇਸ਼ਕੀਮਤੀ ਹੀ ਕਿਉਂ

ਨਾ ਹੋਣ, ਪ੍ਰਤੀ ਅਸੀਂ ਅਵੇਸਲੇ ਹੁੰਦੇ ਹਾਂ, ਬੇਪ੍ਰਵਾਹ ਹੁੰਦੇ ਹਾਂ, ਪਾਣੀ ਕੁਦਰਤ ਦੀ ਦਾਤ ਹੈ, ਬਖਸ਼ਿਸ਼ ਹੈ, ਇਸਤੋਂ ਮੂੰਹ ਮੋੜਨਾ ਠੀਕ ਨਹੀਂ, ਗੁਰੂ ਦਾ ਨਿਰਾਦਰ ਹੈ। ਇਸਦੇ ਨਾਲ ਮਿਲਦਾ-ਜੁਲਦਾ ਲੇਖ 'ਸਫਲਿਓ ਬਿਰਖੁ ਹਰੀਆਵਲਾ' ਹੈ। ਇਸ ਲੇਖ ਵਿਚ ਜ਼ਫ਼ਰ ਨੇ ਇਹ ਕਹਿਣ ਦੀ ਕੋਸ਼ਿਸ਼ ਕੀਤੀ ਹੈ ਕਿ ਬਨਸਪਤੀ ਅਤੇ ਹਰਿਆਵਲ ਕਾਰਨ ਹੀ ਇਹ ਧਰਤੀ ਸੁਹਾਵਣੀ ਹੈ। ਸਭ ਜੀਵ-ਜੰਤੂ ਅਤੇ ਪ੍ਰਾਣੀ ਸਿਰਫ ਰੁੱਖਾਂ ਜਾਂ ਬਨਸਪਤੀ ਕਾਰਨ ਹੀ ਜਿੰਦਾ ਹਨ। ਇਸ ਲੇਖ ਵਿਚ ਉਸਨੇ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਲਈ ਗੁਰਬਾਣੀ ਦੀਆਂ ਤੁਕਾਂ ਦੇ ਹਵਾਲੇ ਦਿੱਤੇ ਹਨ। ਉਸ ਨੇ ਰੁੱਖਾਂ ਦੇ ਪਰਉਪਕਾਰੀ ਅਤੇ ਦਿਆਲੂ ਸੁਭਾਅ ਦਾ ਵਰਨਣ ਕੀਤਾ ਹੈ। ਇਹ ਰੱਬ ਰੂਪ ਹਨ। ਜ਼ਫ਼ਰ ਨੇ ਰੁੱਖਾਂ ਦੀ ਮਹੱਤਤਾ ਦਰਸਾ ਕੇ ਲੋਕਾਂ ਦੀ ਹਰਿਆਵਲ ਪ੍ਰਤੀ ਸੰਵੇਦਨਸ਼ੀਲਤਾ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ ਹੈ।

'ਅਸਲ ਭਗਤ ਸਿੰਘ ਨੂੰ ਤਲਾਸ਼ਦਿਆਂ' ਲੇਖ ਵਿਚ ਜਸਵੰਤ ਜ਼ਫ਼ਰ ਨੇ ਭਗਤ ਸਿੰਘ ਦੇ ਕ੍ਰਾਂਤੀਕਾਰੀ ਤੇ ਇਨਕਲਾਬੀ ਪੱਖ ਦੇ ਨਾਲ-ਨਾਲ ਉਸ ਦੇ ਜੀਵਨ ਦੇ ਕਈ ਹੋਰ ਪੱਖਾਂ ਨੂੰ ਵੀ ਛੂਹਿਆ ਹੈ। ਭਗਤ ਸਿੰਘ ਪੰਜਾਬੀ ਜਨ-ਜੀਵਨ ਦਾ ਨਾਇਕ ਹੈ, ਪਰ ਕੋਈ ਵੀ ਇਹ ਨਹੀਂ ਚਾਹੁੰਦਾ ਕਿ ਭਗਤ ਸਿੰਘ ਵਰਗਾ ਬਣਿਆ ਜਾਏ ਜਾਂ ਆਪਣੇ ਕਿਸੇ ਧੀ-ਪੁੱਤ ਨੂੰ ਉਸ ਵਰਗਾ ਬਣਾਇਆ ਜਾਏ, ਕਿਉਂਕਿ ਇਸਦਾ ਅਰਥ ਕੇਵਲ ਜਵਾਨੀ 'ਚ ਬਗਾਵਤ ਕਰ ਕੇ ਸ਼ਹੀਦ ਹੋਣਾ ਹੀ ਸਮਝਿਆ ਜਾਂਦਾ ਹੈ। ਜ਼ਫ਼ਰ ਨੇ ਇਸ ਲੇਖ ਵਿਚ ਅਖੌਤੀ ਗਾਇਕਾਂ ਤੇ ਚਿਤਰਕਾਰਾਂ ਦੁਆਰੇ ਪ੍ਰਚਾਰੇ ਜਾਂਦੇ ਲੁਟੇਰੇ ਤੇ ਹੱਤਿਆਰੇ ਭਗਤ ਸਿੰਘ ਦੇ ਬਿੰਬ ਨੂੰ ਤੋੜਦਿਆਂ ਉਸ ਦੀ ਸਾਹਿਤ ਪ੍ਰਤੀ, ਆਪਣੀ ਭਾਸ਼ਾ ਪ੍ਰਤੀ ਲਗਨ ਦੇ ਪੱਖ ਨੂੰ ਪੇਸ਼ ਕੀਤਾ ਹੈ। ਅਖੌਤੀ ਚਿੱਤਰਕਾਰਾਂ ਨੇ ਭਗਤ ਸਿੰਘ ਦੇ ਹੱਥ 'ਚ ਪਿਸਤੌਲ ਫੜਾ ਕੇ, ਮੁੱਛਾਂ ਖੜ੍ਹੀਆਂ ਕਰ ਕੇ ਉਸਨੂੰ ਲੁਟੇਰੇ ਤੇ ਖ਼ੂਨੀ ਦੇ ਰੂਪ 'ਚ ਹੀ ਪੇਸ਼ ਕੀਤਾ ਹੈ। ਜ਼ਫ਼ਰ ਨੇ ਉਸ ਦੇ ਇਸ ਸਥਾਪਿਤ ਬਿੰਬ ਨੂੰ ਤੋੜਨ ਦੀ ਕੋਸ਼ਿਸ਼ ਕਰਦਿਆਂ ਭਗਤ ਸਿੰਘ ਦੇ ਹਵਾਲਿਆਂ ਨਾਲ ਆਪਣੀ ਗੱਲ ਕਹੀ ਹੈ। ਅਸਲ ਵਿਚ ਭਗਤ ਸਿੰਘ ਦੇ ਹੋਰ ਰੂਪ ਜਿਨ੍ਹਾਂ 'ਚ ਉਸਦਾ ਸਾਹਿਤ ਪੜ੍ਹਨ ਦਾ ਸ਼ੌਕ, ਆਪਣੀ ਭਾਸ਼ਾ ਪ੍ਰਤੀ ਮੋਹ, ਪੁਰਾਣੇ ਚਿੰਤਕ ਅਤੇ ਵਿਦਵਾਨਾਂ ਦੀ ਕਦਰ ਕਰਨਾ ਆਦਿ ਪੱਖ ਅਣਗੌਲੇ ਹੀ ਰਹੇ ਹਨ। ਜਿਨ੍ਹਾਂ ਦਾ ਵੇਰਵਾ ਜ਼ਫ਼ਰ ਦੇ ਇਸ ਲੇਖ ਤੋਂ ਭਲੀਭਾਂਤ ਮਿਲਦਾ ਹੈ। ਭਗਤ ਸਿੰਘ ਨੂੰ ਪੰਜਾਬੀਆਂ ਦੇ ਵਧੇਰੇ ਖੁਦਗਰਜ਼, ਅਕ੍ਰਿਤਘਣ ਅਤੇ ਰਾਜਸੀ ਚੇਤਨਾ ਪੱਖੋਂ ਅਵੇਸਲੇ ਹੋਣ ਦਾ ਦੁੱਖ ਵੀ ਸੀ। ਉਹ ਅਸਲ ਵਿਚ ਇਨਕਲਾਬੀ ਚੇਤਨਾ ਅਨਿਆਂ 'ਤੇ ਆਧਾਰਤ ਵਿਵਸਥਾ ਨੂੰ ਬਦਲਣ ਲਈ ਲਿਆਉਣੀ ਚਾਹੁੰਦਾ ਸੀ। ਭਗਤ ਸਿੰਘ ਜਾਤੀ ਸਮਾਜਿਕ ਪ੍ਰਬੰਧ ਨੂੰ ਵੀ ਬਦਲਣਾ ਚਾਹੁੰਦਾ ਸੀ। ਜ਼ਫ਼ਰ ਨੇ ਇਸ ਲੇਖ ਵਿਚ ਅਸਲ ਭਗਤ ਸਿੰਘ ਦੀ ਤਸਵੀਰ ਪੇਸ਼ ਕਰਨ ਦਾ ਯਤਨ ਕੀਤਾ ਹੈ, ਆਪਣੀ ਗੱਲ ਦੀ ਪ੍ਰੋੜਤਾ ਲਈ ਭਗਤ ਸਿੰਘ ਦੀਆਂ ਲਿਖਤਾਂ ਦਾ ਹਵਾਲਾ ਦਿੱਤਾ ਹੈ। ਉਸਨੂੰ ਗਿਲਾ ਹੈ ਕਿ ''ਅਸੀਂ ਭਗਤ ਸਿੰਘ ਦੇ ਵਿਸ਼ਲੇਸ਼ਣੀ ਅਧਿਅਨ, ਸਿਧਾਂਤਕ ਸਮਝ, ਸੰਵੇਦਨਸ਼ੀਲ ਮਨ, ਸਮਾਜਿਕ ਕਾਰਜਸ਼ੀਲਤਾ, ਇਖਲਾਕੀ ਉੱਚਤਾ ਆਦਿ ਸਭ-ਕਾਸੇ ਨੂੰ ਪਾਸੇ ਰੱਖ ਕੇ ਸਿਰਫ਼ ਦੋ ਖੜ੍ਹੀਆਂ ਮੁੱਛਾਂ ਨੂੰ ਹੀ ਭਗਤ ਸਿੰਘ ਜਾਣ ਲਿਆ ਹੈ।''[10] ਮੁੱਛ ਖੜ੍ਹੀ ਕਰਨਾ ਉਸ ਦੇ ਸੁਭਾਅ ਅਤੇ ਆਚਾਰ ਦਾ ਹਿੱਸਾ ਨਹੀਂ ਹੋ ਸਕਦਾ। ਇਹ ਤਾਂ ਸਿਰਫ਼ ਪੋਰਟਰੇਟ ਬਣਾਉਣ ਵਾਲੇ ਦੀ ਮਾਨਸਿਕਤਾ ਤੇ ਹੀ ਨਿਰਭਰ ਕਰਦਾ ਹੈ। ਜਸਵੰਤ ਜ਼ਫ਼ਰ ਅਸਲ ਭਗਤ ਸਿੰਘ ਨੂੰ ਤਲਾਸ਼ਣ ਲਈ ਜ਼ਰੂਰੀ ਮੰਨਦਾ

ਹੈ ਕਿ ''ਸ਼ਹੀਦ ਭਗਤ ਸਿੰਘ ਨੂੰ ਖੜ੍ਹੀਆਂ ਮੁੱਛਾਂ ਵਾਲੇ ਨਕਲੀ ਬਿੰਬ ਤੋਂ ਮੁਕਤ ਕਰਾਉਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਹ ਨਕਲੀ ਬਿੰਬ ਭਗਤ ਸਿੰਘ ਦੇ ਅਸਲ ਨੂੰ ਜਾਣਨ ਅਤੇ ਸਮਝਣ ਵਿਚ ਵੱਡਾ ਅੜਿੱਕਾ ਪਾਉਂਦਾ ਹੈ।''[11] ਜ਼ਫ਼ਰ ਦਾ ਇਹ ਕਥਨ ਇਹ ਸਬਕ ਦਿੰਦਾ ਹੈ ਕਿ ਭਗਤ ਸਿੰਘ ਦੀ ਭਾਵਨਾ ਅਤੇ ਅਸਲ ਚਿਹਰੇ ਨੂੰ ਸਮਝਣ ਦੀ ਲੋੜ ਹੈ ਅਤੇ ਫਿਰ ਉਸ ਵਰਗਾ ਬਣਨ ਦੀ ਲੋੜ ਹੈ।

'ਨੂਰਪੁਰੀ ਨੂੰ ਚੇਤੇ ਕਰਦਿਆਂ' ਲੇਖ ਵਿਚ ਜ਼ਫ਼ਰ ਨੇ ਪੰਜਾਬੀਅਤ ਦੇ ਇਸ ਸਿਰਮੌਰ ਸ਼ਾਇਰ ਨੂੰ ਯਾਦ ਕਰਦਿਆਂ ਹੋਇਆ ਲਿਖਿਆ ਹੈ, ''ਨੰਦ ਲਾਲ ਨੂਰਪੁਰੀ ਦੀ ਸ਼ਾਇਰੀ ਨੂੰ ਮਾਨਣਾ ਪੰਜਾਬੀ ਹੁਸਨ ਅਤੇ ਜੋਸ਼ ਦੇ ਵਗਦੇ ਦਰਿਆ ਕਿਨਾਰੇ ਬੈਠਣ ਵਾਂਗ ਹੈ।''[12] ਇਸ ਲੇਖ ਵਿਚ ਜ਼ਫ਼ਰ ਨੇ ਨੂਰਪੂਰੀ ਦੀ ਸਾਫ-ਸੁਥਰੀ ਅਤੇ ਅਰਥ ਭਰਪੂਰ ਗਾਇਕੀ ਅਤੇ ਗੀਤਾਂ ਦੀ ਸ਼ਲਾਘਾ ਕਰਦੇ ਹੋਏ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਉਸ ਨੇ ਕਦੇ ਵੀ ਅਸ਼ਲੀਲਤਾ ਨੂੰ ਜਾਂ ਲੱਚਰਤਾ ਨੂੰ ਆਪਣੇ ਨੇੜੇ ਨਹੀਂ ਢੁੱਕਣ ਦਿੱਤਾ। ਉਸ ਨੇ ਪੰਜਾਬੀ ਸਭਿਆਚਾਰ ਦੇ ਸੁਹੱਪਣ ਅਤੇ ਮਾਨਸਿਕਤਾ ਦਾ ਸੁਚੱਜੇ ਢੰਗ ਨਾਲ ਪ੍ਰਗਟਾਵਾ ਕੀਤਾ ਹੈ। ਇਸ ਲੇਖ ਵਿਚ ਜ਼ਫ਼ਰ ਨੇ ਨੂਰਪੁਰੀ ਦੇ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਸਰੋਕਾਰਾਂ ਪ੍ਰਤੀ ਚੇਤੰਨ ਹੋਣ ਦਾ ਵੀ ਸਬੂਤ ਦਿੱਤਾ ਹੈ। ਇਸ ਲੇਖ ਰਾਹੀਂ ਭਾਰਤੀ ਲੋਕਾਂ ਨੂੰ ਆਜ਼ਾਦੀ ਤੋਂ ਪਹਿਲਾਂ ਦਿਖਾਏ ਗਏ ਲੁਭਾਉਂਦੇ ਸੁਪਨੇ ਤੇ ਆਜ਼ਾਦੀ ਤੋਂ ਬਾਅਦ ਵਿਕਾਸ ਦੇ ਨਾਂ ਤੇ ਲੋਕਾਂ ਦੇ ਪੱਲੇ ਵਿਕਾਸ ਦੇ 'ਭਰਮ¬' ਪੈਣ ਦੇ ਸੱਚ ਨੂੰ ਬਿਆਨ ਕੀਤਾ ਹੈ। ਇਸ ਤਰ੍ਹਾਂ ਜ਼ਫ਼ਰ ਨੂਰਪੁਰੀ ਦੀ ਕਵਿਤਾ ਜਾਂ ਗੀਤਾਂ ਦਾ ਵਿਸ਼ਲੇਸ਼ਣ ਕਰਨ ਦੇ ਨਾਲ-ਨਾਲ ਭਾਰਤੀ ਰਾਜਨੀਤਿਕ ਪ੍ਰਣਾਲੀ ਦੇ ਉੱਭਰ ਰਹੇ ਦੋਸ਼ਾਂ ਨੂੰ ਵੀ ਜਨਤਾ ਦੇ ਸਾਹਮਣੇ ਪੇਸ਼ ਕਰਦਾ ਹੈ। ਜ਼ਫ਼ਰ ਨੇ ਨੂਰਪੁਰੀ ਦੀ ਜਿੰਦਗੀ ਦੀ ਤ੍ਰਾਸਦੀ ਨੂੰ ਅਤੇ ਆਖਰੀ ਉਮਰੇ ਉਸ ਵਿੱਚੋਂ ਪੈਦਾ ਹੋਈ ਨਿਰਾਸ਼ਾ ਦਾ ਜ਼ਿਕਰ ਕਰਦੇ ਹੋਏ ਕਿਹਾ ਹੈ ਕਿ ''ਆਜ਼ਾਦੀ ਤੋਂ ਬਾਅਦ ਦੇਸੀ ਸਰਕਾਰ ਬਣਨ ਨਾਲ ਵੀ ਆਮ ਆਦਮੀ ਦੇ ਹਿੱਤ ਦੀ ਦ੍ਰਿਸ਼ਟੀ ਤੋਂ ਕੋਈ ਸਿਫ਼ਤੀ ਤਬਦੀਲੀ ਨਹੀਂ ਵਾਪਰੀḩ ਚਿਹਰੇ ਬਦਲਣ ਨਾਲ ਰਾਜ ਦਾ ਖ਼ਾਸਾ ਨਹੀਂ ਬਦਲਦਾ।''[13] ਭਾਰਤ ਦੇਸ਼ ਦੇ ਸੋਹਲੇ ਗਾਉਣ ਵਾਲਾ ਨੂਰਪੂਰੀ ਆਪਣੇ ਅੰਤਿਮ ਪੜਾਅ ਤੇ ਜਦੋਂ ਇਸ ਦੇਸ਼ ਨੂੰ 'ਪਰਦੇਸ' ਕਹਿੰਦਾ ਹੈ ਤਾਂ ਇਹ ਉਸ ਦੇ ਸੁਪਨਿਆਂ ਦੇ ਦੇਸ਼ ਤੋਂ ਵਿਗੋਚੇ ਜਾਣ ਦੀ ਹੀ ਤ੍ਰਾਸਦੀ ਹੈ: ''ਇਹ ਪਰਦੇਸ ਦੇਸ਼ ਨਹੀਂ ਸਾਡਾ ਏਥੇ ਗੁੰਝਲਾਂ ਬੜੀਆਂ।'' ਨੂਰਪੁਰੀ ਜਿੰਦਗੀ ਤੋਂ ਨਿਰਾਸ਼ ਨਹੀਂ ਸੀ ਪਰ ਦੇਸ਼ ਦੀ ਚਾਲ-ਢਾਲ ਨੇ ਉਸਨੂੰ ਨਿਰਾਸ਼ ਕਰ ਦਿੱਤਾ ਤੇ ਉਹ ਖੁਦਕੁਸ਼ੀ ਕਰ ਗਿਆ।

'ਦੀਵਾਲੀ ਦਾ ਹਨ੍ਹੇਰਾ ਪਾਸਾ' ਜ਼ਫ਼ਰ ਦਾ ਵਿਅੰਗਾਤਮਕ ਸ਼ੈਲੀ ਵਿਚ ਲਿਖਿਆ ਹੋਇਆ ਲੇਖ ਹੈ। ਇਸ ਵਿਚ ਉਸਨੇ ਸਾਡੇ ਲਾਲਚੀ ਸਮਾਜ ਦੀ ਬਾ-ਖ਼ੂਬੀ ਤਸਵੀਰ ਪੇਸ਼ ਕੀਤੀ ਹੈ। ਇਸ ਲੇਖ ਦੇ ਆਰੰਭ ਵਿਚ ਜਦੋਂ ਉਹ ਕਹਿੰਦਾ ਹੈ ''ਪਿੰਡਾਂ ਵਿਚ ਭਾਵੇਂ ਇਹ ਸਿਰਫ਼ ਮਨਾਈ ਜਾਂਦੀ ਹੈ ਪਰ ਸ਼ਹਿਰਾਂ ਤੇ ਕਸਬਿਆਂ ਵਿਚ ਇਹ ਮਨਾਉਣ ਦੇ ਨਾਲ ਨਾਲ ਮੰਗੀ ਵੀ ਜਾਂਦੀ ਹੈ, ਦਿੱਤੀ ਵੀ ਜਾਂਦੀ ਹੈ ਅਤੇ ਇਕੱਠੀ ਵੀ ਕੀਤੀ ਜਾਂਦੀ ਹੈ।''[14] ਜ਼ਫ਼ਰ ਦੀ ਇਹ ਵਿਅੰਗਮਈ ਟਿੱਪਣੀ ਅਸਲ ਵਿਚ ਉਸ ਗਿਫ਼ਟ ਸਭਿਆਚਾਰ ਵਲ ਸੰਕੇਤ ਕਰਦੀ ਹੈ ਜਿਸਦੀ ਆੜ ਹੇਠ ਭਰਿਸ਼ਟਾਚਾਰ ਨੂੰ ਢਕਣ ਦੇ ਯਤਨ ਕੀਤੇ ਜਾਂਦੇ ਹਨ। ਇਸ ਦੇ ਨਾਲ ਹੀ ਉਹ ਤਿਉਹਾਰੀ ਵਿਸ਼ਵਾਸ ਦੀ ਆੜ ਵਿਚ ਪਨਪ ਰਹੇ ਮੰਡੀ ਸੱਭਿਆਚਾਰ ਅਤੇ ਭ੍ਰਿਸ਼ਟਾਚਾਰ ਦੀ ਦੌੜ ਦੇ ਨਾਲ-ਨਾਲ ਪਿੰਡਾਂ ਅਤੇ ਸ਼ਹਿਰਾਂ ਵਿਚ ਵਧ ਰਹੇ ਪਾੜੇ

ਵੱਲ ਵੀ ਇਸ਼ਾਰਾ ਕਰ ਦਿੰਦਾ ਹੈ। ਉਸ ਨੇ ਦੀਵਾਲੀ ਦੇ ਨਾਂ ਤੇ ਸਰਕਾਰੀ ਤੇ ਪ੍ਰਾਈਵੇਟ ਸੈਕਟਰ ਦੇ ਗਰਜ਼ ਦੇ ਤੰਤਰ-ਪ੍ਰਬੰਧ ਨੂੰ ਵੀ ਬਾਖੂਬੀ ਕਾਂਟੇ ਹੇਠ ਲਿਆ ਹੈ। ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਵਾਲੇ ਸ਼ੋਰ ਤੇ ਧੂੰਏ ਤੇ ਚਿੰਤਾ ਪ੍ਰਗਟ ਕਰਦਾ ਹੋਇਆ ਲੇਖ ਦੇ ਆਖਰ ਵਿਚ ਜ਼ਫ਼ਰ ਕਹਿੰਦਾ ਹੈ, ''ਦੀਵਾਲੀ ਕਹਿਣ ਨੂੰ ਰੌਸ਼ਨੀ, ਪਵਿਤਰਤਾ, ਸੁਹਜ ਅਤੇ ਮੁਹੱਬਤ ਦਾ ਤਿਉਹਾਰ ਹੈ, ਪਰ ਅਸੀਂ ਇਸ ਨੂੰ ਆਪਣੇ ਆਤਮਿਕ ਹਨ੍ਹੇਰ, ਵਾਤਾਵਰਣ ਦੇ ਪ੍ਰਦੂਸ਼ਣ, ਮਾਨਸਿਕ ਕੁਹਜ ਅਤੇ ਖੁਦਗਰਜ਼ ਸੰਬੰਧਾਂ ਦੀ ਮੂੰਹ ਬੋਲਦੀ ਤਸਵੀਰ ਬਣਾ ਲਿਆ ਹੈ।''[15]

ਇਸ ਪੁਸਤਕ ਦੇ ਆਖਰੀ ਲੇਖ 'ਆਓ ਆਪਣੀ ਪੀੜ੍ਹੀ ਹੇਠ ਸੋਟਾ ਫੇਰੀਏ (ਪ੍ਰਸੰਗ: ਡੇਰਾ ਸਿਰਸਾ ਵਿਵਾਦ) ਵਿਚ ਜਸਵੰਤ ਜ਼ਫ਼ਰ ਨੇ ਕਈ ਅਹਿਮ ਪ੍ਰਸ਼ਨ ਪੈਦਾ ਕੀਤੇ ਹਨ। ਇਸ ਵਿਚ ਉਸਨੇ ਸਿੱਖੀ ਸਿਧਾਂਤ ਅਤੇ ਵਿਵਹਾਰ ਵਿਚ ਆਏ ਅੰਤਰ ਦੀ ਵੀ ਤਸਵੀਰ-ਕਸ਼ੀ ਕੀਤੀ ਹੈ। ਸਿੱਖ ਸਮਾਜ ਵਿੱਚੋਂ ਵਿਅਕਤੀਆਂ ਦੇ ਦੋਗਲੇ ਕਿਰਦਾਰ, ਪ੍ਰਫੁੱਲਤ ਹੋ ਰਹੀਆਂ ਬ੍ਰਾਹਮਣਵਾਦੀ ਰੁਚੀਆਂ ਤੇ ਰੀਤੀਆਂ ਅਤੇ ਪੈਦਾ ਹੋ ਰਹੇ ਕਰਮਕਾਂਡਾਂ ਦੀ ਆਲੋਚਨਾਤਮਿਕ ਵਿਆਖਿਆ ਕੀਤੀ ਹੈ। ਇਸ ਲੇਖ ਵਿਚ ਜ਼ਫ਼ਰ ਨੇ 'ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ' ਦੇ ਨਾਂ ਤੇ ਰਾਜਨੀਤੀ ਕਰਨ ਵਾਲੇ ਰਾਜਨੀਤਿਕ ਅਤੇ ਧਾਰਮਿਕ ਲੀਡਰਾਂ ਦੀ ਚੰਗੀ ਖੁੰਭ ਠੱਪੀ ਹੈ। ਸਿੱਖਾਂ ਦੇ ਧਾਰਮਿਕ ਵਿਵਹਾਰ ਵਿਚ ਪਲ ਰਹੀਆਂ ਰਹੁ-ਰੀਤੀਆਂ ਅਤੇ ਵਿਗਾੜਾਂ ਨੂੰ ਪੇਸ਼ ਕਰਦੇ ਹੋਏ ਉਹ ਕਹਿੰਦਾ ਹੈ ਕਿ ਅਸੀਂ ਦੂਜਿਆਂ ਦੀ ਆਲੋਚਨਾ ਤਾਂ ਕਰਦੇ ਹਾਂ, ਪਰ ਆਪਣੀਆਂ ਬੁਰਾਈਆਂ ਨੂੰ ਵੇਖਣ ਜਾਂ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ। ਸਿੱਖ ਸਮਾਜ ਵਿਚ ਘਟ ਰਹੀ ਸਹਿਣਸ਼ੀਲਤਾ ਮੁੜ ਬਾਬੇ ਨਾਨਕ ਦੀ ਯਾਦ ਕਰਾਉਂਦੀ ਹੈ। ਜ਼ਫ਼ਰ ਨੇ ਆਪਣੀ ਕਵਿਤਾ ਦੀ ਕਿਤਾਬ 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਵਿਚ ਉੱਭਰ ਰਹੀਆਂ ਗੈਰ-ਸਿੱਖ ਸਿਧਾਂਤਕ ਪ੍ਰਵਿਰਤੀਆਂ ਦੀ ਆਲੋਚਨਾ ਕੀਤੀ ਸੀ। ਇਸ ਲੇਖ ਵਿਚ ਵੀ ਉਹ ਧਾਰਮਿਕ ਠੇਕੇਦਾਰਾਂ ਨੂੰ ਸਿੱਧੇ ਤੌਰ ਤੇ ਚੈਲਿੰਜ ਪੇਸ਼ ਕਰਦਾ ਹੈ। ਇਸ ਸਮੁੱਚੇ ਲੇਖ ਵਿਚ ਉਸਨੇ ਬਹੁਤ ਸਾਰੇ ਪੱਖਾਂ ਜਿਵੇਂ ਧਰਮ ਦੇ ਨਾਂ ਤੇ ਗੁੰਡਾ-ਗਰਦੀ, ਦੇਹਧਾਰੀ ਗੁਰੂਆਂ ਦੇ ਵਾਧੇ, ਸਿੱਖਾਂ 'ਚ ਵਧ ਰਹੀ ਮੂਰਤੀ ਪੂਜਾ, ਲੱਚਰ ਗੀਤ ਗਾਉਣ ਵਾਲਿਆਂ ਦੇ ਧਾਰਮਿਕ ਗੀਤ ਗਾਉਣ ਬਾਰੇ, ਸਿੱਖੀ ਵਿਚ ਵਧ ਰਹੇ ਕਰਮਕਾਂਡ, ਪੰਜਾਬ 'ਚ ਕੁੜੀਆਂ ਨੂੰ ਮਾਰਨਾ, ਸ਼ਰਾਬ ਦੀ ਵਧ ਰਹੀ ਵਰਤੋਂ, ਜਾਤ-ਪਾਤ ਦੀ ਸੰਸਥਾ ਅਤੇ ਪਰਾਈ-ਇਸਤਰੀ ਦਾ ਸੰਗ ਕਰਨ ਕਾਰਨ ਏਡਜ ਵਰਗੀ ਭਿਆਨਕ ਬਿਮਾਰੀ ਦੇ ਵਾਧੇ ਅਤੇ ਵਾਤਾਵਰਣ ਦੇ ਪ੍ਰਦੂਸ਼ਿਤ ਹੋਣ ਆਦਿ ਦੇ ਪੱਖਾਂ ਨੂੰ ਪੇਸ਼ ਕੀਤਾ ਹੈ। ਉਹ ਅਜੋਕੇ ਦੋਗਲੇ ਕਿਰਦਾਰ ਵਾਲੇ ਲੋਕਾਂ ਤੇ ਵਿਅੰਗ ਕਰਦਾ ਹੋਇਆ ਕਹਿੰਦਾ ਹੈ ''ਅਸੀਂ ਬੜੇ ਦੋਗਲੇ ਅਤੇ ਅਪ੍ਰਮਾਣਿਕ ਕਿਰਦਾਰ ਵਾਲੇ ਲੋਕ ਹਾਂ;h ਸੋਚਦੇ ਕੁਛ, ਕਹਿੰਦੇ ਕੁਛ ਤੇ ਕਰਦੇ ਕੁਛ ਹਾਂ।''[16] ਅਜਿਹੀਆਂ ਟਿੱਪਣੀਆਂ ਨਾਲ ਜ਼ਫ਼ਰ ਵਰਤਮਾਨ ਬੰਦੇ ਦੇ ਦੰਭੀ/ਦੋ-ਮੁਖੀ/ਦੋਗਲੇ ਕਿਰਦਾਰ ਵਲ ਸੰਕੇਤ ਕਰਦਾ ਹੈ। ਅਸਲ ਵਿਚ ਇਹ ਉਹ ਮੱਧ-ਵਰਗੀ ਚੇਤਨ ਵਰਗ ਹੈ ਜਿਹੜਾ ਆਪਣੀ ਚਲਾਕ ਭਾਸ਼ਾ ਰਾਹੀਂ ਆਪਣੇ ਕਿਰਦਾਰ ਨੂੰ ਛੁਪਾਉਣ ਦੀ ਸਮਰੱਥਾ ਰੱਖਦਾ ਹੈ। ਜਦੋਂ ਜ਼ਫ਼ਰ ਅਜਿਹੇ ਲੁਕੇ ਯਥਾਰਥ ਨੂੰ ਵੀ ਸਾਡੇ ਸਾਹਮਣੇ ਲਿਆਉਂਦਾ ਹੈ ਤਾਂ ਇਹ ਲੇਖ ਹੋਰ ਵੀ ਅਰਥ ਭਰਪੂਰ ਬਣ ਜਾਂਦੇ ਹਨ। ਜ਼ਫ਼ਰ ਨੇ ਆਪਣੇ ਇਸ ਲੇਖ ਵਿਚ ਕਬੀਰ ਅਤੇ ਗੁਰੂ ਨਾਨਕ ਦਾ ਹਵਾਲਾ ਦੇ ਕੇ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਧਰਮ ਕੇਵਲ ਵਿਸ਼ਵਾਸ਼ ਜਾਂ ਅੰਧ-ਵਿਸ਼ਵਾਸ਼ ਦਾ ਵਿਸ਼ਾ ਨਹੀਂ, ਹੁਣ ਇਹ ਵੀ ਤਰਕ ਦਾ

ਵਿਸ਼ਾ ਹੈ।

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਜਸਵੰਤ ਜ਼ਫ਼ਰ ਦੀ ਇਸ ਪੁਸਤਕ ਦੇ ਸਾਰੇ ਲੇਖ ਭਾਵੇਂ ਵਿਭਿੰਨ ਸਰੋਕਾਰਾਂ ਨਾਲ ਜੁੜੇ ਹੋਏ ਹਨ ਪਰ ਉਹਨਾਂ ਦਾ ਕੇਂਦਰੀ ਸੂਤਰ ਵਰਤਮਾਨ ਪ੍ਰਸੰਗ ਵਿਚ ਗੁਰਮਤਿ ਦਰਸ਼ਨ ਦੀ ਪ੍ਰਸੰਗਿਕਤਾ ਬਣਦਾ ਨਜ਼ਰ ਆਉਂਦਾ ਹੈ। ਇਸੇ ਕਰ ਕੇ ਜ਼ਫ਼ਰ ਨੇ ਸਾਰੀ ਪੁਸਤਕ ਵਿਚ ਗੁਰਬਾਣੀ ਦੀਆਂ ਤੁਕਾਂ ਦੇ ਹਵਾਲੇ ਨਾਲ ਗੱਲ ਕੀਤੀ ਹੈ, ਕਿਉਂਕਿ ਉਸਨੂੰ ਜਾਪਦਾ ਹੈ ਕਿ ਸਾਡੇ ਲੋਕ ਗੁਰੂ ਦੇ ਉਪਦੇਸ਼ਾਂ ਦਾ ਸਿਰਫ਼ ਮੁਹਾਵਰਾ ਹੀ ਕਰਦੇ ਹਨ ਜਾਂ ਕੇਵਲ ਰੱਟਾ ਹੀ ਲਾਉਂਦੇ ਹਨ ਜਾਂ ਪ੍ਰਚਾਰ ਹੀ ਕਰਦੇ ਹਨ, ਅਮਲ ਨਹੀਂ ਕਰਦੇ।

**ਹਵਾਲੇ ਅਤੇ ਟਿੱਪਣੀਆਂ**


1. ਜਸਵੰਤ ਜ਼ਫ਼ਰ, 'ਸਿਖੁ ਸੋ ਖੋਜਿ ਲਹੈ', ਪੰਨਾ 25
2. ਉਹੀ, ਪੰਨਾ 31
3. ਉਹੀ, ਪੰਨਾ 34
4. ਉਹੀ, ਪੰਨਾ 44-45
5. ਉਹੀ, ਪੰਨਾ 47
6. ਉਹੀ, ਪੰਨਾ 47
7. ਉਹੀ, ਪੰਨਾ 62-63
8. ਉਹੀ, ਪੰਨਾ 65
9. ਉਹੀ, ਪੰਨਾ 67
10. ਉਹੀ, ਪੰਨਾ 88
11. ਉਹੀ, ਪੰਨਾ 89
12. ਉਹੀ, ਪੰਨਾ 90
13. ਉਹੀ, ਪੰਨਾ 96
14. ਉਹੀ, ਪੰਨਾ 98
15. ਉਹੀ, ਪੰਨਾ 101
16. ਉਹੀ, ਪੰਨਾ 106



ਗੁਰਪ੍ਰੀਤ ਸਿੰਘ

ਰਿਸਰਚ ਸਕਾਲਰ

ਪੰਜਾਬੀ ਵਿਭਾਗ,

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

# ਚੰਦਨ ਨੇਗੀ ਦੀਆਂ ਕਹਾਣੀਆਂ ਵਿਚ ਡੁੱਗਰ ਆਂਚਲਿਕਤਾ

ਪੰਜਾਬੀ ਗਲਪ ਸਾਹਿੱਤ ਦੇ ਖੇਤਰ ਵਿਚ ਚੰਦਨ ਨੇਗੀ ਦਾ ਸਥਾਨ ਅਤੇ ਨਾਮ ਜਾਣਿਆ ਪਛਾਣਿਆ ਵੀ ਹੈ ਅਤੇ ਆਦਰਯੋਗ ਵੀ। ਉਸ ਨੇ ਪੰਜਾਬੀ ਸਾਹਿੱਤ ਨੂੰ ਆਪਣੀਆਂ ਕਹਾਣੀਆਂ ਅਤੇ ਨਾਵਲਾਂ ਨਾਲ ਗਿਣਾਤਮਿਕ ਅਤੇ ਗੁਣਾਤਮਿਕ ਦੋਨਾਂ ਪੱਖਾਂ ਤੋਂ ਅਮੀਰ ਬਣਾਇਆ ਹੈ। ਉਸ ਦੇ ਨਵੇਂ ਕਹਾਣੀ ਸੰਗ੍ਰਹਿ 'ਹਰਖ ਸੋਗ' ਜੋ 2004 ਵਿਚ ਪ੍ਰਕਾਸ਼ਿਤ ਹੋਇਆ ਨਾਲ ਇੱਕ ਸਥਾਪਿਤ ਲੇਖਕਾਂ ਵਜੋਂ ਉੱਭਰੀ। ਕਹਾਣੀ ਦੇ ਖੇਤਰ ਵਿਚ ਉਸ ਨੇ ਲਗਭਗ ਗਿਆਰਾਂ ਦੇ ਕਰੀਬ ਕਹਾਣੀ ਸੰਗ੍ਰਹਿ ਪੰਜਾਬੀ ਸਾਹਿੱਤ ਦੀ ਝੋਲੀ ਪਾਏ ਹਨ। ਇਸ ਤੋਂ ਬਿਨਾਂ ਉਸ ਨੇ ਪੰਜਾਬੀ ਨਾਵਲ ਅਤੇ ਅਨੁਵਾਦਕ ਪੁਸਤਕਾਂ ਨਾਲ ਪੰਜਾਬੀ ਸਾਹਿੱਤ ਨੂੰ ਅਮੀਰ ਬਣਾਇਆ ਹੈ। ਉਸ ਦੀ ਕਹਾਣੀ ਕਲਾ ਦੀ ਵੱਡੀ ਖ਼ੂਬੀ ਇਹ ਹੈ ਕਿ ਉਸ ਨੇ ਸਮਾਜ ਦੇ ਵੱਖ-ਵੱਖ ਖੇਤਰਾਂ ਵਿਚੋਂ ਪ੍ਰਾਪਤ ਕੀਤੇ ਨਿੱਜੀ ਅਨੁਭਵਾਂ ਨੂੰ ਆਪਣੇ ਸੁਹਜਮਈ ਅਤੇ ਕਲਾਮਈ ਬਿੰਬਾਂ ਅਤੇ ਪ੍ਰਤੀਕਾਂ ਵਿਚ ਅਜਿਹੀ ਸ਼ੈਲੀ ਰਾਹੀ ਵਿਉਂਤਿਆ ਕਿ ਉਸ ਦੀ ਪੰਜਾਬੀ ਕਹਾਣੀ ਦੇ ਖੇਤਰ ਵਿਚ ਇੱਕ ਵਿਲੱਖਣ, ਵੱਖਰੀ ਅਤੇ ਬਹੁਮੁੱਲੀ ਪਛਾਣ ਸਥਾਪਤ ਹੋ ਗਈ ਹੈ।

ਚੰਦਨ ਨੇਗੀ ਦੀਆਂ ਕਹਾਣੀਆਂ ਦਾ ਸੰਦੇਸ਼ ਸਮਾਜਿਕ ਬੁਰਾਈਆਂ ਅਤੇ ਔਰਤ ਦੀ ਮੰਦਹਾਲੀ ਹਾਲਤ ਨੂੰ ਪਛਾਣਨਾ ਅਤੇ ਇਹਨਾਂ ਦਾ ਹੱਲ ਲੱਭਣ ਉੱਪਰ ਜੋਰ ਹੈ। ਉਸ ਦੀਆਂ ਵਧੇਰੇ ਕਹਾਣੀਆਂ ਉਸ ਦੇ ਜੀਵਨ ਵਿਚਲੀਆਂ ਯਾਦਾਂ ਤੇ ਜ਼ਿੰਦਗੀ ਵਿਚੋਂ ਪ੍ਰਾਪਤ ਹੋਏ ਨਿੱਜੀ ਅਨੁਭਵਾਂ ਦਾ ਹੀ ਵਿਸਥਾਰ ਹਨ। ਇਸ ਗੁਣ ਕਰ ਕੇ ਚੰਦਨ ਨੇਗੀ ਦਾ ਪੰਜਾਬੀ ਕਹਾਣੀਕਾਰਾਂ ਅਤੇ ਸਾਹਿਤਕਾਰਾਂ ਵਿਚ ਇੱਕ ਵਿਸ਼ੇਸ਼ ਅਤੇ ਵਿਲੱਖਣ ਸਥਾਨ ਹੈ। ਚੰਦਨ ਨੇਗੀ ਦੀਆਂ ਕਹਾਣੀਆਂ ਦਾ ਮੁੱਖ ਖੇਤਰ ਜੰਮੂ-ਕਸ਼ਮੀਰ ਹੈ। ਇਸ ਕਰ ਕੇ ਉਸ ਨੇ ਆਪਣੇ ਨਿੱਜੀ ਅਨੁਭਵਾਂ ਉੱਪਰ ਉੱਥੋਂ ਦੀ ਭੂਗੋਲਿਕ ਸਥਿਤੀ, ਧਾਰਮਿਕ ਵਿਸ਼ਵਾਸ, ਉੱਥੋਂ ਦੇ ਲੋਕਾਂ ਦੀ ਸਮਾਜਕ, ਆਰਥਿਕ ਸਥਿਤੀ, ਔਰਤ ਪ੍ਰਤੀ ਸਮਾਜ ਦਾ ਵਤੀਰਾ, ਵਹਿਮ-ਭਰਮ, ਰਸਮ-ਰਿਵਾਜ਼,ਦੇਸ਼ ਵੰਡ ਦਾ ਅਸਰ, ਬਦਲ ਰਹੀ ਸਥਿਤੀ ਵਿਚ ਪੁਰਾਣੇ ਜੀਵਨ ਦੀ ਥਾਂ ਨਵੀਆਂ ਕੀਮਤਾਂ ਦਾ ਅਸਰ ਆਦਿ ਜੀਵਨ ਦੇ ਸਾਰੇ ਪੱਖਾਂ ਦਾ ਆਪਣੀ ਸਿਰਜਣ ਪ੍ਰਕਿਰਿਆ ਵਿਚ ਚਿਤਰਨ ਕੀਤਾ ਹੈ। ਚੰਦਨ ਨੇਗੀ ਦੀਆਂ ਕਹਾਣੀਆਂ ਵਿਚੋਂ ਜੰਮੂ-ਕਸ਼ਮੀਰ ਦੇ ਡੁੱਗਰ ਜਨ-ਜੀਵਨ ਦੀ ਤਸਵੀਰ ਪ੍ਰਤੱਖ ਰੂਪ ਵਿਚ ਉਜਾਗਰ ਹੁੰਦੀ ਹੈ। ਉਸ ਨੇ ਆਪਣੇ ਕਹਾਣੀ ਸੰਗ੍ਰਹਿ 'ਬਾਰਿ ਪਰਾਇ* ਦੇ ਮੁੱਖ ਬੰਦ ਵਿਚ ਕਿਹਾ ਹੈ ਕਿ:

ਮੈਂ ਡੋਗਰੀ ਜਨ-ਜੀਵਨ, ਸਭਿਆਚਾਰ, ਲੋਕ-ਧਾਰਾ, ਰਸਮ-ਰਿਵਾਜ, ਬੋਲੀ ਨੂੰ ਜੰਮੂ-ਕਸ਼ਮੀਰ ਦੀ ਸਥਾਨਕ ਰੰਗਤ ਨਾਲ ਚਿੱਤਰ ਕੇ ਸਮਾਜਕ, ਧਾਰਮਿਕ, ਕਲਾਤਮਿਕ ਸਮਗਰੀ ਨੂੰ ਪੇਸ਼ ਕੀਤਾ ਹੈ।[1]

ਇਸ ਤਰ੍ਹਾਂ ਚੰਦਨ ਨੇਗੀ ਦੀਆਂ ਕਹਾਣੀਆਂ ਵਿਚ ਡੁੱਗਰ ਆਂਚਲਿਕਤਾ ਭਰਪੂਰ ਰੂਪ ਵਿਚ

ਪੇਸ਼ ਹੋਈ ਹੋਈ ਮਿਲਦੀ ਹੈ। ਜੰਮੂ-ਕਸ਼ਮੀਰ ਦੇ ਹਰ ਕੋਨੇ ਵਿਚੋਂ ਪੰਜਾਬੀ ਭਾਸ਼ਾ ਦੀ ਮਹਿਕ ਆਉਂਦੀ ਹੈ ਅਤੇ ਪੰਜਾਬੀ ਭਾਸ਼ਾ ਦੇ ਕਈ ਵੱਖ-ਵੱਖ ਸਥਾਨਿਕ ਰੂਪ ਸਾਹਮਣੇ ਆਉਂਦੇ ਹਨ, ਜਿਨ੍ਹਾਂ ਵਿਚੋਂ ਪੁਣਛੀ, ਮੀਰਾਪੁਰ, ਮੁਜਫ਼ਰਾਬਾਦ, ਡੋਗਰੀ ਤੇ ਗੋਜਰੀ ਆਦਿ ਇਲਾਕੇ ਹਨ ਜਿਨ੍ਹਾਂ ਵਿਚੋਂ ਡੁੱਗਰ ਆਂਚਲਿਕਤਾ ਦੀ ਖ਼ੁਸ਼ਬੂ ਆਉਂਦੀ ਹੈ ਜੋ ਆਪਣੇ ਆਪ ਕਹਾਣੀਆਂ ਵਿਚ ਝਲਕਾਰਾ ਮਾਰਦੀ ਹੈ। ਇਹਨਾਂ ਸਭ ਦਾ ਵਰਣਨ ਪ੍ਰਤੱਖ ਰੂਪ ਵਿਚ ਚੰਦਨ ਨੇਗੀ ਦੀਆਂ ਕਹਾਣੀਆਂ ਵਿਚੋਂ ਮਿਲਦਾ ਹੈ। ਭਾਸ਼ਾਈ ਵੱਖਰਤਾ ਉਸ ਦੀਆਂ ਕਹਾਣੀਆਂ ਦੀ ਇੱਕ ਹੋਰ ਵਿਸ਼ੇਸ਼ਤਾ ਰਹੀ ਹੈ। ਉਦਾਹਰਨ ਦੇ ਤੌਰ ਤੇ 'ਦਸਤਕ* ਕਹਾਣੀ ਵਿਚ ਕ੍ਰਿਸ਼ਨਾ ਭੈਣ ਦੀ ਵਾਰਤਾਲਾਪ ਵਿਚ ਉਪਭਾਸ਼ਾਈ ਸ਼ਬਦ ਆਪਣੇ ਆਪ ਝਲਕਦੇ ਹਨ, ਜਿਹੜੇ ਇਸ ਖੇਤਰ ਨੂੰ ਡੁੱਗਰ ਜਨ-ਜੀਵਨ ਦੇ ਵਸਨੀਕ ਹੋਣ ਦਾ ਪਤਾ ਦੱਸਦੇ ਹਨ ਜਿਵੇਂ ਕਿ:

> ਇੱਥੇ ਘੇਹੋ ਜੇਹੇ ਘ੍ਰਾਰ ਨ........ਡਬੇ ਡਬੇ ਬਣਵੇ.....
> .......ਸਾਡੇ ਤਾਂ ਸੋਹਣੇ ਖੁੱਲ੍ਹੇ ਘ੍ਰਾਰ.........ਖੁੱਲ੍ਹੇ ਦਾਲਾਨ...........ਵੱਡੇ
> ਵੇਹੜੇ ਨ ........[2]

ਅਜਿਹੀਆਂ ਕਹਾਣੀਆਂ ਵਿਚ ਉਪਭਾਸ਼ਾਈ ਖੇਤਰ ਨਾਲ ਸੰਬੰਧਿਤ ਭਾਸ਼ਾ ਵਰਤ ਕੇ ਚੰਦਨ ਨੇਗੀ ਨੇ ਆਪਣੀਆਂ ਕਹਾਣੀਆਂ ਨੂੰ ਡੁੱਗਰ ਖੇਤਰ ਨਾਲ ਸੰਬੰਧਿਤ ਹੋਣ ਦਾ ਸਬੂਤ ਦਿੱਤਾ ਹੈ। ਕਹਾਣੀ ਵਿਚਲੀ ਵਿਸ਼ੇਸ਼ ਸਮਾਜਕ, ਸਭਿਆਚਾਰਕ ਸਥਿਤੀ ਉਸ ਨੂੰ ਬਾਕੀ ਖੇਤਰਾਂ ਨਾਲੋਂ ਵੱਖਰਾ ਨਿਸ਼ਚਿਤ ਕਰਦੀ ਹੈ। ਕਹਾਣੀ ਵਿਚ ਬਿਆਨ ਕੀਤੀ ਭੂਗੋਲਿਕ ਸਥਿਤੀ ਨਾਲ ਸੰਬੰਧਿਤ ਵੇਰਵੇ ਤੋਂ ਪਾਠਕ ਵਰਗ ਨੂੰ ਸੰਪੂਰਨ ਆਲੇ ਦੁਆਲੇ ਦੀ ਜਾਣਕਾਰੀ ਸਹਿਜੇ ਹੀ ਹੋ ਜਾਂਦੀ ਹੈ। ਚੰਦਨ ਨੇਗੀ ਨੇ ਆਪਣੀਆਂ ਕਹਾਣੀਆਂ ਵਿਚ ਸਥਾਨਿਕ ਸਭਿਆਚਾਰਕ ਦ੍ਰਿਸ਼ਾਂ ਨੂੰ ਕੇਂਦਰੀ ਵਿਸ਼ੇ ਜਿਨ੍ਹਾਂ ਹੀ ਮਹੱਤਵਪੂਰਨ ਸਥਾਨ ਦਿੱਤਾ ਹੈ। ਚੰਦਨ ਨੇਗੀ ਵਾਤਾਵਰਨ ਦ੍ਰਿਸ਼ਟੀ ਤੇ ਸਥਾਨਿਕ ਰੰਗਾਂ ਨੂੰ ਧਿਆਨ ਵਿਚ ਰੱਖ ਕੇ ਕਹਾਣੀ ਦੀ ਵਿਉਂਤਬੰਦੀ ਕਰਦੀ ਹੈ। ਉਦਾਹਰਨ ਵਜੋਂ 'ਸਿੱਲ੍ਹ* ਕਹਾਣੀ ਦਾ ਆਰੰਭ ਵੀ ਵਾਤਾਵਰਣੀ ਦ੍ਰਿਸ਼ਾਂ ਨੂੰ ਵਾਰ-ਵਾਰ ਉਘਾੜਦਾ ਹੈ। ਜਿਨ੍ਹਾਂ ਦ੍ਰਿਸ਼ਾਂ ਨੂੰ ਚੰਦਨ ਨੇਗੀ ਨੇ ਡੁੱਗਰ ਖੇਤਰ ਵਿਚ ਵਿਚਰਨ ਕਰ ਕੇ ਆਪਣੇ ਨਿੱਜੀ ਅਨੁਭਵਾਂ ਦੇ ਆਧਾਰ ਤੇ ਵਾਤਾਵਰਣੀ ਦ੍ਰਿਸ਼ਾਂ ਰਾਹੀਂ ਆਪਣੀਆਂ ਕਹਾਣੀਆਂ ਵਿਚ ਪ੍ਰਗਟਾਇਆ ਹੈ।

> ਕਈ ਦਿਨਾਂ ਦੀ ਝੜੀ ਲੱਗੀ ਹੋਈ ਹੈ। ਕਦੀ ਕਿਣ-ਮਿਣ ਕਿਣ-ਮਿਣ ਅਤੇ ਕਦੀ ਰੁਣ-ਝੁਣ। ਸ਼ਰ-ਸ਼ਰ ਕਰਦੇ ਪਾਣੀ ਦਾ ਸ਼ੋਰ ਜਾਂ ਕਹਾਣੀਆਂ ਦਾ ਸੁਖਾਵਾਂ ਮਧੁਰ ਸੰਗੀਤ, ਕਾਲੇ ਘਨਘੋਰ ਬੱਦਲਾਂ ਦੀ ਚਾਦਰ ਨਾ ਕਿੱਧਰੋਂ ਘਸਦੀ ਹੈ ਨਾ ਫਟਦੀ ਹੈ। ਸੂਰਜ ਦੀ ਕੋਈ ਵੀ ਕਿਰਨ ਧਰਤੀ ਉੱਤੇ ਝਾਤ ਨਹੀਂ ਮਾਰਦੀ।[3]

ਚੰਦਨ ਨੇਗੀ ਨੇ ਆਪਣੀ ਕਹਾਣੀ ਕਲਾ ਦਾ ਆਰੰਭ ਵੀ ਜੰਮੂ ਖੇਤਰ ਵਿਚ ਹੀ ਕੀਤਾ ਹੈ ਜਿਸ ਕਾਰਨ ਉਸ ਦੀਆਂ ਕਹਾਣੀਆਂ ਵਿਚੋਂ ਸਥਾਨਿਕ ਰੰਗ ਵਧੇਰੇ ਤੀਖਣ ਹੈ। ਚੰਦਨ ਨੇਗੀ ਦੀਆਂ ਬਹੁਤੀਆਂ ਕਹਾਣੀਆਂ ਵਿਚ ਡੁੱਗਰ ਸਭਿਆਚਾਰ, ਧਾਰਮਿਕ ਜਨ-ਜੀਵਨ ਦਾ ਵਰਣਨ ਵੀ ਮਿਲਦਾ ਹੈ ਕਿ ਕਿਸ ਤਰ੍ਹਾਂ ਲੋਕ ਸਵੇਰ ਨੂੰ ਮੰਦਰਾਂ ਵਿਚ ਆਰਤੀ ਕਰਦੇ ਹਨ। ਚੰਦਨ ਨੇਗੀ ਡੁੱਗਰ ਜਨ-ਜੀਵਨ ਦੀ ਅਜਿਹੀ ਧਾਰਮਿਕ ਬਿਰਤੀ ਨੂੰ ਆਪਣੀਆਂ ਕਹਾਣੀਆਂ ਵਿਚ ਬੜੇ ਸਹਿਜਤਾ ਨਾਲ ਬਿਆਨ ਕਰਦੀ

ਹੈ, ਜਿਸ ਤੋਂ ਪਾਠਕ ਵਰਗ ਨੂੰ ਅਜਿਹੇ ਡੁੱਗਰ ਜਨ-ਜੀਵਨ ਦੀ ਧਾਰਮਿਕ ਬਿਰਤੀ ਦਾ ਸਹਿਜੇ ਗਿਆਨ ਹੋ ਜਾਂਦਾ ਹੈ। ਚੰਦਨ ਨੇਗੀ ਆਪਣੀ ਕਹਾਣੀ ਦੇ ਜਨਮ ਬਾਰੇ ਕਹਿੰਦੀ ਹੈ ਕਿ :

> ਮੇਰੀ ਕਹਾਣੀ ਦਾ ਜਨਮ ਤਵੀ ਦੇ ਕੰਢੇ, ਉੱਚੀਆਂ ਪਹਾੜੀਆਂ, ਟਿੱਲਿਆਂ ਦੇ ਵੱਸਦੇ ਮੰਦਰਾਂ ਦੇ ਸ਼ਹਿਰ ਜੰਮੂ ਵਿਚ ਹੋਇਆ ਹੈ।[4]

ਇਸ ਪ੍ਰਕਾਰ ਚੰਦਨ ਨੇਗੀ ਨੇ ਆਪਣੀਆਂ ਕਹਾਣੀਆਂ ਵਿਚ ਜੰਮੂ-ਖੇਤਰ ਦੇ ਡੁੱਗਰ ਜਨ-ਜੀਵਨ ਦੀ ਤਸਵੀਰ ਨੂੰ ਚਿਤਰਿਆ ਹੈ। ਉਸ ਨੇ ਕਈ ਥਾਵਾਂ ਤੇ ਸਥਾਨਿਕ ਪੱਧਰ ਤੇ ਰੁਮਾਂਟਿਕਤਾ ਦਾ ਸਹਾਰਾ ਵੀ ਲਿਆ ਹੈ। ਉਸ ਨੇ ਇਸ ਇਲਾਕੇ ਦੇ ਸਧਾਰਨ ਪਾਤਰਾਂ ਦੇ ਨਾਲ-ਨਾਲ ਉਚੇਰੀ ਮਾਨਸਿਕਤਾ ਵਾਲੇ ਪਾਤਰਾਂ ਨੂੰ ਵੀ ਚਿੱਤਰ ਕੇ ਰਵਾਇਤੀ ਅਤੇ ਆਧੁਨਿਕ ਕਦਰਾਂ-ਕੀਮਤਾਂ ਵਾਲੇ ਚੋਣਵੇਂ ਵਸਤੂ-ਜਗਤ ਨੂੰ ਸਥਾਨਿਕ ਬੋਲੀ ਵਿਚ ਪੇਸ਼ ਕਰਦਿਆਂ ਡੁੱਗਰ ਦੇ ਧਾਰਮਿਕ ਬਿਰਤੀ ਵਾਲੇ ਜਨ-ਜੀਵਨ ਨੂੰ ਬਾਖ਼ੂਬੀ ਪੇਸ਼ ਕੀਤਾ ਹੈ।

ਅਜੋਕੇ ਭਾਰਤੀ ਲੋਕ ਜੰਮੂ-ਕਸ਼ਮੀਰ ਵਿਚ ਪੰਜਾਬੀ ਭਾਸ਼ਾ ਅਤੇ ਇਸ ਦੀਆਂ ਉਪਭਾਸ਼ਾਵਾਂ ਬੋਲਦੇ ਹਨ। ਡੁੱਗਰ ਖੇਤਰ ਵੀ ਇੱਕ ਬਹੁ ਭਾਸ਼ਾਈ ਇਲਾਕਾ ਹੈ, ਜਿਸ ਕਾਰਨ ਹਰ ਸਮਾਜ ਦੀ ਭਾਸ਼ਾ ਤੇ ਸਭਿਆਚਾਰ ਵਿਚ ਥੋੜ੍ਹਾ ਬਹੁਤਾ ਅੰਤਰ ਵੀ ਹੈ। ਚੰਦਨ ਨੇਗੀ ਨੇ ਇਸ ਰਲਗੱਡ ਭਾਸ਼ਾ, ਲੋਕ-ਧਾਰਾ, ਸਮਾਜਿਕ ਜੀਵਨ ਤੇ ਸਭਿਆਚਾਰਾਂ ਨੂੰ ਆਪਣੀਆਂ ਕਹਾਣੀਆਂ ਵਿਚ ਬਾਖ਼ੂਬੀ ਦ੍ਰਿਸ਼ਮਾਨ ਕੀਤਾ ਹੈ। ਉਦਾਹਰਨ ਦੇ ਤੌਰ 'ਸਗਲਿ ਸੰਗਿ' ਕਹਾਣੀ ਵਿਚ ਚੰਦਨ ਨੇਗੀ ਨੇ ਡੁੱਗਰ ਦੇ ਪੇਂਡੂ ਜਨ-ਜੀਵਨ ਦੇ ਪਛੜੇਵੇਂ ਅੰਧ-ਵਿਸ਼ਵਾਸ਼ਾਂ ਨੂੰ ਠੋਸ ਰੂਪ ਵਿਚ ਪੇਸ਼ ਕੀਤਾ ਹੈ। ਇਸੇ ਤਰ੍ਹਾਂ ਕਹਾਣੀ 'ਪਲੰਦੇ* ਵਿਚੋਂ ਚੰਦਨ ਨੇਗੀ ਨੇ ਮੋਤੀਆ ਦੀ ਸੱਸ ਦੇ ਅਜਿਹੇ ਅੰਧ ਵਿਸ਼ਵਾਸੀ ਵਿਵਹਾਰਿਕ ਰੂਪ ਨੂੰ ਪੇਸ਼ ਕੀਤਾ ਹੈ। ਮੋਤੀਆ ਦੀ ਸੱਸ ਮਾਨਸਿਕ ਤੌਰ ਤੇ ਆਪਣੇ ਆਪ ਨੂੰ ਕੋਸਦੀ ਹੈ ਕਿ ਹਰ ਸਾਲ ਕੁੜੀ ਹੀ ਕਿਉਂ ਜਨਮ ਲੈਂਦੀ ਹੈ ਮੁੰਡਾ ਕਿਉਂ ਨਹੀਂ ਜਨਮ ਲੈਂਦਾ ਜਿਸ ਕਰ ਕੇ ਮੋਤੀਆ ਦੀ ਸੱਸ ਘਰ ਦਾ ਵਾਰਿਸ ਲੈਣ ਲਈ ਜਾਦੂ ਟੂਣਿਆਂ, ਧਾਗੇ ਤਵੀਤਾਂ ਆਦਿ ਦੇ ਉਹੜ-ਪੋਹੜ ਵੀ ਕਰਦੀ ਹੈ, ਜਿਸ ਸਥਿਤੀਮਈ ਦ੍ਰਿਸ਼ ਨੂੰ ਚੰਦਨ ਨੇਗੀ ਨੇ ਆਪਣੀ ਕਹਾਣੀ ਵਿਚ ਚਿਤਰਿਆ ਹੈ ਕਿ:

ਮੋਤੀਆ ਦੀ ਸੱਸ ਨੇ ਪੀਰ-ਫ਼ਕੀਰ, ਡਾਕਟਰ, ਨਰਸਾਂ,

> ਦਾਈਆਂ, ਧਾਗੇ ਤਵੀਤ, ਝਾੜੇ ਫੂਕੇ ਕੋਈ ਵੀ ਤਾਂ ਦਰ
> ਨੀਂ ਸੀ ਛੱਡਿਆ।[5]

ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਚੰਦਨ ਨੇਗੀ ਦੀਆਂ ਕਹਾਣੀਆਂ ਵਿਚ ਡੁੱਗਰ ਰਸਮ-ਰਿਵਾਜ, ਵਹਿਮ-ਭਰਮ, ਸਮਾਜਕ ਸਭਿਆਚਾਰਕ, ਧਾਰਮਿਕ ਜਨ-ਜੀਵਨ ਹੂਬਹੂ ਦਿਖਾਈ ਦਿੰਦਾ ਹੈ, ਜਿਨ੍ਹਾਂ ਨੂੰ ਚੰਦਨ ਨੇਗੀ ਨੇ ਆਪਣੀਆਂ ਕਹਾਣੀਆਂ ਵੱਖ-ਵੱਖ ਦ੍ਰਿਸ਼ਾਂ, ਵਾਰਤਾਲਾਪ, ਵਾਤਾਵਰਨ, ਘਟਨਾਵਾਂ, ਖੇਤਰੀ ਬੋਲੀ ਆਦਿ ਨੂੰ ਡੁੱਗਰ ਖੇਤਰ ਦੇ ਮਾਹੌਲ ਅਨੁਕੂਲ ਢਾਲ ਕੇ ਪ੍ਰਗਟਾਇਆ ਹੈ, ਜਿਸ ਤੋਂ ਉਸ ਦੀਆਂ ਕਹਾਣੀਆਂ ਦੀ ਵਿਸ਼ੇਸ਼ਤਾ ਅਤੇ ਵਿਲੱਖਣਤਾ ਆਪਣੇ ਆਪ ਪ੍ਰਗਟ ਹੁੰਦੀ ਹੈ।

## ਹਵਾਲੇ ਤੇ ਟਿੱਪਣੀਆਂ

1. ਨੇਗੀ ਚੰਦਨ, ਬਾਰਿ ਪਰਾਇ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1986, ਪੰਨਾ-13.
2. ਉਹੀ, ਚੋਣਵੀਂਆਂ ਕਹਾਣੀਆਂ, ਜੈੱਮ ਪ੍ਰਿੰਟਰਜ਼, ਜਲੰਧਰ, 1995, ਪੰਨਾ-113.
3. ਉਹੀ, ਹਰਖ ਸੋਗ, ਰਚਨਾ ਪਬਲਿਸ਼ਰਜ਼, ਦਿੱਲੀ, 2004, ਪੰਨਾ-26.
4. ਉਹੀ, ਚਿਤੁ ਗੁਪਤ, ਨਿਊ ਏਜ਼ ਬੁੱਕ ਸੈਂਟਰ, ਅੰਮ੍ਰਿਤਸਰ, 1978, ਪੰਨਾ-105.
5. ਉਹੀ, ਹਰਖ ਸੋਗ, ਰਚਨਾ ਪਬਲਿਸ਼ਰਜ਼, ਦਿੱਲੀ, 2004, ਪੰਨਾ-77.

ਡਾ. ਮੇਜਰ ਸਿੰਘ
ਅਸਿਸਟੈਂਟ ਪ੍ਰੋਫ਼ੈਸਰ
ਦੇਸ਼-ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ
ਸੰਪਰਕ: 97790-06299



Village of Jammu and Kashmir



# ਸੋਫ਼ੀ ਪਿੰਡ ਦੇ ਘੁਮਿਆਰ ਸਮਾਜ ਦਾ ਸਭਿਆਚਾਰਕ ਅਧਿਐਨ

ਕੋਈ ਵੀ ਸਮਾਜ ਸਭਿਆਚਾਰ ਵਿਹੂਣਾ ਨਹੀਂ ਹੁੰਦਾ ਹਰ ਸਮਾਜ ਦਾ ਆਪਣਾ ਇੱਕ ਸਭਿਆਚਾਰ ਹੁੰਦਾ ਹੈ। ਘੁਮਿਆਰ ਸਮਾਜ ਦਾ ਵੀ ਆਪਣਾ ਇੱਕ ਸਭਿਆਚਾਰ ਹੈ। ਜਿਸ ਵਿਚ ਉਨ੍ਹਾਂ ਦਾ ਰਹਿਣ-ਸਹਿਣ, ਖਾਣ-ਪੀਣ, ਪਹਿਰਾਵਾ, ਲੋਕ-ਧੰਦੇ, ਅਨੁਸ਼ਠਾਨ, ਲੋਕ-ਧਰਮ ਆਦਿ ਹੋਰਨਾਂ ਸਭਿਆਚਾਰਾਂ ਨਾਲੋਂ ਕੁੱਝ ਹੱਦ ਤੱਕ ਭਿੰਨ ਹਨ, ਪਰ ਅਜੋਕੇ ਆਧੁਨਿਕ-ਕਰਨ, ਵਿਸ਼ਵੀਕਰਨ ਤੇ ਤਕਨੀਕੀ ਯੁੱਗ ਨੇ ਹਰ ਸਮਾਜ ਦੇ ਸਭਿਆਚਾਰਾਂ ਵਿਚ ਸਮਾਨਤਾ ਕਾਇਮ ਕਰ ਦਿੱਤੀ ਹੈ। ਘੁਮਿਆਰ ਮਿੱਟੀ ਦੇ ਭਾਂਡੇ ਬਣਾਉਣ ਵਾਲੇ ਕਾਰੀਗਰ ਨੂੰ ਕਿਹਾ ਜਾਂਦਾ ਹੈ, ਇਸੇ ਕਾਰਜ ਤੋਂ ਇਹ ਇੱਕ ਵੱਖਰੀ ਜਾਤੀ ਬਣ ਕੇ ਵਿਚਰਨ ਲੱਗੀ। ਹੈ। ਜਿਸ ਕਾਰਨ ਇਨ੍ਹਾਂ ਨੂੰ ਘੁਮਿਆਰ ਜਾਤੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਕਲਾ ਵਿਸ਼ਵ ਵਿਆਪੀ ਹੁੰਦੀ ਹੈ। ਕਲਾ ਹਰ ਸਮੇਂ ਹਰ ਸਭਿਆਚਾਰ ਵਿਚ ਮੌਜੂਦ ਸੀ ਕਿਉਂਕਿ ਕਲਾ ਸਭਿਆਚਾਰ ਦਾ ਵਿਸ਼ੇਸ਼ ਅੰਗ ਹੈ । ਕਲਾ ਦਾ ਦਾਇਰਾ ਬਹੁਤ ਵੱਡਾ ਹੈ । ਕਲਾ ਉਹ ਸਾਗਰ ਹੈ । ਜਿਸ ਵਿਚ ਕਲਾ ਦੀਆਂ ਛੋਟੀਆਂ ਵੱਡੀਆਂ ਨਦੀਆਂ ਆ ਕੇ ਸਮਾ ਜਾਂਦੀਆਂ ਹਨ। ਲੋਕ ਕਲਾਵਾਂ ਦੀ ਸ਼੍ਰੇਣੀ ਵਿਚ ਲੋਕ ਕਿੱਤੇ/ਧੰਦੇ, ਲੋਕ ਸੰਗੀਤ, ਲੋਕ ਨਾਟ, ਲੋਕ ਨਾਚ, ਚਿੱਤਰਕਾਰੀ, ਮੂਰਤੀਕਾਰ/ਸ਼ਿਲਪਕਾਰੀ, ਇਮਾਰਤ ਸਾਜੀ ਆਦਿ ਕਲਾਵਾਂ ਆ ਜਾਂਦੀਆਂ ਹਨ । ਲੋਕ ਕਲਾ ਲੋਕ-ਧਾਰਾ ਦੀ ਹੀ ਦੇਣ ਹੁੰਦੀ ਹੈ । ਜੇਕਰ ਕਿਸੇ ਖੇਤਰ ਦੇ ਸਭਿਆਚਾਰ ਨੂੰ ਜਾਣਨਾ ਜਾਂ ਪਹਿਚਾਨਣਾ ਹੋਵੇ ਤਾਂ ਉਸ ਖੇਤਰ ਦੀ ਲੋਕ-ਧਾਰਾ ਨੂੰ ਪਹਿਲਾਂ ਵਾਚਿਆ ਜਾਂਦਾ ਹੈ ਕਿਉਂਕਿ ਲੋਕ-ਧਾਰਾ ਸਭਿਆਚਾਰ ਦਾ ਪ੍ਰੈਕਟੀਕਲ ਰੂਪ ਹੁੰਦਾ ਹੈ। ਲੋਕ-ਧਾਰਾ ਸਭਿਆਚਾਰ ਨੂੰ ਸਮਝਣ ਵਿਚ ਸਹਾਇਕ ਹੁੰਦੀ ਹੈ । ਲੋਕ-ਧਾਰਾ ਅਜਿਹਾ ਵਰਤਾਰਾ ਹੁੰਦਾ ਹੈ । ਜਿਸ ਦੇ ਅੰਤਰਗਤ ਸਭਿਆਚਾਰ ਸਮਾਇਆ ਹੁੰਦਾ ਹੈ । ਲੋਕ ਕਿੱਤੇ ਦੀ ਵੰਨਗੀ ਅਧੀਨ ਲੁਹਾਰ, ਤਰਖਾਣ, ਠਠਿਆਰ, ਸੁਨਿਆਰ,

ਸਲਾਈ-ਕਢਾਈ, ਰੰਗ-ਸਾਜ਼, ਬਾਜ਼ੀਗਰ, ਆਜੜੀ, ਟੱਪਰੀਵਾਸ ਆਦਿ ਆਪਣੇ ਪਰੰਪਰਾਗਤ ਕਿੱਤਿਆਂ ਨੂੰ ਅਪਣਾਉਂਦੇ ਹਨ । ਇਸ ਸਮਗਰੀ ਤੋਂ ਬਿਨਾਂ ਲੋਕ ਮਨੋਰੰਜਨ, ਲੋਕ ਸਾਜ਼ ਆਦਿ ਲੋਕ-ਧਾਰਾ ਦੀ ਸਮਗਰੀ ਹੈ।

ਲੋਕ ਧੰਦੇ ਤੇ ਲੋਕ ਕਿੱਤਾ ਸਮਾਨਾਰਥਿਕ ਸ਼ਬਦ ਹੈ। ਕਿੱਤਾ ਸ਼ਬਦ ਕਿਰਤ ਦਾ ਹੀ ਸੰਖੇਪ ਰੂਪ ਹੈ । ਕਿਰਤ ਤੋਂ ਭਾਵ ਉਹ ਕਿੱਤਾ ਜਿਹੜਾ ਲੋਕ ਆਪਣੀ ਹੱਥੀਂ ਆਪਣੀ ਰੋਜ਼ੀ ਰੋਟੀ ਕਮਾਉਣ, ਵਿਅਕਤੀਗਤ ਜ਼ਿੰਦਗੀ ਜਿਊਣ, ਆਰਥਿਕ ਜ਼ਰੂਰਤਾਂ ਪੂਰੀਆਂ ਕਰਨ ਲਈ ਅਤੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਲਈ ਅਪਣਾਉਂਦੇ ਹਨ । ਉਸ ਨੂੰ ਲੋਕ ਕਿੱਤਾ ਕਿਹਾ ਜਾਂਦਾ ਹੈ । ਰੋਟੀ, ਕੱਪੜਾ, ਮਕਾਨ, ਮਨੁੱਖ ਦੀਆਂ ਮੁੱਢਲੀਆਂ ਤੇ ਬੁਨਿਆਦੀ ਲੋੜਾਂ ਹਨ । ਇਹਨਾਂ ਦੀ ਪੂਰਤੀ ਲਈ ਉਸ ਨੂੰ ਕੋਈ ਨਾ ਕੋਈ ਧੰਦਾ ਕਰਨਾ ਪੈਂਦਾ ਹੈ । ਜਦੋਂ ਕਿੱਤਾ ਸ਼ਬਦ ਦੇ ਨਾਲ ਲੋਕ ਸ਼ਬਦ ਆ ਜੁੜਦਾ ਹੈ ਤਾਂ ਇਹ ਲੋਕ ਕਿੱਤਾ ਬਣ ਆਪਣਾ ਘੇਰਾ ਸੀਮਤ ਕਰ ਲੈਂਦਾ ਹੈ । ਲੋਕ ਕਿੱਤੇ ਸ਼ਬਦ ਨੇ ਆਪਣੇ ਅਰਥਾਂ ਨੂੰ ਰੂੜ੍ਹ ਕਰ ਇਸ ਦੇ ਅਰਥਾਂ ਨੂੰ ਸਪਸ਼ਟ ਕਰ ਦਿੱਤਾ ਹੈ।

ਜਿਨ੍ਹਾਂ ਕਬੀਲਿਆਂ ਵਿਚ ਪਰੰਪਰਾਗਤ ਸਭਿਆਚਾਰਕ ਸਾਂਝ ਹੁੰਦੀ ਹੈ। ਉਨ੍ਹਾਂ ਦੀ ਭਾਸ਼ਾ, ਅਨੁਸ਼ਠਾਨ, ਕਿੱਤਿਆਂ ਵਿਚ ਵੀ ਸਾਂਝ ਦੇਖੀ ਜਾ ਸਕਦੀ ਹੈ। ਲੋਕ ਕਿੱਤੇ ਵਿਅਕਤੀਗਤ ਹੁੰਦੇ ਹੋਏ ਵੀ ਸਮੂਹਿਕ ਸਿਰਜਣ ਦਾ ਦਰਜਾ ਲੈ ਲੈਂਦੇ ਹਨ। ਸ਼ਿਲਪ ਤੇ ਕਲਾ ਦੇ ਸੁਮੇਲ ਤੋਂ ਕਿੱਤਾ ਹੋਂਦ ਵਿਚ ਆਉਂਦਾ ਹੈ। ਇਸ ਦੇ ਅੰਤਰਗਤ ਇਕ ਖ਼ਾਸ ਉਸਤਾਦੀ ਹੁੰਦੀ ਹੈ। ਜਿਹੜੀ ਹੱਥ ਦੀ ਕਲਾ ਰਾਹੀਂ ਸਿਰਜੀ ਜਾਂਦੀ ਹੈ। ਜਿਵੇਂ ਜਦੋਂ ਕੋਈ ਘੁਮਿਆਰ ਚੱਕ ਉੱਪਰ ਮਿੱਟੀ ਨੂੰ ਕੋਈ ਆਕਾਰ ਦੇ ਰਿਹਾ ਹੁੰਦਾ ਹੈ। ਜੇਕਰ ਉਸ ਦਾ ਧਿਆਨ ਇੱਧਰ ਉੱਧਰ ਵੀ ਹੋਵੇਗਾ ਤਾਂ ਉਸ ਦੀ ਕਲਾ ਉਸ ਮਿੱਟੀ ਦੇ ਆਕਾਰ ਨੂੰ ਉਹ ਹੀ ਰੂਪ ਦੇਵੇਗੀ ਜੋ ਘੁਮਿਆਰ ਨੇ ਆਪਣੇ ਮਨ ਵਿਚ ਗ੍ਰਹਿਣ ਕੀਤਾ ਹੁੰਦਾ ਹੈ। ਘੁਮਿਆਰ ਦੀ ਕਲਾ ਉਸ ਦੇ ਹੱਥਾਂ ਵਿਚ ਹੁੰਦੀ ਹੈ ।

ਸਭਿਆਚਾਰ ਵਿਰਸਾ ਮਨੁੱਖ ਆਪਣੇ ਬਜ਼ੁਰਗਾਂ ਤੋਂ ਗ੍ਰਹਿਣ ਕਰਦਾ ਹੈ। ਇਸ ਗ੍ਰਹਿਣ ਕੀਤੀ ਕਿਰਿਆ ਨੂੰ ਪਰੰਪਰਾ ਮੁਖੀ ਕਿਹਾ ਜਾਂਦਾ ਹੈ। ਇਸ ਪਰੰਪਰਾ ਅਧੀਨ ਗ੍ਰਹਿਣ ਕੀਤੀ ਸਿੱਖਿਆ, ਵਸਤਾਂ, ਵਿਹਾਰਕ ਪ੍ਰਬੰਧ ਆਦਿ ਸਭਿਆਚਾਰ ਦਾ ਹਿੱਸਾ ਹੁੰਦੀਆਂ ਹਨ ਜਾਂ ਇਸ ਨੂੰ ਹੀ ਸਭਿਆਚਾਰ ਕਿਹਾ ਜਾਂਦਾ ਹੈ। ਅਜੋਕੇ ਸਮੇਂ ਵਿਚ ਲੋਕ ਕਿੱਤੇ ਦੇ ਸਰੂਪ ਸੰਪੂਰਨ ਰੂਪ ਵਿਚ ਬਦਲ ਚੁੱਕੇ ਹਨ। ਜਿਨ੍ਹਾਂ ਕਿੱਤਿਆਂ ਵਿਚ ਸੀਮਤ ਸੰਦਾਂ ਦੀ ਵਰਤੋਂ ਕਰ ਆਪਣੀ ਉਪਜੀਵਕਾ ਦਾ ਸਾਧਨ ਬਣਾਇਆ ਜਾਂਦਾ ਸੀ। ਉਨ੍ਹਾਂ ਕਿੱਤਿਆਂ ਵਿਚ ਹੁਣ ਵੱਧ ਤੋਂ ਵੱਧ ਮਸ਼ੀਨੀਕਰਨ ਦਾ ਉਪਯੋਗ ਕੀਤਾ ਜਾਂਦਾ ਹੈ। ਮਸ਼ੀਨੀਕਰਨ ਦੇ ਨਾਲ ਧੰਦੇ ਸੁਖਾਲੇ ਤਾਂ ਹੋ ਗਏ ਹਨ ਪਰ ਲੋਕ ਕਿੱਤੇ ਬਦਲ ਕੇ ਅਲੋਪ ਹੋਈ ਜਾ ਰਹੇ ਹਨ।ਮਿਸਾਲ ਵਜੋਂ ਘੁਮਿਆਰ ਆਪਣੇ ਚੱਕ ਨੂੰ ਪਹਿਲਾ ਲੰਮੀ ਲੱਠ ਨਾਲ ਘੁਮਾਉਂਦਾ ਸੀ ਪਰ ਹੁਣ ਬਿਜਲਈ ਯੰਤਰ ਮੋਟਰ ਦਾ ਉਪਯੋਗ ਕਰਨ ਲੱਗ ਪਿਆ।ਤਕਨੀਕੀ ਸਮੇਂ ਨੇ ਲੋਕ ਕਿੱਤਿਆਂ ਦਾ ਮੁਹਾਂਦਰਾ ਹੀ ਬਦਲ ਕੇ ਰੱਖ ਦਿੱਤਾ ਹੈ।

1.ਉਦੇਸ਼

ਘੁਮਿਆਰ ਸਮਾਜ ਦੀ ਆਰਥਿਕਤਾ ਬਾਰੇ ਜਾਣਨਾ।

ਘੁਮਿਆਰ ਸਮਾਜ ਦੇ ਧਾਰਮਿਕ ਫ਼ਲਸਫ਼ੇ ਨੂੰ ਸਮਝਣਾ।

ਘੁਮਿਆਰ ਸਮਾਜ ਵਿਚ ਆਏ ਪਰਿਵਰਤਨ ਦਾ ਵਿਸ਼ਲੇਸ਼ਣ ਕਰਨਾ।

2.ਵਿਧੀ ਵਿਗਿਆਨ: ਕੇਸ ਸਟੱਡੀ ਵਿਧੀ

ਕੇਸ ਸਟੱਡੀ ਵਿਧੀ ਗੁਣਵੱਤਾ ਤੇ ਵਿਸ਼ਲੇਸ਼ਣ ਤੋਂ ਬਹੁਤ ਮਸ਼ਹੂਰ ਹੈ ਅਤੇ ਇਸ ਵਿਚ ਇਕ ਸਮਾਜਿਕ ਇਕਾਈ ਦੀ ਇਕ ਸਾਵਧਾਨੀ ਅਤੇ ਸੰਪੂਰਨ ਵਿੱਦਿਆ ਸ਼ਾਮਲ ਹੈ, ਉਹ ਯੂਨਿਟ ਇਕ ਪਰਿਵਾਰ ਹੋਵੇ, ਇਕ ਸੰਸਥਾ ਹੋਵੇ, ਇਕ ਸਭਿਆਚਾਰਕ ਸਮੂਹ ਹੋਵੇ ਜਾਂ ਇੱਥੋਂ ਤਕ ਕਿ ਸਮੁੱਚਾ ਭਾਈਚਾਰਾ। ਇਹ ਇਕ ਤਰੀਕਾ ਹੈ ਸਟੱਡੀ ਦੀ ਵਿਆਪਕਤਾ ਦੀ ਬਜਾਏ ਡੂੰਘਾਈ ਵਿਚ ਕੇਸ ਦੀ ਜਾਂਚ ਕਰਨੀ। ਇੱਕ ਸੀਮਤ ਗਿਣਤੀ ਦੇ ਸੰਪੂਰਨ ਵਿਸ਼ਲੇਸ਼ਣ ਅਤੇ ਹਾਲਾਤ ਅਤੇ ਹੋਰ ਸੰਬੰਧਾਂ ਦੇ ਪੂਰੇ ਵਿਸ਼ਲੇਸ਼ਣ 'ਤੇ ਵਧੇਰੇ ਜ਼ੋਰ ਦਿੰਦੀ ਹੈ। ਇਸ ਤਰ੍ਹਾਂ ਦੇ ਕੇਸ ਦਾ ਅਧਿਐਨ ਲਾਜ਼ਮੀ ਰੂਪ ਵਿਚ ਹੁੰਦਾ ਹੈ, ਵਿਸ਼ੇਸ਼ ਇਕਾਈ ਦੀ ਇੱਕ ਗੁੰਝਲਦਾਰ ਪੜਤਾਲ ਵਿਚਾਰ ਅਧੀਨ ਹੈ। ਕੇਸ ਸਟੱਡੀ ਵਿਧੀ ਦਾ ਉਦੇਸ਼ ਤੱਥਾਂ ਦਾ ਪਤਾ ਲਗਾਉਣਾ ਹੁੰਦਾ ਹੈ ਜੋ ਵਤੀਰੇ ਲਈ ਖਾਤਾ ਹੁੰਦਾ ਹੈ- ਇਕਸਾਰ ਸਮੁੱਚਤਾ ਦੇ ਰੂਪ ਵਿਚ ਦਿੱਤੇ ਗਏ ਯੂਨਿਟਾਂ ਦੇ ਪੈਟਰਨ ਐੱਚ. ਔਡਮ ਅਨੁਸਾਰ, *ਕੇਸ ਸਟੱਡੀ ਵਿਧੀ ਇਕ ਤਕਨੀਕ ਹੈ ਜਿਸ ਦੁਆਰਾ ਕਿਸੇ ਸੰਸਥਾ ਜਾਂ ਕਿਸੇ ਵਿਅਕਤੀ ਦੇ ਜੀਵਨ ਜਾਂ ਕਿਸੇ ਸਮੂਹ ਦੇ ਜੀਵਨ ਵਿਚ ਕਿਸੇ ਇਕਾਈ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਜਾਂ ਗਰੁੱਪ ਦੇ ਕਿਸੇ ਹੋਰ ਹਿੱਸੇ ਨਾਲ ਇਸ ਦੇ ਸੰਬੰਧ ਵਿਚ ਵਿਸ਼ਲੇਸ਼ਣ ਕੀਤਾ ਜਾਂਦਾ ਹੈ.*। ਇਕ ਵਿਅਕਤੀ ਦਾ ਇਕ ਬਹੁਤ ਹੀ ਸੰਪੂਰਨ ਅਧਿਐਨ (ਜਿਵੇਂ ਕਿ ਉਹ ਕਰਦਾ ਹੈ ਅਤੇ ਆਦਮ ਨੇ ਕੀ ਕੀਤਾ, ਉਹ ਕੀ ਸੋਚਦਾ ਹੈ, ਉਹ ਕੀ ਕਰਦਾ ਹੈ ਅਤੇ ਕੀ ਕਰਦਾ ਹੈ, ਅਤੇ ਕੀ ਕਰਨ ਲਈ ਉਕਸਾਉਂਦਾ ਹੈ ਅਤੇ ਉਸ ਨੂੰ ਕੀ ਕਰਨਾ ਚਾਹੀਦਾ ਹੈ) ਜਾਂ ਸਮੂਹ ਨੂੰ ਜੀਵਨ ਜਾਂ ਕੇਸ ਦਾ ਇਤਿਹਾਸ ਕਿਹਾ ਜਾਂਦਾ ਹੈ. ਸ਼ਬਦ *ਇੱਕ ਸਮਾਜਿਕ ਇਕਾਈ ਦਾ ਇੱਕ ਵਿਆਪਕ ਅਧਿਐਨ ਹੋਣਾ ਚਾਹੀਦਾ ਹੈ ਕਿ ਉਹ ਯੂਨਿਟ ਇੱਕ ਵਿਅਕਤੀ, ਇੱਕ ਸਮੂਹ, ਇੱਕ ਸਾਦਾ ਪ੍ਰਣਾਲੀ, ਇੱਕ ਜ਼ਿਲ੍ਹਾ ਜਾਂ ਇੱਕ ਸਮੁਦਾਏ ਹੋਵੇ*

3.ਸੰਦ

ਸੋਫ਼ੀ ਪਿੰਡ ਦੇ ਘੁਮਿਆਰ ਸਮਾਜ ਦਾ ਸਭਿਆਚਾਰਕ ਅਧਿਐਨ ਕਰਨ ਲਈ ਪ੍ਰਸ਼ਨਾਵਲੀ, ਕੈਮਰਾ, ਰਿਕਾਰਡਰ ਸੰਦ ਦੀ ਵਰਤੋਂ ਕੀਤੀ ਗਈ। ਇਸ ਸੰਦ ਵਿਚ ਖਾਣ-ਪੀਣ, ਪਹਿਰਾਵਾ, ਧਾਰਮਿਕ, ਆਰਥਿਕ ਆਦਿ ਸਭਿਆਚਾਰ ਦੇ ਤੱਤਾਂ ਨੂੰ ਧਿਆਨ ਵਿਚ ਰੱਖ ਕੇ ਪ੍ਰਸ਼ਨ ਤਿਆਰ ਕੀਤੇ ਗਏ, ਤਸਵੀਰਾਂ ਅਤੇ ਫ਼ਿਲਮਾਂ ਤਿਆਰ ਕੀਤੀਆਂ ਗਈਆਂ ਸਨ।

4.ਸੈਂਪਲਿੰਗ

ਕੁੱਝ ਮੌਕਿਆਂ ਤੇ ਸੈਂਪਲਿੰਗ ਦਾ ਸਭ ਤੋਂ ਵੱਧ ਵਿਵਹਾਰਿਕ ਤਰੀਕਾ ਹੈ ਸੂਚੀ ਵਿਚਲੇ 30 ਵੇਂ ਨਾਮ ਦੀ ਚੋਣ ਕਰਨੀ, ਇਸ ਵਿਚ ਵੋਟਰ ਸੂਚੀ ਦੇ ਤੀਜੇ ਵਿਅਕਤੀ ਦਾ ਉੱਲੇਖ ਕਰਨਾ ਇਸ ਕਿਸਮ ਦੇ ਨਮੂਨੇ ਨੂੰ ਯੋਜਨਾਬੱਧ ਨਮੂਨਾ ਵਜੋਂ ਜਾਣਿਆ ਜਾਂਦਾ ਹੈ। ਤਰਤੀਬਤਾ ਦਾ ਇੱਕ ਤੱਤ ਆਮ ਤੌਰ ਤੇ ਇਸ ਕਿਸਮ ਦੇ ਨਮੂਨੇ ਵਿਚ ਪੇਸ਼ ਕੀਤਾ ਜਾਂਦਾ ਹੈ। ਜਿਸ ਨਾਲ ਇਕਾਈ ਨੂੰ ਚੁਣਨ ਲਈ ਰੈਂਡਮ ਨੰਬਰ ਦੀ ਵਰਤੋਂ ਕੀਤੀ ਜਾਂਦੀ ਹੈ। ਅਜਿਹੇ ਡਿਜ਼ਾਈਨ ਦੀ ਸੂਚੀ ਵਿਚ ਕੁੱਝ ਰਲਵੇਂ ਪੁਆਇੰਟ ਦੀ ਚੋਣ ਕਰ ਕੇ ਚੋਣ ਪ੍ਰਕਿਰਿਆ ਸ਼ੁਰੂ ਵਿਚ ਅਤੇ ਫਿਰ ਅੰਤਲੇ ਤੱਤ ਦੀ ਚੋਣ ਉਦੋਂ ਤੱਕ ਕੀਤੀ ਜਾਂਦੀ ਹੈ ਜਦ ਤੱਕ ਕਿ ਸਹੀ ਨੰਬਰ ਸੁਰੱਖਿਅਤ ਨਾ ਆਵੇ। ਸੋਫ਼ੀ ਪਿੰਡ ਦੇ ਘੁਮਿਆਰ ਸਮਾਜ ਦਾ ਸਭਿਆਚਾਰਕ

ਅਧਿਐਨ ਕਰਨ ਲਈ ਸੋਫ਼ੀ ਪਿੰਡ ਦੇ ਕੁਲ 30 ਘੁਮਿਆਰਾਂ ਤੋਂ ਪ੍ਰਸ਼ਨਾਵਲੀ ਭਰਵਾਇਆ ਗਿਆ ਅਤੇ ਉਨ੍ਹਾਂ ਦੇ ਧੰਦੇ ਦੀਆਂ ਤਸਵੀਰਾਂ, ਫ਼ਿਲਮਾਂ ਬਣਾਇਆ ਗਈਆਂ।

5.ਹਾਈਪੋਥੀਸਸ

ਘੁਮਿਆਰ ਸਮਾਜ ਦੀ ਆਰਥਿਕਤਾ ਬਾਰੇ ਪਤਾ ਲੱਗ ਜਾਵੇਗਾ।

ਘੁਮਿਆਰ ਸਮਾਜ ਦੇ ਧਾਰਮਿਕ ਫ਼ਲਸਫ਼ੇ ਨੂੰ ਸਮਝ ਲਿਆ ਜਾਵੇਗਾ।

ਘੁਮਿਆਰ ਸਮਾਜ ਵਿਚ ਆਏ ਪਰਿਵਰਤਨ ਦਾ ਵਿਸ਼ਲੇਸ਼ਣ ਹੋ ਜਾਵੇਗਾ।

6.ਸਭਿਆਚਾਰ ਸਿਧਾਂਤਕ ਪਰਿਪੇਖ

ਸਭਿਆਚਾਰ ਸ਼ਬਦ ਅੰਗਰੇਜ਼ੀ ਦੇ ਸ਼ਬਦ ਕਲਚਰ ਦਾ ਸਮਾਨਾਰਥੀ ਸ਼ਬਦ ਹੋਣ ਦੇ ਨਾਲ-ਨਾਲ ਸਮਾਸੀ ਸ਼ਬਦ ਵੀ ਹੈ। ਇਹ ਦੋ ਸ਼ਬਦਾਂ ਦੇ ਸੁਮੇਲ ਸੱਭਿਆ+ਆਚਾਰ ਤੋਂ ਬਣਿਆ ਹੋਇਆ ਹੈ।

ਸੱਭਿਆ + ਆਚਾਰ

Civilized + Behavior

ਮਨੁੱਖੀ ਪ੍ਰਾਣੀ ਦਾ ਸਭਿਅਕ ਹੋਣਾ ਹੀ ਸਭਿਆਚਾਰ ਦਾ ਗੁਣ ਹੈ। ਮਨੁੱਖ ਆਪਣਾ ਬੌਧਿਕ ਵਿਕਾਸ ਕਰ ਆਪਣੇ ਆਦਰਸ਼ਾਂ ਦੀ ਸਿਰਜਣਾ ਕਰ ਸਭਿਆਚਾਰ ਨੂੰ ਸਿਰਜਦਾ ਹੈ। ਸਭਿਆਚਾਰ ਨੂੰ ਇੱਕ ਜਟਿਲ ਅਤੇ ਇੱਕ ਪ੍ਰਬੰਧ ਕਿਹਾ ਗਿਆ ਹੈ। ਸਭਿਆਚਾਰ ਉਹ ਪ੍ਰਬੰਧ ਹੈ । ਜੋ ਵੱਖ-ਵੱਖ ਭਾਗਾਂ ਤੋਂ ਮਿਲ ਕੇ ਬਣਿਆ ਹੋਇਆ ਹੈ, ਕਿਸੇ ਇੱਕ ਅੰਗ ਵਿਚ ਆਇਆ ਪਰਿਵਰਤਨ ਸਭਿਆਚਾਰ ਵਿਚ ਪਰਿਵਰਤਨ ਲੈ ਆਉਂਦਾ ਹੈ । ਸਭਿਆਚਾਰ ਨੂੰ ਗ੍ਰਹਿਣ ਨਹੀਂ ਕੀਤਾ ਜਾਂਦਾ ਸਗੋਂ ਅਭਿਆਸ ਦੁਆਰਾ ਸਿੱਖਿਆ ਜਾਂਦਾ ਹੈ। ਪੀੜ੍ਹੀ ਆਪਣੀ ਵੱਡੀ ਪੀੜ੍ਹੀ ਤੋਂ ਸਭਿਆਚਾਰ ਨੂੰ ਅਭਿਆਸ ਦੁਆਰਾ ਸਿੱਖਦੀ ਕਰਦੀ ਹੈ। ਸਭਿਆਚਾਰ ਵਿਚ ਬਦਲਾਅ ਆਉਣਾ ਲਾਜ਼ਮੀ ਹੁੰਦਾ ਹੈ ਕਿਉਂਕਿ ਸਭਿਆਚਾਰ ਪ੍ਰਸਥਿਤੀਆਂ 'ਤੇ ਨਿਰਭਰ ਹੁੰਦਾ ਹੈ। ਇਸ ਕਰ ਕੇ ਸਭਿਆਚਾਰ ਸਮੇਂ-ਸਮੇਂ ਸਿਰ ਬਦਲਦਾ ਰਹਿੰਦਾ ਹੈ।

ਕਿਸੇ ਖ਼ਾਸ ਖੇਤਰ ਦੇ, ਕਿਸੇ ਖ਼ਾਸ ਜਨ ਸਮੂਹ ਦਾ ਆਪਣਾ ਸਭਿਆਚਾਰ ਹੁੰਦਾ ਹੈ। ਸਭਿਆਚਾਰ ਨੂੰ ਬਹੁਤ ਸਾਰੇ ਵਿਦਵਾਨਾਂ ਨੇ ਆਪਣੇ ਵਿਚਾਰਾਂ ਰਾਹੀਂ ਪੇਸ਼ ਕਰਨ ਦੇ ਯਤਨ ਕੀਤੇ ਹਨḤ

ਟਾਈਲਰ ਅਨੁਸਾਰ : ਸਭਿਆਚਾਰ ਉਹ ਜਟਿਲ ਸਮੂਹ ਹੈ।ਜਿਸ ਵਿਚ ਗਿਆਨ ਵਿਸ਼ਵਾਸ, ਕਲਾ, ਨੈਤਿਕਤਾ, ਕਾਨੂੰਨ, ਰੀਤੀ ਰਿਵਾਜ ਅਤੇ ਹੋਰ ਸਭ ਸਮਰੱਥਾਵਾਂ ਅਤੇ ਆਦਤਾਂ ਆ ਜਾਂਦੀਆਂ ਹਨ । ਜਿਹੜੀ ਮਨੁੱਖ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਗ੍ਰਹਿਣ ਕਰਦਾ ਹੈ।

ਹਿਰਸਕੋ ਵਿਤਸ : ਸਭਿਆਚਾਰ ਵਾਤਾਵਰਨ ਦਾ ਮਨੁੱਖ ਸਿਰਜਿਆ ਭਾਗ ਹੈ।

**ਸੋਫ਼ੀ ਪਿੰਡ ਦੇ ਘੁਮਿਆਰ ਸਮਾਜ ਦਾ ਸਭਿਆਚਾਰਕ ਅਧਿਐਨ**

ਸਭਿਆਚਾਰ ਦਾ ਘੇਰਾ ਬਹੁਤ ਵਿਸ਼ਾਲ ਵਿਆਪਕ ਹੈ ਕਿਸੇ ਖ਼ਾਸ ਸਥਾਨ ਦੇ ਖ਼ਾਸ ਲੋਕ ਸਮੂਹ ਦੇ ਖ਼ਾਸ ਭੂਗੋਲਿਕ, ਨੂੰ ਸਭਿਆਚਾਰ ਕਿਹਾ ਜਾਂਦਾ ਹੈ। ਸੋਫ਼ੀ ਪਿੰਡ ਦੇ ਘੁਮਿਆਰ ਸਮਾਜ ਦਾ ਆਪਣਾ ਇੱਕ ਸਭਿਆਚਾਰ ਹੈ । ਸੋਫ਼ੀ ਪਿੰਡ ਵਿਚ ਜਿਸ ਖੇਤਰ ਵਿਚ ਘੁਮਿਆਰ ਰਹਿੰਦੇ ਹਨ। ਉਸ ਨੂੰ ਘੁਮਿਆਰ ਮੰਡੀ ਕਿਹਾ ਜਾਂਦਾ ਹੈ। ਸੋਫ਼ੀ ਪਿੰਡ ਦੇ ਘੁਮਿਆਰ ਸਮਾਜ ਦੀ ਸਥਾਪਨਾ ਅੱਜ ਤੋਂ ਕੋਈ ਦੋ-ਢਾਈ ਸੋ ਸਾਲ ਪਹਿਲਾ ਹੋਈ। ਘੁਮਿਆਰ ਸਮਾਜ ਦੇ ਇਹ ਬਾਸ਼ਿੰਦੇ ਪੰਜਾਬ ਦੇ ਮੂਲ ਵਸਨੀਕ

ਨਹੀਂ ਬਲਕਿ ਇਹ ਲੋਕ ਯੂ.ਪੀ, ਬਿਹਾਰ ਤੇ ਹਰਿਦੁਆਰ ਵਰਗੇ ਖੇਤਰਾਂ ਤੋਂ ਆਏ ਹਨ। ਇਨ੍ਹਾਂ ਲੋਕਾਂ ਨੇ ਪੰਜਾਬ ਵਿਚ ਆ ਕੇ ਆਪਣਾ ਪਿਤਾ ਪੁਰਖੀ ਕਿੱਤਾ ਪਹਿਲਾ ਵਾਂਗ ਬਰਕਰਾਰ ਰੱਖਿਆ। ਇਨ੍ਹਾਂ ਸ਼ਰਨਾਰਥੀਆਂ ਦੇ ਕਹਿਣ ਅਨੁਸਾਰ ਇਨ੍ਹਾਂ ਲੋਕਾਂ ਦੀ ਕਲਾ ਤੋਂ ਪ੍ਰਸੰਨ ਹੋ ਕੇ ਸਰਕਾਰ ਨੇ ਇਨ੍ਹਾਂ ਨੂੰ ਰਹਿਣ ਲਈ ਸਥਾਨ ਦੇ ਕੇ ਕਾਫ਼ੀ ਮਦਦ ਕੀਤੀ। ਘੁਮਿਆਰ ਮੰਡੀ ਵਿਚ ਲਾਈਟਾਂ ਤੇ ਗ਼ੁਸਲਖ਼ਾਨਿਆਂ ਦਾ ਪ੍ਰਬੰਧ ਵੀ ਸਰਕਾਰ ਦੀ ਮਦਦ ਸਦਕੇ ਹੀ ਹੋਇਆ। ਆਪਣੀ ਰੋਜ਼ੀ ਰੋਟੀ ਲਈ ਇਨ੍ਹਾਂ ਲੋਕਾਂ ਨੇ ਮਿੱਟੀ ਦੇ ਭਾਂਡੇ ਬਣਾਉਣ ਵਾਲਾ ਪਿਤਾ ਪੁਰਖੀ ਕਿੱਤੇ ਦਾ ਹੀ ਸਹਾਰਾ ਲਿਆ। ਅਜੋਕੇ ਪੰਜਾਬ ਵਿਚ ਮਿੱਟੀ ਦੇ ਉਹ ਭਾਂਡੇ ਅਲੋਪ ਜਾਂ ਵਰਤੋਂ ਘੱਟ ਹੋ ਗਈ ਜੋ ਪੁਰਾਣੇ ਪੰਜਾਬ ਵਿਚ ਵਧੇਰੇ ਵਰਤੇ ਜਾਂਦੇ ਸਨ। ਇਨ੍ਹਾਂ ਵਿਚੋਂ ਤੋੜੀ, ਘੜਾ, ਕੁੱਜੇ, ਸੁਰਾਈਆਂ ਆਦਿ ਦਾ ਨਾਂ ਲਿਆ ਜਾ ਸਕਦਾ ਹੈ। ਅੱਜ ਦੇ ਪੂੰਜੀਵਾਦ ਦੇ ਦੌਰ ਵਿਚ ਮਿੱਟੀ ਦੇ ਭਾਂਡਿਆਂ ਦੀ ਵਰਤੋਂ ਘਰਾਂ ਦੇ ਕੰਮਾਂ ਵਿਚ ਘੱਟ, ਪੰਜਾਬੀ ਸਭਿਆਚਾਰ ਦਾ ਪ੍ਰਦਰਸ਼ਨ ਕਰਨ ਵਾਲਿਆਂ ਸੰਸਥਾਵਾਂ ਦੀ ਸਾਜ਼ੋ-ਸਜਾਵਟ ਲਈ ਵੱਧ ਕੀਤੀ ਜਾਂਦੀ ਹੈ। ਪੁਰਾਣੇ ਪੰਜਾਬ ਵਿਚ ਸਟੀਲ ਜਾਂ ਸਿਲਵਰ ਦੇ ਭਾਂਡਿਆਂ ਦੀ ਵਰਤੋਂ ਨਾ-ਬਰਾਬਰ ਸੀ। ਜ਼ਿਆਦਾਤਰ ਮਿੱਟੀ ਦੇ ਭਾਂਡਿਆਂ ਦੀ ਵਰਤੋਂ ਜ਼ਿਆਦਾ ਹੁੰਦੀ ਸੀ। ਜਿਵੇਂ ਅੱਜ ਦੇ ਸਟੀਲ ਦੇ ਗਲਾਸ ਦੀ ਜਗ੍ਹਾ ਮਿੱਟੀ ਦਾ ਗਲਾਸ ਵਰਤਿਆਂ ਜਾਂਦਾ ਸੀ ਪਰ ਅੱਜ ਦੇ ਦੌਰ ਵਿਚ ਇਹ ਮਿੱਟੀ ਦਾ ਗਲਾਸ 'ਹਵੇਲੀ' ਵਰਗਿਆਂ ਪੰਜਾਬੀ ਸਭਿਆਚਾਰ ਦਾ ਪ੍ਰਦਰਸ਼ਨ ਕਰਨ ਵਾਲਿਆਂ ਸੰਸਥਾਵਾਂ ਵਿਚ ਵੱਧ ਵਰਤੇ ਜਾਂਦੇ ਹਨ।

ਅਜੋਕੇ ਪੰਜਾਬ ਵਿਚ ਮਿੱਟੀ ਦੇ ਭਾਂਡਿਆਂ ਦੀ ਵਰਤੋਂ ਬਹੁਤ ਘੱਟ ਗਈ। ਅਜੋਕੇ ਸਮੇਂ ਵਿਚ ਮਿੱਟੀ ਦੇ ਭਾਂਡੇ ਜਾਂ ਘਰਾਂ ਦੀ ਸਾਜ਼ੋ ਸਜਾਵਟ ਦਾ ਸਮਾਨ ਜਿਵੇਂ ਕੋਈ ਗੁਲਦਸਤਾ, ਆਦਿ ਅਜੋਕੇ ਸਮੇਂ ਦੀ ਮੰਗ ਬਣ ਗਿਆ ਹੈ। ਮਿੱਟੀ ਦੇ ਭਾਂਡੇ ਬਣਾਉਣ ਲਈ ਘੁਮਿਆਰ ਵਰਗ ਦਾ ਪੂਰਾ ਪਰਿਵਾਰ ਆਪਣੀ ਭੂਮਿਕਾ ਨਿਭਾਉਂਦਾ ਹੈ। ਬੱਚੇ ਤੋਂ ਲੈ ਕੇ ਬਜ਼ੁਰਗਾਂ, ਔਰਤਾਂ ਮਰਦ ਸਭ ਮਿਲ ਕੇ ਕੰਮ ਕਰਦੇ ਹਨ। ਮਿੱਟੀ ਦੇ ਭਾਂਡੇ ਬਣਾਉਣ ਲਈ ਇੱਕ ਖ਼ਾਸ ਪ੍ਰਕਾਰ ਦੀ ਚੀਕਣੀ ਮਿੱਟੀ ਦੀ ਵਰਤੋਂ ਕੀਤੀ ਜਾਂਦੀ ਹੈ। ਸਭ ਤੋਂ ਪਹਿਲਾ ਮਿੱਟੀ ਨੂੰ ਕੁੱਟ-ਕੁੱਟ ਕੇ ਬਰੀਕ ਕੀਤਾ ਜਾਂਦਾ ਹੈ ਤੇ ਫਿਰ ਉਸ ਨੂੰ ਪਾਣੀ ਵਿਚ ਭਿਉਂ ਕੇ ਰੱਖਿਆ ਜਾਂਦਾ ਹੈ। ਭਿਉਂਣ ਤੋਂ ਬਾਅਦ ਇੱਕ ਛਾਨਣੇ ਦੀ ਸਹਾਇਤਾ ਨਾਲ ਮਿੱਟੀ ਨੂੰ ਛਾਣਿਆ ਜਾਂਦਾ ਹੈ। ਜਿਸ ਨਾਲ ਮਿੱਟੀ ਵਿਚ ਰਲਿਆ ਕਚਰਾ ਵੱਖ ਹੋ ਜਾਂਦਾ। ਇਸ ਪ੍ਰਕਿਰਿਆ ਤੋਂ ਬਾਅਦ ਉਸ ਮਿੱਟੀ ਨੂੰ ਆਟੇ ਵਾਂਗ ਗੁੰਨਿਆ ਜਾਂਦਾ ਹੈ। ਮਿੱਟੀ ਨੂੰ ਗੁੰਨ੍ਹਣ ਤੋਂ ਬਾਅਦ ਮਿੱਟੀ ਨੂੰ ਚੱਕ 'ਤੇ ਲਿਜਾਇਆ ਜਾਂਦਾ ਹੈ। ਚੱਕ 'ਤੇ ਮਿੱਟੀ ਰੱਖ ਕੇ ਘੁਮਿਆਰ ਆਪਣੇ ਹੱਥ ਦੀ ਕਲਾ ਨਾਲ ਮਿੱਟੀ ਦਾ ਰੂਪ ਅਖ਼ਤਿਆਰ ਕਰਦਾ ਹੈ।

ਘੁਮਿਆਰ ਸਮਾਜ ਦੀ ਆਰਥਿਕ ਦਾ ਵਸੀਲਾ ਉਨ੍ਹਾਂ ਦੀ ਪਿਤਾ ਪੁਰਖੀ ਚਲਦਾ ਆ ਰਿਹਾ ਮੁੱਖ ਕਿੱਤਾ ਮਿੱਟੀ ਦੇ ਭਾਂਡੇ ਬਣਾਉਣਾ ਹੀ ਹੈ। ਕੁੱਝ ਕੁ ਪਰਿਵਾਰ ਅਜਿਹੇ ਵੀ ਹਨ। ਜੋ ਇਸ ਕਿੱਤੇ ਦੇ ਨਾਲ ਸਹਾਇਕ ਕਿੱਤਾ ਫ਼ਾਸਟ-ਫ਼ੂਡ ਦੀ ਰੇਹੜੀ ਲਾਉਣਾ, ਆਟੋ-ਚਾਲਕ ਆਦਿ ਸਹਾਇਕ ਕਿਤੇ ਕਰਦੇ ਹਨ, ਪਰ ਜ਼ਿਆਦਾਤਰ ਲੋਕਾਂ ਦਾ ਭਾਂਡੇ ਬਣਾਉਣ ਦਾ ਕਿੱਤਾ ਹੀ ਆਰਥਿਕ ਵਸੀਲਾ ਬਣਦਾ ਹੈ। ਘੁਮਿਆਰ ਜਿੰਨੀ ਮਿਹਨਤ ਨਾਲ ਭਾਂਡੇ ਬਣਾਉਂਦਾ ਹੈ ਉਸ ਨੂੰ ਇੰਨੀ ਇਵਜ਼ ਨਹੀਂ ਮਿਲਦੀ। ਮਿੱਟੀ ਦੇ ਭਾਂਡਿਆਂ ਦਾ ਵਪਾਰ ਕਰਨ ਵਾਲੇ ਵਪਾਰੀ ਘੁਮਿਆਰ ਵਰਗ ਦੇ ਮਿਹਨਤ ਦੇ

ਮੁਕਾਬਲੇ ਬਹੁਤ ਘੱਟ ਪੂੰਜੀ ਦਿੰਦੇ ਹਨ। ਜਿਸ ਨਾਲ ਇਸ ਵਰਗ ਦੀ ਆਰਥਿਕ ਸਥਿਤੀ ਵਿਚ ਬਹੁਤਾ ਨਿਘਾਰ ਜਾਂ ਪਰਿਵਰਤਨ ਨਹੀਂ ਆਉਂਦਾ। ਮਿੱਟੀ ਦਾ ਕੁੱਜਾ ਬਾਜ਼ਾਰ ਵਿਚ ਘੱਟੋ-ਘੱਟ 20-25 ਰੁਪਏ ਵਿਚ ਮਿਲਦਾ ਹੈ ਪਰ ਇਹ ਵਪਾਰੀ ਘੁਮਿਆਰ ਪਾਸੋਂ 4-5 ਰੁਪਏ ਦਾ ਖ਼ਰੀਦਦੇ ਹਨ। ਭਾਂਡੇ ਬਣਾਉਣ ਉੱਤੇ ਆਏ ਖ਼ਰਚ ਨੂੰ ਦੇਖਿਆ ਜਾਵੇ ਤਾਂ ਘੁਮਿਆਰ ਨੂੰ ਭਾਂਡੇ ਦਾ ਮੁੱਲ ਬਹੁਤ ਘੱਟ ਮਿਲਦਾ ਹੈ। 2000 ਹਜ਼ਾਰ ਦੀ ਚੀਕਣੀ ਮਿੱਟੀ ਦੀ ਟਰਾਲੀ ਤੇ ਉੱਤੋਂ ਭਾਂਡਿਆਂ ਨੂੰ ਪਕਾਉਣ ਲਈ ਕੱਖ, ਕੰਡੜਾ, ਬੂਰਾ, ਪਾਥੀਆਂ ਆਦਿ ਬਾਲਣ ਵੀ ਮੁੱਲ ਖ਼ਰੀਦਦੇ ਹਨ। ਘੁਮਿਆਰ ਦਾ ਇਹ ਲੋਕ ਕਿੱਤਾ ਗੁਜ਼ਾਰੇ ਜੋਗੀ ਰੋਟੀ ਦਿਵਾਉਣ ਵਿਚ ਹੀ ਸਹਾਈ ਹੁੰਦਾ ਹੈ। ਜ਼ਿੰਦਗੀ ਦੀਆਂ ਹੋਰ ਜ਼ਰੂਰਤਾਂ ਜਿਵੇਂ ਕਾਰ, ਮੋਟਰਸਾਈਕਲ ਆਦਿ ਜ਼ਰੂਰਤਾਂ ਦੀ ਪੂਰਤੀ ਕਰਨਾ ਤਾਂ ਬਹੁਤ ਦੂਰ ਦੀ ਗੱਲ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਘੁਮਿਆਰ ਵਰਗ ਆਪਣੀ ਮਿਹਨਤ ਸਦਕਾ ਕੱਚੇ ਘਰਾਂ ਨੂੰ ਪੱਕੇ ਘਰਾਂ ਵਿਚ ਤਬਦੀਲ ਕੀਤਾ।

ਜਿਵੇਂ ਪੰਜਾਬੀ ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ ਨੂੰ ਬਹੁਤ ਪਸੰਦ ਕਰਦੇ ਓਵੇਂ ਘੁਮਿਆਰ ਸਮਾਜ ਨੂੰ ਚੌਲ ਪਸੰਦ ਹੈ। ਉਹ ਆਪਣੇ ਰੋਜ਼ਾਨਾ ਦੇ ਖਾਣੇ ਵਿਚ ਇੱਕ ਸਮੇਂ ਚੌਲ ਜ਼ਰੂਰ ਖਾਂਦੇ ਹਨ। ਚੌਲ ਅਜਿਹਾ ਅਨਾਜ ਬੀਜ ਰੂਪ ਜਿਸ ਨੂੰ ਉਹ ਆਪਣੇ ਕੁਲ ਦੇਵਤਾ ਦੀ ਪੂਜਾ ਵਿਚ ਵੀ ਸ਼ਾਮਿਲ ਕਰਦੇ ਹਨ। ਖ਼ੁਸ਼ੀ ਦੇ ਮੌਕੇ 'ਤੇ ਜਾਂ ਦਿਨ ਤਿਉਹਾਰ ਖੀਰ, ਪੂੜੇ, ਗੁਜ਼ੀਆ ਆਦਿ ਪਕਵਾਨ ਵੀ ਤਿਆਰ ਕਰਦੇ ਹਨ। ਆਰਥਿਕ ਤੰਗੀ ਹੋਣ ਕਾਰਨ ਹੋਟਲ ਵਿਚ ਜਾ ਕੇ ਰੋਟੀ ਖਾਣ ਘੁਮਿਆਰ ਵਰਗ ਦੀ ਪਹੁੰਚ ਵਿਚ ਨਹੀਂ।

ਸੋਫ਼ੀ ਪਿੰਡ ਦੇ ਘੁਮਿਆਰ ਮੰਡੀ ਵਿਚ ਰਹਿਣ ਵਾਲੇ ਘੁਮਿਆਰ ਵਰਗ ਭਗਵਾਨ ਸ਼ਿਵ ਨੂੰ ਆਪਣੇ ਕੁਲ ਦੇਵਤਾ ਮੰਨ ਉਸ ਦੀ ਪੂਜਾ ਕਰਦੇ ਹਨ। ਉਨ੍ਹਾਂ ਨੇ ਘੁਮਿਆਰ ਮੰਡੀ ਵਿਚ ਤਿੰਨ ਸ਼ਿਵ ਮੰਦਿਰ ਬਣਾਏ ਹਨ। ਇਹ ਮੰਦਿਰ ਉਨ੍ਹਾਂ ਦੇ ਬਜ਼ੁਰਗਾਂ ਵੱਲੋਂ ਬਣਾਏ ਗਏ ਜੋ ਦੋ-ਢਾਈ ਸੋ ਸਾਲ ਪਹਿਲਾ ਆ ਕੇ ਵਸੇ । ਸ਼ਿਵ ਦੀ ਪੂਜਾ ਤੋਂ ਇਲਾਵਾ ਇਸ ਵਰਗ ਦਾ ਇੱਕ ਸਾਂਝਾ ਸਤਿਗੁਰੂ ਹੈ ਜਿਸ ਨੂੰ ਨੰਗਲੀਏ ਵਾਲੇ ਸਤਿਗੁਰੂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਬਸੰਤ ਦੇ ਤਿਉਹਾਰ ਤੇ ਇਹ ਵਰਗ ਇਕੱਠੇ ਹੋ ਕੇ ਨੰਗਲੀਏ ਵਾਲੇ ਸਤਿਗੁਰੂ ਦਾ ਸਤਿਸੰਗ ਕਰਵਾਉਂਦੇ ਹਨ। ਇਸ ਤੋਂ ਇਲਾਵਾ ਵੱਡੇ ਵਡੇਰਿਆਂ ਦੀ ਪੂਜਾ, ਮਿੱਟੀ ਦੀ ਪੂਜਾ ਆਪਣੇ ਔਜ਼ਾਰਾਂ ਦੀ ਪੂਜਾ, ਕਰਦੇ ਆਦਿ ਅਨੁਸ਼ਠਾਨ ਨੂੰ ਮੰਨਦੇ ਹਨ।

ਪੱਛਮੀ ਸਭਿਆਚਾਰ ਦੇ ਪ੍ਰਭਾਵ ਕਾਰਨ ਘੁਮਿਆਰ ਸਮਾਜ ਦੇ ਪਹਿਰਾਵੇ ਵਿਚ ਵੀ ਪਰਿਵਰਤਨ ਆਇਆ ਹੈ। ਘਰਾਂ ਦੀਆਂ ਬਜ਼ੁਰਗ ਔਰਤਾਂ ਵੱਲੋਂ ਅਜੇ ਵੀ ਪਰੰਪਰਾਗਤ ਪਹਿਰਾਵਾ ਭਾਵ ਸਾੜੀ ਹੀ ਲਾਈ ਜਾਂਦੀ ਹੈ ਅਤੇ ਪੱਚੀ ਸਾਲ ਪਹਿਲਾਂ ਪੰਜਾਬੀ ਪਹਿਰਾਵਾ ਸੂਟ ਪਾਉਣ ਦਾ ਅਧਿਕਾਰ ਨਾਰੀ ਨੂੰ ਪ੍ਰਾਪਤ ਹੋਇਆ, ਪਰ ਇਸ ਸਮਾਜ ਦੀ ਨਵੀਂ ਪੀੜੀ ਦੇ ਮੁੰਡੇ-ਕੁੜੀਆਂ ਪੱਛਮੀ ਪਹਿਰਾਵਾ ਦੇ ਕਾਬਜ਼ ਹੋਣ ਕਾਰਨ ਜ਼ੀਨ, ਟੀ-ਸ਼ਰਟ ਆਦਿ ਪਾਉਂਦੇ ਹਨ। ਪੰਜਾਬੀ ਸਭਿਆਚਾਰ ਦੇ ਪਹਿਰਾਵੇ ਨੂੰ ਵੀ ਇਹ ਵਰਗ ਵਧੇਰੇ ਤਰਜ਼ੀਹ ਦੇਣ ਲੱਗੇ ਹਨ। ਇਸ ਸਮਾਜ ਦੀਆਂ ਅਧਖੜ ਉਮਰ ਦੀਆਂ ਔਰਤਾਂ ਨੇ ਪੰਜਾਬੀ ਸੂਟ ਪਾਉਣ ਦੀ ਲੀਹ ਤੋਰੀ।

ਸੋਫ਼ੀ ਪਿੰਡ ਦੇ ਘੁਮਿਆਰ ਸਮਾਜ ਦਾ ਸਭਿਆਚਾਰਕ ਅਧਿਐਨ ਨਾਲ ਸੰਬੰਧਿਤ ਬਹੁਤ

ਸਾਰੀ ਜਾਣਕਾਰੀ ਘੁਮਿਆਰ ਸਮਾਜ ਤੋਂ ਮਿਲੀ ਘੁਮਿਆਰ ਸਮਾਜ ਦਾ ਇੱਕ ਆਪਣਾ ਸਭਿਆਚਾਰ ਹੈ ਜਿਸ ਨੂੰ ਉਹ ਪਰੰਪਰਾਗਤ ਢੰਗ ਨਾਲ ਮਾਣਦੇ ਆ ਰਹੇ ਹਨ ਪਰ ਅੱਜ ਦੇ ਪੂੰਜੀਵਾਦੀ ਦੌਰ ਨੇ ਉਨ੍ਹਾਂ ਦੇ ਖਾਣ-ਪੀਣ, ਪਹਿਰਾਵਾ, ਕਦਰਾਂ-ਕੀਮਤਾਂ ਆਦਿ ਉੱਤੇ ਬਹੁਤ ਪ੍ਰਭਾਵ ਪਿਆ ਹੈ। ਇਸ ਪ੍ਰਭਾਵ ਅਧੀਨ ਇਸ ਵਰਗ ਦਾ ਪਹਿਰਾਵਾ ਲਗਭਗ ਬਦਲ ਗਿਆ। ਖਾਣ ਪੀਣ ਦੀਆਂ ਵਸਤਾਂ ਵਿਚ ਜੰਕ ਫੂਡ ਸ਼ਾਮਿਲ ਹੋ ਗਿਆ। ਪਿੱਤਰ ਮੁਖੀ ਕਿੱਤੇ ਦੇ ਨਾਲ ਉਨ੍ਹਾਂ ਹੋਰ ਕਿੱਤੇ ਵੀ ਅਪਣਾ ਲਏ ਹਨ। ਜੋ ਉਨ੍ਹਾਂ ਦੀ ਉਪਜੀਵਕਾ ਦਾ ਸਾਧਨ ਬਣਦੇ ਹਨ।

ਸੋਨੂੰ (11509958) ਬੀ. ਐਡ, ਐੱਮ.ਏ.ਪੰਜਾਬੀ
ਸੰਦੀਪ ਕੁਮਾਰ (11511030) ਬੀ.ਏ. , ਐੱਮ.ਏ.ਪੰਜਾਬੀ
ਪੰਜਾਬੀ ਵਿਭਾਗ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ।



ਜਪੁਜੀ ਸਾਹਿਬ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

# ਗੁਰੂ ਨਾਨਕ ਬਾਣੀ 'ਚ ਵਰਣਿਤ ਅਧਿਆਤਮਕ-ਸਦਾਚਾਰਕ 'ਗੁਣ ਫ਼ਲਸਫ਼ਾ'

ਮਨ ਦੀ ਸ਼ੁੱਧੀ ਗੁਰੂ ਨਾਨਕ ਬਾਣੀ 'ਚ ਦ੍ਰਿਸ਼ਟਮਾਨ ਹੋਏ ਸਾਧਨਾ-ਮਾਰਗ ਦਾ ਪਹਿਲਾ ਪੜਾਓ ਹੈ, ਜੋ ਸ਼ੁੱਭ ਅਮਲਾ 'ਤੇ ਆਧਾਰਿਤ ਹੈ। ਗੁਰੂ ਨਾਨਕ ਬਾਣੀ ਸ਼ੁੱਭ ਆਚਰਣ ਨੂੰ ਸਭ ਤੋਂ ਉੱਚਾ ਦਰਜਾ ਦਿੰਦੀ ਹੈ। ਸ਼ੁੱਭ ਆਚਰਣ ਅਰਥਾਤ ਸਦਾਚਾਰ ਦਾ ਜਨਮ ਮਨੁੱਖੀ ਸੋਚ ਦੇ ਨਾਲ ਹੀ ਪੈਦਾ ਹੋਇਆ ਸੰਕਲਪ ਹੈ। ਸਦਾਚਾਰ ਲਈ ਅੰਗਰੇਜ਼ੀ ਸ਼ਬਦ Morality ਲਾਤੀਨੀ ਭਾਸ਼ਾ ਦੇ ਸ਼ਬਦ 'MOS' ਤੋਂ ਬਣਿਆ ਹੈ ਜਿਸ ਦਾ ਭਾਵ 'ਵਿਹਾਰ' ਜਾਂ 'ਚਰਿੱਤਰ' ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਮੁੱਢ ਤੋਂ ਹੀ ਸਦਾਚਾਰ ਦਾ ਸੰਬੰਧ ਧਰਮ ਨਾਲ ਰਿਹਾ ਹੈ ਤੇ ਹਰ ਧਰਮ ਦਾ ਉਦੇਸ਼ ਸਾਤਵਿਕ ਰੁਚੀਆਂ ਅਧੀਨ ਸਦਾਚਾਰ ਜਾਂ ਨੈਤਿਕਤਾ ਉੱਤੇ ਬਲ ਦੇਣਾ ਹੈ। ਪੀ.ਵੀ. ਕਾਣੇ ਲਿਖਦਾ ਹੈ, ''ਧਰਮ ਤੋਂ ਉਨ੍ਹਾਂ ਦਾ ਭਾਵ ਕਿਸੇ ਵਿਸ਼ੇਸ਼ ਈਸ਼ਵਰੀ ਮੱਤ ਤੋਂ ਨਹੀਂ ਬਲਕਿ ਜੀਵਨ ਦੇ ਇੱਕ ਤਰੀਕੇ ਜਾਂ ਆਚਰਣ ਦੀ ਇੱਕ ਸਹਿੰਤਾ ਤੋਂ ਹੈ ਜੋ ਕਿ ਵਿਅਕਤੀ ਦੇ ਰੂਪ ਵਿਚ ਅਰਥਾਤ ਸਮਾਜ ਦੇ ਮੈਂਬਰ ਦੇ ਰੂਪ ਵਿਚ ਇੱਕ ਵਿਅਕਤੀ ਦੇ ਕੰਮਾਂ ਨੂੰ ਨਿਯਮਤ ਕਰਦੀ ਹੈ ਅਤੇ ਉਸ ਦਾ ਉਦੇਸ਼ ਵਿਅਕਤੀ ਵਿਚ ਕਰਮਬੋਧ ਵਿਕਾਸ ਕਰਨਾ ਅਰਥਾਤ ਉਸ ਨੂੰ ਇਸ ਯੋਗ ਬਣਾਉਣਾ ਕਿ ਮਾਨਵ ਜੀਵਨ ਦੇ ਅੰਤਿਮ ਉਦੇਸ਼ ਤਕ ਪਹੁੰਚ ਸਕੇ।''[1]

ਮਾਨਵ ਜੀਵਨ ਦਾ ਅੰਤਿਮ ਉਦੇਸ਼ ਨਿਰੰਕਾਰ ਵਿਚ ਅਨੁਭਵ ਰਾਹੀਂ ਪ੍ਰਵੇਸ਼ ਹੋਣਾ ਹੈ। ਗੁਰੂ ਨਾਨਕ ਦਾ ਨਿਰੰਕਾਰ ਅਨੰਤ, ਸਰਬ ਕਲਾ ਸੰਪੰਨ, ਨਿਰਾਕਾਰ, ਪੂਰਨ ਬ੍ਰਹਮ ਹੈ। ਜਗਤ ਬ੍ਰਹਮ ਦੁਆਰਾ ਸਿਰਜਿਆ ਪਰਪੰਚ ਹੈ ਤੇ ਬ੍ਰਹਮ ਦੇ ਸਿਰਜੇ ਹੋਏ ਜਗਤ ਵਿਚ ਮਨੁੱਖ ਦੀ ਹੋਂਦ ਹੈ। ਗੁਰਬਾਣੀ ਦੇ ਅਧਿਆਤਮਕ ਚਿੰਤਨ 'ਚ ਜੀਵ-ਆਤਮਾ ਪਰਮ-ਆਤਮਾ ਦਾ ਅੰਸ਼ ਹੈ ਅਤੇ ਉਸ

ਉੱਤੇ ਨਿਰਭਰ ਹੈ। ਮਨੁੱਖ ਇੱਕ ਪਾਸੇ ਜਗਤ ਦੇ ਸਿਰਜਕ ਬ੍ਰਹਮ ਦਾ ਅੰਸ਼ ਹੈ ਪਰ ਮਨੁੱਖੀ ਆਤਮਾ ਮਾਇਆ ਦੇ ਪ੍ਰਭਾਵ ਕਾਰਨ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵਿਕਾਰਾਂ ਦਾ ਸ਼ਿਕਾਰ ਹੈ। ਮਨੁੱਖੀ ਆਤਮਾ ਮਨੁੱਖ ਦੇ ਮੰਦੇ ਅਮਲਾਂ ਕਾਰਨ ਅਗਿਆਨਤਾ ਅਧੀਨ ਆਪਣੇ ਅੰਸ਼ੀ ਤੋਂ ਵਿੱਛੜੀ ਹੋਈ ਹੈ। ਇਸ ਦ੍ਰਿਸ਼ਟੀ ਤੋਂ 'ਜੀਵ' ਪ੍ਰਮਾਤਮਾ ਅਤੇ ਜਗਤ ਦਾ ਕੇਂਦਰੀ ਬਿੰਦੂ ਬਣ ਜਾਂਦਾ ਹੈ, ਇਸ ਪ੍ਰਸੰਗ ਵਿਚ ਜਗਬੀਰ ਸਿੰਘ ਦੀ ਇਹ ਟਿੱਪਣੀ ਧਿਆਨ ਦੇਣ ਯੋਗ ਹੈ :

> ''ਮਨੁੱਖ ਦੀ ਹੋਂਦ ਆਪਣੇ ਅੰਦਰ ਵਚਿੱਤਰ ਵਿਰੋਧਾਭਾਸ ਨੂੰ ਸੰਭਾਲੀ ਬੈਠੀ ਹੈ। ਇਸ ਵਿਰੋਧਾਭਾਸੀ ਜਾਂ ਸਮੱਸਿਆ ਗ੍ਰਸਤ ਸਥਿਤੀ ਕਾਰਨ ਮਨੁੱਖ ਵਾਸਤਵਿਕਤਾ ਤੇ ਸੰਭਾਵਨਾ ਦੀ ਦਵੈਤ ਨੂੰ ਹੰਢਾਉਂਦਾ ਹੈ। ਉਸ ਦੀ ਵਾਸਤਵਿਕਤਾ ਇਹ ਹੈ ਕਿ ਉਹ ਨਾਸ਼ਮਾਨ ਜਗਤ ਵਿਚ ਨਾਸ਼ਮਾਨ ਦੇਹ ਦੇ ਰੂਪ ਵਿਚ ਵਿਚਰਦਾ ਹੈ, ਉਸ ਦੇ ਅੰਦਰ ਬ੍ਰਹਮ ਦਾ ਅਵਿਨਾਸ਼ੀ ਅੰਗ ਵੀ ਮੌਜੂਦ ਹੈ ਜੋ ਉਸ ਦੀ ਪਰਮਾਰਥੀ ਸੰਭਾਵਨਾ ਹੈ।''[2]

ਗੁਰੂ ਨਾਨਕ ਦੇਵ ਜੀ ਨੇ ਇਸ ਅਧਿਆਤਮਕ ਦ੍ਰਿਸ਼ਟੀਕੋਣ ਦੀ ਵਿਆਖਿਆ ਜਪੁ ਜੀ ਸਾਹਿਬ ਵਿਚ ਕੀਤੀ ਹੈ। ਇਸ ਦਾ ਸਾਰ-ਤੱਤ ਇਸ ਬਾਣੀ ਦੀ ਪਹਿਲੀ ਪਉੜੀ ਦੀਆਂ ਹੇਠਲੀਆਂ ਪੰਕਤੀਆਂ ਵਿਚ ਦੇਖਿਆ ਜਾ ਸਕਦਾ ਹੈ।

> ਕਿਵ ਸਚਿਆਰਾ ਹੋਈਐ ਕਿਵੁ ਕੂੜੈ ਤੁਟੈ ਪਾਲਿ॥
> ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲ॥[3]

ਕੂੜ ਦੀ ਪਾਲ ਵਿਚ ਫਸਿਆ ਮਨੁੱਖ ਇਸ ਪਾਲ ਨੂੰ ਤੋੜ ਕੇ ਸਚਿਆਰਾ ਕਿਵੇਂ ਹੋ ਸਕਦਾ ਹੈ? ਇਸ ਪ੍ਰਸ਼ਨ ਦੇ ਉੱਤਰ ਵਿਚ ਹੁਕਮ ਅਤੇ ਰਜਾ ਨੂੰ ਕੂੜ ਅਤੇ ਸੱਚ ਵਿਚਲੀ ਵਿੱਥ ਨੂੰ ਮੇਟਣ ਦਾ ਆਧਾਰ ਮੰਨਿਆ ਹੈ। ਇਸ ਹੁਕਮ ਦੀ ਪਛਾਣ ਲਈ ਮਨੁੱਖ ਨੂੰ ਗੁਰੂ ਦੀ ਅਧਿਆਤਮਕ ਅਗਵਾਈ ਦੀ ਲੋੜ ਹੈ। ਗੁਰੂ ਦੀ ਅਧਿਆਤਮਕ ਅਗਵਾਈ ਪ੍ਰਾਪਤ ਕਰ ਕੇ ਹੀ ਮਨੁੱਖ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਦੁਨਿਆਵੀ ਪਰਪੰਚ ਤੋਂ ਮੋਹ ਭੰਗ ਕਰਦਾ ਹੋਇਆ ਸਤਿ ਦੀ ਪ੍ਰਾਪਤੀ ਦੇ ਮਾਰਗ ਉੱਤੇ ਤੁਰ ਪੈਂਦਾ ਹੈ। ਸਤਿ ਦੇ ਮਾਰਗ ਦੀ ਪ੍ਰਧਾਨ ਜੁਗਤ ਰਹੱਸਵਾਦ ਅਤੇ ਨੈਤਿਕਤਾ ਹਨ। ''ਰਹੱਸਵਾਦ ਅਸਲ ਵਿਚ ਆਤਮ ਅਤੇ ਅਨਾਤਮ ਦੀ ਏਕਤਾ ਅਤੇ ਅਭੇਦਤਾ ਦਾ ਸਿਧਾਂਤ ਹੈ। ਰੂਹਾਨੀ ਦ੍ਰਿਸ਼ਟੀ ਤੋਂ ਇਹ ਜੀਵਾਤਮਾ ਅਤੇ ਪ੍ਰਮਾਤਮਾ ਦੀ ਪ੍ਰੇਮ-ਮਈ ਅਭੇਦਤਾ ਦਾ ਅਨੋਖਾ ਅਹਿਸਾਸ ਹੈ ਜਿਸ ਨੂੰ ਬੂੰਦ ਦੇ ਸਾਗਰ ਵਿਚ ਇੱਕ-ਮਿੱਕ ਹੋ ਜਾਣ ਦੀ ਅਵਸਥਾ ਦੇ ਰੂਪ ਵਿਚ ਸੰਕਲਪਿਆ ਗਿਆ ਹੈ ਅਤੇ ਧਨ-ਪਿਰ ਜਾਂ ਪਤੀ-ਪਤਨੀ ਦੇ ਅੰਤਰੰਗ ਪਿਆਰ ਅਨੁਭਵ ਦੇ ਰੂਪ ਵਿਚ ਵੀ।''[4]

ਗੁਰੂ ਨਾਨਕ ਬਾਣੀ ਦਾ ਅਧਿਆਤਮਕ-ਸਦਾਚਾਰਕ 'ਗੁਣ ਫ਼ਲਸਫ਼ਾ' ਇਸ ਰਹੱਸਵਾਦੀ ਚੇਤਨਤਾ ਦੀ ਉਪਜ ਹੈ। ਸੱਚ ਨੂੰ ਪ੍ਰਾਪਤ ਕਰਨਾ ਸਰਵਉੱਚ ਹੈ ਪਰ ਇਸ ਤੋਂ ਵੀ ਉਚੇਰਾ ਸੱਚ ਹੈ 'ਆਚਾਰ'। ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦੀ ਵਾਸਤਵਿਕਤਾ ਨੂੰ ਪੂਰੀ ਤਰ੍ਹਾਂ ਸਵੀਕਾਰਿਆ ਗਿਆ ਹੈ। ਗਰੂ ਨਾਨਕ ਦੇਵ ਜੀ ਦਾ ਫ਼ੁਰਮਾਣ ਹੈ।

> ਸਚਹੁ ਉਰੈ ਸਭ ਕੋ ਊਪਰਿ ਸਚੁ ਆਚਾਰ॥[5]

ਇਸ ਰਹੱਸਵਾਦੀ ਅਨੁਭਵ ਦਾ ਸਦਾਚਾਰਕ ਪੱਖ ਦਇਆ, ਸੰਤੋਖ, ਸੱਚ, ਸੰਜਮ ਅਤੇ ਇਨਸਾਫ਼ ਵਰਗੇ ਗੁਣਾਂ ਦਾ ਪ੍ਰਚਾਰ ਕਰਦਾ ਹੋਇਆ ਨਿੱਜੀ ਹਿਤਾਂ ਦੀ ਬਜਾਏ ਸਮੂਹਿਕ ਹੀਤ ਦੀ ਗੱਲ ਕਰਦਾ

ਹੈ। ਗੁਰੂ ਨਾਨਕ ਬਾਣੀ ਦਾ ਕੇਂਦਰ-ਬਿੰਦੂ ਮਾਨਵ ਨਹੀਂ, ਅਰੂਪ ਬ੍ਰਹਮ ਹੈ ਪਰ ਇਸ ਦਾ ਝੁਕਾਉ ਮਾਨਵਵਾਦੀ ਅਤੇ ਮਾਨਵ ਪੱਖੀ ਹੈ। ਗੁਰੂ ਸਾਹਿਬ ਨੇ ਜਾਤ-ਪਾਤ, ਧਰਮ, ਇਲਾਕਾਈ ਵੰਡ ਅਤੇ ਰੰਗ ਦੇ ਭੇਦ ਨੂੰ ਸਵੀਕਾਰੇ ਬਿਨਾਂ ਮਨੁੱਖ ਨੂੰ ਮਨੁੱਖ ਦੇ ਰੂਪ ਵਿਚ ਪਛਾਣਨ ਯੋਗ ਅਤੇ ਪ੍ਰਤਿਸ਼ਠਿਤ ਬਣਾਇਆ ਹੈ।

ਗੁਰੂ ਨਾਨਕ ਦੇਵ ਜੀ ਦੇ ਸਿਰਜਤ ਸੰਸਾਰ ਵਿਚ ਸਮਕਾਲੀ ਯਥਾਰਥ ਅਤੇ ਮੂਲ ਮਾਨਵੀ ਸਰੋਕਾਰਾਂ ਦਾ ਬਹੁਪੱਖੀ ਦ੍ਰਿਸ਼ ਆਪ ਮੁਹਾਰੇ ਮੂਰਤੀਮਾਨ ਹੁੰਦਾ ਹੈ। ਗੁਰੂ ਸਾਹਿਬ ਨੇ ਆਪਣੇ ਸਮੇਂ ਦੇ ਸਮਾਜਿਕ, ਇਤਿਹਾਸਕ ਸਭਿਆਚਾਰਕ ਯਥਾਰਥ ਨੂੰ ਸਾਹਮਣੇ ਰੱਖ ਕੇ ਹੀ ਆਪਣੇ ਅਧਿਆਤਮਕ ਰੂਹਾਨੀ ਸੰਦੇਸ਼ ਦੀ ਸਿਰਜਨਾ ਕੀਤੀ ਹੈ। ਇਸ ਦੁਆਰਾ ਉਨ੍ਹਾਂ ਨੇ ਮਾਨਵੀ ਜੀਵਨ ਦੇ ਧਾਰਮਿਕ, ਸਮਾਜਿਕ ਤੇ ਸਾਂਸਕ੍ਰਿਤਿਕ ਮੁੱਲਾਂ ਵਿਚ ਆਈ ਸਦਾਚਾਰਕ ਗਿਰਾਵਟ ਨੂੰ ਸਾਹਮਣੇ ਲਿਆਂਦਾ ਹੈ। ਮਨੁੱਖ ਨੂੰ ਅਧਿਆਤਮਕ ਪੱਧਰ ਉੱਪਰ ਜਾਗ੍ਰਿਤ ਕਰਨ ਲਈ ਉਹ ਲੌਕਿਕ ਜਗਤ ਦੇ ਯਥਾਰਥ ਨੂੰ ਉਜਾਗਰ ਕਰਦੇ ਹੋਏ ਮਾਨਵੀ ਗੌਰਵ ਅਤੇ ਸਵੈ-ਮਾਣ ਦੇ ਸਦੀਵੀ ਪ੍ਰੇਰਣਾ-ਸਰੋਤਾਂ ਨਾਲ ਜੁੜਨ ਦੀ ਚੇਤਨਾ ਪੈਦਾ ਕਰਦੇ ਹਨ।

ਮਨੁੱਖ ਦੀ ਮਨੁੱਖ ਨਾਲ ਸਾਂਝ ਦਾ ਇੱਕ ਮਾਤਰ ਪ੍ਰਗਟਾਵਾ ਅਧਿਆਤਮਕ ਗੁਣ ਫ਼ਲਸਫ਼ਾ ਅਰਥਾਤ ਨੈਤਿਕ ਗੁਣਾਂ ਦਾ ਵਟਾਂਦਰਾ ਹੈ। ਗੁਣਾਂ ਦਾ ਸੰਚਾਰ ਹੋਣ ਨਾਲ ਹੀ ਔਗੁਣਾਂ ਦਾ ਖ਼ਾਤਮਾ ਸੰਭਵ ਹੈ ਤੇ ਜਿਉਂ ਜਿਉਂ ਔਗੁਣ ਮਿਟਦੇ ਜਾਣਗੇ ਗੁਣਾਂ 'ਚ ਵਾਧਾ ਲਾਜ਼ਮੀ ਹੈ। ਗੁਰੂ ਨਾਨਕ ਦੇਵ ਜੀ ਦਾ ਫੁਰਮਾਣ ਹੈ :

ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥ [6]

''ਸਤੁ, ਸੰਤੋਖ ਤੇ ਗਿਆਨ, ਸਦਾਚਾਰ ਦਾ ਗੁਣ ਫ਼ਲਸਫ਼ਾ ਹੈ।'' ਸਤੁ ਉਸ ਅਭਿਆਸ ਵੱਲ ਸੰਕੇਤ ਹੈ, ਜੋ ਸੱਚ ਦੇ ਆਦਰਸ਼ ਨੂੰ ਵਿਵਹਾਰਿਕ ਜੀਵਨ ਵਿਚ 'ਸੱਚ-ਆਚਾਰ' ਦੇ ਰੂਪ ਵਿਚ ਗ੍ਰਹਿਣ ਕਰਦਾ ਹੈ।''7 ਸੱਚ-ਆਚਾਰੀ ਮਨੁੱਖ ਸਦਾ ਪਵਿੱਤਰ ਜੀਵਨ ਜਿਊਂਦਾ ਹੈ। ਉਸ ਦੀ ਇਸ ਸੁੱਚਮਤਾ ਦਾ ਪ੍ਰਗਟਾਵਾ ਉਸ ਦੇ ਨਿਆਂਪੂਰਨ ਵਿਵਹਾਰ, ਗ੍ਰਹਿਸਥੀ ਜੀਵਨ ਵਿਚ ਪਰਪੱਕਤਾ ਅਤੇ ਹੱਕ ਦੀ ਕਮਾਈ ਰਾਹੀਂ ਹੁੰਦਾ ਹੈ। ਅਜਿਹੀ ਜੀਵਨ ਜਾਂਚ ਵਾਲਾ ਵਿਅਕਤੀ 'ਸੰਤੋਖ' ਦੇ ਗੁਣਾਂ ਦਾ ਧਾਰਣੀ ਹੁੰਦਾ ਹੈ ਜੋ ਉਸ ਨੂੰ ਮਾਇਆ ਦੇ ਲਾਲਚੀ ਪ੍ਰਭਾਵ ਤੋਂ ਉੱਪਰ ਉੱਠ ਕੇ ਜੀਵਨ ਨੂੰ ਸੰਜਮ ਵਿਚ ਰਹਿਣ ਕਈ ਪ੍ਰੇਰਿਤ ਕਰਦਾ ਹੈ। ਗਿਆਨ ਦਾ ਸੰਬੰਧ ਬੁੱਧੀ ਨਾਲ ਹੈ। ਬਿਬੇਕ ਬੁੱਧ ਮਨੁੱਖ ਨੂੰ ਪਵਿੱਤਰ/ਅਪਵਿੱਤਰ ਦੀ ਸਹੀ ਪਛਾਣ ਕਰਵਾ ਦੇ ਸਦਾਚਾਰਕ ਮਾਰਗ ਵੱਲ ਅਗਰਸਰ ਕਰ ਸਕਦੀ ਹੈ। ਸਦਾਚਾਰਕ ਮਾਰਗ ਤੇ ਚੱਲਦਿਆਂ ਨਿਮਰਤਾ, ਦਇਆ ਤੇ ਤਿਆਗ ਵਰਗੇ ਸਦਗੁਣ ਆਪ ਮੁਹਾਰੇ ਅਧਿਆਤਮਕ ਫ਼ਲਸਫ਼ੇ ਦਾ ਅੰਗ ਬਣ ਕੇ ਆਤਮਿਕ ਪ੍ਰਗਤੀ 'ਚ ਸਹਾਇਕ ਬਣਦੇ ਹਨ।

ਇਨ੍ਹਾਂ ਸਾਰੇ ਗੁਣਾਂ ਦਾ ਖ਼ਜ਼ਾਨਾ ਪ੍ਰਮਾਤਮਾ ਆਪ ਹੈ। ਨਾਸ਼ਵਾਨ ਸਰੀਰ ਭਾਵ ਮਨੁੱਖ ਦਾ ਤਾਂ ਕੋਈ ਗੁਣ ਹੀ ਨਹੀਂ। ਪਰ ਗੁਣਾਂ ਦਾ ਸੰਚਾਰ ਹੋਏ ਬਿਨਾਂ ਭਗਤੀ ਹੋ ਹੀ ਨਹੀਂ ਸਕਦੀ। ਗੁਰੂ ਜੀ ਫ਼ਰਮਾਉਂਦੇ ਹਨ :

ਸਭਿ ਗੁਣ ਤੇਰੇ ਮੈ ਨਾਹੀ ਹੋਇ॥
ਵਿਣੁ ਗੁਣ ਕੀਤੇ ਭਗਤਿ ਨ ਹੋਇ॥ [8]

ਗੁਣਾਂ ਦਾ ਮੂਲ ਅਕਾਲ ਪੁਰਖ ਆਪ ਹੈ ਤੇ ਮਨੁੱਖ ਨੇ ਉਸ ਤੋਂ ਗੁਣ ਲੈਣੇ ਹਨ ਤੇ ਉਨ੍ਹਾਂ ਗੁਣਾਂ ਦਾ ਆਪਣੇ ਜੀਵਣ ਵਿਚ ਵੱਧ ਤੋਂ ਵੱਧ ਵਿਕਾਸ ਕਰਨਾ ਹੈ ਕਿਉਂਕਿ ਇਹੀ ਗੁਣ ਆਤਮਿਕ ਜੀਵਣ ਦਾ ਆਧਾਰ ਬਣਦੇ ਹਨ ਭਾਵ ਆਤਮਿਕ ਜੀਵਣ ਦੀ ਨੀਂਹ ਹੈ ਤੇ ਭਗਤੀ ਭਾਵ ਸਿਮਰਨ ਇਸ ਨੀਂਹ ਦਾ ਉਸਾਰ, ਪ੍ਰਮਾਤਮਾ ਦੇ ਗੁਣਾਂ ਦਾ ਪੂਰਨ ਪ੍ਰੇਮ ਅਤੇ ਸ਼ਰਧਾ ਭਾਵ ਨਾਲ ਚਿੰਤਨ ਕਰਨਾ ਹੀ ਭਗਤੀ ਹੈ। ਇਸ ਦਾ ਉਦੇਸ਼ 'ਗੁਰਮੁਖ' ਦੀ ਅਵਸਥਾ ਭਾਵ ਬ੍ਰਹਮ-ਗਿਆਨ ਦੀ ਪ੍ਰਾਪਤੀ ਹੈ ਜੋ ਅਧਿਆਤਮਕ ਸਦਾਚਾਰਕ ਗੁਣਾਂ ਦਾ ਮਨੁੱਖ ਮਾਤਰ 'ਚ ਸੰਚਾਰ ਰਾਹੀਂ ਹੀ ਸੰਭਵ ਹੈ। ਗੁਰੂ ਨਾਨਕ ਬਾਣੀ ਦਾ ਗੁਣ—ਫ਼ਲਸਫ਼ਾ ਤਿਆਗ ਅਥਵਾ ਸੰਨਿਆਸ ਧਾਰਨ ਕਰ ਕੇ ਦੁਨੀਆਂ ਤੋਂ ਬਾਹਰ ਚਲੇ ਜਾਣ ਦੀ ਆਗਿਆ ਨਹੀਂ ਦੇਂਦਾ। ਗੁਰੂ ਨਾਨਕ ਦੇਵ ਜੀ ਨੇ 'ਸਿੱਧ ਗੋਸ਼ਟ' ਵਿਚ ਜੋਗੀਆਂ ਨੂੰ ਪਰਬਤਾਂ ਵਿਚ ਜਾ ਕੇ ਛੁਪ ਬੈਠਨ ਦੀ ਬਜਾਏ ਗ੍ਰਹਿਸਥ ਜੀਵਣ 'ਚ ਰਹਿੰਦਿਆਂ ਭਗਤੀ ਦਾ ਉਪਦੇਸ਼ ਦਿੱਤਾ :

> ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੈ ॥
> ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮ ਵਖਾਣੈ ॥
> ਰਹਹਿ ਇਕਾਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥
> ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥ [9]

ਅਸਲ ਵਿਚ ਗੁਰੂ ਨਾਨਕ ਬਾਣੀ ਦੀ ਮੂਲ ਸੁਰ ਨੈਤਿਕ ਦ੍ਰਿਸ਼ਟੀ ਤੋਂ ਮਨੁੱਖ ਨੂੰ ਇਸ ਯੋਗ ਬਣਾਉਣਾ ਸੀ ਜਿੱਥੇ ਉਹ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਂਦਿਆਂ ਹੋਇਆ ਅਧਿਆਤਮਕ ਸੱਚ ਵੱਲ ਅਗਰਸਰ ਰਹੇ। ਹਰੀ ਸਿੰਘ ਭਾਰਤੀ ਲਿਖਦਾ ਹੈ ''ਗੁਰੂ ਨਾਨਕ ਦੀ ਸਮੁੱਚੀ ਨੈਤਿਕ ਦ੍ਰਿਸ਼ਟੀ ਮਨੁੱਖ ਨੂੰ ਇਸ ਯੋਗ ਬਣਾਉਣ ਦੀ ਸੀ ਕਿ ਮਨੁੱਖ ਇੱਕ ਪਾਸੇ ਆਪਣੀਆਂ ਸਮਾਜਿਕ ਘਰੇਲੂ ਤੇ ਦੁਨਿਆਵੀ ਜ਼ਿੰਮੇਵਾਰੀਆਂ ਨੂੰ ਸਮੁੱਚੇ ਢੰਗ ਨਾਲ ਨਿਭਾਏ ਅਤੇ ਦੂਜੇ ਪਾਸੇ ਅਧਿਆਤਮਿਕ ਮੰਡਲਾਂ ਨਾਲ ਵੀ ਜੁੜਿਆ ਰਹੇ।''[10] ਇੱਥੇ ਇਹ ਗੱਲ ਵਿਚਾਰਨਯੋਗ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਅਧਿਆਤਮਕ ਸਦਾਚਾਰਕ ਗੁਣ ਫ਼ਲਸਫ਼ਾ ਸਮਾਜਿਕ ਪਰਿਪੇਖ 'ਚ ਹੀ ਸਾਰਥਿਕ ਹੈ ਕਿਉਂਕਿ ਗੁਰੂ ਸਾਹਿਬ ਸਰੀਰਕ ਤਪ ਅਤੇ ਹਠ ਜੋਗ ਨੂੰ ਮੂਲੋਂ ਹੀ ਰੱਦ ਕਰਦੇ ਹਨ। ਸੱਚ ਤੇ ਸੰਜਮ ਦੇ ਗੁਣਾਂ ਨੂੰ ਧਾਰਨ ਕੀਤਿਆਂ ਗ੍ਰਿਹਸਤ ਧਰਮ ਨੂੰ ਨਿਭਾਉਣਾ ਹੀ ਮਨੁੱਖ ਦਾ ਨੈਤਿਕ ਕਰਮ ਹੈ।

'ਸੱਚ' ਮਨੁੱਖੀ ਚੇਤਨਾ ਦਾ ਇੱਕ ਸੱਚਾ ਤੇ ਸੁੱਚਾ ਕਰਮ ਅਨੁਭਵ ਹੈ। ਗੁਰੂ ਨਾਨਕ ਬਾਣੀ 'ਚ ਧਰਮ ਦਾ ਸਾਰ 'ਸੱਚ' ਹੀ ਹੈ :

> ਹਿਰਦੈ ਸਚੁ ਏਹ ਕਰਣੀ ਸਾਰੁ ॥
> ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥ [11]

ਸੱਚ ਨੂੰ ਹਿਰਦੇ ਵਿਚ ਵਸਾਉਣਾ ਸਮੁੱਚੇ ਜੀਵਣ ਨੂੰ ਨੈਤਿਕਤਾ ਦੇ ਸੂਤਰ ਵਿਚ ਢਾਲਣਾ ਹੈ। ਸਮਾਜਿਕ ਪ੍ਰਪੰਚ ਦਾ ਹਿੱਸਾ ਹੋਣ ਸਦਕਾ ਮਨੁੱਖ ਆਪਣੀ ਹੋਂਦ ਦੇ ਭੌਤਿਕ ਵਿਸਤਾਰ ਦੀ ਕੈਦ ਵਿਚੋਂ ਆਜ਼ਾਦ ਹੋ ਕੇ ਉੱਚਤਮ ਅਧਿਆਤਮਿਕ ਪ੍ਰਾਪਤੀ ਕਿਵੇਂ ਕਰ ਸਕਦਾ ਹੈ? ਇਸ ਪ੍ਰਸ਼ਨ ਦਾ ਉੱਤਰ ਗ੍ਰਹਿਸਤ ਜੀਵਣ ਤੇ ਆਧਾਰਿਤ ਸਮਾਜਿਕ ਸਰੋਕਾਰਾਂ ਵਾਲੀ ਗੁਰਮਤਿ ਵਿਚਾਰਧਾਰਾ-ਕਿਰਤ ਕਰਨਾ, ਵੰਡ ਛਕਣ ਅਤੇ ਨਾਮ ਜਪਣ ਦੇ ਤ੍ਰੈ-ਮੂਰਤੀ ਵਿਵਸਥਾ 'ਤੇ ਉੱਸਰਦੀ ਨਜ਼ਰ ਆਉਂਦੀ ਹੈ।

ਮਨੁੱਖ ਨੇ ਗ੍ਰਹਿਸਤ ਜੀਵਣ ਨੂੰ ਚਲਾਉਣ ਕਈ ਇਮਾਨਦਾਰੀ ਨਾਲ ਦੱਸਾਂ ਨਹੁੰਆਂ ਦੀ

ਕਿਰਤ ਕਰਨੀ ਹੈ ਅਤੇ ਪਰਾਇਆ ਹੱਕ ਖਾਣ ਤੋਂ ਗੁਰੇਜ਼ ਕਰਨਾ ਹੈ ਕਿਉਂਕਿ ਅਜਿਹਾ ਕੀਤਿਆਂ ਉਸ ਦੀ ਕਿਰਤ ਮਲੀਨਤਾ ਤੋਂ ਸੱਖਣੀ ਹੋ ਜਾਂਦੀ ਹੈ। ਅਜਿਹੀ ਸੋਚ ਧਾਰਣ ਕੀਤਿਆਂ ਮਨੁੱਖ ਮਨ ਨੂੰ ਲੋਭ-ਲਾਲਚ, ਆਲਸ, ਵਿਹਲ ਪੁਣੇ ਤੇ ਦੂਸਰੇ ਦੀ ਕਿਰਤ ਕਮਾਈ ਨੂੰ ਹਥਿਆਉਣ ਵਰਗੀ ਘਿਣੌਨੀ ਸੋਚ ਤੋਂ ਬਚਿਆ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਕਿਰਤ ਕਮਾਈ ਕਰਨ ਵਾਲਾ ਮਨੁੱਖ ਹਮੇਸ਼ਾ ਧਰਮੀ ਮਨੁੱਖ ਹੁੰਦਾ ਹੈ ਅਤੇ ਅਜਿਹਾ ਮਨੁੱਖ ਕਦੇ ਵੀ ਕਿਸੇ ਦਾ ਮੰਦਾ ਨਹੀਂ ਚਿਤਵਦਾ। ਆਪ ਦਾ ਫੁਰਮਾਣ ਹੈ :

ਸੇਵ ਕੀਤੀ ਸੰਤੋਖਈ ਜਿਨੀ ਸਚੋ ਸਚੁ ਧਿਆਇਆ॥
ਓਨੀ ਮੰਦੈ ਪੈਰ ਨ ਰਖਿਓ ਕਰਿ ਸੁਕ੍ਰਿਤ ਧਰਮ ਕਮਾਇਆ॥ [12]

ਵੰਡ ਛਕਣਾ ਸਮਾਜਿਕ ਨਿਆਇ ਦੀ ਮਨ ਮਰਜ਼ੀ ਨਾਲ ਚਿਤਰੀ ਮੂਰਤ ਹੈ ਜਿਸ ਪਿੱਛੇ ਮਨੁੱਖ ਜਾਤੀ ਦਾ ਭਰਾਤਰੀਅਤਾ ਦਾ ਭਾਵ ਕੰਮ ਕਰ ਰਿਹਾ ਹੁੰਦਾ ਹੈ। ਗੁਰੂ ਨਾਲ ਇਸ ਧਰਤੀ ਨੂੰ ਧਰਮਸਾਲ ਆਖਦੇ ਹਨ ਤੇ ਸਾਰੇ ਮਨੁੱਖ ਇੱਕ ਧਰਮ-ਪਿਤਾ ਪ੍ਰਮਾਤਮਾ ਦੀ ਸੰਤਾਨ ਹਨ ਆਪਣੀ ਕਿਰਤ ਕਮਾਈ ਵਿਚੋਂ ਆਪਣੀ ਨਿੱਜ ਲੋੜਾਂ ਦੀ ਪੂਰਤੀ ਉਪਰੰਤ ਦੂਜਿਆਂ ਦੀ ਭਲਾਈ ਦਾ ਸੰਕਲਪ ਪ੍ਰਮਾਤਮਾ ਦੀ ਸਰਵ-ਵਿਆਪੀ ਹੋਂਦ 'ਚ ਦ੍ਰਿੜ੍ਹ ਨਿਸ਼ਚੇ ਦਾ ਪ੍ਰਤੀਕ ਹੈ। ਜਿਸ ਕਰ ਕੇ ਮਾਨਸਿਕ ਸੋਚ ਅੰਦਰ ਸੁਹਿਰਦਤਾ, ਮਿਠਾਸ, ਅਪਣੱਤ, ਨਿਮਰਤਾ ਅਤੇ ਬਰਾਬਰੀ ਦੇ ਭਾਵਾਂ ਦਾ ਸੰਚਾਰ ਹੁੰਦਾ ਹੈ। ਵਿਸ਼ਵ ਪ੍ਰਤਿ ਏਕਤਾ ਤੇ ਮਾਨਵਤਾ ਭਰਪੂਰ ਸੂਝ ਪੈਦਾ ਹੁੰਦੀ ਹੈ ਅਤੇ 'ਏਕ ਪਿਤਾ ਏਕਸ ਦੇ ਹਮ ਬਾਰਿਕ' ਦੇ ਗੁੱਝੇ ਰਹੱਸ ਨੂੰ ਸਮਝਣ ਵਾਲੀ ਬਿਬੇਕ ਬੁੱਧ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਨਾਨਕ ਬਾਣੀ 'ਚ ਜਿੱਥੇ ਕਿਰਤ ਦੀ ਕਮਾਈ ਨੂੰ ਵਡਿਆਇਆ ਗਿਆ ਹੈ। ਉੱਥੇ ਕਿਰਤ ਤੋਂ ਸੱਖਣੇ ਇਨਸਾਨ ਨੂੰ ਦੁਰਕਾਰਿਆ ਗਿਆ ਹੈ। ਕਿਰਤ ਕਮਾਈ ਤੋਂ ਸੱਖਣਾ ਇਨਸਾਨ ਜੋ ਚੋਰੀ ਕਰ ਕੇ ਧਨ ਇਕੱਤਰ ਕਰਦਾ ਹੈ, ਕਈ ਗੁਰੂ ਸਾਹਿਬ ਆਖਦੇ ਹਨ ਕਿ ਚੋਰ ਜੋ ਚੋਰੀ ਕਰ ਕੇ ਪ੍ਰਾਪਤ ਕੀਤੇ ਧੰਨ ਵਿਚੋਂ ਦਾਨ ਦਿੰਦਾ ਹੈ ਤਾਂ ਉਹ ਦਾਨੀ ਨਹੀਂ ਬਣ ਜਾਵੇਗਾ ਚੋਰ ਹੀ ਅਖਵਾਏਗਾ ਤੇ ਉਸ ਦੇ ਵਡੇਰੇ ਵੀ ਚੋਰ ਹੀ ਗਿਣੇ ਜਾਣਗੇ :

ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ॥
ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ॥ [13]

'ਨਾਮ ਜਪਣਾ' ਅਧਿਆਤਮਕ ਗੁਣ ਸਾਧਨਾ ਦੀ ਚੂਲ ਹੈ। ਗੁਰਬਾਣੀ 'ਚ ਨਾਮ ਜਪਣ ਦਾ ਸੰਕਲਪ ਗੁਣਾਂ ਦੇ ਸੋਮੇ ਪ੍ਰਮਾਤਮਾ ਦੇ ਗੁਣਾਂ ਦਾ ਹੀ ਗਾਇਣ ਕਰਨਾ ਹੈ। ਗੁਰੂ ਨਾਨਕ ਬਾਣੀ 'ਚ ਮਾਨਸਿਕ ਅਤੇ ਅਧਿਆਤਮਕ ਉੱਨਤੀ ਲਈ ਨਾਮ ਜਪਣ ਉੱਪਰ ਬਲ ਦਿੱਤਾ ਹੈ। 'ਨਾਮ' ਸਮਾਧੀ ਲਗਾਉਣਾ ਨਹੀਂ ਕਿਉਂਕਿ ਗੁਰੂ ਜੀ ਮੋਨ-ਚੁੱਪ ਅਤੇ ਤਪ ਆਦਿ ਨੂੰ ਰੱਦ ਕਰਦੇ ਹਨ। ਨਾਮ-ਸਿਮਰਨ ਪਾਰਬ੍ਰਹਮ ਦੀ ਅਰਾਧਨਾ ਹੈ ਤੇ ਅਰਾਧਨਾ ਨਾਲ ਆਤਮਿਕ ਜੀਵਣ ਨੂੰ ਬਲ ਮਿਲਦਾ ਹੈ। ਨਾਮ 'ਚ ਅਜਿਹੀ ਸ਼ਕਤੀ ਹੈ ਜੋ ਮਨੁੱਖੀ ਔਗੁਣਾਂ ਨੂੰ ਕੱਟਣ ਦੇ ਸਮਰੱਥ ਹੈ ਤੇ ਉਨ੍ਹਾਂ ਦੀ ਥਾਂ ਗੁਣਾਂ ਨੂੰ ਸੰਚਾਰਿਤ ਕਰਦੀ ਹੈ। ਨਾਮ-ਸਿਮਰਨ ਜਿੱਥੇ ਚਿੱਤ ਨੂੰ ਬ੍ਰਹਮ ਨਾਲ ਜੋੜਨ ਦਾ ਸਾਧਨ ਹੈ ਉੱਥੇ ਇਹ ਅੰਤਰਕਰਣ ਦੀ ਮੈਲ ਵੀ ਕੱਟਦਾ ਹੈ ਜਿਵੇਂ ਸਰੀਰਕ ਮੈਲ ਧੋਣ ਲਈ ਬਾਹਰੀ ਸਾਧਨਾਂ ਦੀ ਲੋੜ ਰਹਿੰਦੀ ਹੈ, ਤਿਵੇਂ ਅੰਤਰ ਦੀ ਮੈਲ ਕੱਟਣ ਲਈ ਨਾਮ ਸਹਾਇਕ ਜੁਗਤ ਬਣਦਾ ਹੈ :

ਭਰੀਐ ਹਥੁ ਪੈਰੁ ਤਨੁ ਦੇਹ॥
ਪਾਣੀ ਧੋਤੈ ਉਤਰਸੁ ਖੇਹ॥
ਮੂਤ ਪਲੀਤੀ ਕਪੜੁ ਹੋਇ॥
ਦੇ ਸਾਬੂਣੁ ਲਈਐ ਓਹੁ ਧੋਇ॥
ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥ [14]

ਸਤਿ ਨੂੰ ਨਾਮ ਸਾਧਨਾ ਦੁਆਰਾ ਸ਼ੁੱਧ ਕਰ ਕੇ ਹੀ ਆਤਮ-ਸਿੱਧੀ ਜਿਸ ਨੂੰ ਮੁਕਤ-ਪਦ ਜਾਂ ਪਰਮਪਦ ਦੀ ਸੰਗਿਆ ਦਿੱਤੀ ਗਈ ਹੈ, ਦੀ ਪ੍ਰਾਪਤੀ ਸਦਾਚਾਰਕ ਅਧਿਆਤਮਕ ਫ਼ਲਸਫ਼ੇ ਦਾ ਸਾਧਨਾਤਮਕ ਪੱਖ ਹੈ।

ਸਦਾਚਾਰਕ ਜੀਵਣ ਜਾਂਚ ਹੀ ਧਰਮ-ਸ਼ਾਸ਼ਤਰੀ ਸ਼ਬਦਾਵਲੀ ਵਿਚ ਮਨੁੱਖ ਦੀ ਸਰਬ-ਉੱਚ ਸੰਭਾਵਨਾ ਹੈ, ਜਿਸ ਤੇ ਚੱਲਦਿਆਂ ਹੋਇਆਂ ਉਹ ਅੰਤਰ-ਆਤਮੇ ਸੱਚ ਦਾ ਅਨੁਭਵ ਗ੍ਰਹਿਣ ਕਰਦਾ ਹੈ :

ਆਤਮ ਮਹਿ ਰਾਮ ਰਾਮ ਮਹਿ ਆਤਮ॥ [15]


ਪਰਮਾਰਥਕ ਦ੍ਰਿਸ਼ਟੀ ਤੋਂ ਮਨੁੱਖ ਵਿਚਲਾ ਇਹ ਅਧਿਆਤਮਿਕ ਤੱਤ ਹੀ ਉਸ ਦਾ ਵਾਸਤਵਿਕ ਆਪਾ ਹੈ, ਪਰੰਤੂ ਮਾਇਆ ਦੇ ਪ੍ਰਭਾਵ ਅਧੀਨ ਇਹ ਅਹੰ ਦਾ ਸ਼ਿਕਾਰ ਹੋ ਪੰਚ-ਭੂਤਕ ਸਰੀਰ ਨੂੰ ਆਪਣਾ ਸਭ ਕੁੱਝ ਸਮਝਣ ਲੱਗ ਜਾਂਦਾ ਹੈ। ਅਧਿਆਤਮਿਕ-ਸਦਾਚਾਰਕ ਗੁਣ ਫ਼ਲਸਫ਼ਾ ਮਨੁੱਖ ਨੂੰ ਅਗਿਆਨਤਾ ਦੇ ਭਰਮ-ਜਾਲ ਵਿਚੋਂ ਕੱਢ ਕੇ ਆਤਮਿਕ ਤੱਤ ਭਾਵ 'ਸੱਚ' ਦੀ ਪਛਾਣ ਕਰਵਾਉਣਾ ਹੈ।

## ਹਵਾਲੇ ਤੇ ਟਿੱਪਣੀਆਂ


1. ਹਰੀ ਸਿੰਘ ਭਾਰਤੀ 'ਗੁਰੂ ਨਾਨਕ ਦਾ ਸਦਾਚਾਰ-ਮਾਰਗ' ਪੰਨਾ 15 ਤੇ ਉਧਰਿਤ
2. ਪੰਜਾਬੀ ਸਾਹਿੱਤ ਦਾ ਇਤਿਹਾਸ 'ਗੁਰਮਤਿ ਕਾਵਿ ਦਾ ਇਤਿਹਾਸ' ਪੰਨੇ, 31-32
3. ਗੁਰੂ ਗ੍ਰੰਥ ਸਾਹਿਬ, ਪੰਨਾ 1
4. ਜਗਬੀਰ ਸਿੰਘ ਪੰਜਾਬੀ ਸਾਹਿੱਤ ਦਾ ਇਤਿਹਾਸ 'ਗੁਰਮਤਿ ਕਾਵਿ ਦਾ ਇਤਿਹਾਸ' ਪੰਨੇ 32-33
5. ਗੁਰੂ ਗ੍ਰੰਥ ਸਾਹਿਬ, ਪੰਨਾ 62
6. ਉਹੀ, ਪੰਨਾ 766
7. ਵਜੀਰ ਸਿੰਘ ''ਸਿੱਖ ਧਰਮ ਦਾ ਨੈਤਿਕ ਪੱਖ'' 'ਸਿੱਖ ਫ਼ਲਸਫ਼ੇ ਦੀ ਰੂਪਰੇਖਾ', ਪੰਨਾ 155
8. ਗੁਰੂ ਗ੍ਰੰਥ ਸਾਹਿਬ, ਪੰਨਾ 4
9. ਉਹੀ ਪੰਨਾ, 83

10. ਗੁਰੂ ਨਾਨਕ ਦਾ ਸਦਾਚਾਰ-ਮਾਰਗ, ਪੰਨਾ 38
11. ਗੁਰੂ ਗ੍ਰੰਥ ਸਾਹਿਬ, ਪੰਨਾ, 1343
12. ਉਹੀ, ਪੰਨਾ 188
13. ਉਹੀ, ਪੰਨਾ 472
14. ਉਹੀ, ਪੰਨਾ 4
15. ਉਹੀ, ਪੰਨਾ 1143

ਡਾ. ਇੰਦਰਜੀਤ ਕੌਰ,
ਅਸਿਸਟੈਂਟ ਪ੍ਰੋਫੈਸਰ
ਗੁਰੂ ਨਾਨਕ ਕਾਲਜ ਸੁਖਚੈਣ ਆਣਾ ਸਾਹਿਬ, ਫਗਵਾੜਾ






# ਗੁਰਬਾਣੀ ਵਿਚ ਨਾਸਿਕਤਾ (ਬਿੰਦੀ) ਦਾ ਪ੍ਰਯੋਗ

ਲਗਾਖ਼ਰ 'ਬਿੰਦੀ' ਜਿਸ ਨੂੰ ਨਾਸਿਕਤਾ (ਨਾਸਕੀ-ਚਿੰਨ੍ਹ) ਭੀ ਆਖਿਆ ਜਾਂਦਾ ਹੈ। ਚੂੰਕਿ, ਇਸ ਦੀ ਆਵਾਜ਼ ਨਾਸਕਾਂ ਰਾਹੀਂ ਨਿਕਲਦੀ ਹੈ। ਬਿੰਦੀ ਦਾ ਪ੍ਰਯੋਗ ਵਿਆਕਰਣ ਅਨੁਸਾਰ ਕਿਸੇ ਭੀ ਸ਼ਬਦਾਂ ਦੇ ਅੰਤ ਦੋ ਨੇਮਾਂ ਤਹਿਤ ਹੁੰਦਾ ਹੈ। 1.ਮੂਲਕ-ਅੰਗੀ ਬਿੰਦੀ:'ਸਾਈਂ, ਸਾਂਗ, ਕਾਇਆਂ, ਪੈਕਾਂਬਰ, ਭਾਂਤ' ਆਦਿ ਸ਼ਬਦਾਂ ਅੰਤ ਬਿੰਦੀ ਮੂਲਕ ਵਜੋਂ ਆਈ ਹੈ। 2. ਵਿਆਕਰਣਿਕ ਤੌਰ 'ਤੇ : 'ਸ਼ਾਹਾਂ, ਵਾਧਾਈਆਂ, ਖਾਵਾਂ, ਬੈਠਾਂ, ਬੋਲਾਂ'ਆਦਿ ਸ਼ਬਦਾਂ ਅੰਤ ਬਿੰਦੀ ਵਿਆਕਰਣਿਕ-ਨੇਮਾਂ ਤਹਿਤ ਆਈ ਹੈ। ਪੰਜਾਬੀ ਵਿਆਕਰਣ ਅਨੁਸਾਰ ਬਿੰਦੀ ਦਾ ਪ੍ਰਯੋਗ 6 ਲਗਾਂ (ਮਾਤ੍ਰਾਵਾਂ) ਉਪਰ ਹੁੰਦਾ ਹੈ,ਜਿਵੇਂ : 1.ਕੰਨਾ 2.ਬਿਹਾਰੀ 3.ਲਾਂ 4.ਦੋਲਾਵਾਂ 5. ਹੋੜਾ 6. ਕਨੌੜਾ। ਗੁਰਬਾਣੀ ਵਿੱਚ ਤਕਰੀਬਨ 2022 ਵੇਰ ਵੱਖ-ਵੱਖ ਸ਼ਬਦਾਂ ਦੇ ਅੰਤ ਬਿੰਦੀ ਦਾ ਪ੍ਰਯੋਗ ਮਿਲਦਾ ਹੈ। ਦਰਸ਼ਨ ਕਰਨ 'ਤੇ ਮਾਲੂਮ ਹੁੰਦਾ ਹੈ ਕਿ ਗੁਰਬਾਣੀ ਵਿੱਚ ਕਿਤੇ ਓਹੀ ਸ਼ਬਦ ਉਪਰ ਬਿੰਦੀ ਲੱਗੀ ਹੈ, ਕਿਤੇ ਨਹੀਂ ਲੱਗੀ। ਇਸ ਸੰਬੰਧ ਵਿੱਚ ਗੁਰਬਾਣੀ-ਵਿਆਕਰਣ ਦੇ ਵਿਦਵਾਨ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਬੜ੍ਹੀ ਭਾਵ-ਪੂਰਤ ਵੀਚਾਰ ਲਿਖਦੇ ਹਨ :"ਗੁਰਬਾਣੀ ਵਿੱਚ ਮੂਲਕ-ਅੰਗੀ ਨਾਸਕੀ-ਚਿੰਨ੍ਹਾਂ ਦੀ ਵਰਤੋਂ ਵੀ ਮਿਲਦੀ ਹੈ

ਅਤੇ ਵਿਆਕਰਣਿਕ ਨਾਸਕੀ-ਚਿਨ੍ਹਾਂ ਦੀ ਵੀ। ਅਸੀਂ ਦੇਖਦੇ ਹਾਂ ਕਿ ਛਾਪੇ ਦੀਆਂ ਬੀੜਾਂ ਵਿੱਚ ਓਹੀ ਸ਼ਬਦ ਕਿਧਰੇ ਟਿੱਪੀ/ਬਿੰਦੀ ਸਹਿਤ ਮਿਲਦੇ ਹਨ ਅਤੇ ਕਿਧਰੇ ਇਸ ਤੋਂ ਬਗ਼ੈਰ। ਮੂਲਕ-ਅੰਗੀ ਟਿੱਪੀਆਂ/ਬਿੰਦੀਆਂ ਤਕਰੀਬਨ 90% ਲੱਗੀਆਂ ਮਿਲਦੀਆਂ ਹਨ। ਬਾਕੀ 10% ਸੰਭਵ ਹੈ ਛਾਪੇ ਦੀ ਅਣਗਹਿਲੀ ਕਾਰਨ ਰਹੀਆਂ ਹੋਈਆਂ ਹੋਣ। ਇਹਨਾਂ ਵਿੱਚੋਂ ਬਹੁਤ ਸਾਰੀਆਂ ਪੁਰਾਤਨ ਲਿਖਤੀ ਬੀੜਾਂ ਵਿੱਚ ਲਗੀਆਂ ਮਿਲਦੀਆਂ ਹਨ। ਏਸ ਪੱਖ ਵੱਲ ਕਿਸੇ ਜ਼ਿਮੇਵਾਰ ਸੰਸਥਾ ਨੇ ਅੱਜ ਤਕ ਧਿਆਨ ਹੀ ਨਹੀਂ ਦਿੱਤਾ ਏਧਰ ਤੁਰਤ ਧਿਆਨ ਦਿੱਤੇ ਜਾਣ ਦੀ ਲੋੜ ਹੈ।" (ਗੁਰਬਾਣੀ ਦਾ ਸਰਲ ਵਿਆਕਰਣ ਬੋਧ ਜਿਲਦ 1 ਪੰਨਾ 45/ਭਾਈ ਜੋਗਿੰਦਰ ਸਿੰਘ ਜੀ ਤਲਵਾੜਾ) ਭਾਈ ਜੋਗਿੰਦਰ ਸਿੰਘ ਤਲਵਾੜਾ ਵੱਲੋਂ ਲਿਖੀ ਗਈ ਉਪਰੋਕਤ ਵਿਚਾਰ ਬੜ੍ਹੀ ਭਾਵ-ਪੂਰਤ ਅਤੇ ਧਿਆਨ ਦੇਣ ਯੋਗ ਹੈ। ਮੇਰੇ ਪਾਸ ਪ੍ਰਾਪਤ ਹੱਥ-ਲਿਖ਼ਤ ਬੀੜ੍ਹਾਂ ਵਿਚ ਵੀ ਬਹੁਤਾਤ ਵਿਚ ਉਹ ਸ਼ਬਦ ਬਿੰਦੀ ਸਹਿਤ ਮਿਲਦੇ ਹਨ, ਜੋ ਮੌਜੂਦਾ ਛਾਪੇ ਦੀ ਬੀੜ ਵਿਚ ਨਹੀਂ ਹਨ। ਸੋ ਜਿੰਮੇਵਾਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪ੍ਰਮਾਣਿਕ ਲਿਖਤੀ ਬੀੜ੍ਹਾਂ ਦੀ ਰਹਿਨੁਮਾਈ ਮੁਜਬ ਉਹ ਲਗ-ਮਾਤ੍ਰੀ ਉਕਾਈਆਂ ਦਰੁਸੱਤ ਕਰ ਲੈਣੀਆਂ ਚਾਹੀਦੀਆਂ ਹਨ, ਜਿੰਨ੍ਹਾਂ ਦੀ ਪੁਸ਼ਟੀ ਗੁਰਬਾਣੀ-ਲਿਖ਼ਤ ਦੇ ਅੰਦਰਲੇ (ਲਗ-ਮਾਤ੍ਰੀ) ਨੇਮ ਕਰਦੇ ਹਨ।

ਬ-ਹਰ ਹਾਲ ਅਸੀਂ ਗੁਰਬਾਣੀ-ਲਿਖਤ ਦੇ ਉਹਨਾਂ ਨੇਮਾਂ ਨੂੰ ਸਮਝਣ ਦਾ ਯਤਨ ਕਰਾਂਗੇ, ਜਿੰਨਾਂ ਦੁਆਰਾ ਇਹ ਬੋਧ ਪ੍ਰਾਪਤ ਹੁੰਦਾ ਹੈ ਕਿ ਕਿਹੜੇ-ਕਿਹੜੇ ਸ਼ਬਦਾ ਉਪਰ ਬਿੰਦੀ ਦਾ ਪ੍ਰਯੋਗ ਹਇਆ ਹੈ।

1. ਨਾਂਵ (ਇਸਮ) ਪੁਲਿੰਗ ਵਾਚਕ ਸ਼ਬਦਾਂ ਨੂੰ ਬਹੁਵਚਨ ਬਨਾਉਣ ਹਿਤ ਵਿਆਕਰਣਿਕ ਤੌਰ 'ਤੇ ਬਿੰਦੀ ਦਾ ਪ੍ਰਯੋਗ ਕੀਤਾ ਗਿਆ ਹੈ:

"ਹਰਿ ਭਗਤਾਂ ਹਰਿ ਆਰਾਧਿਆ ਹਰਿ ਕੀ ਵਡਿਆਈ ॥ (ਪੰਨਾ 316 )

"ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ ॥ (ਪੰਨਾ 317 )

ਉਪਰੋਕਤ ਪੰਗਤੀਆਂ ਵਿਚ ਸ਼ਬਦ 'ਭਗਤਾਂ, ਗੁਰਸਿਖਾਂ, ਸਿਖਾਂ ' ਵਿੱਚ ਵਰਤੀ ਗਈ ਬਿੰਦੀ ਉਕਤ ਸ਼ਬਦਾਂ ਨੂੰ ਬਹੁਵਚਨ ਬਨਾਉਂਦੀ ਹੈ। ਸੋ ਉਪਰੋਕਤ ਸ਼ਬਦ ਸੇਧ ਦਿੰਦੇ ਹਨ ਕਿ ਜਿੱਥੇ ਨਾਂਵ ਬਹੁਵਚਨ ਰੂਪ 'ਚ ਆਉਣ ਤਾਂ ਬਿੰਦੀ ਦਾ ਪ੍ਰਯੋਗ ਕਰਨਾ ਹੈ।

2. ਨਾਂਵ ਇਸਤਰੀ ਲਿੰਗ ਬਹੁਵਚਨ ਵਾਚੀ ਸ਼ਬਦਾਂ ਉਪਰ ਬਿੰਦੀ ਦਾ ਪ੍ਰਯੋਗ ਹੁੰਦਾ ਹੈ,ਜਿਵੇਂ:

"ਚੰਗਿਆਈਂ ਆਲਕੁ ਕਰੇ ਬੁਰਿਆਈਂ ਹੋਇ ਸੇਰੁ॥ (ਪੰ:/518)

"ਸੇ ਦਾੜੀਆਂ ਸਚੀਆਂ ਜਿ ਗੁਰ ਚਰਨੀ ਲਗੰਨਿ॥ (ਪੰ:/1419)

ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ ॥ (ਪੰ:/1279)

ਉਪਰੋਕਤ ਪੰਗਤੀਆਂ ਵਿੱਚ 'ਚੰਗਿਆਈਂ, ਦਾੜੀਆਂ, ਸਚੀਆਂ, ਮਛੀਆਂ' ਆਦਿ ਸ਼ਬਦਾਂ ਨੂੰ ਇਸਤਰੀ ਲਿੰਗ ਬਹੁਵਚਨ ਹੋਣ ਕਾਰਣ ਬਿੰਦੀ ਆਈ ਹੈ। ਉਕਤ ਸ਼ਬਦਾਂ ਤੋਂ ਸੇਧ ਲੈਂਦੇ ਹੋਏ ਇਸਤਰੀ ਲਿੰਗ ਬਹੁਵਚਨ ਵਾਚਕ ਸ਼ਬਦਾਂ 'ਤੇ ਬਿੰਦੀ ਦਾ ਪ੍ਰਯੋਗ ਕਰਨਾ ਹੈ।

3. ਪੁਰਖ ਵਾਚੀ ਪੜਨਾਂਵ, ਮਧਮ ਪੁਰਖ, ਸ਼ਬਦਾਂ ਉਪਰ ਬਿੰਦੀ ਦਾ ਪ੍ਰਯੋਗ :

ਐਸਾ ਤੈਂ ਜਗੁ ਭਰਮਿ ਲਾਇਆ ॥ (ਪੰਨਾ 92 )

ਪਹਿਲੋ ਦੇ ਤੈਂ ਰਿਜਕੁ ਸਮਾਹਾ ॥ (ਪੰਨਾ 130 )
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥1॥ ( ਪੰਨਾ 360)
ਤੈਂ = {ਮੱਧਮ-ਪੁਰਖ ਪੜਨਾਂਵ, ਇਕਵਚਨ} ਤੂੰ ।
ਇਸ ਨੇਮ ਅਧੀਨ ਜਿੱਥੇ ਭੀ 'ਤੈ' ਸ਼ਬਦ 'ਤੂੰ' ਦੇ ਅਰਥ ਭਾਵ ਵਿੱਚ ਆਵੇ ਤਾਂ ਬਿੰਦੀ ਸਹਿਤ ਉਚਾਰਣ 'ਤੈਂ' ਕਰਨਾ ਹੈ।
4. ਪੁਰਖ ਵਾਚੀ ਪੜਨਾਂਵ, ਉਤਮ ਪੁਰਖ ,ਇਕਵਚਨ 'ਤੇ ਬਿੰਦੀ ਦਾ ਪ੍ਰਯੋਗ :
ਹੰਉ ਹਉਰੋ ਤੂੰ ਠਾਕੁਰ ਗਉਰੋ ਨਾਨਕ ਸਰਨਿ ਪਛਾਨੀ ॥ (ਪੰ:/404)
ਹੰਉ={ਉਤਮ ਪੁਰਖ ਪੜਨਾਂਵ ਇਕਵਚਨ}ਮੈਂ।
ਇਥੋਂ ਸੇਧ ਅਨੁਸਾਰ 'ਹਉ' ਸ਼ਬਦ ਜੋ 'ਮੈਂ' ਦੇ ਅਰਥ ਵਿੱਚ ਆਵੇ ਤਾਂ ਉਚਾਰਣ ਅੰਤ 'ਉ' 'ਤੇ ਬਿੰਦੀ ਸਹਿਤ ਕਰਨਾ ਹੈ।
5. ਗੁਰਬਾਣੀ ਵਿਚ ਕਿਰਿਆ 'ਵਰਤਮਾਨ ਕਾਲ, ਉਤਮ ਪੁਰਖ, ਇਕਵਚਨ' ਸ਼ਬਦਾਂ ਉਪਰ ਬਿੰਦੀ ਦੀ ਵਰਤੋਂ ਕੀਤੀ ਹੈ, ਜਿਵੇਂ :
ਜੇ ਜਾਣਾ ਲੜੁ ਛਿਜਣਾ ਪੀਡੀ ਪਾਈਂ ਗੰਢਿ ॥ (ਪੰਨਾ 1378 )
ਪਾਈਂ = {ਕਿਰਿਆ ਵਰਤਮਾਨ ਕਾਲ,ਉਤਮ ਪੁਰਖ ਇਕਵਚਨ} ਮੈਂ ਪਾਵਾਂ ।
ਜਿਉ ਵੇਖਾਲੇ ਤਿਉ ਵੇਖਾਂ ਬੀਰ ॥3॥ (ਪੰਨਾ 1257 )
ਵੇਖਾਂ = {ਕਿਰਿਆ ਵਰਤਮਾਨ ਕਾਲ,ਉਤਮ ਪੁਰਖ ਇਕਵਚਨ} ਮੈਂ ਵੇਖਾਂ ।
ਨਾਮੁ ਨਿਰੰਜਨੁ ਉਚਰਾਂ ਪਤਿ ਸਿਉ ਘਰਿ ਜਾਂਈ ॥ (ਪੰਨਾ 1239 )
ਉਚਰਾਂ = {ਕਿਰਿਆ ਵਰਤਮਾਨ ਕਾਲ,ਉਤਮ ਪੁਰਖ ਇਕਵਚਨ} ਮੈਂ ਬੋਲਾਂ ।
ਉਕਤ ਲਫਜ਼ 'ਪਾਈਂ , ਵੇਖਾਂ, ਉਚਰਾਂ ' ਵਿੱਚ ਆਈ ਬਿੰਦੀ ਉਚਾਰਣ ਦਾ ਭਾਗ ਹੈ ਭਾਵ ਇਨ੍ਹਾਂ ਸ਼ਬਦਾਂ ਦਾ ਉਚਾਰਣ ਨਾਸਕੀ ਹੋਵੇਗਾ, ਸੋ ਇਨ੍ਹਾਂ ਲਫਜ਼ਾਂ ਤੋਂ ਸੇਧ ਲੈ ਕੇ ਹੋਰ ਸ਼ਬਦ ਜੋ ਉਤਮ ਪੁਰਖੀ ਵਰਤਮਾਨ ਕਾਲ ਕਿਰਿਆ ਦੇ ਸੂਚਕ ਹਨ ਉਨ੍ਹਾਂ ਦਾ ਉਚਾਰਣ ਵੀ ਨਾਸਕੀ ਕਰਨਾ ਹੈ।
6. ਗੁਰਬਾਣੀ ਵਿਚ ਕਿਰਿਆ ਵਰਤਮਾਨ ਕਾਲ, ਅਨ-ਪੁਰਖ ਬਹੁਵਚਨ ਸ਼ਬਦਾਂ ਉਪਰ ਬਿੰਦੀ ਦਾ ਪ੍ਰਯੋਗ ਕੀਤਾ ਹੈ, ਜਿਵੇਂ :
ਚਰਨ ਕਮਲ ਮੇਰੇ ਹੀਅਰੇ ਬਸੈਂ ॥1॥ ਰਹਾਉ ॥ (ਪੰਨਾ 1195 )
ਬਸੈਂ = {ਕਿਰਿਆ ਵਰਤਮਾਨ ਕਾਲ, ਅਨ-ਪੁਰਖ ਬਹੁਵਚਨ} ਵਸਦੇ ਹਨ।
ਜਿਨ ਕਉ ਬਿਸਰੈ ਮੇਰੋ ਰਾਮੁ ਪਿਆਰਾ ਸੇ ਮੂਏ ਮਰਿ ਜਾਂਹੀਂ ॥1॥ (ਪੰਨਾ 1268 )
ਜਾਂਹੀਂ = {ਕਿਰਿਆ ਵਰਤਮਾਨ ਕਾਲ, ਅਨ-ਪੁਰਖ ਬਹੁਵਚਨ} ਮਰ ਜਾਂਦੇ ਹਨ
ਸੇਧ ਅਨੁਸਾਰ ਅਨਪੁਰਖੀ,ਵਰਤਮਾਨ ਕਾਲ ਦੀ ਬਹੁਵਚਨੀ ਕਿਰਿਆਵੀ ਸ਼ਬਦਾਂ ਉਪਰ ਬਿੰਦੀ ਦਾ ਪ੍ਰਯੋਗ ਕਰਨਾ ਹੈ।
7. ਕਿਰਿਆ ਵਰਤਮਾਨ ਕਾਲ, ਮਧਮ-ਪੁਰਖ ਇਕਵਚਨ ਸ਼ਬਦਾਂ ਉਪਰ ਬਿੰਦੀ ਦਾ ਪ੍ਰਯੋਗ ਕੀਤਾ ਮਿਲਦਾ ਹੈ :
ਸਗਲ ਸੂਖ ਜਾਂ ਤੂੰ ਚਿਤਿ ਆਵੈਂ ॥ (ਪੰਨਾ 385 )

ਆਵੈਂ = {ਕਿਰਿਆ ਵਰਤਮਾਨ ਕਾਲ, ਮਧਮ-ਪੁਰਖ ਇਕਵਚਨ} ਆਉਂਦਾ ਹੈਂ ।
ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈਂ ਅਤਿਭੁਜ ਭਇਓ ਅਪਾਰਲਾ ॥ (ਪੰਨਾ 1292 )
ਹੈਂ = {ਕਿਰਿਆ ਵਰਤਮਾਨ ਕਾਲ, ਮਧਮ-ਪੁਰਖ ਇਕਵਚਨ} ਕਹਿਆ ਜਾਂਦਾ ਹੈਂ ।
ਨੇਮ ਤੋਂ ਸੇਧ ਲੈ ਕੇ ਮਧਮ ਪੁਰਖੀ,ਇਕਵਚਨੀ,ਕਿਰਿਆਵੀ ਸ਼ਬਦ ਜੋ ਵਰਤਮਾਨ ਕਾਲ ਕਿਰਿਆ ਵਿੱਚ ਹੋਵਣ,ਉਹਨਾਂ ਉਪਰ ਬਿੰਦੀ ਦਾ ਪ੍ਰਯੋਗ ਕਰਨਾ ਹੈ।
8. ਕਿਰਿਆ ਵਰਤਮਾਨ ਕਾਲ, ਉਤਮ ਪੁਰਖ, ਬਹੁਵਚਨੀਂ ਸ਼ਬਦਾਂ ਉਪਰ ਬਿੰਦੀ ਦਾ ਪ੍ਰਯੋਗ ਕਰਨਾ ਹੈ:
ਮਿਲਿ ਗਾਵਹ ਗੁਣ ਅਗਮ ਅਪਾਰੇ॥ {ਪੰ:/104}
ਗਾਵਹ={ਕਿਰਿਆ ਵਰਤਮਾਨ ਕਾਲ,ਉਤਮ ਪੁਰਖ,ਬਹੁਵਚਨ} ਅਸੀਂ ਗਾਉਂਦੇ ਹਾਂ।
ਹਰਿ ਗੁਣ ਗਾਵਹ ਸਹਜਿ ਸੁਭਾਇ॥ ਰਹਾਉ॥ {ਪੰ:/185}
ਗਾਵਹ=ਅਸੀਂ ਗਾਉਂਦੇ ਹਾਂ। ਉਚਾਰਣ= ਗਾਵਹ=ਗਾਵੈਂ।
ਪਿੱਛੇ ਆਏ ਕਿਰਿਆਵੀ-ਸ਼ਬਦਾਂ ਉਪਰ ਬਿੰਦੀ ਦੇ ਪ੍ਰਯੋਗ ਤੋਂ ਸੇਧ ਲੈਂਦੇ ਹੋਏ,ਉਪਰਕੋਤ ਨੇਮ-ਵਤ ਸ਼ਬਦਾਂ ਉਪਰ ਭੀ ਬਿੰਦੀ ਦਾ ਪ੍ਰਯੋਗ ਕਰਨਾ ਹੈ।
9. ਕਿਰਿਆ ਭੂਤਕਾਲ, ਅਨਪੁਰਖ, ਇਕਵਚਨ, ਇਸਤ੍ਰੀ ਲਿੰਗ ਸ਼ਬਦਾਂ ਉਪਰ ਬਿੰਦੀ ਦਾ ਪ੍ਰਯੋਗ :
ਚਲਿ ਚਲਿ ਗਈਆਂ ਪੰਖੀਆਂ ਜਿਨੀ ਵਸਾਏ ਤਲ॥ {ਪੰ:/1381}
ਗਈਆਂ={ਕਿਰਿਆ ਭੂਤਕਾਲ,ਅਨਪੁਰਖ,ਇਕਵਚਨ,ਇਸਤਰੀ ਲਿੰਗ}ਗਈਆਂ
ਨੇਮ ਤੋਂ ਸੇਧ ਲੈ ਕੇ ਹੋਰ ਇਸ ਨੇਮ-ਵੱਤ ਸ਼ਬਦਾਂ ਉਪਰ ਬਿੰਦੀ ਦਾ ਪ੍ਰਯੋਗ ਕਰਨਾ ਹੈ।
10. ਭੂਤਕਾਲ, ਮਧਮ ਪੁਰਖ, ਇਕਵਚਨ ਦੀਆਂ ਕਰਤਰੀ, ਕਰਮਨੀ ਵਾਚ ਦੀਆਂ ਪੁਲਿੰਗ ਅਤੇ ਇਸਤ੍ਰੀ ਲਿੰਗ ਕਿਰਿਆਵਾਂ ਦੇ ਅੰਤਲੇ ਪੜਨਾਵੀਂ ਪਛੇਤਰ 'ਤੇ ਬਿੰਦੀ ਦਾ ਪ੍ਰਯੋਗ ਕਰਨਾ ਹੈ:
ਹੰਸੁ ਚਲਿਆ ਤੂੰ ਪਿਛੈ ਰਹੀਏਹਿ ਛੁਟੜਿ ਹੋਈਅਹਿ ਨਾਰੀ॥ {ਪੰ:/155}
ਰਹੀਏਹਿ={ਕਿਰਿਆ ਭੂਤਕਾਲ,ਮਧਮ ਪੁਰਖ, ਇਕਵਚਨ, ਕਰਤਰੀ ਵਾਚ, ਪੜਨਾਵੀਂ ਪਿਛੇਤਰ} ਤੂੰ ਰਹਿ ਗਈ ਹੈਂ। ਉਚਾਰਣ=ਰਹੀਏਹਿਂ।
ਹੋਈਅਹਿ=ਤੂੰ ਹੋ ਗਈ ਹੈਂ। ਉਚਾਰਣ= ਹੋਈਅਹਿਂ।
ਬਧੋਹੁ ਪੁਰਖ ਬਿਧਾਤੈ ਤਾਂ ਤੂੰ ਸੋਹਿਆ॥ {ਪੰ:/1362}
ਬਧੋਹੁ={ਕਿਰਿਆ ਭੂਤਕਾਲ,ਮਧਮ ਪੁਰਖ, ਇਕਵਚਨ, ਕਰਮਨੀ ਵਾਚ, ਪੜਨਾਵੀਂ ਪਿਛੇਤਰ} ਤੂੰ ਬਧਾ ਗਿਆ। ਉਚਾਰਣ =ਬਧੋਹੁਂ।
11. ਕਿਰਿਆ ਭਵਿਖਤ ਕਾਲ, ਅਨਪੁਰਖ, ਬਹੁਵਚਨੀ ਸ਼ਬਦਾਂ ਉਪਰ ਬਿੰਦੀ ਦਾ ਪ੍ਰਯੋਗ ਮਿਲਦਾ ਹੈ:
ਵਿਚਿ ਹਉਮੈ ਕਰਮ ਕਮਾਵਦੇ ਸਭ ਧਰਮ ਰਾਇ ਕੈ ਜਾਹੀਂ॥ {ਪੰ:1418}
ਜਾਹੀਂ={ਕਿਰਿਆ ਭਵਿਖਤ ਕਾਲ, ਅਨਪੁਰਖ,ਬਹੁਵਚਨ} ਜਾਣਗੇ।
ਨੋਟ: ਬਿੰਦੀ ਮੌਜੂਦਾ ਬੀੜਾਂ ਵਿੱਚ ਛਾਪੇ ਦੀ ਗ਼ਲਤੀ ਕਾਰਣ 'ਜਾ' ਆਕਾਰਾਂਤ ਉਪਰ ਪ੍ਰਿੰਟ ਹੈ। ਅਸਲ ਵਿੱਚ ਇਹ ਬਿੰਦੀ 'ਹੀ' ਈਕਾਰਾਂਤ ਦੀ ਹੈ। ਉਸ ਸਮੇ ਦੀ ਸਾਹਿਤਕਾਰੀ ਅਨੁਸਾਰ 'ਹੀ' ਤੋਂ

ਪਹਿਲਾਂ ਬਿੰਦੀ ਹੈ, ਐਪਰ ਅੱਜਕਲ੍ਹ ਲਗਾਖ਼ਰ ਪਿਛੋਂ ਬਿੰਦੀ ਲਗਦੀ ਹੈ। ਇਸ ਕਰਕੇ ਕੰਪਿਊਟਰ ਨੇ ਬਿੰਦੀ 'ਹੀ' ਬਾਅਦ ਹੀ ਟਾਈਪ ਕੀਤੀ ਹੈ।

ਇੱਥੋਂ ਸੋਧ ਅਨੁਸਾਰ ਉਕਤ ਨਿਯਮ ਵਾਲੀਆਂ ਕਿਰਿਆਵਾਂ ਉਪਰ ਬਿੰਦੀ ਦਾ ਪ੍ਰਯੋਗ ਕਰਨਾ ਹੈ।

12. ਕਿਰਿਆ ਭਵਿਖਤ ਕਾਲ, ਮਧਮ ਪੁਰਖ, ਇਕਵਚਨੀ ਸ਼ਬਦਾਂ ਉਪਰ ਬਿੰਦੀ ਦਾ ਪ੍ਰਯੋਗ ਮਿਲਦਾ ਹੈ:

ਨਾਨਕ ਸਦਾ ਅਰਾਧਿ ਕਦੇ ਨ 'ਜਾਹਿੰ' ਮਰਿ॥ {ਪੰ:1363}

ਜਾਹਿੰ={ਕਿਰਿਆ ਭਵਿਖਤ ਕਾਲ, ਮਧਮ ਪੁਰਖ ਇਕਵਚਨ} ਤੂੰ ਨਹੀਂ ਜਾਇੰਗਾ, ਮਰੇਂਗਾ।

ਸੋਧ ਅਨੁਸਾਰ ਉਪਰੋਕਤ ਕਿਰਿਆਵੀ ਸ਼ਬਦਾਂ 'ਤੇ ਬਿੰਦੀ ਦਾ ਪ੍ਰਯੋਗ ਕਰਨਾ ਹੈ।

13. ਕਿਰਿਆ ਸੰਭਾਵ ਭਵਿਖਤ ਕਾਲ,ਮਧਮ ਪੁਰਖ,ਇਕਵਚਨੀ ਸ਼ਬਦਾਂ ਉਪਰ ਬਿੰਦੀ ਦਾ ਪ੍ਰਯੋਗ ਮਿਲਦਾ ਹੈ:

ਆਖੀਂ ਸੇਖਾ ਬੰਦਗੀ ਚਲਣੁ ਅਜੁ ਕਿ ਕਲੁ॥ {ਪੰ:/1383}

ਆਖੀਂ-{ਕਿਰਿਆ ਸੰਭਾਵ ਭਵਿਖਤ ਕਾਲ ਮਧਮਪੁਰਖ ਇਕਵਚਨ} ਤੂੰ ਕਹੀਂ।

ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ॥ {ਪੰ:/763}

ਤਿਆਗੇਂ= ਤੂੰ ਤਿਆਗੀਂ। ਵਿਸਾਰੇਂ=ਤੂੰ ਵਿਸਾਰੀਂ।

ਉਪਰੋਕਤ ਨੇਮ ਤੋਂ ਸੋਧ ਅਨੁਸਾਰ ਸੰਭਾਵੀ ਭਵਿਖਤ ਕਾਲ,ਮਧਮ ਪੁਰਖ, ਇਕਵਚਨੀ ਕਿਰਿਆਵੀ ਸ਼ਬਦਾਂ ਉਪਰ ਬਿੰਦੀ ਦਾ ਪ੍ਰਯੋਗ ਕਰਨਾ ਹੈ।

14. ਕਿਰਿਆ ਹੁਕਮੀ ਭਵਿਖਤ ਕਾਲ,ਉਤਮ ਪੁਰਖ ਇਕਵਚਨੀ ਸ਼ਬਦਾਂ ਉਪਰ ਬਿੰਦੀ ਦਾ ਪ੍ਰਯੋਗ ਮਿਲਦਾ ਹੈ:

ਜੇ ਜਾਣਾ ਲੜੁ ਛਿਜਣਾ ਪੀਡੀ ਪਾਈਂ ਗੰਢਿ॥ {ਪੰ:/1378}

ਪਾਈਂ ={ਕਿਰਿਆ ਹੁਕਮੀ ਭਵਿਖਤ ਕਾਲ,ਉਤਮ ਪੁਰਖ ਇਕਵਚਨ}ਮੈਂ ਪਾਵਾਂ।

ਨੇਮ ਤੋਂ ਸੋਧ ਅਨੁਸਾਰ ਉਪਰੋਕਤ ਕਿਰਿਆਵੀ ਸ਼ਬਦਾਂ ਉਪਰ ਬਿੰਦੀ ਦਾ ਪ੍ਰਯੋਗ ਕਰਨਾ ਹੈ।

15. ਕਿਰਿਆ ਹੁਕਮੀ ਭਵਿਖਤ ਕਾਲ, ਉਤਮ ਪੁਰਖ, ਇਕਵਚਨ, ਕਰਮਨੀ ਵਾਚ ਦੀਆਂ ਕਿਰਿਆਵਾਂ ਉਪਰ ਬਿੰਦੀ ਦਾ ਪ੍ਰਯੋਗ ਮਿਲਦਾ ਹੈ:

ਤੁਧੁ ਭਾਵੈ ਸੰਤੋਖੀਆਂ ਚੂਕੈ ਆਲ ਜੰਜਾਲਿ॥ {ਪੰ:/1279}

ਸੰਤੋਖੀਆਂ={ਕਰਮਨੀ ਵਾਚ} ਮੈਂ ਸੰਤੋਖਿਆ ਜਾਵਾਂ।

ਸੇਵਾ ਮੰਗੈ ਸੇਵਕੋ ਲਾਈਆਂ ਅਪੁਨੀ ਸੇਵ॥ {ਪੰ:/43}

ਲਾਈਆਂ={ਕਰਮਨੀ ਵਾਚ} ਮੈਂ ਲਾਇਆ ਜਾਵਾਂ।

ਨੇਮ ਨੂੰ ਸਮਝ ਕੇ ਕਰਮਨੀ ਵਾਚ ਸ਼ਬਦ ਜੋ ਹੁਕਮੀ ਭਵਿਖਤ ਕਾਲ,ਉਤਮ ਪੁਰਖ,ਇਕਵਚਨ ਹੋਵਣ,ਤਾਂ ਬਿੰਦੀ ਦਾ ਪ੍ਰਯੋਗ ਕਰਨਾ ਜ਼ਰੂਰੀ ਹੈ।

16. ਵਰਤਮਾਨ ਕਿਰਦੰਤ ਸ਼ਬਦਾਂ ਉਪਰ ਬਿੰਦੀ ਦਾ ਪ੍ਰਯੋਗ ਮਿਲਦਾ ਹੈ :

ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥ {ਪੰ:/463}

ਹੋਦਿਆਂ={ਵਰਤਮਾਨ ਕਿਰਦੰਤ}ਹੁੰਦਿਆ।

ਉਪਰੋਕਤ ਸ਼ਬਦ ਤੋਂ ਸੇਧ ਲੈ ਕੇ ਨੇਮ ਅਨੁਸਾਰ ਬਿੰਦੀ ਦਾ ਪ੍ਰਯੋਗ ਕਰਨਾ ਹੈ।

17. ਭੂਤ-ਕਿਰਦੰਤ, ਅਨਪੁਰਖ, ਬਹੁਵਚਨ ਨਾਂਵ, ਜੋ ਕਰਮ ਕਾਰਕ ਜਾਂ ਸੰਪ੍ਰਦਾਨ ਕਾਰਕ ਵਿੱਚ ਹਨ,ਉਹਨਾਂ ਸ਼ਬਦਾਂ ਉਪਰ ਬਿੰਦੀ ਦਾ ਪ੍ਰਯੋਗ ਮਿਲਦਾ ਹੈ:

ਭੁਲਿਆਂ ਆਪਿ ਸਮਝਾਇਸੀ ਜਾ ਕਉ ਨਦਰਿ ਕਰੇ॥ 67 {ਪੰ:/1421}


ਭੁਲਿਆਂ={ਭੂਤ ਕਿਰਦੰਤ ਅਨਪੁਰਖ ਬਹੁਵਚਨ ਨਾਂਵ, ਸੰਪ੍ਰਦਾਨ ਕਾਰਕ} ਭੁੱਲਿਆਂ ਨੂੰ।

ਉਪਰੋਕਤ ਨੇਮ ਤੋਂ ਸੇਧ ਅਨੁਸਾਰ ਹੋਰ ਥਾਂ ਆਏ ਸ਼ਬਦ, ਜੋ ਭੂਤ ਕਿਰਦੰਤ ਅਨਪੁਰਖ ਬਹੁਵਚਨ ਨਾਂਵ,ਕਰਮ ਕਾਰਕ ਜਾਂ ਸੰਪ੍ਰਦਾਨ ਕਾਰਕ ਵਿੱਚ ਹੋਣ ਤਾਂ ਬਿੰਦੀ ਦਾ ਪ੍ਰਯੋਗ ਕਰਨਾ ਲਾਜ਼ਮੀ ਹੈ।

ਹਰਜਿੰਦਰ ਸਿੰਘ 'ਘੜਸਾਣਾ'
harjindersinghgharsanaégmail.com



# ਮੈਂ ਨਾਵਲ ਵਿਚ ਵੇਰਵਿਆਂ ਦਾ ਹਾਮੀ ਨਹੀਂ ਹਾਂ, ਵੇਰਵਿਆਂ ਦੀ ਮਾਨਸਿਕਤਾ ਦਾ ਪੱਖੀ ਹਾਂ-ਜਸਬੀਰ ਸਿੰਘ ਮੰਡ।




ਜਸਬੀਰ ਮੰਡ ਪੰਜਾਬੀ ਨਾਵਲ ਜਗਤ ਅੰਦਰ ਗੁਣਾਤਮਿਕ ਸਿਰਜਣਾਵਾਂ ਕਰਨ ਵਾਲਾ ਜਾਣਿਆ-ਪਹਿਚਾਣਿਆ ਨਾਮ ਹੈ। ਉਹ ਸੰਨ 1986 ਦੌਰਾਨ ਪੰਜਾਬੀ ਨਾਵਲ ਜਗਤ ਅੰਦਰ 'ਔੜ ਦੇ ਬੀਜ' ਨਾਲ ਦਾਖਿਲ ਹੁੰਦਾ ਹੈ ਤੇ 1992 ਵਿਚ ਆਏ 'ਆਖ਼ਰੀ ਪਿੰਡ ਦੀ ਕਥਾ' ਨਾਲ ਉਸ ਦੀ ਅੱਡਰੀ ਪਹਿਚਾਣ ਬਣਦੀ ਹੈ, ਜਿਹੜੀ ਕੇ ਸੰਨ 2010 ਵਿਚ ਪ੍ਰਕਾਸ਼ਿਤ ਹੋਏ ਉਸ ਦੇ ਚਰਚਿਤ ਨਾਵਲ 'ਖਾਜ' ਨਾਲ ਉਸ ਨੂੰ ਨਾਵਲ ਜਗਤ ਅੰਦਰ ਸਥਾਪਿਤ ਕਰ ਦਿੰਦੀ ਹੈ। ਸੰਨ 2015 ਦੌਰਾਨ ਆਏ ਉਸ ਦੇ ਬਹੁ-ਚਰਚਿਤ ਨਾਵਲ 'ਬੋਲ ਮਰਦਾਨਿਆ' ਨੇ ਪੰਜਾਬੀ ਨਾਵਲ ਨੂੰ ਅਹਿਮ ਮੁਕਾਮ 'ਤੇ ਪਹੁੰਚਾ ਦਿੱਤਾ ਹੈ। ਇਸ ਨਾਵਲ ਦੀ ਪ੍ਰਾਪਤੀ ਇਹ ਵੀ ਹੈ ਕੇ ਇਸ ਨੇ ਅਪਣੇ ਧਾਰਮਿਕ ਅਤੇ ਇਤਿਹਾਸਿਕ ਧਰਾਤਲਾਂ 'ਤੇ ਅਪਣੀ ਉਸਾਰੀ ਕਰਦੇ ਹੋਏ ਮੌਜੂਦਾ ਦੌਰ ਦੇ ਵੱਖੋ-ਵੱਖਰੇ ਵਿਸ਼ਿਆਂ ਵਾਲੇ ਨਾਵਲਾਂ ਅੰਦਰ ਅਪਣੀ ਅੱਡਰੀ ਪਹਿਚਾਣ ਸਥਾਪਿਤ ਕੀਤੀ ਹੈ। "ਅਨਹਦ" ਦੇ ਮੁੱਖ ਸੰਪਾਦਕ ਸ. ਪਰਮਿੰਦਰ ਸਿੰਘ ਸ਼ੌਂਕੀ ਅਤੇ ਪੰਜਾਬੀ ਵਿਭਾਗ ਪੰਜਾਬੀ ਯੂਨੀਵਰਸਿਟੀ ਦੇ ਖੋਜਾਰਥੀ ਸ. ਅਮਨਪ੍ਰੀਤ ਸਿੰਘ ਫ਼ਰੀਦਕੋਟ ਨੇ ਜਸਬੀਰ ਸਿੰਘ ਮੰਡ ਨਾਲ ਉਨ੍ਹਾਂ ਦੇ ਇਸ ਨਵੇਂ ਨਾਵਲ ਸਬੰਧੀ ਕਾਫ਼ੀ ਵਿਸਥਾਰ-ਪੂਰਵਕ ਗੱਲ-ਬਾਤ ਕੀਤੀ ਹੈ। ਇਸ ਗੱਲ-ਬਾਤ ਵਿਚੋਂ ਅਸੀਂ ਅਪਣੇ ਪਾਠਕਾਂ ਲਈ ਮਹੱਤਵਪੂਰਨ ਅੰਸ਼ ਪ੍ਰਕਾਸ਼ਿਤ ਕਰਨ ਦੀ ਖ਼ੁਸ਼ੀ ਪ੍ਰਾਪਤ ਕਰ ਰਹੇ ਹਾਂ।

**ਪ੍ਰਸ਼ਨ – ਸਭ ਤੋਂ ਪਹਿਲਾਂ ਤਾਂ ਮੰਡ ਸਾਬ ਇਹ ਦੱਸੋ ਕੇ ਪੰਜਾਬੀ ਨਾਵਲ ਜਗਤ ਜਿਹੜਾ ਕੇ ਮੌਜੂਦਾ ਦੌਰ ਅੰਦਰ ਨਿੱਤ-ਨਵੇਂ ਪ੍ਰਯੋਗਾਂ ਦੇ ਸਨਮੁੱਖ ਹੋ ਰਿਹਾ ਹੈ। ਇਹਨਾਂ ਸਮਿਆਂ ਦੌਰਾਨ ਤੁਸੀਂ ਇੱਕ ਧਾਰਮਿਕ-ਇਤਿਹਾਸਿਕ ਵਿਸ਼ੇ ਉੱਪਰ 'ਬੋਲ ਮਰਦਾਨਿਆ' ਲੈ ਕੇ ਆਏ ਹੋ। 'ਬੋਲ ਮਰਦਾਨਿਆ' ਤੁਹਾਡੇ ਕਿਸ ਅਨੁਭਵ ਵਿਚੋਂ ਨਿਕਲ ਕੇ ਆਇਆ ਹੈ?**

ਜਸਬੀਰ ਮੰਡ – ਦਰਅਸਲ ਮੈਂ ਕਿਰਸਾਨੀ ਜੀਵਨ ਨਾਲ ਸਬੰਧਿਤ ਹਾਂ। ਇਸ ਕਾਰਨ ਹੀ ਮੇਰੇ ਦੂਸਰੇ ਨਾਵਲਾਂ ਦਾ ਸਿੱਧਾ ਸਬੰਧ ਯਥਾਰਥ ਨਾਲ ਹੈ। ਜਦੋਂ ਤੁਸੀਂ ਯਥਾਰਥ ਦੀ ਪ੍ਰੈਕਟਿਸ ਵਿਚੋਂ ਨਿਕਲ ਰਹੇ ਹੁੰਦੇ ਹੋ ਤਾਂ ਤੁਹਾਡੇ ਅੰਦਰ ਇੱਕ ਸੰਵੇਦਨਸ਼ੀਲ ਦਿੱਖ ਪੈਦਾ ਹੁੰਦੀ ਹੈ। ਉਹ ਸੰਵੇਦਨਸ਼ੀਲਤਾ ਇੱਕ ਕਰੈਕਟਰ ਚੁਣਦੀ ਹੈ।

ਜੋ ਤੁਹਾਡੇ ਮਨ-ਪਸੰਦ ਹੁੰਦਾ ਹੈ। ਜ਼ਿਆਦਾਤਰ ਉਹ ਕਰੈਕਟਰ ਬਹੁਤ ਵੱਡਾ ਹੁੰਦਾ ਹੈ। ਕਈ ਮੌਕਿਆਂ 'ਤੇ ਉਹ ਇਤਿਹਾਸਿਕ ਵੀ ਹੁੰਦਾ ਹੈ। ਸਥਾਨਿਕ ਸਭਿਆਚਾਰਾਂ ਨਾਲ ਉਸ ਦੀ ਸਾਂਝ ਵੀ ਡੂੰਘੇਰੀ ਹੁੰਦੀ ਹੈ। ਇਸ ਲਈ ਉਹ ਗੁਰੂ ਨਾਨਕ ਵੀ ਹੋ ਸਕਦਾ ਹੈ ਤੇ ਬੁੱਧ ਵੀ ਹੋ ਸਕਦਾ ਹੈ। ਪੰਜਾਬ ਦੀ ਮਿੱਟੀ ਨਾਲ ਧੁਰੋਂ ਜੁੜੇ ਹੋਏ ਹੋਣ ਕਾਰਨ ਇੱਥੋਂ ਦੇ ਸਭਿਆਚਾਰ ਅੰਦਰ ਅਹਿਮ ਸਥਾਨ ਰੱਖਣ ਵਾਲੇ ਗੁਰੂ ਨਾਨਕ ਤੇ ਮਰਦਾਨਾ ਮੇਰੀ ਸੰਵੇਦਨਾ 'ਚ ਬੈਠ ਗਏ ਸਨ। ਅਸਲ 'ਚ ਇੱਕ ਤੁਸੀਂ ਯਥਾਰਥ ਨੂੰ ਵੇਖਦੇ ਹੋ। ਇੱਕ ਜੋ ਤੁਹਾਡੀ ਵੇਖਣ ਵਾਲੀ ਨਜ਼ਰ ਹੁੰਦੀ ਹੈ, ਉਸ ਦੇ ਹਾਣ ਦਾ ਤੁਸੀਂ ਕੁੱਝ ਭਾਲਦੇ ਹੋ, ਜਿਹੜਾ ਤੁਹਾਡੀ ਤ੍ਰਿਪਤੀ ਕਰੇ। ਜੋ ਤੁਹਾਡੀ ਸੰਵੇਦਨਾ ਦੀ ਸੰਤੁਸ਼ਟੀ ਕਰਨ 'ਚ ਸਹਾਇਕ ਸਿੱਧ ਹੋਵੇ। ਇਸ ਕਾਰਨ ਹੀ ਮਰਦਾਨਾ ਬਚਪਨ ਤੋਂ ਹੀ ਮੇਰਾ ਮਨ-ਭਾਉਂਦਾ ਸੀ ਤੇ ਮਰਦਾਨੇ ਦੇ ਮਨ-ਭਾਉਂਦਾ ਨਾਨਕ ਸੀ। ਇਸ ਤਰਾਂ ਅਸੀਂ ਦੋ ਦੀ ਜਗ੍ਹਾ ਤਿੰਨ ਹੋ ਗਏ ਤੇ ਮੇਰਾ ਸਫ਼ਰ ਸ਼ੁਰੂ ਹੋ ਗਿਆ।

**ਪ੍ਰਸ਼ਨ – ਇਸ ਸਫ਼ਰ ਨੂੰ ਅਪਣੀ ਮੰਜ਼ਿਲ ਪ੍ਰਾਪਤ ਕਰਨ ਲਈ ਕਿੰਨਾ 'ਕੁ ਸਮਾਂ ਲੱਗਾ?**

ਜਸਬੀਰ ਮੰਡ – ਮੇਰਾ ਇਹ ਸਫ਼ਰ ਕਰੀਬ 10 ਸਾਲ ਤੱਕ ਦਾ ਰਿਹਾ ਹੈ। ਇਸ ਨੂੰ ਮੈਂ ਸੰਨ 2005 ਦੌਰਾਨ ਲਿਖਣਾ ਆਰੰਭ ਕੀਤਾ ਸੀ। ਜਦੋਂ ਇਸ ਦੀ ਸ਼ੁਰੂਆਤ ਹੋਈ ਤਾਂ ਮੈਂ ਮਹਿਸੂਸ ਕੀਤਾ ਕੇ ਅਜੇ ਇਸ ਨੂੰ ਲਿਖਣ ਲਈ ਜ਼ਰੂਰੀ ਤਿਆਰੀ ਦੀ ਮੇਰੇ ਅੰਦਰ ਕਮੀ ਹੈ। ਇਸ ਲਈ ਮੈਂ ਸਿਰਫ਼ ਇੱਕ ਪੰਨਾ ਲਿਖ ਕਿ ਹੀ ਇਸ ਨੂੰ ਛੱਡ ਦਿੱਤਾ। ਅਸਲ ਵਿਚ ਉਹ ਨਾਂ ਸਮਿਆਂ ਦੌਰਾਨ ਮੇਰੇ 'ਬੋਲ ਮਰਦਾਨਿਆ' ਤੋਂ ਪਹਿਲਾਂ ਪ੍ਰਕਾਸ਼ਿਤ ਹੋਏ ਨਾਵਲ 'ਖਾਜ' ਦੀ ਤਿਆਰੀ ਸੀ। 'ਖਾਜ' ਨੂੰ ਲਿਖਦਿਆਂ-ਲਿਖਦਿਆਂ ਮੁੜ ਫਿਰ ਇਹ ਭਾਰੂ ਹੋ ਗਿਆ ਤੇ ਮੈਂ ਦੁਬਾਰਾ ਇਸ ਨੂੰ ਲਿਖਣ ਲੱਗਾ ਪਰ ਤਾਂ ਵੀ ਤਿਆਰੀ ਪੂਰੀ ਨਾ ਜਾਪੀ। ਇਸ ਤੋਂ ਬਾਅਦ 'ਖਾਜ' ਸੰਪੂਰਨ ਹੋਇਆ ਤੇ ਮੈਂ ਇੱਕ ਵਾਰ ਫਿਰ ਤੋਂ 'ਬੋਲ ਮਰਦਾਨਿਆ' ਵੱਲ ਪਰਤਿਆ। ਇਸ ਤਰਾਂ ਅਸੀਂ ਆਖ ਸਕਦੇ ਹਾਂ ਕੇ ਦਸ ਸਾਲ ਤੱਕ ਦਾ ਇਸ ਨਾਲ ਮੇਰਾ ਸੰਵਾਦ ਰਿਹਾ ਹੈ।

**ਪ੍ਰਸ਼ਨ – ਇਸ ਸੰਵਾਦ ਨੂੰ ਇੱਕ ਸਾਹਿੱਤਿਕ ਕ੍ਰਿਤ ਦੇ ਰੂਪ ਵਿਚ ਢਾਲਣ ਹਿਤ ਤੁਸੀਂ ਕਿਹੜੇ-ਕਿਹੜੇ ਮੂਲ ਜਾਂ ਗੌਣ ਸਰੋਤ ਵਰਤੋਂ ਵਿਚ ਲਿਆਂਦੇ, ਕਿਉਂਕਿ ਜਿਵੇਂ ਕਿ ਆਪਾਂ ਪਹਿਲਾਂ ਗੱਲ ਕਰੀ ਹੈ, 'ਬੋਲ ਮਰਦਾਨਿਆ' ਇੱਕ ਧਾਰਮਿਕ ਭਾਵਨਾਵਾਂ ਦੀ ਦੱਸ ਪਾਉਂਦਾ ਨਾਵਲ ਹੈ, ਸੋ ਅਜਿਹੀਆਂ ਰਚਨਾਵਾਂ ਦੀ ਸਿਰਜਣਾ ਲਈ ਇੱਕ ਕਠਿਨ ਖੋਜ-ਕਾਰਜ ਵੀ ਨੇਪਰੇ ਚਾੜ੍ਹਨੇ ਪੈਂਦਾ ਹੈ। ਤੁਸੀਂ ਇਸ ਸਭ ਨਾਲ ਕਿਵੇਂ ਨਜਿੱਠੇ ਹੋ?**

ਜਸਬੀਰ ਮੰਡ – ਇਸ ਸਮੇਂ ਦੌਰਾਨ ਮੈਂ ਗੁਰੂ ਨਾਨਕ ਸਾਹਿਬ ਨਾਲ ਸਬੰਧਿਤ ਸਮੁੱਚੀਆਂ ਜਨਮ-ਸਾਖੀਆਂ, ਭਾਈ ਸੰਤੋਖ ਸਿੰਘ ਜੀ ਅਤੇ ਭਾਈ ਵੀਰ ਸਿੰਘ ਜੀ ਦੁਆਰਾ ਰਚਿਤ ਸਿੱਖ ਸਾਹਿੱਤ ਤੋਂ ਇਲਾਵਾ ਜੋ ਵੀ ਸਿੱਖ ਇਤਿਹਾਸ ਵਿਚੋਂ ਸਾਨੂੰ ਇਸ ਸਬੰਧੀ ਵੇਰਵੇ ਮਿਲਦੇ ਹਨ, ਉਹਨਾਂ ਸਾਰਿਆਂ ਦਾ ਨਿਠ ਕੇ ਅਧਿਐਨ ਕੀਤਾ। ਇਸ ਤੋਂ ਬਿਨਾਂ ਜਿਨ੍ਹਾਂ ਵਿਦਵਾਨਾਂ ਨੇ ਜਨਮ-ਸਾਖੀ ਸਾਹਿੱਤ ਉੱਪਰ ਖੋਜ ਕਾਰਜ ਕਰੇ ਹਨ, ਉਹ ਨਾਂ ਵਿਦਵਾਨਾਂ ਦੀਆਂ ਰਚਨਾਵਾਂ ਨੂੰ ਵੀ ਨੀਝ ਨਾਲ ਪੜ੍ਹਿਆ। ਇਸ ਸਭ ਦਾ ਮੈਨੂੰ ਇਹ ਫ਼ਾਇਦਾ ਹੋਇਆ ਕੇ ਜੋ ਮੇਰੇ ਮਨ-ਭਾਉਂਦਾ ਸੀ, ਉਸ ਸਬੰਧੀ ਮੈਨੂੰ ਇੱਕ ਪਲੇਟ ਫਾਰਮ ਮਿਲ ਗਿਆ। ਜਿਸ ਤੋਂ ਬਾਅਦ ਮੈਂ ਇਸ ਨਤੀਜੇ 'ਤੇ ਪਹੁੰਚਿਆ ਕੇ ਏਨਾ 'ਕੁ ਵੇਰਵਾ ਸਾਡੇ ਕੋਲ ਹੈ। ਇਸ ਤੋਂ ਇਲਾਵਾ ਜੋ ਗੁਰੂ ਨਾਨਕ ਦਾ ਕਰੈਕਟਰ ਹੈ, ਜੋ ਬਾਬੇ

ਦੀ ਸੂਝ ਹੈ, ਉਹਨਾਂ ਦਾ ਸੰਵਾਦ ਹੈ, ਉਹ ਫਿਰ ਮੈਂ ਬਾਬੇ ਦੀ ਬਾਣੀ ਨੂੰ ਸਮਝਦੇ ਹੋਏ ਗ੍ਰਹਿਣ ਕੀਤਾ। ਉਸ ਵਿਚੋਂ ਹੀ ਬਾਬੇ ਦਾ ਸਰਬੋਤਮ ਸਰੂਪ ਸਾਡੇ ਸਾਹਮਣੇ ਆਉਂਦਾ ਹੈ। ਬਾਬੇ ਦੀ ਖ਼ੂਬਸੂਰਤੀ ਇਸ ਗੱਲ ਵਿਚ ਹੈ ਕਿ ਬਾਬਾ ਅਪਣੇ ਦੈਵੀ ਰੂਪ ਦੀ ਮਿੱਥ ਤੋੜਦਾ ਹੈ। ਬਾਬਾ ਜੋ ਕੁੱਝ ਵੀ ਬ੍ਰਹਿਮੰਡ ਵਿਚ ਵਾਪਰ ਰਿਹਾ, ਜੋ ਕੁੱਝ ਉਸ ਦੇ ਆਲੇ-ਦੁਆਲੇ ਘਟ ਰਿਹਾ, ਉਸ ਵਿਚ ਅਪਣੇ-ਆਪ ਨੂੰ ਵੱਡਾ ਕਰਤਾ ਨਹੀਂ ਸਮਝਦਾ। ਬਾਬੇ ਨੂੰ ਦੇਖਣ ਦੀ ਸੂਝ ਜੋ ਬਾਣੀ ਵਿਚ ਹੈ, ਉਸ ਨਾਲ ਮੈਨੂੰ ਬਾਬੇ ਦੇ ਕਰੈਕਟਰ ਦੀ ਸਮਝ ਆਈ, ਕਿ ਬਾਬਾ ਅਪਣੇ ਮਿੱਥ ਆਪ ਤੋੜਦਾ ਹੈ। ਉਹ ਵਾਰ-ਵਾਰ ਕਹਿ ਰਿਹਾ ਹੈ ਮੈਂ ਅੰਤਿਮ ਸੱਚ ਨਹੀਂ ਹਾਂ। ਮੈਂ ਸਾਹਮਣੇ ਵੇਖ ਰਿਹਾ, ਮੈਂ ਦੇਖਣ ਵਾਲਾ ਹਾਂ। ਅਸੀਂ ਆਮ ਤੌਰ 'ਤੇ ਦੈਵੀ ਦਿੱਖ ਉੱਪਰ ਖੜੇ ਹਾਂ। ਇਹਨਾਂ ਸਾਰਿਆਂ ਪੱਖਾਂ ਨੂੰ ਸਾਹਮਣੇ ਰੱਖਦੇ ਹੋਏ ਫਿਰ ਮੈਂ ਸੋਚਿਆ ਕੇ ਵੇਖਾਂ ਤਾਂ ਸਹੀ ਬਾਬਾ ਅਪਣੀ ਮਾਂ ਅੱਗੇ ਕਿਵੇਂ ਬੈਠਦਾ ਹੈ? ਬਾਬਾ ਮਰਦਾਨੇ ਦੀ ਗ਼ਰੀਬੜੀ ਜਿਹੀ ਮਾਂ ਅੱਗੇ ਕਿਵੇਂ ਪੇਸ਼ ਆਉਂਦਾ ਹੈ? ਬਾਬਾ ਅਪਣੀ ਦਾਈ ਦੌਲਤਾਂ ਅੱਗੇ ਕਿਵੇਂ ਝੁਕਦਾ ਹੈ? ਨਾਵਲ ਪੜ੍ਹਦਿਆਂ ਤੁਸੀਂ ਇੱਕ ਵਾਰਤਾ ਵੱਲ ਧਿਆਨ ਦਿੱਤਾ ਹੋਣਾ ਕਿ ਇੱਕ ਜਗ੍ਹਾ ਇੱਕ ਉੱਜੜਿਆ ਪਿੰਡ ਹੈ। ਉਹ ਪਿੰਡ ਵਾਸੀ ਬਾਬੇ ਤੇ ਮਰਦਾਨੇ ਨੂੰ ਅਪਣੇ ਪਿੰਡ ਲੈ ਜਾਣ ਲਈ ਖੜੇ ਹਨ। ਉਦੋਂ ਹੀ ਉੱਥੇ ਇੱਕ ਨਿੱਕੀ ਜਿਹੀ ਕੁੜੀ ਆਉਂਦੀ ਹੈ। ਬਾਬਾ ਝੁਕ ਕੇ ਉਸ ਬਾਲੜੀ ਜਿੱਡਾ 'ਕੁ ਹੋ ਜਾਂਦਾ ਹੈ। ਬਾਬੇ ਦੀ ਇਹੀ ਤਾਂ ਵਡਿਆਈ ਹੈ। ਇਹ ਵੱਡੇ ਦਾ ਵੱਡਾ ਪਣ ਹੈ। ਇਹ ਬਾਬੇ ਦੀ ਖ਼ੂਬਸੂਰਤੀ ਹੈ। ਬਾਬਾ ਤਾਂ ਹੀ ਤਾਂ ਸਾਡੇ ਦਿਲਾਂ ਅੰਦਰ ਵਸਿਆ ਪਿਆ ਹੈ। ਕਦੇ ਵੱਖ ਨਹੀਂ ਲਗਦਾ। ਬਾਬੇ ਦੀ ਖ਼ੁਸ਼ਬੋ ਤੁਹਾਡੇ ਆਲੇ-ਦੁਆਲੇ ਖਿੱਲਰੀ ਪਈ ਹੈ। ਇਸ ਸਾਰੇ ਵਾਤਾਵਰਨ ਵਿਚੋਂ ਮੇਰੀ ਕੋਸ਼ਿਸ਼ ਸੀ ਕੇ ਉਹ ਸਾਰੇ ਸੰਵਾਦ ਸਾਹਮਣੇ ਲੈ ਕਿ ਆਵਾਂ, ਜੋ ਕਦੀ ਨਹੀਂ ਲਿਆਂਦੇ ਗਏ।

ਬਾਬੇ ਦੀ ਗੁਰਬਾਣੀ ਵਿਚ ਜੋ ਬਾਬੇ ਦਾ ਸੰਦੇਸ਼ ਹੈ, ਬਾਬਾ ਸੰਬੋਧਨ ਕਿਵੇਂ ਕਰਦਾ ਹੈ? ਬਾਬੇ ਦੇ ਸੰਬੋਧਨ ਦੀ ਵਿਧੀ ਕੀ ਹੈ? ਉਹ ਹੈ ਬਾਬੇ ਦੀ ਨਿਮਰਤਾ। ਬਾਬਾ ਅਪਣੇ-ਆਪ ਨੂੰ ਅਨਾੜੀ ਆਖਦਾ ਹੈ। ਨਾਵਲਕਾਰ ਦੀ ਇਹੀ ਤਾਂ ਸੂਝ ਹੈ ਕਿ ਤੁਹਾਨੂੰ ਦਿਖਦਾ ਕਿਵੇਂ ਹੈ। ਕਈਆਂ ਨੂੰ ਇਸ ਤਰਾਂ ਨਹੀਂ ਦਿਖਾਈ ਦਿੰਦਾ। ਉਹਨਾਂ ਨੂੰ ਬਾਬੇ ਦੀ ਨਿਮਰਤਾ ਇਸ ਤਰਾਂ ਜਾਪਦੀ ਹੈ ਜਿਵੇਂ ਕਿ ਬਾਬਾ ਕੋਈ ਪਿਛਾਂਹ-ਖਿੱਚੂ ਸ਼ਖ਼ਸੀਅਤ ਹੋਵੇ। ਅਸਲ ਗੱਲ ਇਹ ਹੈ ਕਿ ਤੁਸੀਂ ਜਿੰਨੇ ਵੱਡੇ ਹੋ, ਉਨ੍ਹਾਂ ਹੀ ਵੱਡਾ ਬਾਬਾ ਤੁਹਾਨੂੰ ਦਿਖਾਈ ਦੇਵੇਗਾ। ਇਸ ਤਰਾਂ ਸਮਝਦਿਆਂ ਹੀ ਮੈਂ 'ਬੋਲ ਮਰਦਾਨਿਆ' ਨਾਲ ਸਬੰਧਿਤ ਅਪਣਾ ਖੋਜ ਕਾਰਜ ਕੀਤਾ ਤੇ ਉਸ ਨੂੰ ਨਾਵਲੀ ਦਿੱਖ ਪ੍ਰਦਾਨ ਕੀਤੀ ਹੈ।

**ਪ੍ਰਸ਼ਨ – ਇਸ ਗੱਲ ਨਾਲ ਕਿੰਨਾ 'ਕੁ ਇਤਫ਼ਾਕ ਰੱਖਦੇ ਹੋ ਕੇ 'ਬੋਲ ਮਰਦਾਨਿਆ' ਰਾਹੀਂ ਬਾਬੇ ਦੀ ਕਥਾ ਸਿਰਜੀ ਗਈ ਹੈ?**

ਜਸਬੀਰ ਮੰਡ – ਇਹ ਤਾਂ ਨਿਰਪੱਖ ਵਿਚਾਰ ਹੀ ਹੈ ਕਿ ਦੋਵੇਂ ਇੱਕ-ਦੂਜੇ ਤੋਂ ਬਿਨਾਂ ਅਧੂਰੇ ਹਨ। ਜੇ ਅਸੀਂ ਇਤਿਹਾਸ ਦੀ ਨਜ਼ਰ ਵੀ ਵੇਖਣਾ ਹੋਵੇ ਤਾਂ ਦੋਵਾਂ ਦਾ ਸਾਥ ਕਰੀਬ ਪੰਜਾਹ ਸਾਲ ਦਾ ਬਣਦਾ ਹੈ। ਇਸ ਨਾਵਲ ਦੀ ਵਿਧੀ ਇਹ ਹੈ ਕਿ ਬਾਬਾ, ਮਰਦਾਨੇ ਦੁਆਰਾ ਵੇਖਿਆ ਗਿਆ ਹੈ। ਨਾਵਲਕਾਰ ਤਾਂ ਇਸ ਵਿਚ ਤੀਸਰੀ ਜਗ੍ਹਾ ਖਲੋਤਾ ਹੈ। ਜਦੋਂ ਅਸੀਂ ਕਿਸੇ ਇਤਿਹਾਸਕ ਕ੍ਰਿਤ ਦੀ ਸਿਰਜਣਾ ਕਰ ਰਹੇ ਹੁੰਦੇ ਹਾਂ ਤਾਂ ਸਾਨੂੰ ਬਹੁਤ ਸਾਰੀਆਂ ਗੱਲਾਂ ਧਿਆਨ ਵਿਚ ਰੱਖਦੇ ਹੋਏ ਤੁਰਨਾ ਪੈਂਦਾ ਹੈ। ਗੁਰੂ ਨਾਨਕ ਦਾ ਦੈਵੀ ਸਰੂਪ ਹੀ ਇੰਨਾ ਮਹਾਨ ਹੈ ਕਿ ਤੁਸੀਂ ਉਸ ਨੂੰ ਅਪਣੇ ਸ਼ਬਦ ਨਹੀਂ ਦੇ ਸਕਦੇ। ਜਸਬੀਰ ਮੰਡ ਇੰਨਾ ਵੱਡਾ ਨਹੀਂ ਕੇ ਉਹ ਬਾਬੇ ਨੂੰ ਡਾਇਲਾਗ ਦੇ ਸਕੇ। ਇਸ ਕਰ ਕੇ ਉਸ ਨੇ ਅਪਣੇ ਅਤੇ ਬਾਬੇ ਵਿਚਕਾਰ ਇੱਕ ਹੋਰ ਸ਼ਖ਼ਸੀਅਤ ਨੂੰ ਰੱਖਿਆ

ਹੈ, ਉਹ ਹੈ-ਮਰਦਾਨਾ। ਮਰਦਾਨਾ ਮੇਰਾ ਸਹਾਇਕ ਹੈ। ਮੈਂ ਉਸ ਦੁਆਰਾ ਅਪਣੀ ਗੱਲ ਕਹਿੰਦਾ ਹਾਂ। ਮੇਰਾ ਉਹ ਬਹਾਨਾ ਹੈ। ਜਿਸ ਰਾਹੀਂ ਮੈਂ ਸੰਵਾਦ ਰਚਾਉਂਦਾ ਹਾਂ। ਜੇ ਮਰਦਾਨਾ ਨਾ ਹੁੰਦਾ ਤਾਂ ਇਹ ਨਾਵਲ ਇੱਕ ਤਰਾਂ ਦੀ ਸਾਖੀ ਹੀ ਬਣ ਜਾਣਾ ਸੀ।

**ਪ੍ਰਸ਼ਨ – ਇਸ ਸੰਦਰਭ 'ਚ ਨਾਵਲਕਾਰ ਇਸ ਨੂੰ ਜਨਮ-ਸਾਖੀ ਸਾਹਿੱਤ ਤੋਂ ਨਿਖੇੜ ਕੇ ਕਿਵੇਂ ਵੇਖਦਾ ਹੈ?**

ਜਸਬੀਰ ਮੰਡ – ਮੈਂ ਤਾਂ ਇਸ ਨੂੰ ਜਨਮ-ਸਾਖੀਆਂ ਤੋਂ ਵੱਖਰਾ ਮੰਨਦਾ ਹੀ ਨਹੀਂ ਹਾਂ। ਜਨਮ-ਸਾਖੀਆਂ ਤੋਂ ਮੈਂ ਵੇਰਵੇ ਲਏ ਹਨ। ਇਹ ਉਹ ਨਾਂ ਵੇਰਵਿਆਂ ਦੀ ਮਾਨਸਿਕਤਾ ਹੈ ਕਿਉਂਕਿ ਮੇਰੇ ਕੋਲ ਅਪਣਾ ਕੋਈ ਇਤਿਹਾਸਿਕ ਆਧਾਰ ਨਹੀਂ ਹੈ। ਮੈਂ ਕਿਹੜਾ ਕੋਈ ਇਤਿਹਾਸਕਾਰ ਹਾਂ। ਮੈਂ ਇਹ ਸਭ ਜਨਮ-ਸਾਖੀਆਂ ਤੋਂ ਹੀ ਲਿਆ ਹੈ ਪਰ ਇਹ ਜ਼ਰੂਰ ਹੈ ਕੇ ਜਨਮ-ਸਾਖੀਆਂ ਦੇ ਜੋ ਵੇਰਵੇ ਹਨ, ਮੈਂ ਉਹ ਵੇਰਵੇ ਨਹੀਂ ਦਿੱਤੇ। ਜਿਸ ਕਾਰਨ ਦੁਬਾਰਾ ਫਿਰ ਉਹ ਵੇਰਵੇ ਤੁਹਾਡੀਆਂ ਨਜ਼ਰਾਂ ਸਾਹਮਣੇ ਆਉਂਦੇ ਹਨ। ਜੇਕਰ ਨਹੀਂ ਆਉਂਦੇ ਤਾਂ ਇਹ ਨਾਵਲ ਦਾ ਕਮਜ਼ੋਰ ਪੱਖ ਹੈ। ਮੈਂ ਨਾਵਲ ਵਿਚ ਵੇਰਵਿਆਂ ਦਾ ਹਾਮੀ ਨਹੀਂ ਹਾਂ, ਵੇਰਵਿਆਂ ਦੀ ਮਾਨਸਿਕਤਾ ਦਾ ਪੱਖੀ ਹਾਂ। ਜਿਸ ਕਾਰਨ ਹੀ ਨਾਵਲ ਪੜ੍ਹਦਿਆਂ ਤੁਹਾਨੂੰ ਜਨਮ-ਸਾਖੀਆਂ ਵਾਲੀ ਹਰ ਇੱਕ ਚੀਜ਼ ਯਾਦ ਆਉਂਦੀ ਹੈ। ਦੂਸਰੀ ਗੱਲ, ਜੇਕਰ ਤੁਹਾਡੇ ਕੋਲ ਇਤਿਹਾਸਿਕ ਤੱਥ ਹਨ ਤੇ ਤੁਸੀਂ ਉਹ ਨਾਂ ਤੱਥਾਂ ਨੂੰ ਉਸੇ ਰੂਪ ਅੰਦਰ ਨਾਵਲ ਵਿਚ ਪੇਸ਼ ਕਰ ਦਿੰਦੇ ਹੋ, ਤਾਂ ਫਿਰ ਨਾਵਲ ਦਾ ਤਾਂ ਕੋਈ ਮਤਲਬ ਹੀ ਨਹੀਂ ਰਹਿ ਜਾਂਦਾ। ਜੇਕਰ ਤੁਸੀਂ ਉਹਨਾਂ ਤੱਥਾਂ ਨੂੰ ਅਪਣੇ ਅੰਦਰੋਂ ਗੁਜ਼ਾਰ ਕਿ, ਉਹ ਨਾਂ ਦੀ ਮਾਨਸਿਕਤਾ ਨੂੰ ਉਜਾਗਰ ਕਰਦੇ ਹੋ, ਤਾਂ ਕਿ ਉਹ ਤੱਥ ਮੁੜ ਯਾਦ ਆ ਜਾਣ, ਫਿਰ ਹੀ ਤੁਹਾਡੀ ਰਚਨਾ ਨਾਵਲ ਦਾ ਰੂਪ ਗ੍ਰਹਿਣ ਕਰਦੀ ਹੈ। ਮੁੱਖ ਰੂਪ 'ਚ ਨਾਵਲ ਅਤੇ ਇਤਿਹਾਸ ਵਿਚ ਇਹੀ ਮੁੱਢਲਾ ਫ਼ਰਕ ਹੈ।

**ਪ੍ਰਸ਼ਨ – ਮਰਦਾਨੇ ਦੀ ਸ਼ਖ਼ਸੀਅਤ ਨੂੰ ਚਿਤਰਨ ਲਈ ਅਸੀਂ ਗੁਰੂ ਇਤਿਹਾਸ 'ਤੇ ਨਿਰਭਰ ਕਰਦੇ ਹਾਂ ਜਾਂ ਇੱਕ ਹੋਰ ਸ੍ਰੋਤ ਸਾਡੇ ਪਾਸ ਜਨਮ-ਸਾਖੀਆਂ ਹਨ। ਅਜੋਕੇ ਦੌਰ 'ਚ ਤੁਹਾਡੀ ਗਲਪ ਕ੍ਰਿਤ 'ਬੋਲ ਮਰਦਾਨਿਆ' ਆਉਂਦੀ ਹੈ। ਤੁਸੀਂ 'ਬੋਲ ਮਰਦਾਨਿਆ' ਦੇ ਕਰਤਾ ਵਜੋਂ ਭਾਈ ਮਰਦਾਨੇ ਦੀ ਸ਼ਖ਼ਸੀਅਤ ਨੂੰ ਵੇਖਣ ਲਈ ਕਿਹੜੇ ਸਾਧਨ ਕਾਰਗਰ ਮੰਨ ਕੇ ਚਲਦੇ ਹੋ?**

ਜਸਬੀਰ ਮੰਡ – 'ਬੋਲ ਮਰਦਾਨਿਆ' ਦੇ ਪਾਠਕ ਲਈ ਮੈਂ ਇਹ ਜ਼ਰੂਰੀ ਨਹੀਂ ਸਮਝਦਾ ਕੇ ਉਹ ਪਹਿਲਾਂ ਜਨਮ-ਸਾਖੀਆਂ ਦਾ ਪਾਠ ਕਰੇ ਤੇ ਫਿਰ 'ਬੋਲ ਮਰਦਾਨਿਆ' ਵੱਲ ਪਰਤੇ ਕਿਉਂਕਿ ਏਨਾ 'ਕੁ ਤਾਂ ਇਹ ਨਾਵਲ ਅਪਣੀ ਕਹਾਣੀ ਦੱਸਦਾ ਹੈ ਕਿ ਪਾਠਕ ਬਿਨਾ ਜਨਮ-ਸਾਖੀ ਪੜ੍ਹੇ ਵੀ ਇਸ ਨੂੰ ਮਾਣ ਸਕਦਾ ਹੈ। ਮਰਦਾਨੇ ਦਾ ਜੋ ਚਿਤਰਨ ਮੈਂ ਇਸ ਨਾਵਲ ਅੰਦਰ ਪੇਸ਼ ਕੀਤਾ ਹੈ, ਉਹ ਕਈ ਪੱਖਾਂ ਤੋਂ ਜਨਮ-ਸਾਖੀਆਂ ਅੰਦਰ ਦਰਜ਼ ਊਜਾਂ ਤੋਂ ਬਚਿਆ ਹੋਇਆ ਹੈ। ਮੈਂ ਮਰਦਾਨੇ ਨੂੰ ਕਿਤੇ ਵੀ ਭੁੱਖ ਕਾਰਨ ਲੇਲ੍ਹੜੀਆਂ ਕੱਢਦਾ ਹੋਇਆ ਜਾਂ ਹਾਸੋ-ਹੀਣੀਆਂ ਹਰਕਤਾਂ ਕਰਦਾ ਨਹੀਂ ਬਿਆਨ ਕੀਤਾ ਸਗੋਂ ਬਾਬੇ ਨਾਲ ਰਹਿ ਕਿ ਉਸ ਦੀ ਰੂਹਾਨੀਅਤ ਅਤੇ ਅਨੁਭਵੀ ਦਿੱਖਾਂ ਦੀ ਜੋ ਸਿਰਜਣਾ ਹੋਈ ਹੈ ਉਸ ਦਾ ਹੀ ਚਿਤਰਨ ਕੀਤਾ ਹੈ। ਮਰਦਾਨਾ ਅਜਿਹਾ ਨਹੀਂ ਹੋ ਸਕਦਾ ਜਿਸ ਤਰਾਂ ਦਾ ਕਈ ਥਾਵਾਂ 'ਤੇ ਸਾਡੇ ਜਨਮ-ਸਾਖੀ ਲੇਖਕਾਂ ਨੇ ਬਿਆਨ ਕੀਤਾ ਹੈ। ਗੁਰੂ ਨਾਨਕ ਨਾਲ ਰਹਿੰਦਿਆਂ ਉਸ ਦੀ ਅਪਣੀ ਸ਼ਖ਼ਸੀਅਤ ਰੂਹਾਨੀਅਤ ਦੇ ਉੱਚ ਪੱਧਰਾਂ ਨੂੰ ਪ੍ਰਾਪਤ ਹੋ ਗਈ ਸੀ। ਮੈਂ ਉਹਨਾਂ ਪੱਧਰਾਂ ਦੀ ਹੀ ਦੱਸ ਪਾਉਣ ਵਾਲੀ ਕੋਸ਼ਿਸ਼ ਕੀਤੀ ਹੈ।

**ਪ੍ਰਸ਼ਨ – ਪੰਜਾਬੀ ਡਾਇਸਪੋਰਾ ਨਾਲ ਸਬੰਧਿਤ ਜ਼ਿਆਦਾਤਰ ਪੰਜਾਬੀ ਲੇਖਕਾਂ ਦਾ ਰੁਝਾਨ ਵਰਤਮਾਨ ਸਮਿਆਂ 'ਚ ਸਬਾਲਟਰਨ ਵਿਸ਼ਿਆਂ ਉੱਪਰ ਆਪਣੀਆਂ ਰਚਨਾਵਾਂ ਸਿਰਜਣ ਵੱਲ ਲੱਗਾ ਹੋਇਆ ਹੈ ਪਰ ਉਹ ਨਾਂ ਸਭਨਾਂ ਤੋਂ ਉਲਟ ਤੁਸੀਂ ਡਾਇਸਪੋਰਿਕ ਪ੍ਰਸਥਿਤੀਆਂ ਅੰਦਰ ਇੱਕ ਇਤਿਹਾਸਿਕ-ਧਾਰਮਿਕ ਵਿਸ਼ੇ ਨਾਲ ਸਬੰਧਿਤ ਰਹੱਸਵਾਦ ਦੀ ਸਿਰਜਣਾ ਕਰ ਰਹੇ ਹੋ। ਅਜਿਹੇ ਦੌਰ 'ਚ ਅਧਿਆਤਮਿਕ ਪੱਖਾਂ ਨਾਲ ਭਰਪੂਰ ਗਲਪ ਦੀ ਰਚਨਾ ਕਰਨ ਦੀ ਕੀ ਕੋਈ ਖ਼ਾਸ ਵਜ੍ਹਾ ਹੈ?**

ਜਸਬੀਰ ਮੰਡ – ਸੁਚੇਤ ਰੂਪ ਵਿਚ ਮੈਂ ਇਸ ਨੂੰ ਰਹੱਸਵਾਦ ਨਾਲ ਨਹੀਂ ਜੋੜਿਆ ਹੈ ਕਿਉਂਕਿ ਜੋ ਨਾਵਲਕਾਰ ਹੈ, ਉਸ ਦਾ ਪਹਿਲਾਂ ਧਰਮ ਇਹ ਹੈ ਕਿ ਜਦੋਂ ਉਹ ਕੋਈ ਨਾਵਲ ਸਿਰਜਦਾ ਹੈ, ਖ਼ਾਸ ਕਰ ਕੇ ਇਤਿਹਾਸਿਕ ਨਾਵਲ, ਤਾਂ ਉਹ ਜਿਸ ਪਾਤਰ ਦਾ ਬਿਆਨ ਕਰ ਰਿਹਾ ਹੈ, ਉਸ ਨੂੰ ਉਸ ਧਾਰਾ ਅੰਦਰ ਹੀ ਵਿਚਾਰੇ, ਜਿਸ ਧਾਰਾ ਦਾ ਉਹ ਬੰਦਾ ਹੈ। ਉਸ ਨੂੰ ਉਸੇ ਧਾਰਾ ਵਿਚ ਅਪਣੀ ਗੱਲ ਕਹਿਣ ਦਿੱਤੀ ਜਾਵੇ। ਬਾਬਾ ਕਿਉਂਕਿ ਅਧਿਆਤਮਿਕ ਹੈ। ਇਸ ਲਈ ਇਹ ਨਾਵਲਕਾਰ ਦੀ ਨਾਲਾਇਕੀ ਹੀ ਹੋਵੇਗੀ ਜੇ ਉਹ ਬਾਬੇ ਨੂੰ ਕਿਤੇ ਹੋਰ ਵਿਚਾਰ ਰਿਹਾ ਹੈ। ਮੇਰਾ ਅਪਣਾ ਤਾਂ ਕੋਈ ਇਰਾਦਾ ਨਹੀਂ ਇਸ ਨੂੰ ਰਹੱਸਵਾਦ ਵਿਚ ਵੇਖਣ ਦਾ ਪਰ ਬਾਬਾ ਤਾਂ ਬੰਦਾ ਹੀ ਅਧਿਆਤਮੀ ਧਾਰਾ ਦਾ ਹੈ। ਇਸ ਕਰ ਕੇ ਮੇਰੀ ਇਮਾਨਦਾਰੀ ਹੈ ਕਿ ਮੈਂ ਉਸ ਨੂੰ ਉਸੇ ਧਾਰਾ 'ਚ ਵੇਖਿਆ ਹੈ। ਮੈਂ ਕੋਸ਼ਿਸ਼ ਕੀਤੀ ਹੈ ਕਿ ਵੇਖਾਂ ਤਾਂ ਸਹੀ ਬਾਬੇ ਨੂੰ ਦਰਖ਼ਤ ਕਿਉਂ ਅਲੱਗ ਲਗਦੇ ਨੇ, ਉਸ ਨੂੰ ਪਾਣੀਆਂ ਦਾ ਵਗਣਾ ਵੱਖ ਕਿਉਂ ਦਿਸਦਾ ਹੈ, ਪੰਛੀ ਅੱਡਰੇ ਕਿਉਂ ਦਿਖਾਈ ਦਿੰਦੇ ਹਨ? ਇਸ ਸਭ ਦਾ ਕਾਰਨ ਇਹੀ ਹੈ ਕਿ ਬਾਬਾ ਇਸ ਧਾਰਾ ਨਾਲ ਸਬੰਧਿਤ ਹੈ। ਇਸ ਲਈ ਮੈਂ ਉਹ ਨਾਂ ਨੂੰ ਇਸੇ ਰੂਪ 'ਚ ਰੱਖਿਆ ਹੈ, ਨਹੀਂ ਤਾਂ ਕਰੈਕਟਰ ਨਾਲ ਇਨਸਾਫ਼ ਨਹੀਂ ਹੋਵੇਗਾ। ਅਧਿਆਤਮ 'ਚ ਬੁਨਿਆਦੀ ਪੱਖ ਹੀ ਇਹ ਹੁੰਦਾ ਹੈ ਕੇ ਸਭ ਤੋਂ ਪਹਿਲਾਂ ਨੂੰ ਖ਼ੁਦ ਨੂੰ ਬਦਲਿਆ ਜਾਵੇ। ਮੈਂ ਚਾਹੁੰਦਾ ਸੀ ਮੈਨੂੰ ਬੁਖ਼ਾਰ ਚੜੇ, ਉਤਾਰ ਮੈਂ ਆਪੇ ਲਵਾਂਗਾ। ਅਧਿਆਤਮ ਦਾ ਬੁਖ਼ਾਰ, ਰਹੱਸ, ਚੀਜ਼ਾਂ ਨੂੰ ਵੇਖਣ ਦਾ ਬੁਖ਼ਾਰ, ਤੁਹਾਨੂੰ ਇੱਕ ਵਾਰ ਤਾਂ ਜ਼ਰੂਰ ਚੜ੍ਹਾਉਣਾ ਪਵੇਗਾ, ਨਹੀਂ ਤਾਂ ਜਸਬੀਰ ਮੰਡ ਦੀ ਜੋ ਵਿਚਾਰਧਾਰਾ ਹੈ, ਉਹ ਉਸ ਅਧੀਨ ਹੀ ਬਾਬੇ ਨੂੰ ਵੇਖਦਾ ਰਹੇਗਾ। ਬਾਬੇ ਦੀ ਸ਼ਖ਼ਸੀਅਤ ਨਾਲ ਨਿਆਂ ਕਰਨ ਲਈ ਜ਼ਰੂਰੀ ਹੈ ਕਿ ਇਹ ਵੇਖਿਆ ਜਾਵੇ ਕੇ ਬਾਬਾ ਅਪਣੇ ਆਲ਼ੇ-ਦੁਆਲ਼ੇ ਨੂੰ ਕਿਵੇਂ ਵੇਖਦਾ ਸੀ। ਉਸ ਨੂੰ ਕੀੜੀਆਂ ਕਿਵੇਂ ਦਿਸਦੀਆਂ ਸਨ, ਉਹ ਤੁਰਨਾ-ਫਿਰਨਾ ਬੰਦਿਆਂ ਦਾ ਕਿਵੇਂ ਤੱਕਦਾ ਸੀ। ਅਧਿਆਤਮ ਅੰਦਰ ਤੁਹਾਡਾ ਅਪਣੇ-ਆਪ ਨਾਲ ਆਤਮ-ਚਿੰਤਨ ਬਹੁਤ ਹੁੰਦਾ ਹੈ। ਜ਼ਿਆਦਾਤਰ ਅਸੀਂ ਇਤਿਹਾਸਿਕ ਨਾਵਲ ਵਿਚ ਫਸਦੇ ਹੀ ਤਾਂ ਹਾਂ ਜਦੋਂ ਅਸੀਂ ਜਿਸ ਧਾਰਾ ਨਾਲ ਸਾਡਾ ਪਾਤਰ ਸਬੰਧਿਤ ਹੈ, ਉਸ ਨੂੰ ਉਸ ਧਾਰਾ ਤੋਂ ਬਾਹਰ ਵੇਖਣ ਦੀ ਕੋਸ਼ਿਸ਼ ਕਰਦੇ ਹਾਂ। ਅਧਿਆਤਮ ਦੀ ਧਾਰਾ ਦੇ ਬੰਦਿਆਂ ਨੂੰ ਤੁਹਾਨੂੰ ਅਧਿਆਤਮ ਦੀ ਧਾਰਾ 'ਚ ਹੀ ਵੇਖਣਾ ਪਵੇਗਾ ਤੇ ਇਮਾਨਦਾਰੀ ਵਰਤਣੀ ਪਵੇਗੀ ਕਿਉਂਕਿ ਤੁਹਾਡੇ ਬੇਈਮਾਨ ਹੋਣ ਦੇ ਬਹੁਤ ਮੌਕੇ ਹੁੰਦੇ ਹਨ। ਇਸ ਦਾ ਕਾਰਨ ਇਹ ਹੁੰਦਾ ਹੈ ਕੇ ਅਪਣੀ ਜ਼ਿੰਦਗੀ 'ਚ ਤੁਸੀਂ ਕਿਸੇ ਹੋਰ ਧਾਰਾ ਦੇ ਇਨਸਾਨ ਹੁੰਦੇ ਹੋ ਪਰ ਬਾਬੇ ਦਾ ਜੋ ਸੱਚ ਨੂੰ ਵੇਖਣ ਦਾ ਸੁਹੱਪਣ ਹੈ, ਉਹ ਅਧਿਆਤਮ ਹੈ। ਮੈਂ ਇਸ ਨੂੰ ਉਸ ਧਾਰਾ ਰਾਹੀਂ ਹੀ ਵੇਖਿਆ ਹੈ ਤੇ ਰਹੱਸਵਾਦ ਨਾਲ ਇਸ ਦਾ ਜੁੜਨਾ ਇੱਕ ਸੁਭਾਵਿਕ ਪ੍ਰਕਿਰਿਆ ਦਾ ਹਿੱਸਾ ਹੀ ਮੰਨਿਆ ਜਾ ਸਕਦਾ ਹੈ।

**ਪ੍ਰਸ਼ਨ – 'ਬੋਲ ਮਰਦਾਨਿਆ' ਅੰਦਰ ਮਰਦਾਨੇ ਦੇ ਸੁਪਨਿਆਂ 'ਚ ਆਨੰਦ ਨਾਲ ਵਾਰਤਾਲਾਪ ਦੇ ਦ੍ਰਿਸ਼ ਨਾਵਲ ਦੀ ਕਥਾ ਦਾ ਅਹਿਮ ਹਿੱਸਾ ਹਨ। ਨਾਵਲਕਾਰ ਇਸ ਸੂਖਮਤਾ 'ਚੋਂ ਕਿਵੇਂ ਗੁਜ਼ਰਿਆ ਹੈ?**

ਜਸਬੀਰ ਮੰਡ –ਇਹ ਨਾਵਲਕਾਰ ਦੀ ਸਮਰੱਥਾ ਹੈ ਕਿ ਨਾਵਲਕਾਰ ਉਸ ਧਾਰਾ ਨਾਲ ਜੁੜਿਆ ਹੋਇਆ ਹੈ ਜਿਸ ਧਾਰਾ ਦਾ ਬਾਬਾ ਬੰਦਾ ਹੈ। ਮਰਦਾਨਾ, ਆਨੰਦ ਵਰਗਾ ਜਗਿਆਸੂ ਹੈ। ਨਾਵਲਕਾਰ ਦੀ ਪ੍ਰਾਪਤੀ ਇਹ ਹੈ ਕਿ ਉਹ ਉਸ ਧਾਰਾ ਦੇ ਬੰਦਿਆਂ ਨੂੰ ਅਪਣੇ ਨਾਵਲ ਵਿਚ ਕਿਵੇਂ ਲੈ ਕਿ ਆਉਂਦਾ ਹੈ, ਜਿਸ ਨਾਲ ਮਰਦਾਨੇ ਦਾ ਪਾਤਰ ਵਧਦਾ-ਫੁੱਲਦਾ ਹੈ। ਆਨੰਦ ਨਾਲ ਸੰਵਾਦ ਕਰਨ ਦਾ ਮੇਰਾ ਮਨੋਰਥ ਹੀ ਇਹ ਹੈ ਕਿ ਜੋ ਮਰਦਾਨਾ ਹੈ, ਉਸ ਦਾ ਜੋ ਸੁਪਨਿਆਂ ਦਾ ਸੰਸਾਰ ਹੈ, ਉਹ ਆਨੰਦ ਵਰਗਾ ਹੀ ਹੈ, ਸੱਚ ਦੀ ਤਲਾਸ਼ ਕਰਨ ਵਾਲਾ। ਇਹ ਨਾਵਲਕਾਰ ਮੰਨ ਕਿ ਚਲਦਾ ਹੈ ਕਿ ਜੋ ਬੰਦਾ ਬਾਬੇ ਨਾਲ ਹਰ ਪਲ ਤੁਰਦਾ-ਫਿਰਦਾ ਹੋਵੇ, ਉਸ ਨੇ ਜ਼ਰੂਰ ਬਾਬੇ ਨਾਲ ਬੁੱਧ ਬਾਰੇ ਵੀ ਗੱਲਾਂ ਕੀਤੀਆਂ ਹੋਣੀਆਂ। ਵੇਦਾਂ ਬਾਰੇ ਵੀ ਅਪਣੀ ਜਗਿਆਸਾ ਉਜਾਗਰ ਕੀਤੀ ਹੋਵੇਗੀ। ਇਸ ਲਈ ਇਹ ਨਾਵਲਕਾਰ ਦੀ ਕਲਪਨਾ ਹੈ ਕੇ ਜਦੋਂ ਮਰਦਾਨੇ ਨੇ ਬਾਬੇ ਨਾਲ ਬੁੱਧ ਬਾਰੇ ਗੱਲਾਂ ਕਰੀਆਂ ਹੋਣੀਆਂ, ਉਸ ਸਮੇਂ ਉਸ ਨੂੰ ਆਨੰਦ ਵੀ ਤਾਂ ਯਾਦ ਆਇਆ ਹੋਣਾ। ਇਸ ਕਰ ਕੇ ਹੀ ਨਾਵਲ ਅੰਦਰ ਦੋਵਾਂ ਦਾ ਸੰਵਾਦ ਸਿਰਜਿਆ ਗਿਆ ਹੈ।

**ਪ੍ਰਸ਼ਨ – " ਬੇਦੀਆਂ ਦੀ ਕੁੱਲ ਤੇਰੀ ਦੇਣਦਾਰ ਏ ਡੂਮਾਂ ..." ਵਰਗੇ ਕਥਨਾਂ ਦੇ ਕੋਈ ਇਤਿਹਾਸਿਕ ਸਰੋਤ ਵੀ ਪ੍ਰਾਪਤ ਹੋਏ ਹਨ ਜਾਂ ਫਿਰ ਇਹ ਨਾਵਲਕਾਰ ਦੀ ਕਲਪਨਾ ਦੇ ਸਹਾਰੇ ਹੀ ਅਪਣੀ ਹੋਂਦ ਅਖ਼ਤਿਆਰ ਕਰਦੇ ਹਨ?**

ਜਸਬੀਰ ਮੰਡ – ਮੈਂ ਪਹਿਲਾਂ ਵੀ ਕਿਹਾ ਹੈ ਕਿ ਨਾਵਲਕਾਰ ਕੋਲ ਇੱਕ ਪਲਾਟ ਹੈ ਜਨਮ ਸਾਖੀਆਂ ਦਾ। ਜਿਨ੍ਹਾਂ



ਨੂੰ ਤੁਸੀਂ ਵਿਚਾਰਦੇ ਹੋ, ਸਮਝਦੇ ਹੋ ਤੇ ਫਿਰ ਉਹ ਨਾਂ ਵਿਚੋਂ ਹੀ ਇੱਕ ਮਾਨਸਿਕ ਜਗਤ ਸਿਰਜਦੇ ਹੋ। ਇਸ ਮਾਨਸਿਕ ਜਗਤ ਅੰਦਰ ਜੋ ਖਾਲੀ ਥਾਵਾਂ ਨੇ, ਉਸ ਸਪੇਸ ਨੂੰ ਤੁਸੀਂ ਕਿਸ ਤਰਾਂ ਭਰਦੇ ਹੋ। ਜਿਵੇਂ ਇਹ ਹੈ, ਇਸ ਤੋਂ ਮੁੱਕਰਿਆ ਵੀ ਨਹੀਂ ਜਾ ਸਕਦਾ ਪਰ ਇਹ ਕੋਈ ਤੱਥ ਵੀ ਨਹੀਂ ਹੈ। ਇਹ ਨਾਵਲਕਾਰ ਦੀ ਸ਼ੁੱਧ ਕਾਲਪਨਿਕ ਸਿਰਜਣਾ ਹੈ। ਤੁਸੀਂ ਵੇਖੋ, ਜਦੋਂ ਬਾਬਾ ਮੰਨ ਅਪਣੇ ਘਰ-ਪਰਿਵਾਰ ਵਾਲਿਆਂ ਦੇ ਕਹਿਣ ਦੇ ਬਾਵਜੂਦ ਮੰਨ ਹੀ ਨਹੀਂ ਰਿਹਾ ਸੀ। ਉਹ ਆਖਦਾ ਸੀ ਕੇ ਮੈਂ ਤਾਂ ਜਾਣਾ ਹੀ ਜਾਣਾ ਹੈ, ਤਾਂ ਇਹ ਇਹ ਵੀ ਨਾਲ ਸੋਚਣ ਵਾਲਾ ਤੱਥ ਹੈ ਕਿ ਮਰਦਾਨੇ ਤੋਂ ਬਿਨਾਂ ਨਾਲ ਤੁਰਨਾ ਵੀ ਕਿਸੇ ਨੇ ਨਹੀਂ ਸੀ। ਆਖੀਰ ਘਰਦਿਆਂ ਨੇ ਜ਼ਰੂਰ ਸੋਚਿਆ ਹੋਵੇਗਾ ਕਿ ਚਲੋ ਕੋਈ ਤਾਂ ਸਾਡੇ ਮੁੰਡੇ ਦੇ ਨਾਲ ਹੈ। ਪਹਿਲਾਂ ਤਾਂ ਇਹ ਸੋਚ ਕਿ ਬੁਰਾ ਲਗਦਾ ਹੋਣਾ ਕਿ ਨੀਵੀਂ ਜਾਤ ਦਾ ਬੰਦਾ ਸਾਡੇ ਮੁੰਡੇ ਦੇ ਨਾਲ ਰਹੇਗਾ ਪਰ ਮਾਂ ਨੂੰ ਇਹ ਤਸੱਲੀ ਵੀ ਹੋਈ ਹੋਣੀ ਕੇ ਆਖਰ ਕੋਈ ਤਾਂ ਨਾਲ ਹੋਵੇਗਾ। ਬੇਸ਼ੱਕ ਉਹ ਮਰਾਸੀਆਂ ਨੂੰ ਸਿਰਫ਼ ਮਰਾਸੀ ਹੀ ਸਮਝਦੀ ਹੋਵੇ।ਅਜਿਹੀਆਂ ਪ੍ਰਸਥਿਤੀਆਂ 'ਚ ਅਜਿਹੇ ਬੋਲਾਂ ਦਾ ਉਚਾਰਿਆ ਜਾਣਾ ਕੋਈ ਵੱਡੀ ਗੱਲ ਨਹੀਂ ਜਾਪਦੀ। ਸੋ ਇਸ ਨੂੰ ਨਾਵਲੀ ਜ਼ਰੂਰਤਾਂ ਦੇ ਸੰਦਰਭ 'ਚ ਰੱਖਣਾ ਹੀ ਵਧੀਆ ਹੈ।

**ਪ੍ਰਸ਼ਨ - ਦੂਸਰੇ ਪਾਸੇ ਮਰਦਾਨੇ ਦੇ ਪਰਿਵਾਰ ਦਾ ਵਾਰਤਾਲਾਪ ਵੀ ਤਾਂ ਹੈ ਕਿ ਮਰਦਾਨਾ ਜਾ ਰਿਹਾ ਹੈ। ਇਸ ਨੂੰ ਬਾਬੇ ਦੇ ਪਰਿਵਾਰ ਅੰਦਰ ਹੋਏ ਵਾਰਤਾਲਾਪ ਤੋਂ ਕਿਵੇਂ ਵੱਖ ਵੇਖਦੇ ਹੋ?**

ਜਸਬੀਰ ਮੰਡ - ਇਤਿਹਾਸ ਵਿਚ ਵੀ ਦਰਜ਼ ਹੈ ਤੇ ਇਸ ਵਿਚ ਵੀ ਆਉਂਦਾ ਹੈ ਕਿ ਜੋ ਮਰਦਾਨੇ ਦੀ ਧੀ ਸੀ ਕਾਕੋ, ਉਸ ਦਾ ਖਰਚਾ ਬਾਬੇ ਨੇ ਕੀਤਾ ਸੀ। ਇਸ ਨਾਵਲ ਵਿਚ ਐਨਾ ਹੀ ਆਉਂਦਾ ਹੈ ਕਿ ਅਸੀਂ ਕਾਕੋ ਕੋਲ ਗਏ ਸੀ। ਮਨਸੁੱਖ ਨਾਮ ਦਾ ਬਾਬੇ ਦਾ ਇੱਕ ਸ਼ਰਧਾਲੂ ਸੀ। ਉਹ ਵਾਪਾਰੀ ਬੰਦਾ ਸੀ। ਉਸ ਤੋਂ ਵੀ ਬਾਬੇ ਦੁਆਰਾ ਕਾਕੋ ਦਾ ਸਮਾਨ ਦਿਵਾਇਆ ਗਿਆ। ਬਾਬੇ ਅਤੇ ਮਰਦਾਨੇ ਦੇ ਸਬੰਧ ਹੋਰ ਹਨ ਤੇ ਬਾਕੀਆਂ ਦੇ ਹੋਰ ਹਨ। ਜਦੋਂ ਤੁਸੀਂ ਕਿਸੇ ਸੰਵੇਦਨਾ ਵਿਚ ਸਫ਼ਰ ਕਰਦੇ ਹੋ ਤਾਂ ਵੇਖਦੇ ਹੋ ਕੇ ਜਦੋਂ ਬਾਬਾ ਮਰਦਾਨੇ ਦੇ ਘਰ ਜਾਂਦਾ ਤਾਂ ਉਹ ਵਿਹੜੇ ਪਈ ਇੱਕ ਛੋਟੀ ਜਿਹੀ ਟੁੱਟੀ ਮੰਜੀ ਤੇ ਬੈਠਦਾ ਹੈ। ਬਾਬੇ ਨੂੰ ਮੰਜੀ 'ਤੇ ਬੈਠਾ ਵੇਖ ਮਰਦਾਨੇ ਦੀ ਮਾਂ ਆਖਦੀ ਹੈ,"ਵੇ ਨਾਨਕਾ! ਤੂੰ ਤਾਂ ਮੇਰੇ ਮਰਦਾਨੇ ਤੋਂ ਵੀ ਝੱਲਾ ਹੈਂ"। ਇਸ ਦੀਆਂ ਬਹੁਤ ਪਰਤਾਂ ਨੇ, ਇੱਕ ਪਰਤ ਇਹ ਵੀ ਹੈ ਕਿ ਜਿਹੋ ਜਾਂ ਤੂੰ ਹੈਂ ਉਸ ਤਰਾਂ ਦਾ ਹੀ ਮਰਦਾਨਾ ਹੈ, ਦੋਵੇਂ ਸ਼ੁਦਾਈ ਹੋ ਤੁਸੀਂ। ਇੱਕ ਇਹ ਵੀ ਹੈ ਕਿ ਤੂੰ ਤਾਂ ਬੇਦੀਆਂ ਦਾ ਪੁੱਤ ਹੈਂ, ਤੂੰ ਫਿਰ ਵੀ ਥੱਲੇ ਬੈਠ ਗਿਆ, ਮੇਰੇ ਪੁੱਤ ਵਾਂਗ। ਇੱਕ ਮਾਂ ਦੀ ਪਰਤ ਆ ਮਮਤਾ ਜਦੋਂ ਮਮਤਾ ਪਿਘਲਦੀ ਹੈ ਤਾਂ ਉਹ ਨਾਂ ਵਾਰਤਾਲਾਪਾਂ ਦੀ ਭਾਵਨਾ ਜ਼ਿਆਦਾਤਰ ਮੌਕਿਆਂ 'ਤੇ ਇੱਕੋ ਜਿਹੀ ਹੀ ਹੋ ਜਾਂਦੀ ਹੈ। ਇਸ ਕਾਰਨ ਮੈਂ ਇਸ ਨੂੰ ਜ਼ਿਆਦਾ ਵੱਖਰਾ ਨਹੀਂ ਸਮਝਦਾ।

**ਪ੍ਰਸ਼ਨ - ਜਦੋਂ ਅਸੀਂ ਇੱਕ ਇਤਿਹਾਸਿਕ ਕ੍ਰਿਤ ਦੀ ਰਚਨਾ ਕਰ ਰਹੇ ਹੁੰਦੇ ਹਾਂ ਤਾਂ ਸਾਡੇ ਲਈ ਉਸ ਨਾਲ ਸਬੰਧਿਤ ਸਮੁੱਚੇ ਪੱਖਾਂ ਨੂੰ ਗਲਪ ਦਾ ਜਾਮਾ ਪਹਿਨਾਉਣਾ ਇੱਕ ਅਸੰਭਵ ਜਿਹਾ ਕਾਰਜ ਜਾਪਦਾ ਹੈ।'ਬੋਲ ਮਰਦਾਨਿਆ' ਦੇ ਸੰਦਰਭ 'ਚ ਇਸ ਸਬੰਧੀ ਤੁਹਾਡਾ ਕੀ ਆਖਣਾ ਹੈ?**

ਜਸਬੀਰ ਮੰਡ -'ਬੋਲ ਮਰਦਾਨਿਆ' ਨਾਲ ਜੁੜੀ ਖੋਜ ਦੌਰਾਨ ਮੇਰੇ ਪਾਸ ਇਸ ਨਾਵਲ ਨਾਲ ਸਬੰਧਿਤ ਕਰੀਬ ਇੱਕ ਹਜ਼ਾਰ ਪੰਨਿਆਂ ਦੇ ਸਿਰਫ਼ ਫੁੱਟ-ਨੋਟ ਹੀ ਬਣ ਗਏ ਸਨ। ਇਸ ਕਾਰਨ ਤੁਸੀਂ ਸਮਝ ਸਕਦੇ ਹੋ ਕਿ

ਇਸ ਰਚਨਾ ਦਾ ਪਾਸਾਰ ਕਿੰਨਾ 'ਕੁ ਵੱਡਾ ਹੋ ਸਕਦਾ ਹੈ। ਇਸ ਨੂੰ ਨਾਵਲੀ ਜ਼ਰੂਰਤਾਂ ਮੁਤਾਬਿਕ ਢਾਲਣ ਹਿਤ ਹੀ ਮੈਂ ਕਾਫ਼ੀ ਕੁੱਝ ਬਿਆਨ ਕਰਨ ਤੋਂ ਛੱਡ ਦਿੱਤਾ ਹੈ। ਇਸ ਗੱਲ ਨੂੰ ਮੈਂ ਜ਼ਰੂਰ ਸਵੀਕਾਰਦਾ ਹਾਂ ਪਰ ਇਹ ਜੋ ਸਭ ਛੱਡਿਆ ਗਿਆ ਹੈ, ਮੈਨੂੰ ਨਹੀਂ ਲਗਦਾ ਇਸ ਨਾਲ ਨਾਵਲ ਵਿਚ ਕਿਸੇ ਕਿਸਮ ਦੀ ਕੋਈ ਖੜੋਤ ਆਈ ਹੈ।

**ਪ੍ਰਸ਼ਨ – ਪਰ ਫਿਰ ਵੀ ਅਤਿ ਮਹੱਤਵਪੂਰਨ 'ਕੋਧਰੇ ਦੀ ਰੋਟੀ' ਦੇ ਪ੍ਰਸੰਗ ਕੋਲੋਂ ਨਾਵਲਕਾਰ ਚੁੱਪ–ਚੁਪੀਤੇ ਗੁਜ਼ਰ ਜਾਂਦਾ ਹੈ। ਸੁਚੇਤ ਤੌਰ ਤੇ ਇਸ ਘਟਨਾ ਦਾ ਜ਼ਿਕਰ ਨਾ ਕਰਨ ਦਾ ਕੀ ਕੋਈ ਖ਼ਾਸ ਉਦੇਸ਼ ਸੀ?**

ਜਸਬੀਰ ਮੰਡ – ਹਾਂ, ਇਸ ਦਾ ਇੱਕ ਮੁੱਖ ਕਾਰਨ ਇਹ ਸੀ ਕਿ ਉਹ ਐਨਾ ਖ਼ੂਬਸੂਰਤ ਹੈ, ਐਨਾ ਕਮਾਲ ਦਾ ਪ੍ਰਤੀਕ ਹੈ, ਕੇ ਮੇਰੇ ਕੋਲ ਉਸ ਦਾ ਕੋਈ ਬਦਲ ਨਹੀਂ ਸੀ ਤੇ ਮੈਂ ਉਸ ਦਾ ਦੁਹਰਾਓ ਨਹੀਂ ਕਰਨਾ ਨਹੀਂ ਚਾਹੁੰਦਾ ਸੀ। ਮੇਰਾ ਖਿਆਲ ਹੈ ਕੇ ਕਿਰਤ ਬਾਰੇ ਸ਼ਾਇਦ ਹੀ ਕੋਈ ਇਸ ਤਰਾਂ ਦਾ ਕੋਈ ਹੋਰ ਪ੍ਰਤੀਕ ਹੋਵੇ। ਦੂਸਰਾ ਇਹ ਵੀ ਸੀ ਕਿ ਦੁਬਾਰਾ ਸੈਦ ਸੱਯਦ ਵੱਲੋਂ ਆਉਂਦੇ ਸੈਦ ਪੁਰ ਉਸ ਦੀ ਹਵੇਲੀ ਢਹੀ ਹੋਈ ਹੈ। ਉਸ ਦੀ ਕੁੜੀ (ਭਾਈ ਲਾਲੋ ਦੀ) ਬੱਚਾ ਚੁੱਕੀਂ ਖੜੀ ਹੈ। ਉਹ ਆਖਦੀ ਹੈ,"ਅੱਛਾ! ਤੁਸੀਂ ਉਹੀ ਹੋ, ਜੋ ਸਾਡੇ ਘਰ ਪਹਿਲਾਂ ਵੀ ਆਏ ਸੀ, ਸੱਚ ਦਾ ਨਿਤਾਰਾ ਕਰਨ", ਮਤਲਬ ਇਹ ਵੀ ਇੱਕ ਅਜਿਹੀ ਘਟਨਾ ਸੀ, ਜਿੱਥੇ ਮੈਨੂੰ ਲੱਗਾ ਮੈਨੂੰ ਅਪਣੀ ਤਾਕਤ ਦਿਖਾਉਣੀ ਚਾਹੁੰਦੀ ਹੈ। ਜੇ ਕੋਧਰੇ ਵਾਲਾ ਪ੍ਰਸੰਗ ਆ ਜਾਂਦਾ ਤਾਂ ਫਿਰ ਇਸ ਘਟਨਾ ਦੀ ਸਮਰੱਥਾ ਘਟਦੀ ਸੀ। ਉਹ ਬਿੰਬ ਵੀ ਐਨਾ ਸ਼ਕਤੀਸ਼ਾਲੀ ਹੈ ਕੇ ਉਹ ਦੇ ਅੱਗੇ ਨਤਮਸਤਕ ਹਾਂ।

**ਪ੍ਰਸ਼ਨ – 'ਬੋਲ ਮਰਦਾਨਿਆ' ਜਿਵੇਂ ਕਿ ਤੁਸੀਂ ਕਿਹਾ ਹੈ ਕਿ ਦਸ ਸਾਲ ਤੋਂ ਤੁਹਾਡੇ ਚੇਤਿਆਂ ਅੰਦਰ ਤੁਰਦਾ–ਫਿਰਦਾ ਰਿਹਾ ਸੀ। ਇਹਨਾਂ ਸਮਿਆਂ ਵਿਚਕਾਰ ਹੀ 'ਖਾਜ' ਵਰਗੇ ਯਥਾਰਥ ਦੀ ਰਚਨਾ ਕਰਨ ਦਾ ਖਿਆਲ ਕਿਵੇਂ ਆਇਆ?**

ਜਸਬੀਰ ਮੰਡ – ਅਸਲ ਵਿਚ ਮੈਂ ਕਿਸਾਨ ਹਾਂ। ਇਸ ਕਾਰਨ 'ਖਾਜ' ਮੇਰੇ ਜੀਵਨ ਦਾ ਯਥਾਰਥ ਹੈ। ਇਸ ਉਸ ਯਥਾਰਥ ਨੂੰ ਵੇਖਣ ਵਾਲੇ ਬੰਦੇ ਦੀ ਜਿਹੜੀ ਚੇਤਨਾ ਹੈ, ਇਹ ਉਸ ਦੀ ਪ੍ਰਤੀਨਿਧਤਾ ਕਰਦਾ ਹੈ। ਉਸ ਕਿਰਸਾਨੀ ਨੂੰ ਵੇਖਣ ਵੇਲੇ ਬੰਦੇ ਦੀ ਕਿਸਮ ਕਿਸ ਤਰਾਂ ਦੀ ਹੈ। ਜਿਵੇਂ ਮੈਂ ਪਹਿਲਾਂ ਕਿਹਾ ਕਿ ਮੇਰਾ ਵੀ ਤਾਂ ਕੋਈ ਨਾਇਕ ਹੈ। ਮੈਂ ਵੀ ਕਹਿੰਦਾ ਹਾਂ ਮੇਰੇ ਨਾਲ ਕੋਈ ਡਾਇਲਾਗ ਕਰੇ। ਜਿਸ ਵਿਚ ਮੈਂ ਸਿੱਖਿਆਰਥੀ ਹੋਵਾਂ, ਦੱਸਾਂ, ਸਮਝਾਂ ਚੀਜ਼ਾਂ ਸਾਰੀਆਂ। ਇਸ ਸਾਰੇ ਸੋਚ ਵਿਚਾਰ ਅੰਦਰੋਂ ਹੀ 'ਬੋਲ ਮਰਦਾਨਿਆ' ਦੇ ਨਾਲ–ਨਾਲ 'ਖਾਜ' ਤੁਰਦਾ ਰਿਹਾ ਤੇ ਕਿਉਂਕਿ ਮੈਂ 'ਖਾਜ' ਦੇ ਵਾਤਾਵਰਨ ਨੂੰ ਜ਼ਿਆਦਾ ਵਧੀਆ ਸਮਝਦਾ ਤੇ ਮਾਣਿਆ ਸੀ, ਇਸ ਲਈ 'ਬੋਲ ਮਰਦਾਨਿਆ' ਤੋਂ ਪਹਿਲਾਂ ਉਸ ਦੀ ਸਿਰਜਣਾ ਕਰਨ ਲਈ ਮੈਨੂੰ ਥੋੜੀ ਆਸਾਨੀ ਹੋਈ ਤੇ ਉਹ ਹੋਂਦ 'ਚ ਆ ਗਿਆ।

**ਪ੍ਰਸ਼ਨ – 'ਬੋਲ ਮਰਦਾਨਿਆ' ਇੱਕ ਅਜਿਹਾ ਪ੍ਰਵਚਨ ਹੈ ਜਿਸ ਅੰਦਰ ਮਨੋਵਿਗਿਆਨ, ਧਰਮ–ਸ਼ਾਸਤਰ, ਫ਼ਲਸਫ਼ਾ ਅਤੇ ਇਤਿਹਾਸ ਡੂੰਘੇ ਰੂਪ ਵਿਚ ਸਮੋਏ ਹੋਏ ਹਨ। ਇਹਨਾਂ ਸਾਰਿਆਂ ਨਾਲ ਇੱਕੋ ਸਮੇਂ ਕਿਵੇਂ ਤਾਲਮੇਲ ਸਥਾਪਿਤ ਕੀਤਾ ਤੇ ਇਹਨਾਂ ਨਾਲ ਨਿਆਂ ਕਰਨ ਹਿਤ ਕਿਹੜੀਆਂ ਸਾਵਧਾਨੀਆਂ**

**ਵਰਤੀਆਂ ਸੀ ਤਾਂ ਜੋ ਕਿਸੇ ਕਿਸਮ ਦੇ ਵਿਵਾਦ ਆਦਿ ਤੋਂ ਬਚਿਆ ਜਾ ਸਕੇ?**

ਜਸਬੀਰ ਮੰਡ – ਜਦੋਂ ਤੁਸੀਂ ਨਾਨਕ ਬਾਰੇ ਲਿਖ ਰਹੇ ਹੋ, ਨਾਨਕ ਬਾਰੇ ਲਿਖਣ ਵਕਤ ਜੇ ਤੁਸੀਂ ਕਿਤੇ ਇਸ ਤਰਾਂ ਦੀ ਗੱਲ ਕਰਦੇ ਹੋ ਜਾਂ ਬਾਬੇ ਪ੍ਰਤੀ ਉਂਗਲ ਉਠਾਉਂਦੇ ਹੋ ਤਾਂ ਤੁਹਾਨੂੰ ਸਵੀਕਾਰ ਕਰ ਲੈਣਾ ਚਾਹੀਦਾ ਹੈ ਕੇ ਬਾਬੇ ਪ੍ਰਤੀ ਤੁਹਾਡੀ ਸਮਝ ਦੀ ਕਿਤੇ ਨਾ ਕਿਤੇ ਕਮੀ ਹੈ। ਤੁਸੀਂ ਅਪਣੀ ਗੱਲ ਵੀ ਕਹਿਣੀ ਹੈ ਤੇ ਉਸ ਨਾਲ ਨਿਆਂ ਵੀ ਕਰਨਾ ਹੈ। ਜਿਸ ਤਰਾਂ ਬਾਬੇ ਦਾ ਕਰੈਕਟਰ ਹੈ, ਜੇ ਤੁਸੀਂ ਬਾਬੇ ਨੂੰ ਬੁਨਿਆਦੀ ਤੌਰ 'ਤੇ ਸਮਝਦੇ ਹੋ ਤਾਂ ਕੋਈ ਗੱਲ ਉੱਠਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ। ਇਹ ਨਾਵਲ ਬਾਬੇ ਦੇ ਸਮੇਂ ਤੋਂ ਬਾਹਰ ਨਹੀਂ ਜਾਂਦਾ। ਜਿਹੜੀ ਮੇਰੀ ਉਡੀਕ ਸੀ, ਉਹ ਇਸ ਵਿਚ ਬਾਖ਼ੂਬੀ ਕੰਮ ਆਈ ਹੈ। ਜੇਕਰ ਮੈਂ ਇਹ ਉਡੀਕ ਨਾ ਕਰਦਾ, ਸਬਰ ਨਾ ਰੱਖਦਾ ਫਿਰ ਹੋ ਸਕਦਾ ਸੀ ਇਹ ਅੜਚਣ ਪੈਦਾ ਹੋ ਜਾਦੀ। ਸ਼ਾਇਦ ਇਹ ਖਿੰਡ ਵੀ ਜਾਂਦਾ। ਇਹ ਸਾਰਾ ਸਮਾਂ ਅਸੀਂ ਪਹਿਲਾਂ ਤਿੰਨਾਂ ਨੇ ਅਰਥਾਤ ਬਾਬਾ, ਮਰਦਾਨਾ ਅਤੇ ਮੈਂ ਸਫ਼ਰ ਕੀਤਾ।ਅੱਖਰਾਂ ਵਿਚ ਇਹ ਬਾਅਦ 'ਚ ਆਇਆ। ਨਾਵਲਕਾਰ ਦੀ ਉਡੀਕ ਬਹੁਤ ਸੁੰਦਰ ਹੁੰਦੀ ਹੈ। ਜੇਕਰ ਉਹ ਉਡੀਕ ਨਾ ਕਰੇ ਤਾਂ ਇਹ ਸਮੱਸਿਆਵਾਂ ਆਉਣਗੀਆਂ। ਮੇਰੀ ਇਹ ਵੀ ਕੋਸ਼ਿਸ਼ ਸੀ ਕਿ ਇਹ ਭਾਰਾ ਨਾ ਹੋਵੇ। ਇਸ ਦੇ ਸੰਖੇਪ ਰੂਪ ਨੂੰ ਸਿਰਜਣ ਲਈ ਮੈਂ ਬੁੱਧ, ਜੈਨ, ਮਾਰਕਸ, ਗੁਰਬਾਣੀ ਆਦਿ ਦਾ ਨਿਠ ਕਿ ਅਧਿਐਨ ਕੀਤਾ ਕਿਉਂ ਕਿ ਨਾਵਲਕਾਰ ਨੇ ਫਲਸਫਿਆਂ ਦਾ ਭਾਰ ਨਹੀਂ ਢੋਣਾ ਹੁੰਦਾ ਸਗੋਂ ਇਹ ਵੇਖਣਾ ਹੁੰਦਾ ਹੈ ਕਿ ਉਸ ਵਿਚੋਂ ਫ਼ਲਸਫ਼ਾ ਕਿਵੇਂ ਨਿਕਲ ਕਿ ਆਉਂਦਾ ਹੈ ਤਾਂ ਜੋ ਮੁੜ ਉਸੇ ਫ਼ਲਸਫ਼ੇ ਦੀ ਯਾਦ ਆ ਜਾਏ। ਬਾਬੇ ਦਾ ਫ਼ਲਸਫ਼ਾ ਅਧਿਆਤਮ ਹੈ। ਇਸ ਕਰ ਕੇ ਇਸ ਦੇ ਵਿਚ ਇਹ ਨਹੀਂ ਕਿ ਜਿੰਨੇ ਵੀ ਸਵਾਲ ਹਨ, ਕੋਈ ਵੀ ਸਵਾਲ ਤੁਹਾਡੀ ਹਉਮੈਂ ਨੂੰ ਚੋਗ਼ਾ ਪਾ ਦੇਵੇ। ਅਧਿਆਤਮ 'ਚ ਜੋ ਹਉਮੈਂ ਦੀ ਆਖ਼ਰੀ ਚਰਮ ਸੀਮਾ ਹੈ, ਉਹ ਇਹ ਹੈ ਕਿ ਮੇਰਾ ਗੁਰੂ ਹੀ ਸ੍ਰੇਸ਼ਠ ਹੈ। ਜਦੋਂ ਤੁਸੀ ਇਸ ਵਿਚਾਰ ਦੇ ਧਾਰਨੀ ਹੋ ਜਾਂਦੇ ਹੋ ਤਾਂ ਤੁਸੀਂ ਉੱਕ ਜਾਂਦੇ ਹੋ। ਭਾਈ ਵੀਰ ਸਿੰਘ ਜੀ ਇੱਥੇ ਹੀ ਉੱਕੇ ਸਨ। ਜਿਸ ਨੂੰ ਅਧਿਆਤਮ ਦੀ ਸਮਝ ਹੈ, ਉਸ ਨੂੰ ਪਤਾ ਹੈ ਕਿ ਇਹ ਉਕਾਈ ਕਿੱਥੇ ਹੈ, ਕਿਉਂਕਿ ਸਾਡਾ ਗੁਰੂ ਤਾਂ ਮੰਨਦਾ ਹੀ ਨਹੀਂ ਕਿ ਉਹ ਸਰਵ-ਸ੍ਰੇਸਟ ਹੈ। ਉਹ ਤਾਂ ਸਭਨਾਂ ਦੀ ਗੱਲ ਕਰਦਾ ਹੈ। ਗੁਰੂ ਸਾਡੀ ਮਿੱਥ ਤੋੜਦੇ ਹਨ। ਇਸ ਲਈ ਜ਼ਰੂਰੀ ਹੈ ਕੇ ਤੁਸੀਂ ਇਸ ਧਾਰਾ ਦੀ ਸਮਝ ਕਾਇਮ ਕਰੋ, ਕਿਉਂਕਿ ਅਧਿਆਤਮ ਤਾਂ ਕੋਈ ਮਿੱਥ ਸਵੀਕਾਰਦਾ ਹੀ ਨਹੀਂ।

**ਪ੍ਰਸ਼ਨ – ਨਾਵਲ ਉੱਪਰ ਚਮਕਦੇ ਬੁੱਧ ਦੇ ਪ੍ਰਭਾਵ ਬਾਰੇ ਕੀ ਕਹਿਣਾ ਚਾਹੋਗੇ?**

ਜਸਬੀਰ ਮੰਡ – ਨਹੀਂ, ਬੁੱਧ ਦਾ ਉਸ ਤਰਾਂ ਦਾ ਤਾਂ ਕੋਈ ਪ੍ਰਭਾਵ ਮੈਂ ਨਹੀਂ ਸਮਝਦਾ ਕੇ ਇਸ ਉੱਪਰ ਹੈ। ਹਾਂ, ਮੈਂ ਬੁੱਧ ਨੂੰ ਪੜਿਆ ਹੈ ਤੇ ਉਸ ਨੂੰ ਪਿਆਰ ਕਰਦਾ ਹਾਂ। ਬੁੱਧ ਦਾ ਜੋ ਅਪਣੇ ਨਾਲ ਸੰਵਾਦ ਹੈ, ਉਹ ਬਾਕਾਮਾਲ ਹੈ, ਤਾਂ ਹੀ ਤਾਂ ਮੈਂ ਆਖਦਾ ਹਾਂ ਕਿ ਬਾਬਾ ਬਹੁਤ ਸਾਰੀਆਂ ਚੀਜ਼ਾਂ ਦਾ ਸੰਗਮ ਹੈ। ਉਹ ਸਭਨਾਂ ਨਾਲ ਸੰਵਾਦ ਰਚਾਉਂਦਾ ਹੈ। ਇਸ ਸੰਵਾਦ ਵਿਚੋਂ ਹੀ ਜੇਕਰ ਬੁੱਧ ਦਾ ਝਲਕਾਰਾ ਪ੍ਰਾਪਤ ਹੁੰਦਾ ਹੈ ਤਾਂ ਵੱਖਰੀ ਗੱਲ ਹੈ ਪਰ ਸਿੱਧੇ ਰੂਪ 'ਚ ਮੈਂ ਇਸ ਦੀ ਸਿਰਜਣਾ ਨਹੀਂ ਕੀਤੀ ਸੀ।

**ਪ੍ਰਸ਼ਨ – ਅਪਣੇ ਪਹਿਲੇ ਨਾਵਲਾਂ ਜਾਂ ਪੰਜਾਬੀ ਨਾਵਲ ਵਿਚ ਵਰਤੀਆਂ ਜੁਗਤਾਂ ਤੋਂ ਇਲਾਵਾ ਕੀ ਤੁਸੀਂ ਕੋਈ ਨਵੀ ਜੁਗਤ ਵੀ ਇਸ ਨਾਵਲ ਅੰਦਰ ਹੋਂਦ 'ਚ ਲਿਆਂਦੀ ਹੈ?**

ਜਸਬੀਰ ਮੰਡ – ਕਈ ਵਾਰ ਨਾਵਲਕਾਰ ਨੂੰ ਪਤਾ ਹੀ ਨਹੀਂ ਹੁੰਦਾ ਕੇ ਮੈਂ ਕੋਈ ਜੁਗਤ ਵੀ ਵਰਤ ਰਿਹਾ ਹਾਂ।

ਇਹ ਤਾਂ ਬਾਅਦ ਵਿਚ ਆਲੋਚਕ ਹੀ ਦੱਸਦੇ ਹਨ ਕੇ ਇਹ ਜੁਗਤ ਵਰਤੀ ਗਈ ਹੈ ਜਾਂ ਇਹ ਕੁੱਝ ਤੁਸੀਂ ਨਵਾਂ ਕੀਤਾ ਹੈ। ਇਸ ਨਾਵਲ ਵਿਚ ਦਰਜ਼ ਹੈ ਜਿਹੜੇ ਜਗਿਆਸੂ ਲੋਕ ਹੁੰਦੇ ਹਨ, ਜਦੋਂ ਉਹ ਅਪਣੇ ਸਫ਼ਰਾਂ 'ਤੇ ਨਿਕਲਦੇ ਹਨ ਤਾਂ ਪਿੱਛੇ ਉਹ ਨਾਂ ਦੇ ਘਰਾਂ ਅੰਦਰ ਰਹਿਣ ਵਾਲੀਆਂ ਔਰਤਾਂ ਨੂੰ ਕਿਹੜੇ-ਕਿਹੜੇ ਦੁੱਖਾਂ ਦਾ ਸਾਹਮਣਾ ਕਰਨਾ ਪੈਂਦਾ ਹੈ? ਕਿਸ ਤਰਾਂ ਦੇ ਕਸ਼ਟ ਭੋਗਣੇ ਪੈਂਦੇ ਹਨ? ਉਹ ਨਾਂ ਦੀਆਂ ਔਰਤਾਂ ਕਿਨ੍ਹਾਂ ਸੰਕਟ ਵਿਚ ਜੀਅ ਰਹੀਆ ਹੁੰਦੀਆਂ ਹਨ? ਘਰਾਂ 'ਚ ਬੈਠੀਆਂ ਔਰਤਾਂ ਦੇ ਖਿਆਲ ਕੀ ਹੁੰਦੇ ਹਨ? ਇਹ ਸਭ ਸ਼ਾਇਦ ਮੈਂ 'ਬੋਲ ਮਰਦਾਨਿਆ' ਅੰਦਰ ਬਾਖ਼ੂਬੀ ਨਾਲ ਬਿਆਨ ਕਰ ਗਿਆ ਹਾਂ। ਇਹ ਮੈਂ ਸੁਚੇਤ ਰੂਪ ਵਿਚ ਨਹੀਂ ਕੀਤਾ ਸਗੋਂ ਇਸ ਬਾਰੇ ਮੈਨੂੰ ਖ਼ੁਦ ਉਸ ਵਕਤ ਪਤਾ ਲੱਗਾ ਜਦੋਂ ਇਸ ਨਾਵਲ ਬਾਰੇ ਮੈਂ ਪੰਜਾਬੀ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਗੁਰਮੁਖ ਸਿੰਘ ਜੀ ਨਾਲ ਗੱਲ ਕਰ ਰਿਹਾ ਸੀ। ਉਹਨਾਂ ਨੇ ਮੈਨੂੰ ਇਸ ਬਾਰੇ ਦੱਸਿਆ ਕਿ ਮੈਂ ਇਹ ਜੁਗਤ ਵੀ ਵਰਤੋਂ ਵਿਚ ਲਿਆਂਦੀ ਹੈ ਜਿਹੜੀ ਕਿ ਇਸ ਤੋਂ ਪਹਿਲਾਂ ਦੇ ਨਾਵਲਾਂ ਅੰਦਰ ਘੱਟ ਹੀ ਵੇਖਣ ਨੂੰ ਮਿਲਦੀ ਹੈ।

**ਪ੍ਰਸ਼ਨ – ਪੰਜਾਬੀ ਪਾਠਕ, ਜਿਸ ਉੱਪਰ ਅਕਸਰ ਇਹ ਦੋਸ਼ ਮੜਿਆ ਜਾਂਦਾ ਹੈ ਕਿ ਉਹ ਪੜਣ-ਲਿਖਣ ਵਾਲੀਆਂ ਪ੍ਰਵਿਰਤੀਆਂ ਤੋਂ ਜ਼ਿਆਦਾਤਰ ਅਛੂਤਾ ਹੀ ਰਹਿੰਦਾ ਹੈ, ਕੀ 'ਬੋਲ ਮਰਦਾਨਿਆ' ਨੂੰ ਮਿਲੇ ਹੁੰਗਾਰੇ ਤੋਂ ਬਾਅਦ ਉਸ ਤੋਂ ਤੁਸੀਂ ਸੰਤੁਸ਼ਟ ਹੋ?**

ਜਸਬੀਰ ਮੰਡ – ਅਸਲ ਗੱਲ ਤਾਂ ਇਹ ਹੈ ਕਿ ਪਾਠਕਾਂ ਨਾਲ ਸਿੱਧੇ ਰੂਪ 'ਚ ਮੇਰਾ ਕੋਈ ਮੇਲ-ਜੋਲ ਹੀ ਨਹੀਂ ਹੈ ਪਰ ਹਾਂ ਜਿਸ ਤਰਾਂ ਦਾ ਪਾਠਕਾਂ ਵੱਲੋਂ 'ਬੋਲ ਮਰਦਾਨਿਆ' ਨੂੰ ਪਿਆਰ ਮਿਲਿਆ ਹੈ, ਉਸ ਤੋਂ ਮੈਂ ਪੂਰੀ ਤਰਾਂ ਸੰਤੁਸ਼ਟ ਹਾਂ। ਮੈਨੂੰ ਇਹ ਉਮੀਦ ਨਹੀਂ ਸੀ ਕਿ ਇਸ ਨੂੰ ਪਾਠਕਾਂ ਦਾ ਐਨਾ ਪਿਆਰ ਮਿਲੇਗਾ। ਮੈਂ ਅਕਸਰ ਪੰਜਾਬ ਤੋਂ ਬਾਹਰ ਹੀ ਰਹਿੰਦਾ ਹਾਂ ਤੇ ਜ਼ਿਆਦਾਤਰ ਸਾਹਿੱਤਿਕ ਮੌਕਿਆਂ 'ਤੇ ਮੇਰੀ ਗੈਰ-ਹਾਜ਼ਰੀ ਹੀ ਹੁੰਦੀ ਹੈ। ਇਸ ਲਈ ਪਾਠਕਾਂ ਨੇ ਜਿੰਨਾਂ 'ਕੁ ਪਿਆਰ ਮੇਰੀਆਂ ਰਚਨਾਵਾਂ ਨੂੰ ਦਿੱਤਾ ਹੈ, ਮੇਰੇ ਲਈ ਉਹ ਕਾਫ਼ੀ ਹੈ। ਉਮੀਦ ਕਰਦਾ ਹਾਂ ਭਵਿੱਖ 'ਚ ਵੀ ਉਹ ਇਸ ਪਿਆਰ ਨੂੰ ਕਾਇਮ ਰੱਖਣਗੇ।

**ਪ੍ਰਸ਼ਨ – ਪੰਜਾਬੀ ਸਾਹਿੱਤ ਜਗਤ ਅੰਦਰ ਆਲੋਚਕ ਵਰਗ ਹਮੇਸ਼ਾ ਹੀ ਚਰਚਾ ਦਾ ਵਿਸ਼ਾ ਬਣਿਆ ਰਹਿੰਦਾ ਹੈ। ਇਸ ਦਾ ਕਾਰਨ ਇਹ ਵੀ ਮੰਨਿਆ ਜਾਂਦਾ ਹੈ ਕਿ ਇਹ ਵਰਗ ਸਾਹਿੱਤ ਆਲੋਚਨਾ ਵੇਲੇ ਅਕਸਰ ਲਿਹਾਜ਼ ਪੁਣੇ ਦੀ ਵਰਤੋਂ ਕਰਦਾ ਹੈ। ਤੁਸੀਂ ਆਲੋਚਕ ਵਰਗ ਬਾਰੇ ਕੀ ਕਹਿਣਾ ਚਾਹੁੰਦੇ ਹੋ?**

ਜਸਬੀਰ ਮੰਡ – ਆਲੋਚਕਾਂ ਪ੍ਰਤੀ ਮੈਨੂੰ ਕੋਈ ਸ਼ਿਕਵਾ ਨਹੀਂ। ਮੇਰੀ ਗ਼ੈਰ-ਹਾਜ਼ਰੀ ਅਤੇ ਮੇਰੇ ਦਖ਼ਲ ਤੋਂ ਬਗ਼ੈਰ ਜਿੰਨੀ 'ਕੁ ਮੇਰੀ ਗੱਲ ਹੁੰਦੀ ਹੈ, ਉਹ ਬਹੁਤ ਹੈ। ਮੈਂ ਇੱਥੇ ਰਹਿ ਕਿ ਵੀ ਗ਼ੈਰ-ਹਾਜ਼ਰ ਹੀ ਰਹਿੰਦਾ ਹਾਂ। ਬੌਧਿਕ ਜਗਤ ਨਾਲ ਜਿੰਨਾਂ 'ਕੁ ਮੇਰਾ ਸੰਵਾਦ ਹੁੰਦਾ ਹੈ, ਉਹ ਕਾਫੀ ਲਾਹੇਵੰਦ ਹੈ। ਮੇਰੀ ਇਹ ਧਾਰਨਾ ਹੈ ਕੇ ਜਦੋਂ ਤੁਸੀਂ ਵਿਆਖਿਆ ਵਿਚ ਜਿਉਂਦੇ ਹੋ ਤਾਂ ਤੁਸੀਂ ਮੂਲ ਸਰੋਤ ਤੋਂ ਦੂਰ ਹੋ ਜਾਂਦੇ ਹੋ। ਜਦੋਂ ਕਿ ਨਾਵਲਕਾਰ ਨੂੰ ਮੂਲ ਸਰੋਤ ਦੇ ਪਾਸ ਹੋਣਾ ਚਾਹੀਦਾ ਹੈ। ਜਦੋਂ ਤੁਹਾਡਾ ਸਿਰਜਣਾਤਮਿਕ ਜਗਤ ਵਿਆਖਿਆ ਅੰਦਰ ਜਿਊਣ ਲੱਗ ਪੈਂਦਾ ਹੈ ਤਾਂ ਤੁਹਾਨੂੰ ਸਰੂਰ ਚੜ੍ਹਨੋਂ ਹਟ ਜਾਂਦਾ ਹੈ, ਤੁਸੀਂ ਨਕਲ ਦੇ ਸ਼ਿਕਾਰ ਹੋ ਜਾਦੇ ਹੋ ਤੇ ਇਸ ਨਕਲ ਤੋਂ ਮੈਂ ਬਚ ਕਿ ਹੀ ਰਹਿਣਾ ਚਾਹੁੰਦਾ ਹਾਂ।

**ਪ੍ਰਸ਼ਨ – ਸਿਰਜਣਾਤਮਿਕ ਤੌਰ 'ਤੇ ਪੰਜਾਬੀ ਨਾਵਲ ਦਾ ਕੀ ਭਵਿੱਖ ਵੇਖਦੇ ਹੋ?**

ਜਸਬੀਰ ਮੰਡ – ਮੇਰਾ ਤਾਂ ਇਹ ਮੰਨਣਾ ਹੈ ਕਿ ਪੰਜਾਬੀ ਨਾਵਲ ਦਾ ਭਵਿੱਖ ਬਹੁਤ ਸੁਨਹਿਰੀ ਹੈ। ਮੈਨੂੰ ਪੂਰੀ ਉਮੀਦ ਹੈ ਕਿ ਨੇੜਲੇ ਭਵਿੱਖ 'ਚ ਇਸ ਖੇਤਰ ਅੰਦਰ ਹੋਰ ਬਹੁਤ ਸਾਰੇ ਚੰਗੇ ਲੋਕ ਆਉਣਗੇ ਅਤੇ ਨਵਿਆਂ ਵਿਸ਼ਿਆਂ ਦੇ ਨਾਲ-ਨਾਲ ਇਤਿਹਾਸਿਕ ਨਾਵਲਾਂ ਦੀ ਸਿਰਜਣਾ ਵੀ ਜਾਰੀ ਹੀ ਰਹੇਗੀ। ਤੁਸੀਂ ਇਸ ਨੂੰ ਸਿਰਫ਼ ਇਤਿਹਾਸ ਕਹਿ ਕਿ ਹੀ ਅਣਗੌਲਿਆ ਨਹੀਂ ਕਰ ਸਦਕੇ। ਇਹ ਹਮੇਸ਼ਾ ਸਾਡੀਆਂ ਪ੍ਰੇਰਨਾਵਾਂ 'ਚ ਵਸਦਾ ਰਹੇਗਾ। ਮੈਨੂੰ ਪੂਰੀ ਉਮੀਦ ਹੈ ਕਿ ਭਵਿੱਖ ਦਾ ਪੰਜਾਬੀ ਨਾਵਲ ਹੋਰ ਵਧੇਰੇ ਪੂਰਨੇ ਪਾਵੇਗਾ।

**ਪ੍ਰਸ਼ਨ – ਕੀ ਇਹ ਉਮੀਦ ਕਰਦੇ ਹੋ ਕਿ 'ਬੋਲ ਮਰਦਾਨਿਆ' ਵਰਗੇ ਵਿਸ਼ੇ ਨਾਲ ਸਬੰਧਿਤ ਹੋਰ ਨਾਵਲ ਵੀ ਪੰਜਾਬੀ ਨਾਵਲ ਜਗਤ ਅੰਦਰ ਵੇਖਣ ਨੂੰ ਪ੍ਰਾਪਤ ਹੋਣਗੇ?**

ਜਸਬੀਰ ਮੰਡ – ਇਸ ਨਾਵਲ ਦੀ ਨਕਲ ਕਰਨੀ ਸੌਖੀ ਨਹੀਂ ਹੋਵੇਗੀ ਪਰ ਫਿਰ ਵੀ ਉਮੀਦ ਰੱਖੀ ਜਾ ਸਕਦੀ ਹੈ ਕਿ ਭਵਿੱਖ ਵਿਚ ਅਜਿਹੇ ਨਾਵਲ ਸਾਹਿੱਤ ਜਗਤ ਅੰਦਰ ਆਪਣੀਆਂ ਪੈੜਾਂ ਛੱਡਣਗੇ।

**ਪ੍ਰਸ਼ਨ – ਨਾਵਲ ਤੋਂ ਬਿਨਾਂ ਕੀ ਕਦੀ ਕਿਸੇ ਹੋਰ ਸਾਹਿੱਤਿਕ ਵਿਧਾ ਬਾਰੇ ਲਿਖਣ ਦਾ ਵੀ ਸੋਚਿਆ ਹੈ ਜਾਂ ਫਿਰ ਸਿਰਫ਼ ਨਾਵਲ ਤੱਕ ਹੀ ਸੀਮਤ ਰਹੋਗੇ?**

ਜਸਬੀਰ ਮੰਡ – ਨਹੀਂ, ਮੇਰੇ ਤੋਂ ਤਾਂ ਆਰਟੀਕਲ ਦਾ ਇੱਕ ਪੇਜ ਨਹੀਂ ਲਿਖਿਆ ਜਾਂਦਾ। ਇਸ ਕਰ ਕੇ ਮੈਨੂੰ ਲਗਦਾ ਹੈ ਕੇ ਮੈਂ ਸਿਰਫ਼ ਨਾਵਲ ਹੀ ਲਿਖ ਸਕਦਾ ਹਾਂ ਤੇ ਨੇੜਲੇ ਭਵਿੱਖ ਵਿਚ ਸਿਰਫ਼ ਨਾਵਲ ਹੀ ਲਿਖਾਂਗਾ।

**ਪ੍ਰਸ਼ਨ – ਭਵਿੱਖ ਦੀ ਕੀ ਵਿਉਂਤਬੰਦੀ ਹੈ ?**

ਜਸਬੀਰ ਮੰਡ – ਫਿਰ ਮੁੜਾਂਗਾ ਅਪਣੀ ਕਿਰਸਾਨੀ ਵੱਲ, ਹੁਣ ਮੈਂ ਦੁਬਾਰਾ ਪਿੰਡ ਚਲਾ ਗਿਆ ਹਾਂ ਤੇ ਕਿਰਸਾਨੀ ਜੀਵਨ ਦੇ ਨਾਲ ਖ਼ੁਦ ਨੂੰ ਇਕਸੁਰ ਕਰ ਰਿਹਾ ਹਾਂ। ਮੈਨੂੰ ਇਸ 'ਚ ਹੀ ਜ਼ਿਆਦਾ ਖ਼ੁਸ਼ੀ ਮਿਲਦੀ ਹੈ।

**ਪ੍ਰਸ਼ਨ – ਇਨਾਮ-ਸਨਮਾਨ ਬਾਰੇ ਕੀ ਖਿਆਲ ਹਨ ?**

ਜਸਬੀਰ ਮੰਡ – ਲੋੜ ਹੀ ਨਹੀਂ, ਮੈਂ ਇਸ ਦੌੜ ਵਿਚ ਨਹੀਂ ਸ਼ਾਮਿਲ ਹਾਂ। ਜੇ ਮੇਰੇ ਨਾਵਲ ਨੂੰ ਕੋਈ ਇਨਾਮ ਮਿਲਦਾ ਤਾਂ ਮੈਂ ਬਹੁਤ ਹੈਰਾਨ ਹੋਵਾਂਗਾ। ਮੈਂ ਕਿਉਂਕਿ ਇਹਨਾਂ ਇਨਾਮਾਂ ਦਾ ਸਿਸਟਮ ਨਹੀਂ ਸਮਝਦਾ। ਇਸ ਲਈ ਮੈਂ ਕਦੀ ਕਿਸੇ ਸਨਮਾਨ ਬਾਰੇ ਨਹੀਂ ਸੋਚਿਆ। ਮੈਂ ਕੋਈ ਵਡੱਪਣ ਨਹੀਂ ਮਾਰਦਾ। ਮੈਂ ਵਾਸਤਵ ਵਿਚ ਇਹਨਾਂ ਸਭਨਾਂ ਤੋਂ ਦੂਰ ਹੀ ਖ਼ੁਸ਼ ਹਾਂ। ਮੇਰੀਆਂ ਲਿਖਤਾਂ ਨੂੰ ਤੁਸੀਂ ਪਿਆਰ ਕੀਤਾ ਇਸ ਤੋਂ ਵੱਧ ਮੈਨੂੰ ਕੋਈ ਕੀ ਦੇ ਸਕਦਾ ਹੈ?

**ਪਰਮਿੰਦਰ ਸਿੰਘ ਸ਼ੌਂਕੀ ਅਤੇ ਅਮਨਪ੍ਰੀਤ ਸਿੰਘ ਫ਼ਰੀਦਕੋਟ**

**ਸੰਪਰਕ – 94643-46677, 97797-94184**

# ਪੰਜਾਬੀ ਦਾ ਸੱਤਿਆਨਾਸ਼

ਸ਼ਬਦ ਦੇ ਪੂਰਨ ਗਿਆਨ ਤੇ ਸਹੀ ਵਰਤੋਂ ਨਾਲ਼ ਲੋਕ-ਪਰਲੋਕ ਦੀਆਂ ਇੱਛਾਵਾਂ ਪੂਰੀਆਂ ਹੁੰਦੀਆਂ ਹਨ। - ਪਤੰਜਲੀ

The duties of a writer as a writer and a citizen are not the same.The only duty a writer has as a citizen is to defend language. And this is a political duty. Because, if language is corrupted, thought is corrupted.

– WH Auden

ਮੇਰੀ ਤਕਲੀਫ਼ ਇਸ ਲਿਖਤ ਦੇ ਸਿਰਲੇਖ 'ਚ ਪ੍ਰਤੱਖ ਹੈ। ਮੈਂ ਅਪਣੀ ਗੱਲ ਅਮਰੀਕੀ ਕਾਲ਼ੀ ਲਿਖਾਰਨ ਟੋਨੀ ਮੌਰੀਸਨ ਦੇ 1993 ਚ ਨੋਬਲ ਇਨਾਮ ਲੈਣ ਵੇਲੇ ਕੀਤੇ ਭਾਸ਼ਣ ਨਾਲ਼ ਸ਼ੁਰੂ ਕਰਦਾ ਹਾਂ, ਜੋ ਸਾਰਾ ਬੋਲੀ ਦੇ ਸੁਹਜ ਤੇ ਕੁਹਜ ਬਾਰੇ ਹੈ। ਮੌਰੀਸਨ ਦੀ ਅੰਗਰੇਜ਼ੀ ਸੁਰ ਹੋਏ ਸਾਜ਼ ਵਾਂਙ ਹੈ - ਇਹ ਉਸੇ ਬੋਲੀ ਚ ਹੀ ਪੜ੍ਹਨ ਤੇ ਸੁਣਨ ਵਾਲ਼ੀ ਹੈ। ਪੰਜਾਬੀ ਚ ਉਹ ਗੱਲ ਨਹੀਂ ਬਣਨੀ; ਪਰ ਹੋਰ ਕੋਈ ਚਾਰਾ ਵੀ ਤਾਂ ਨਹੀਂ। ਭਾਸ਼ਣ ਇੰਜ ਸ਼ੁਰੂ ਹੁੰਦਾ ਹੈ:

ਕੋਈ ਬੁੜ੍ਹੀ ਹੁੰਦੀ ਸੀ। ਅੰਨ੍ਹੀ। ਅਕਲਮੰਦ। ਦੋ ਬੱਚੇ ਇਹ ਧਾਰ ਕੇ ਬੁੜ੍ਹੀ ਕੋਲ਼ ਗਏ ਕਿ ਚਲੋ ਇਹਨੂੰ ਠਿੱਠ ਕਰੀਏ। ਮੁੰਡਾ ਕਹਿਣ ਲੱਗਾ - ਬੁੜ੍ਹੀਏ, ਮੇਰੇ ਹੱਥ ਚ ਚਿੜੀ ਐ, ਦੱਸ ਮਰੀ ਐ ਕਿ ਜੀਉਂਦੀ?- ਬੁੜ੍ਹੀ ਅੱਗੋਂ ਚੁੱਪ। ਉਹਨੂੰ ਤਾਂ ਕੁਸ਼ ਵੀ ਨਾ ਸੀ ਦੀਂਹਦਾ। ਮੁੰਡੇ ਨੇ ਫੇਰ ਓਹੀ ਗੱਲ ਪੁੱਛੀ। ਪਰ ਜਿਹੜੀ ਗੱਲ ਮੁੰਡਿਆਂ ਦੇ ਢਿੱਡ ਚ ਸੀ, ਉਹ ਬੁੜ੍ਹੀ ਦੇ ਨਹੁੰਆਂ ਚ ਸੀ। ਉਹ ਫੇਰ ਵੀ ਚੁੱਪ ਰਹੀ। ਮੁੰਡੇ ਹਿੜ-ਹਿੜ ਕਰਨ ਲੱਗੇ। ਬੁੜ੍ਹੀ ਕੋਲ਼ੋਂ ਰਿਹਾ ਨਾ ਗਿਆ - ਮੈਂ ਨਾ ਜਾਣਾ, ਤੇਰੇ ਹੱਥ ਚ ਫੜੀ ਚਿੜੀ ਮਰੀ ਐ ਕਿ ਜੀਉਂਦੀ? ਪਰ ਇਹ ਹੈ ਤੇਰੇ ਹੱਥਾਂ 'ਚ।

ਮੌਰੀਸਨ ਦੀ ਏਸ ਬਾਤ ਦਾ ਮਤਲਬ ਇਹ ਹੈ - ਜੇ ਚਿੜੀ ਮਰੀ ਹੋਈ ਹੈ, ਜਾਂ ਤਾਂ ਤੁਹਾਨੂੰ ਲੱਭੀ ਹੀ ਮਰੀ ਹੋਈ ਸੀ ਜਾਂ ਤੁਸੀਂ ਇਹਨੂੰ ਮਾਰ ਦਿੱਤੈ। ਜੇ ਇਹ ਜੀਉਂਦੀ ਹੈ, ਤਾਂ ਤੁਸੀਂ ਹਾਲੇ ਵੀ ਇਹਨੂੰ ਮਾਰ ਸਕਦੇ ਹੋ। ਤੁਸੀਓਂ ਜਾਣੋ ਕਿ ਇਹਨੂੰ ਜੀਉਂਦੀ ਰਹਿਣ ਦੇਣੈ ਜਾਂ ਮਾਰ ਦੇਣੈ। ਇਹ ਤੁਹਾਡਾ ਹੀ ਜ਼ਿੰਮਾ ਹੈ।ਬਾਤ ਵਿਚ ਚਿੜੀ ਬੋਲੀ ਹੈ ਤੇ ਔਰਤ ਲਿਖਾਰੀ। ਮੌਰੀਸਨ ਨੂੰ ਚਿੰਤਾ ਹੈ ਕਿ ਜਿਸ ਬੋਲੀ ਚ ਇਹ ਸੁਪਨੇ ਲੈਂਦੀ ਹੈ; ਜਿਸ ਬੋਲੀ ਦੀ ਇਹਨੂੰ ਗੁੜ੍ਹਤੀ ਮਿਲ਼ੀ ਸੀ; ਉਹ ਚਿੜੀ ਵਰਗੀ ਨੰਨ੍ਹੀ ਜਾਨ ਖਰੂਦੀਆਂ ਦੇ ਵੱਸ ਪਈ ਹੋਈ ਹੈ। ਇਹ ਇਹ ਮੰਨੀ ਬੈਠੀ ਹੈ ਕਿ ਜਦ ਅਣਗਹਿਲੀ ਨਾਲ਼, ਦੁਰਵਰਤੋਂ ਨਾਲ਼ ਤੇ ਦੁਰਕਾਰ ਨਾਲ਼ ਜਾਂ ਐਵੇਂ ਹੀ ਸ਼ੁਗਲ ਨਾਲ਼ ਬੋਲੀ ਮਰਦੀ ਹੈ, ਤਾਂ ਇਸ ਮੌਤ ਦੇ ਜ਼ਿੰਮੇਦਾਰ ਇਹਨੂੰ ਸਿਰਜਣ ਤੇ ਬਿਨਾਸਣ ਵਾਲ਼ੇ ਵੀ ਹੁੰਦੇ ਹਨ।

ਤਰੱਕੀ ਜਾਂ ਨਿਘਾਰ

ਪੰਜਾਬੀ ਦਾ ਸਰੂਪ ਮੇਰੇ ਦੇਖਦਿਆਂ-ਦੇਖਦਿਆਂ ਪਿਛਲੇ ਵੀਹਾਂ-ਕੁ ਸਾਲਾਂ ਚ ਏਨਾ ਬਦਲ ਗਿਆ ਹੈ ਕਿ ਇਹ ਹੁਣ ਸਿਆਣੀ ਨਹੀਂ ਜਾਂਦੀ। ਪੰਜਾਬੀ ਦੇ ਉਸਤਾਦ (ਕਈ ਅਪਣੇ ਆਪ ਨੂੰ “ਭਾਸ਼ਾ ਵਿਗਿਆਨੀ” ਅਖਵਾ ਕੇ ਖ਼ੁਸ਼ ਹੁੰਦੇ ਹਨ), 'ਕਵੀ' ਲਿਖਾਰੀ ਤੇ ਪੱਤਰਕਾਰ ਐਸੀ ਪੰਜਾਬੀ ਲਿਖ ਰਹੇ ਹਨ, ਜੋ ਅਸਲ ਚ ਗੁਰਮੁਖੀ ਅੱਖਰਾਂ ਚ ਲਿਖੀ ਅੰਗਰੇਜ਼ੀ ਤੇ ਹਿੰਦੀ ਹੋ ਕੇ ਰਹਿ ਗਈ ਹੈ। ਜੇ ਕੋਈ “ਅੰਗਰੇਜ਼ੀ ਹਿੰਦੀ ਦੇ ਪੰਜਾਬੀ ਵਾਕ-ਰਚਨਾ (ਸਿੰਟੈਕਸ) 'ਤੇ ਪਏ ਅਸਰ” ਬਾਰੇ ਪੀਐੱਚ ਡੀ ਥੀਸਿਸ ਲਿਖ ਸਕੇ, ਤਾਂ ਉਸ ਵਿਚ ਬੜੀਆਂ ਗੱਲਾਂ

ਉਜਾਗਰ ਹੋਣਗੀਆਂ।

"ਇਕ" ਦੀ ਦੁਰਵਰਤੋਂ – ਠੇਠ ਪੰਜਾਬੀ ਦਾ ਸਰੂਪ 19ਵੀਂ ਸਦੀ ਦੇ ਅੱਧ ਚ ਬਾਈਬਲ ਦੇ ਪੰਜਾਬੀ ਵਿਚ ਛਪੇ ਉਲਥੇ ਨਾਲ਼ ਵਿਗੜਨ ਲੱਗਾ ਸੀ। ਚਾਰ-ਪੰਜ ਦਹਾਕਿਆਂ ਚ ਪੰਜਾਬੀ ਅੰਗਰੇਜ਼ੀ ਪੜ੍ਹ-ਸਿਖ ਕੇ ਜਦ ਸਾਹਿੱਤਕਾਰੀ ਪਤ੍ਰਕਾਰੀ ਕਰਨ ਲੱਗੇ, ਤਾਂ ਉਹ ਅਚੇਤ ਹੀ ਅਪਣੀ ਬੋਲੀ ਦਾ ਵਾਕ ਅੰਗਰੇਜ਼ੀ ਵਾਂਙ ਬੰਨ੍ਹਣ ਲੱਗੇ; ਨਾਲ਼ ਹੀ ਅੰਗਰੇਜ਼ੀ ਆਰਟੀਕਲ 'ਏ' 'ਐਨ' ਦੀ ਰੀਸੇ "ਇਕ" ਦੀ ਐਸੀ ਪੋਹਲ਼ੀ ਉੱਗੀ ਕਿ ਹੁਣ ਇਹਨੂੰ ਪੁੱਟ ਸੁੱਟਣਾ ਬੜਾ ਔਖਾ ਹੈ। ਭਾਈ ਵੀਰ ਸਿੰਘ ਦੀ ਲਿਖਤ ਤੋਂ ਲੈ ਕੇ ਅਜੋਕੀ ਹਰ ਲਿਖਤ "ਇਕ" ਦੇ ਕੋਕੜੂਆਂ ਨਾਲ਼ ਭਰੀ ਪਈ ਮਿਲ਼ਦੀ ਹੈ। ਖ਼ਾਸ ਕਰ ਕੇ ਅੰਮ੍ਰਿਤਾ ਪ੍ਰੀਤਮ ਤੇ ਸੰਤ ਸਿੰਘ ਸੇਖੋਂ ਦੀ ਲਿਖਤ ਵਿਚ "ਇਕ" ਦੀ ਭਰਮਾਰ ਹੁੰਦੀ ਹੈ। ਕਵਿਤਾ ਤੇ ਨਾਟਕ ਵਿਚ ਇਕ ਦੀ ਲੱਗੀ ਹਿਚਕੀ ਨਾਲ਼ ਤਾਂ ਬਹੁਤ ਬੇ ਸਵਾਦੀ ਹੁੰਦੀ ਹੈ। ਉਸਤਾਦ ਪਹਿਲੀ ਜਮਾਤ ਚ ਬੱਚੇ ਨੂੰ ਸਬਕ ਸਿਖਾਉਂਦਾ ਹੈ – ਦਿਸ ਇਜ਼ ਏ ਬੁੱਕ – ਇਹ ਇਕ ਕਿਤਾਬ ਹੈ। ਉਹ ਪੰਜਾਬੀ ਨਹੀਂ ਪੜ੍ਹਾਉਂਦਾ ਕਿ – ਇਹ ਕਿਤਾਬ ਹੈ। ਇਹ ਪੱਕੀ ਗੱਲ ਹੈ ਕਿ ਕਵੀ ਹੀ ਚੰਗੀ ਨਸਰ ਲਿਖ ਸਕਦਾ ਹੈ; ਕਵੀ ਨੂੰ ਬੋਲੀ ਦੇ ਸੰਗੀਤ ਦਾ ਵਧ ਪਤਾ ਹੁੰਦਾ ਹੈ। ਲਿਖਿਆ ਵਾਕ ਸੁਰ ਲਿਪੀ ਹੀ ਤਾਂ ਹੁੰਦਾ ਹੈ। ਕਵੀ ਪੂਰਨ ਸਿੰਘ ਤੋਂ ਲੈ ਕੇ ਅਜੋਕੇ ਕਹਿੰਦੇ-ਕਹਾਉਂਦੇ ਕਵੀਆਂ ਦੀ ਲਿਖਤ ਦਾ ਇਹ ਵੱਡਾ ਦੋਸ਼ ਹੈ। ਮੈਂ "ਇਕ" ਦੇ ਵਿਪਰੀਤ ਸੁਰ ਦੀ ਬਿਮਾਰੀ ਦਾ "ਪਟਿਆਲ਼ੇ ਵਾਲ਼ੇ" ਪ੍ਰੋਫ਼ੈਸਰ ਪ੍ਰੀਤਮ ਸਿੰਘ ਨੂੰ ਪੁੱਛਿਆ, ਤਾਂ ਇਨ੍ਹਾਂ ਦੇ ਦਿੱਤੇ ਜਵਾਬ ਨਾਲ਼ ਮੈਂ ਬੋਲਣ ਜੋਗਾ ਨਾ ਰਿਹਾ। ਇਨ੍ਹਾਂ ਨੇ ਮੈਨੂੰ ਈਮੇਲ ਲਿਖੀ – ਮੈਂ ਹੁਣ ਤਕ "ਇਕ" ਅਚੇਤ ਹੀ ਵਰਤਦਾ ਰਿਹਾ ਹਾਂ; ਅੱਗੋਂ ਤੋਂ ਨਹੀਂ ਵਰਤਦਾ! – ਪਰ ਪ੍ਰੋਫ਼ੈਸਰ ਪ੍ਰੀਤਮ ਸਿੰਘ "ਇਕ" ਦੀ ਦੁਰਵਰਤੋਂ ਕਰਨੋਂ ਨਹੀਂ ਹਟੇ। "ਇਕ" ਦੀ ਕਸਰ ਮੈਨੂੰ ਵੀ ਸੀ, ਪਰ ਸੰਨ 1975 ਵਿਚ ਸੁਰਜੀਤ ਹਾਂਸ ਦੀ ਦਿੱਤੀ ਮੱਤ ਮੇਰੇ ਖ਼ਾਨੇ ਪੈ ਗਈ।ਵੰਨਗੀਆਂ: ਸੇਖੋਂ ਨੇ ਸਵੈ-ਜੀਵਨੀ ਉਮਰ ਦਾ ਪੰਧ (ਗੁਰੂ ਨਾਨਕ ਦੇਵ ਯੂਨੀਵਰਸਿਟੀ 1989) ਦੇ ਸਫ਼ੇ 195 ਵਿਚ "ਇਕ" ਗਿਆਰਾਂ ਵਾਰ ਬੇਲੋੜਾ ਵਰਤਿਆ ਹੈ:ਮੈਂ ਸਰਦਾਰ ਗੁਰਦਿਆਲ ਸਿੰਘ ਨੂੰ ਮਿਲਿਆ ਜੋ ਉਸੇ ਦਿਨ ਹੀ ਨਿਸਬਤ ਰੋਡ ਉੱਤੇ ਇਕ ਵੱਡੇ ਸਾਰੇ ਘਰ ਤੋਂ ਐਬਟ ਰੋਡ ਉੱਤੇ ਇਕ ਕੋਠੀ ਵਿਚ ਪ੍ਰਸਥਾਨ ਕਰ ਰਿਹਾ ਸੀ। ਕੁੱਝ ਦਿਨਾਂ ਪਿੱਛੋਂ ਮੈਂ ਆਪਣੀ ਪਤਨੀ ਨੂੰ, ਜਿਸ ਕੋਲ ਸਾਡਾ ਦੋ ਢਾਈ ਮਹੀਨੇ ਦਾ ਇਕ ਬਾਲਕ ਸੀ, ਲਾਹੌਰ ਲੈ ਆਇਆ ਤੇ ਅਸੀਂ ਨਿਸਬਤ ਰੋਡ ਉੱਤੇ ਇਕ ਮਕਾਨ ਦਾ ਕੁੱਝ ਹਿੱਸਾ ਲੈ ਕੇ ਰਹਿਣ ਲੱਗ ਪਏ। ਉੱਥੇ ਸਾਡੇ ਘਰ ਦੀ ਸਫ਼ਾਈ ਇਕ ਬਾਲਮੀਕੀ ਯੁਵਤੀ ਪ੍ਰਕਾਸ਼ੋ ਕਰਦੀ ਸੀ। ਹਰਚਰਨ ਸਿੰਘ ਬਾਜਵਾ ਪਾਸ ਉਸ ਦਾ ਇਕ ਭਾਣਜਾ ਤੇ ਕੁੱਝ ਹੋਰ ਮੁੰਡੇ ਆ ਕੇ ਰਿਹਾ ਕਰਦੇ ਸਨ। ਥੋੜ੍ਹੇ ਦਿਨਾਂ ਪਿੱਛੋਂ ਹੀ ਸਾਨੂੰ ਲਾਹੌਰ ਸ਼ਹਿਰ ਦੇ ਬਾਹਰ-ਬਾਹਰ ਆਰੀਆ ਨਗਰ ਦੀ ਬਸਤੀ ਵਿਚ ਇਕ ਕੋਠੀ ਦਾ ਇਕ ਛੋਟਾ ਭਾਗ, ਦੋ ਕਮਰੇ ਇਕ ਸਟੋਰ, ਇਕ ਗ਼ੁਸਲਖ਼ਾਨਾ ਤੇ ਇਕ ਵੱਖਰੀ ਰਸੋਈ ਪੰਦਰਾਂ ਰੁਪਏ ਮਹੀਨਾ ਕਰਾਏ ਉੱਤੇ ਮਿਲ ਗਏ।ਅੰਗਰੇਜ਼ੀ ਵਿਚ ਸੋਚਦਿਆਂ ਲਿਖੇ ਉੱਪਰਲੇ ਬੰਦ ਵਿਚ ਇਕ ਤੋਂ ਛੁੱਟ ਕੁਚੱਜੀ ਬੋਲੀ ਦੀ ਕਸਰ ਵੀ ਹੈ। ਇਹ ਠੇਠ ਪੰਜਾਬੀ ਵਿਚ ਇਸ ਤਰ੍ਹਾਂ ਲਿਖਿਆ ਜਾ ਸਕਦਾ ਸੀ:

ਮੈਂ ਸਰਦਾਰ ਗੁਰਦਿਆਲ ਸਿੰਘ ਨੂੰ ਮਿਲ਼ਿਆ, ਜੋ ਉਸੇ ਦਿਨ ਹੀ ਨਿਸਬਤ ਰੋਡ ਵਾਲ਼ਾ ਵੱਡਾ-ਸਾਰਾ ਘਰ ਛੱਡ ਕੇ ਐਬਟ ਰੋਡ ਵਾਲ਼ੀ ਕੋਠੀ ਨੂੰ ਚੱਲਿਆ ਸੀ। ਕੁੱਝ ਦਿਨਾਂ ਪਿੱਛੋਂ ਮੈਂ ਅਪਣੀ ਪਤਨੀ ਨੂੰ ਲਾਹੌਰ ਲੈ ਆਇਆ। ਓਦੋਂ ਉਹਦੇ ਕੁੱਛੜ ਸਾਡਾ ਦੋ-ਢਾਈ ਮਹੀਨੇ ਦਾ ਬਾਲਕ ਸੀ ਤੇ ਅਸੀਂ ਨਿਸਬਤ ਰੋਡ 'ਤੇ ਕਿਸੇ ਮਕਾਨ ਦੇ ਇਕ ਹਿੱਸੇ ਵਿਚ ਰਹਿਣ ਲੱਗ ਪਏ। ਉੱਥੇ ਸਾਡੇ ਘਰ ਦੀ ਸਫ਼ਾਈ ਬਾਲਮੀਕੀ ਕੁੜੀ ਪ੍ਰਕਾਸ਼ੋ ਕਰਦੀ ਸੀ। ਹਰਚਰਨ ਸਿੰਘ ਬਾਜਵੇ ਕੋਲ਼ ਉਹਦਾ ਭਾਣਜਾ ਤੇ ਕੁੱਝ ਹੋਰ ਮੁੰਡੇ ਆ ਕੇ ਰਹਿੰਦੇ ਹੁੰਦੇ ਸਨ। ਥੋੜ੍ਹੇ ਦਿਨਾਂ

ਪਿੱਛੋਂ ਹੀ ਸਾਨੂੰ ਲਾਹੌਰ ਸ਼ਹਿਰ ਦੇ ਬਾਹਰਵਾਰ ਆਰੀਆ ਨਗਰ ਦੀ ਬਸਤੀ ਵਿਚ ਪੰਦਰਾਂ ਰੁਪਏ ਮਹੀਨਾ ਕਿਰਾਏ 'ਤੇ ਕੋਠੀ ਮਿਲ਼ ਗਈ; ਜਿਸ ਵਿਚ ਦੋ ਕਮਰੇ, ਸਟੋਰ, ਗ਼ੁਸਲਖ਼ਾਨਾ ਤੇ ਵੱਖਰੀ ਰਸੋਈ ਸੀ।

ਸੇਖੋਂ ਨੇ ਉਮਰ ਦਾ ਪੰਧ ਵਿਚ ਹੀ ਇਹ ਫੜ੍ਹਾਂ ਮਾਰੀਆਂ ਹੋਈਆਂ ਹਨ:

ਜਦ ਪੰਜਾਬ ਯੂਨੀਵਰਸਿਟੀ ਨੇ ਪੰਜਾਬੀ ਦੀ ਵੀ ਐਮ.ਏ. ਸ਼ੁਰੂ ਕਰ ਦਿੱਤੀ, ਤਾਂ ਮੈਂ ਖ਼ਾਲਸਾ ਕਾਲਜ ਵਿਚ ਪੰਜਾਬੀ ਦਾ ਮੁੱਖ ਅਧਿਆਪਕ ਬਣ ਗਿਆ ਜਿਸ ਪਦਵੀ ਨੂੰ ਮੈਂ ਉਸ ਵੇਲੇ ਅੰਗਰੇਜ਼ੀ ਦੇ ਮੁੱਖ ਅਧਿਆਪਕ ਨਾਲੋਂ ਚੰਗੇਰੀ ਸਮਝਦਾ ਸਾਂ। ਜਦੋਂ ਮੈਂ ਵਿਦਿਆਰਥੀਆਂ ਨੂੰ ਪੰਜਾਬੀ ਸਾਹਿੱਤ ਦੀ ਆਲੋਚਨਾ ਉੱਤੇ ਭਾਸ਼ਣ ਦਿੰਦਾ ਸਾਂ ਤਾਂ ਮੈਂ ਸਮਝਦਾ ਸਾਂ ਜੋ ਉੱਨ੍ਹੀਵੀਂ ਸਦੀ ਵਿਚ ਆਕਸਫੋਰਡ ਤੇ ਕੈਮਬ੍ਰਿਜ ਵਿਚ ਅੰਗਰੇਜ਼ੀ ਦੇ ਅਧਿਆਪਕ ਅੰਗਰੇਜ਼ੀ ਸਾਹਿੱਤ ਤੇ ਭਾਸ਼ਾ ਲਈ ਕਰਦੇ ਸਨ ਤੇ ਪਿਛਲੇ ਤੀਹ ਵਰ੍ਹਿਆਂ ਵਿਚ ਜੋ ਪੰਜਾਬੀ ਆਲੋਚਨਾ ਤੇ ਅਧਿਆਪਨ ਵਿਚ ਕੰਮ ਹੋਇਆ ਹੈ, ਮੈਂ ਸਮਝਦਾ ਹਾਂ ਉਸ ਉੱਤੇ ਮੇਰਾ ਬੜਾ ਪ੍ਰਭਾਵ ਹੈ। ਪੰਜਾਬੀ ਵਿਚ ਸਾਹਿੱਤ ਆਲੋਚਨਾ ਦੀ ਸਿਧਾਂਤਕ ਪਰਿਪਾਟੀ ਦੀ ਸਥਾਪਨਾ ਵਿਚ, ਮੈਨੂੰ ਇਹ ਕਹਿਣ ਵਿਚ ਕੋਈ ਸੰਕੋਚ ਨਹੀਂ, ਮੇਰਾ ਪ੍ਰਭਾਵ ਸਭ ਪਾਸੇ ਮੰਨਿਆ ਗਿਆ ਹੈ। ਪੰਜਾਬੀ ਭਾਸ਼ਾ ਦੀ ਸ਼ੈਲੀ ਬਣਾਉਣ ਵਿਚ ਵੀ ਮੇਰਾ ਕੰਮ ਉਸੇ ਤਰ੍ਹਾਂ ਮੋਢੀਆਂ ਵਾਲਾ ਹੈ। ਪਹਿਲਾਂ-ਪਹਿਲਾਂ ਮੇਰਾ ਪੰਜਾਬੀ ਵਿਚ ਸੰਸਕ੍ਰਿਤ ਦੇ ਤਤਸਮ ਤੇ ਨਵੇਂ ਤਦਭਵ ਸ਼ਬਦ ਲਿਆਉਣ ਕਰ ਕੇ ਬਹੁਤ ਵਿਰੋਧ ਹੋਇਆ ਤੇ ਮੇਰੀ ਭਾਸ਼ਾ ਨੂੰ ਔਖੀ ਤੇ ਦੁਰਗਮ ਕਿਹਾ ਗਿਆ। ਵਿਸ਼ੇਸ਼ ਕਰ ਕੇ ਆਲੋਚਨਾ ਸਿਧਾਂਤ ਦੀ ਮੇਰੀ ਪੁਸਤਕ ਸਾਹਿਤਿਆਰਥ ਦੇ ਨਾਉਂ ਅਤੇ ਭਾਸ਼ਾ ਉੱਤੇ ਬਹੁਤ ਕਿੰਤੂ ਕੀਤੇ ਗਏ, ਪਰ ਮੈਨੂੰ ਇਕ ਵਿਜਈ ਵਾਲੀ ਖ਼ੁਸ਼ੀ ਹੈ ਕਿ ਪੰਜਾਬੀ ਭਾਸ਼ਾ ਦੀ ਸ਼ੈਲੀ ਹੁਣ ਸਰਵਤਰ ਮੇਰੇ ਵਾਲੀ ਹੈ।

(ਪੂਰਬੀ) ਪੰਜਾਬ ਯੂਨੀਵਰਸਿਟੀ ਨੇ ਪੰਜਾਬੀ ਦੀ ਐਮ.ਏ. ਸੰਨ 1952 ਵਿਚ ਸ਼ੁਰੂ ਕੀਤੀ ਸੀ। ਸੇਖੋਂ ਦੇ ਇਸ ਬਿਆਨ ਵਿਚ ਅਪਣੇ ਪਾਏ ਅਸਰ ਵਾ਼ਲਾ ਕੀਤਾ ਦਾਅਵਾ ਸੱਚਾ ਹੈ। ਜਿਹਨੂੰ ਇਹ ਅਪਣਾ ਮਾਣ ਸਮਝਦਾ ਹੈ, ਉਹਨੂੰ ਮੈਂ ਅਪਣੀ ਮਾਂ-ਬੋਲੀ ਨਾ਼ਲ ਕੀਤੀ ਬੇਪੱਤ ਸਮਝਦਾ ਹਾਂ। ਸੇਖੋਂ ਪੰਜਾਬੀ ਦਾ ਸੱਤਿਆਨਾਸ ਕਰਨ ਵਾ਼ਲੇ ਮੋਹਰੀਆਂ ਚ ਹੈ। ਇਹਦੀ ਰੀਸੇ ਐਮ.ਏ. ਕਰਦਾ ਹਰ ਵਿਦਿਆਰਥੀ ਇਹਦੇ ਵਰਗੀ ਹੀ ਬੋਲੀ ਲਿਖਣ ਲਗ ਪਿਆ ਸੀ। ਹੁਣ ਪੀਐਚ. ਡੀ. ਦੀ ਡਿਗਰੀ ਵਾ਼ਲੇ ਕੁਚੱਜਿਆਂ ਦੇ ਇਸ ਟੱਬਰ ਦੀ ਗਿਣਤੀ ਵਧ ਕੇ ਸਾਢੇ ਤਿੰਨ ਹਜ਼ਾਰ ਤੋਂ ਵਧ ਹੋ ਗਈ ਹੈ। (ਡਾਕਟਰ) ਹਰਿਭਜਨ ਸਿੰਘ ਵਰਗੀ ਠੇਠ ਪੰਜਾਬੀ ਹੋਰ ਕੋਈ ਆਲੋਚਕ ਨਹੀਂ ਲਿਖ ਸਕਿਆ।

ਅੰਮ੍ਰਿਤਾ ਪ੍ਰੀਤਮ ਦੀ ਸਾਰੀ ਨਜ਼ਮ ਤੇ ਨਸਰ ਵਿਚ "ਇਕ" ਦੀ ਭਰਮਾਰ ਹੈ। ਵੰਨਗੀ: ਇਹਦੀ ਛੇ ਸਤਰਾਂ ਦੀ ਕਵਿਤਾ ਇਮਰੋਜ਼ ਚਿਤ੍ਰਕਾਰ ਹੈ, ਜਿਸ ਵਿਚ ਪੰਜ ਵਾਰ ਬੇਲੋੜਾ "ਇਕ" ਵਰਤਿਆ ਹੈ।

ਮੇਰੇ ਸਾਹਮਣੇ – ਈਜ਼ਲ ਦੇ ਉੱਤੇ, ਇਕ ਕੈਨਵਸ ਪਈ ਹੈ
ਕੁੱਝ ਇੰਜ ਜਾਪਦਾ – ਕਿ ਕੈਨਵਸ ਤੇ ਲੱਗਾ ਰੰਗ ਦਾ ਟੋਟਾ
ਇਕ ਲਾਲ ਟਾਕੀ ਬਣ ਕੇ ਹਿੱਲਦਾ ਹੈ
ਤੇ ਹਰ ਇਨਸਾਨ ਦੇ ਅੰਦਰ ਦਾ ਪਸ਼ੂ ਇਕ ਸਿੰਗ ਚੁੱਕਦਾ ਹੈ।
ਸਿੰਗ ਤਣਦਾ ਹੈ, ਤੇ ਹਰ ਕੂਚਾ ਗਲੀ ਬਾਜ਼ਾਰ ਇਕ 'ਰਿੰਗ' ਬਣਦਾ ਹੈ
ਤੇ ਮੇਰੀਆਂ ਪੰਜਾਬੀ ਰਗਾਂ ਵਿਚ ਇਕ ਸਪੇਨੀ ਰਵਾਇਤ ਖ਼ੌਲਦੀ...

– ਮੈਂ ਜਮ੍ਹਾ ਤੂੰ। -ਨਾਗਮਣੀ ਪ੍ਰਕਾਸ਼ਨ। 1977

# ਪਤ੍ਰਕਾਰੀ ਤੇ ਸਾਹਿੱਤਕਾਰੀ

1) ਪਿਛਲੇ ਦੋ ਦਹਾਕਿਆਂ ਚ ਪੰਜਾਬੀ ਪੱਤਰਕਾਰੀ ਦੀ ਬੋਲੀ ਇਕਦਮ ਬਦਲ ਗਈ ਹੈ। ਚੰਡੀਗੜ੍ਹ, ਪਟਿਆਲ਼ੇ ਤੇ ਲੁਧਿਆਣੇ ਵਾਲ਼ੀਆਂ ਯੂਨੀਵਰਸਿਟੀਆਂ ਨੇ ਪਤ੍ਰਕਾਰੀ ਦੇ ਵਿਭਾਗ ਖੋਲ੍ਹੇ ਹੋਏ ਹਨ। ਇਨ੍ਹਾਂ ਦੇ ਸਿਖਾਏ ਬੋਲੀ ਦਾ ਅੱਗੇ ਹੋਰ ਘਾਣ ਕਰੀ ਜਾਂਦੇ ਹਨ। ਇਸ ਮਸਲੇ ਦੀ ਜੜ੍ਹ ਵੀ ਅੰਗਰੇਜ਼ੀ ਹੀ ਹੈ। ਅਖ਼ਬਾਰਾਂ ਦੀਆਂ ਤਕਰੀਬਨ ਸਾਰੀਆਂ ਖ਼ਬਰਾਂ ਅੰਗਰੇਜ਼ੀ ਤੋਂ ਉਲਥਾਈਆਂ ਹੁੰਦੀਆਂ ਹਨ। ਕੰਮ ਦੇ ਗਾੜ੍ਹ ਕਰ ਕੇ ਤੇ ਅਪਣੀ ਕਿਰਤ ਤੇ ਬੋਲੀ ਨਾਲ਼ ਪਿਆਰ ਨਾ ਹੋਣ ਕਰ ਕੇ ਖ਼ਬਰਚੀ ਵਗਾਰ ਪੂਰੀ ਕਰ-ਕਰ ਰੋਜ਼ਾਨਾ ਅਖ਼ਬਾਰ ਦਾ ਖੂਹ ਜਿੱਡਾ ਢਿੱਡ ਭਰ ਕੇ ਸੁੱਖ ਦੀ ਨੀਂਦ ਸੌਂ ਜਾਂਦੇ ਹਨ। (ਪੱਤਰਕਾਰ ਤੁਰਕੀ ਚ ਖ਼ਬਰਚੀ ਹੁੰਦਾ ਹੈ; ਓਵੇਂ ਜਿਵੇਂ ਪੰਜਾਬੀ ਚ ਤੁਰਕੀ ਦੇ ਸ਼ਬਦ ਮਸ਼ਾਲਚੀ, ਨਿਸ਼ਾਨਚੀ, ਖ਼ਜ਼ਾਨਚੀ ਵਗ਼ੈਰਾ ਸਮਾਏ ਹੋਏ ਹਨ।) ਪੰਜਾਬੀ ਖ਼ਬਰਚੀਆਂ ਤੇ ਯੂਨੀਵਰਸਿਟੀ ਦੇ ਉਸਤਾਦਾਂ ਦੀ ਬੋਲੀ ਭਾਵੇਂ ਰਲ਼ਦੀ-ਮਿਲ਼ਦੀ ਹੈ; ਪਰ ਅਜੋਕੀ ਅਖ਼ਬਾਰੀ ਬੋਲੀ ਦੀਆਂ ਕੁੱਝ ਮਿਸਾਲਾਂ ਹਨ:-1) ਹਿੰਦੀ ਅਖ਼ਬਾਰਾਂ ਤੇ ਟੈਲੀਵੀਯਨ ਦੀ ਰੀਸੇ ਪੰਜਾਬੀ ਅਖ਼ਬਾਰਾਂ ਦੀਆਂ ਸੁਰਖ਼ੀਆਂ ਮਦਾਰੀ-ਜਮੂਰੇ ਵਾਂਙ ਬੋਲਦੀਆਂ ਹਨ: ਬਸਪਾ ਦੇ ਚੋਣ ਗੱਠਜੋੜ ਬਾਰੇ ਭੰਬਲਭੂਸਾ ਕਾਇਮ ਰੱਖਿਆ ਮਾਇਆਵਤੀ ਨੇ; ਲਾਲਪੁਰ ਨੇ ਦਿੱਤਾ ਪੀ ਏ ਸੀ ਤੋਂ ਅਸਤੀਫ਼ਾ (ਨਵਾਂ ਜ਼ਮਾਨਾ, 7 ਮਾਰਚ 2004); ਦੇਰ ਤਕ ਯਾਦ ਰਹੇਗਾ ਪੱਖੋਕੇ 'ਚ ਲੱਗਿਆ ਮੇਲਾ (ਪੰਜਾਬੀ ਟ੍ਰਿਬਿਊਨ, 7 ਮਾਰਚ, 2004)।

2) ਪੰਜਾਬੀ ਅਖ਼ਬਾਰ ਪੰਜਾਬੀ ਵਿਆਕਰਨ ਦੇ ਵਿਕਾਰੀ ਰੂਪ ਦਾ ਨਿਯਮ (ਰੂਲ ਆੱਵ ਔਬਲੀਕ ਫ਼ੌਰਮ) ਤਿਆਗ ਕੇ ਹਿੰਦੀ ਦੇ ਰੀਸੇ ਲੁਧਿਆਣੇ ਚ ਕਤਲ ਦੀ ਥਾਂ ਲੁਧਿਆਣਾ ਚ ਕਤਲ ਲਿਖਣ ਲਗ ਪਏ ਹਨ। ਪੰਜਾਬ ਦੀ ਆਵਾਜ਼ ਅਜੀਤ ਦੀ ਵੈੱਬਸਾਈਟ 'ਤੇ 20 ਮਾਰਚ 2004 ਨੂੰ ਇਹ ਖ਼ਬਰ ਲੱਗੀ:...ਕੋਟਕਪੂਰਾ ਦੇ ਨੌਜਵਾਨ ਨਾਲ ਠੱਗੀ। ਇਹ ਤਾਂ ਇਹ ਖ਼ਬਰ ਲਿਖਣ ਵਾਲ਼ਾ ਹੀ ਦਸ ਸਕਦਾ ਹੈ ਕਿ ਉਹਨੇ ਪੰਜਾਬੀ ਦਾ ਮੁਹਾਵਰਾ ਵਰਤਦਿਆਂ...ਕੋਟਕਪੂਰੇ ਦੇ ਨੌਜਵਾਨ ਨਾਲ ਠੱਗੀ ਕਿਉਂ ਨਹੀਂ ਲਿਖਿਆ? ਕਿਸੇ ਪੰਜਾਬੀ ਨੂੰ ਪੰਜਾਬੀ ਦੀ ਵਿਆਕਰਨ ਚਿਤਾਰਨ ਨਾਲ਼ੋਂ ਉਦਾਸ ਗੱਲ ਹੋਰ ਕਿਹੜੀ ਹੋਣੀ ਹੈ! ਨਿਯਮ ਤਾਂ ਇਹ ਹੈ ਕਿ ਪੰਜਾਬੀ ਦੇ ਪੁਲਿੰਗ ਸ਼ਬਦ ਦੇ ਆਖ਼ਿਰ ਚ 'ਆ' ਸੰਬੰਧਕ (ਪੋਸਟ ਪੁਜ਼ੀਸ਼ਨ) ਲਗਦਾ ਹੈ, ਤਾਂ ਆ ਤੋਂ 'ਏ' ਬਣ ਜਾਂਦਾ ਹੈ। (ਇਹ ਨੇਮ ਕੁੱਝ ਸ਼ਬਦਾਂ 'ਤੇ ਨਹੀਂ ਢੁੱਕਦਾ; ਜਿਵੇਂ ਪ੍ਰਮਾਤਮਾ, ਅੱਲ੍ਹਾ ਜਾਂ ਭਰਾ ਵਗ਼ੈਰਾ।) ਸ਼ਾਇਦ ਕਿਸੇ ਦਿਨ ਸਾਡੇ ਖ਼ਬਰਚੀ "ਉਹਨੂੰ ਕੁੱਤੇ ਨੇ ਵੱਢਿਆ" ਦੀ ਥਾਂ "ਉਸ ਨੂੰ ਕੁੱਤਾ ਨੇ ਕੱਟਿਆ" ਲਿਖਣ ਲਗ ਜਾਣ! ਹੁਣ ਅਖ਼ਬਾਰ "ਪਟਿਆਲਿਓਂ" ਆਈਆਂ ਖ਼ਬਰਾਂ ਨਹੀਂ ਛਾਪਦੇ, "ਪਟਿਆਲਾ ਤੋਂ" ਆਈਆਂ ਖ਼ਬਰਾਂ ਛਾਪਦੇ ਹਨ।

3) ਆਮ ਗ਼ਲਤੀਆਂ:- "ਕਹਿਣਾ ਚਾਹੁੰਦਾ ਹਾਂ" ਦੀ ਥਾਂ "ਕਹਿਣਾ ਚਾਹਵਾਂਗਾ"। "ਕਰਨ ਲੱਗਾ ਹਾਂ" ਦੀ ਥਾਂ "ਕਰਨ ਜਾ ਰਿਹਾ ਹਾਂ"। "ਤੁਹਾਡਾ ਇਸ ਬਾਰੇ ਕੀ ਖ਼ਿਆਲ ਹੈ? ਦੀ ਥਾਂ "ਤੁਸੀਂ ਇਸ ਨੂੰ ਕਿਵੇਂ ਲੈਂਦੇ ਹੋ"। "ਫ਼ੈਸਲਾ ਕਰਨਾ" ਹੁਣ "ਫ਼ੈਸਲਾ ਲੈਣਾ" ਹੋ ਚੁੱਕਾ ਹੈ। ਹਿੰਦੀ ਦੇ ਸ਼ਬਦ ਦਵਾਰਾ ਤੇ ਅੰਗਰੇਜ਼ੀ ਦੇ ਬਾਈ ਦੀ ਰੀਸੇ "...ਦੀ ਲਿਖੀ ਕਿਤਾਬ" ਨੂੰ "...ਵੱਲੋਂ ਲਿਖੀ ਕਿਤਾਬ" ਛਪਿਆ ਹੁੰਦਾ ਹੈ। ਅੰਗਰੇਜ਼ੀ ਸ਼ਬਦ ਔਨ/ਐਟ ਬਿਨਾਂ ਸੋਚਿਆਂ 'ਉੱਤੇ' ਇਸ ਤਰ੍ਹਾਂ ਬਣਾਇਆ ਹੁੰਦਾ ਹੈ – ਕਹਾਣੀ ਉੱਤੇ ਫ਼ਿਲਮ/ ਫਲਾਣੀ ਕਿਤਾਬ ਉੱਤੇ ਗੋਸ਼ਟੀ। ਬਲਵੰਤ ਗਾਰਗੀ ਨੇ ਦੇਰ ਹੋਈ ਲੇਖ ਲਿਖਿਆ ਸੀ – ਸੁਰਿੰਦਰ ਕੌਰ ਉੱਤੇ ਫ਼ਿਲਮ। ਮੈਂ

ਇਹਨੂੰ ਚਿੱਠੀ ਲਿਖੀ ਸੀ ਕਿ ਤੁਸੀਂ ਸੁਰਿੰਦਰ ਕੌਰ ਦੀ ਫ਼ਿਲਮ ਬਣਾਈ ਹੋਣੀ ਹੈ, ਨਾ ਕਿ ਉਹਦੇ ਉੱਤੇ!

4) ਕਰਤਰੀ ਵਾਚ (ਐਕਟਿਵ ਵੌਇਸ) ਦੀ ਥਾਂ ਕਰਮਨੀ ਵਾਚ (ਪੈਸਿਵ ਵੌਇਸ) ਵਰਤਣ ਦੀ ਸਾਰਿਆਂ ਨਾਲ਼ੋਂ ਵਧ ਆਦਤ ਸੰਤੋਖ ਸਿੰਘ ਧੀਰ ਨੂੰ ਹੈ। ਮੈਂ ਇਨ੍ਹਾਂ ਨੂੰ ਇਹ ਗੱਲ ਚਿਤਾਰੀ ਵੀ ਸੀ, ਪਰ ਇਨ੍ਹਾਂ ਨੇ ਅਣਸੁਣੀ ਕਰ ਦਿੱਤੀ। ਦੋ ਕੁ ਮਿਸਾਲਾਂ ਬਥੇਰੀਆਂ ਹਨ – ਇਨ੍ਹਾਂ ਦੀਆਂ 51 ਕਹਾਣੀਆਂ ਦੀ ਕਿਤਾਬ ਦੇ ਪਹਿਲੇ ਹੀ ਬੰਦ ਦਾ ਦੂਜਾ ਵਾਕ ਹੈ – "ਮੰਗੋ ਤੇ ਕੋਈ ਇਕ ਸਵਾਰ ਆਦਿ, ਲਗਭਗ ਇਕ ਦਹਾਕਾ ਮਗਰੋਂ ਜਾ ਕੇ ਲਿਖੀਆਂ ਗਈਆਂ ਸਨ।" ਮੈਂ ਇਹ ਵਾਕ ਇੰਜ ਲਿਖਦਾ – "ਮੰਗੋ ਤੇ ਕੋਈ ਇਕ ਸਵਾਰ ਤੇ ਹੋਰ ਕਹਾਣੀਆਂ ਮੈਂ ਕੋਈ ਇਕ ਦਹਾਕੇ ਮਗਰੋਂ ਜਾ ਕੇ ਲਿਖੀਆਂ ਸਨ।" ਇਨ੍ਹਾਂ ਦੀਆਂ ਚੋਣਵੀਂਆਂ ਕਵਿਤਾਵਾਂ ਲਿਖ ਰਿਹਾ ਧੀਰ ਦੇ ਮੁਖ ਬੰਧ ਦਾ ਆਖ਼ਰੀ ਵਾਕ ਹੈ – "...ਮੇਰੇ ਵੱਲੋਂ ਏਥੇ ਕੁੱਝ ਵੀ ਆਖਿਆ ਜਾਣਾ ਵਾਜਬ ਨਹੀਂ।"– ਠੇਠ ਬੋਲੀ ਚ ਇਹ ਵਾਕ ਇੰਜ ਬਣਦਾ ਹੈ – ਮੇਰਾ ਕੁੱਝ ਵੀ ਆਖਣਾ ਵਾਜਬ ਨਹੀਂ।ਸਾਡੇ ਆਲਸੀ ਲਿਖਾਰੀ ਜੋ ਚੰਦ ਚਾੜ੍ਹੀ ਜਾਂਦੇ ਹਨ, ਮੈਂ ਉਹਦੀਆਂ ਸੈਂਕੜੇ ਮਿਸਾਲਾਂ ਦੇ ਸਕਦਾ ਹਾਂ। ਰਹਿੰਦੀ ਕਸਰ ਪਿਛਲੇ ਵੀਹ ਸਾਲਾਂ ਚ ਪੋਸਟੀਆਂ (ਪੋਸਟ-ਮੌਡਰਨਿਸਟਾਂ) ਨੇ ਪੂਰੀ ਕਰ ਦਿੱਤੀ ਹੈ। ਪੰਜਾਬੀ ਸਾਹਿੱਤ ਦੇ ਕਿਸੇ ਡਾਕਟਰ ਵਿਦਵਾਨ ਦੀ ਲਿਖੀ ਸਾਰੀ ਦੀ ਸਾਰੀ ਸੰਪਾਦਕੀ ਦੀ ਵੰਨਗੀ ਤਾਂ ਮੈਂ ਦੇਣੋਂ ਰਿਹਾ, ਪਰ ਸਿਆਣਿਆਂ ਨੇ ਕਿਹਾ ਹੈ ਕਿ ਇੱਕੋ ਦਾਣੇ ਤੋਂ ਬੋਹਲ਼ ਦਾ ਪਤਾ ਲਗ ਜਾਂਦਾ ਹੁੰਦਾ ਹੈ। ਲਓ ਪੜ੍ਹੋ ਤੇ ਜਾਣੋ ਕਿ ਮੈਂ ਕਾਹਦਾ ਰੋਣਾ ਰੋਂਦਾਂ:ਨਵੀਂ ਪੰਜਾਬੀ ਕਵਿਤਾ ਦੇ ਪ੍ਰਯੋਗ ਨਾ ਸਿਰਫ਼ ਇਸਦੇ ਵਿਧੀ-ਵਿਧਾਨ ਦੀਆਂ ਜੁਗਤਾਂ ਤੱਕ ਸੀਮਤ ਹਨ, ਸਗੋਂ ਵਿਚਾਰਧਾਰਾਈ ਧਰਾਤਲਾਂ ਸਮੇਤ, ਕਵਿਤਾ ਦੇ ਸਮੁੱਚ ਨੂੰ ਆਪਣੇ ਕਲਾਵੇ ਵਿਚ ਲੈਂਦੇ ਹੋਏ, ਅਸੀਮ ਨਵੀਆਂ ਸੰਭਾਵਨਾਵਾਂ ਦੇ ਰੂਬਰੂ ਵੀ ਹਨ। ਏਸ ਚਿੱਤਰ-ਪੱਟ ਉੱਤੇ ਬਿਖਰੇ ਰੰਗਾਂ ਦੀਆਂ ਸ਼ੋਖ਼ ਅਦਾਵਾਂ ਵਿੱਚ ਮਾਨਵੀ-ਰਿਸ਼ਤਿਆਂ ਦੀ ਤ੍ਰਿਸ਼ਨਗੀ ਦਾ ਉਹ ਆਲਮ ਦਰਕਾਰ ਹੈ, ਜੋ ਅਧੁਨਿਕ ਮਨੁੱਖ ਦੀ ਮਾਨਸਿਕਤਾ ਨੂੰ ਦਿਨ-ਰਾਤ ਕੁਰੇਦਦਾ ਹੈ ਅਤੇ ਨਵੀਆਂ ਤੋਂ ਨਵੀਆਂ ਸੋਚ-ਰਾਹਾਂ ਵਲ ਅਗਰਸਰ ਕਰਦਾ ਹੈ। ਨਵੀਂ ਸੋਚ ਦੀਆਂ ਨਵੀਆਂ ਉਡਾਣਾਂ ਵੱਲ ਉੱਡਦੀ ਨਵੀਂ ਮਾਨਸਿਕਤਾ, ਜਦੋਂ ਰਹਿਤਲਾਂ ਦੀਆਂ ਰਸਭਰੀਆਂ ਨਾਲ ਰਾਹਗੁਜ਼ਰ ਹੁੰਦੀ ਹੈ ਤਾਂ ਇਕ ਅਜੀਬ ਕਸ਼ਮਕਸ਼ ਪੈਦਾ ਹੁੰਦੀ ਹੈ।

– ਕਾਵਿ ਲੋਕ, ਜਨਵਰੀ-ਮਾਰਚ, 2000

ਕ੍ਰਿਸ਼ਣਾ ਸੋਬਤੀ ਨੇ ਹਿੰਦੀ-ਪੰਜਾਬੀ ਦਾ ਗੁਤਾਵਾ ਸੰਨ 1940 ਦੇ ਨੇੜੇ-ਤੇੜੇ ਕਰਨਾ ਸ਼ੁਰੂ ਕੀਤਾ ਸੀ। ਹੁਣ ਪੂਰਬੀ ਪੰਜਾਬ ਦੇ ਘਰ-ਘਰ ਬੋਲੀ ਜਾਂਦੀ ਹਿੰਦੀ ਸੁਣ ਕੇ ਸੋਬਤੀ ਵਰਗੇ ਬੜੇ ਹੁੱਬਦੇ ਹੋਣਗੇ। ਪਹਿਲਾਂ ਲਹੌਰ ਤੇ ਦਿੱਲੀ ਚ ਪੰਜਾਬ ਦੀਆਂ ਕਹਾਣੀਆਂ ਦੀਆਂ ਲੜੀਵਾਰ ਦੂਰਦਰਸ਼ਨੀ ਫ਼ਿਲਮਾਂ ਤੇ ਹੁਣ ਬੰਬਈਆ ਫ਼ਿਲਮਾਂ ਸੋਬਤੀ ਵਾਲ਼ੇ ਗੁਤਾਵੇ ਨੂੰ ਟਕਸਾਲੀ ਪੰਜਾਬੀ ਬਣਾ ਕੇ ਸਾਹ ਲੈਣਗੀਆਂ। ਟਰੇਨ ਟੂ ਪਾਕਿਸਤਾਨ, ਪਿੰਜਰ ਅਤੇ ਭਗਤ ਸਿੰਘ ਊਧਮ ਸਿੰਘ ਵਾਲ਼ੀਆਂ ਫ਼ਿਲਮਾਂ ਵਿਚ ਪੰਜਾਬੀ-ਹਿੰਦੀ ਦੇ ਕੀਤੇ ਗੁਤਾਵੇ ਤੋਂ ਕਿਸੇ ਬੇਗ਼ੈਰਤ ਨੂੰ ਹੀ ਖ਼ੁਸ਼ੀ ਹੁੰਦੀ ਹੋਣੀ ਹੈ। ਪਹਿਲਾਂ ਪੰਜਾਬੀ ਹਿੰਦੂਆਂ ਨੂੰ ਮਿਹਣਾ ਦੇਈਦਾ ਸੀ ਕਿ ਇਹ ਪੰਜਾਬੀ ਦੇ ਸਕੇ ਨਹੀਂ ਬਣਦੇ, ਹੁਣ ਸਿੱਖਾਂ ਦੇ ਘਰੀਂ ਬੋਲੀ ਜਾਂਦੀ ਦੂਰਦਰਸ਼ਨੀ-ਹਿੰਦੀ ਦਾ ਮਿਹਣਾ ਕੌਣ ਕਿਹਨੂੰ ਦੇਵੇਗਾ? ਨਵੀਂ ਪੀੜ੍ਹੀ ਬੇਜ਼ਬਾਨ ਪੀੜ੍ਹੀ ਹੈ; ਨਾ ਇਹਨੂੰ ਪੰਜਾਬੀ ਆਉਂਦੀ ਹੈ, ਨਾ ਹਿੰਦੀ ਤੇ ਨਾ ਅੰਗਰੇਜ਼ੀ।

1960 ਦੇ ਦਹਾਕੇ ਚ ਜੋਸ਼ ਕੰਵਲ ਨੇ ਪੰਜਾਬੀ ਨੂੰ 'ਸੰਸਕ੍ਰਿਤਾਉਣ' ਵਿਰੁੱਧ ਫ਼ਿਰਕਾਪ੍ਰਸਤ ਮੁਹਿੰਮ ਇਹ ਆਖ ਕੇ ਸ਼ੁਰੂ ਕੀਤੀ ਸੀ ਕਿ ਇਹ ਹਿੰਦੂ ਬ੍ਰਾਹਮਣਵਾਦੀ "ਦਿੱਲੀ" ਦੀ ਕੋਈ ਬੜੀ ਵੱਡੀ ਸਾਜ਼ਿਸ਼ ਹੈ ਅਤੇ ਯੂਨੀਵਰਸਿਟੀਆਂ ਚ ਬੈਠੇ ਵਿਦਵਾਨਾਂ ਨੂੰ "ਉੱਤੋਂ" ਹੁਕਮ ਆਉਂਦੇ ਹਨ ਕਿ ਪੰਜਾਬੀ ਜਿੰਨੀ ਵਿਗਾੜ

ਸਕਦੇ ਹੋ, ਵਿਗਾੜੋ! ਜੋਸ਼ ਤਾਂ ਹੰਢਿਆ ਹੋਇਆ ਸਿਆਸਤੀ ਸੀ ਅਤੇ 'ਵਿਗਿਆਨਕ ਸੋਚ' ਦਾ ਦਾਅਵੇਦਾਰ ਵੀ; ਉਹਨੂੰ ਤਾਂ ਇਹ ਪਤਾ ਹੋਣਾ ਚਾਹੀਦਾ ਸੀ ਕਿ ਪੰਜਾਬੀ ਨੂੰ 'ਸੰਸਕ੍ਰਿਤਾਉਣ ਦਾ ਕੰਮ' 1920 ਦੇ ਦਹਾਕੇ ਤੋਂ ਹੀ ਸ਼ੁਰੂ ਹੋ ਗਿਆ ਸੀ ਤੇ ਓਦੋਂ ਦਿੱਲੀ ਦੇ ਹੁਕਮਰਾਨ ਬ੍ਰਾਹਮਣ ਨਹੀਂ ਸਨ। ਓਦੋਂ ਪੰਜਾਬੀ ਸਿੱਖ ਯੂਰਪ ਦਾ ਫ਼ਲਸਫ਼ਾ ਸਣੇ ਮਾਰਕਸਵਾਦ ਦੇ ਪੰਜਾਬੀ ਬੋਲੀ ਚ ਪਰਤਾਉਣ ਲੱਗੇ ਸੀ। ਪੂਰਨ ਸਿੰਘ ਨੀਤਸ਼ੇ ਬਾਰੇ ਲਿਖ ਰਿਹਾ ਸੀ; ਧਰਮ ਅਨੰਤ ਸਿੰਘ ਅਫ਼ਲਾਤੂਨ ਬਾਰੇ ਅਤੇ ਕਿਰਤੀ ਪਰਚੇ ਦਾ ਬਾਨੀ ਸੰਤੋਖ ਸਿੰਘ ਮਾਰਕਸ ਬਾਰੇ। –1926 ਚ ਕਿਰਤੀ ਪਰਚੇ ਵਿਚ ਛਪੇ ਮਾਰਕਸੀ ਸਿਧਾਂਤਕ ਲੇਖ ਤੇ ਮਗਰੋਂ ਤੇਜਾ ਸਿੰਘ ਸੁਤੰਤਰ ਤੇ ਭਾਗ ਸਿੰਘ ਦੀਆਂ ਲਾਲ ਕਮਿਊਨਿਸਟ ਪਾਰਟੀ ਦੀਆਂ ਲਿਖਤਾਂ ਪੜ੍ਹ ਕੇ ਜੋਸ਼-ਕੰਵਲ ਦੀ ਮੁਹਿੰਮ ਬੇਥਵ੍ਹੀ ਲਗਦੀ ਹੈ। ਸੰਤ ਸਿੰਘ ਸੇਖੋਂ ਜਦੋਂ ਸੰਸਕ੍ਰਿਤ ਨਾਲ਼ ਲੱਦੀ ਹੋਈ ਪੰਜਾਬੀ ਲਿਖਣ ਲੱਗਾ ਸੀ, ਓਦੋਂ ਦਿੱਲੀ ਚ ਬ੍ਰਾਹਮਣ ਰਾਜ ਨਹੀਂ ਸੀ ਕਰਦੇ।

ਪੰਜਾਬੀ ਤਾਂ ਕੀ, ਹਿੰਦੀ ਤੇ ਉਰਦੂ ਵੀ ਯੂਰਪੀ ਬੋਲੀਆਂ ਦਾ ਟਾਕਰਾ ਨਹੀਂ ਕਰ ਸਕਦੀ। ਚਾਹੀਦਾ ਤਾਂ ਇਹ ਸੀ ਕਿ ਹਰ ਨਵਾਂ ਸ਼ਬਦ ਉਹਦੀ ਜੜ੍ਹ ਤੇ ਤਾਸੀਰ ਦੇਖ ਕੇ ਘੜਿਆ ਜਾਂਦਾ, ਜਿਵੇਂ ਚੀਨੀਆਂ ਜਪਾਨੀਆਂ ਨੇ ਵੀਹਵੀਂ ਸਦੀ ਚ ਨਵੇਂ ਸ਼ਬਦ ਘੜੇ ਸੀ। ਹੁਣ ਦੋ ਪੰਜਾਬੀਆਂ ਹੋ ਗਈਆਂ ਹਨ – ਪੂਰਬੀ ਪੰਜਾਬ ਚ ਬੇਲੋੜੇ ਸੰਸਕ੍ਰਿਤ ਸ਼ਬਦਾਂ ਨੇ ਤੇ ਪੱਛਮੀ ਪੰਜਾਬ ਚ ਫ਼ਾਰਸੀ-ਅਰਬੀ ਨੇ ਪੰਜਾਬੀ ਦਾ ਰੂਪ ਵਿਗਾੜ ਕੇ ਰਖ ਦਿੱਤਾ ਹੈ। ਪੰਜਾਬੀ ਦੀ ਤਰੱਕੀ ਸੰਸਕ੍ਰਿਤ, ਅਰਬੀ, ਫ਼ਾਰਸੀ, ਅੰਗਰੇਜ਼ੀ ਤੇ ਹੋਰਨਾਂ ਬੋਲੀਆਂ ਦੇ ਸ਼ਬਦ ਲੈਣ ਬਿਨਾਂ ਨਹੀਂ ਹੋ ਸਕਦੀ; ਸੰਸਕ੍ਰਿਤ ਤਾਂ ਇਹਦੀ ਸਕੀ-ਸੋਧਰੀ ਹੈ। ਲੋੜ ਸਾਰੀ ਫ਼ਿਰਕੂ ਤੁਅੱਸਬ ਨੂੰ ਲਾਂਭੇ ਰਖ ਕੇ ਸਾਵੀਂ ਸਮਝ ਵਰਤਣ ਦੀ ਹੈ। ਜਿਸ ਬੋਲੀ ਦੀਆਂ ਬਾਹਵਾਂ ਜਿੰਨੀਆਂ ਖੁੱਲ੍ਹੀਆਂ ਹੋਣ, ਉਹਦਾ ਸਿਰ ਓਨਾ ਹੀ ਉੱਚਾ ਹੁੰਦਾ ਹੈ।

"ਭਾਸ਼ਾ ਬਹਤਾ ਨੀਰ", ਭਗਤ ਕਬੀਰ ਨੇ ਲਿਖਿਆ ਸੀ – ਸੰਸਕ੍ਰਿਤ ਹੈ ਕੂਪਜਲ, ਭਾਸ਼ਾ ਬਹਤਾ ਨੀਰ...। ਮੰਗਤ ਰਾਇ ਭਾਰਦਵਾਜ ਨੇ 1987 ਚ ਮਾਨਚੈਸਟਰ ਯੂਨੀਵਰਸਿਟੀਓਂ ਪੰਜਾਬੀ ਵਿਆਕਰਨ ਦੀ ਡਾਕਟਰੀ ਕੀਤੀ ਸੀ। ਮੈਂ ਪੰਜਾਬੀ ਦੀ ਹੋ ਰਹੀ ਦੁਰਗਤਿ ਬਾਬਤ ਇਹਦੇ ਨਾਲ਼ ਅਪਣਾ ਦੁੱਖ ਫੋਲਦਾ ਰਹਿੰਦਾ ਹਾਂ। ਇਹ ਮੇਰੀਆਂ ਗੱਲਾਂ ਨੂੰ ਠੀਕ ਮੰਨਦਾ ਹੈ, ਪਰ ਨਾਲ਼ ਹੀ ਕਹਿੰਦਾ ਹੈ ਕਿ ਬੋਲੀ ਉਹ ਜਿਹਨੂੰ ਲੋਕ ਬੋਲਣ; ਕਿ ਹਰ ਬੋਲੀ ਵੇਲੇ ਨਾਲ਼ ਬਦਲਦੀ ਰਹਿੰਦੀ ਹੈ; ਜੋ ਪੰਜਾਬੀ 12ਵੀਂ ਸਦੀ ਚ ਬਾਬਾ ਫ਼ਰੀਦ ਬੋਲਦੇ ਹੋਣਗੇ, ਉਹ 15ਵੀਂ ਸਦੀ ਚ ਬਾਬਾ ਨਾਨਕ ਨਹੀਂ ਬੋਲਦੇ ਸੀ। ਭਾਰਦਵਾਜ ਅਪਣੇ ਥਾਂ ਸੱਚਾ ਹੈ।

ਮੇਰੀ ਬੇਨਤੀ ਇਹ ਹੈ ਕਿ ਸਾਡੇ ਬਾਬਿਆਂ ਦੇ ਵੇਲੇ ਦੁਨੀਆ ਹੁਣ ਜਿੰਨੀ ਛੋਟੀ ਨਹੀਂ ਸੀ। ਓਦੋਂ ਅੱਜ ਵਾਂਙ ਅਖ਼ਬਾਰ, ਕਿਤਾਬਾਂ ਤੇ ਰੇਡੀਓ ਟੀਵੀ ਨਹੀਂ ਸੀ ਹੁੰਦੇ; ਨਾ ਓਦੋਂ ਕਰੋੜਾਂ ਰੁਪਏ ਰੋੜ੍ਹਦੀਆਂ ਯੂਨੀਵਰਸਿਟੀਆਂ ਹੁੰਦੀਆਂ ਸਨ। ਓਦੋਂ ਪੰਜਾਬੀ ਉੱਤੇ ਅੰਗਰੇਜ਼ੀ ਤੇ ਹਿੰਦੀ ਦੇ ਚਾਰੇ ਪਾਸਿਓਂ ਤਾਬੜਤੋੜ ਹਮਲੇ ਨਹੀਂ ਸੀ ਹੁੰਦੇ। ਮੈਂ ਨਿਤ ਪੰਜਾਬੀ ਨਾਲ਼ੋਂ ਵਧ ਅੰਗਰੇਜ਼ੀ ਪੜ੍ਹਦਾ ਹਾਂ। ਪਰਦੇਸ ਵਿਚ ਤਕਰੀਬਨ ਹਰ ਵੇਲੇ ਅੰਗਰੇਜ਼ੀ ਮੇਰੇ ਕੰਨੀਂ ਪੈਂਦੀ ਹੈ। ਪਰ ਮੇਰੀ ਆਤਮਾ ਪੰਜਾਬੀ ਹੈ – ਸ਼ਰਫ਼ ਵਾਂਙ ਮੈਂ ਸਦਾ ਖ਼ੈਰ ਪੰਜਾਬੀ ਦੀ ਮੰਗਦਾ ਹਾਂ। ਲਿਖਾਰੀ ਅਪਣੀ ਬੋਲੀ ਦਾ ਲੱਜਪਾਲ ਹੁੰਦਾ ਹੈ; ਬੋਲੀ ਨੂੰ ਸਿਰਫ਼ ਲਿਖਾਰੀ ਹੀ ਸੁੱਚੀ ਰਖ ਸਕਦਾ ਹੈ। ਜਿਸ ਬੋਲੀ ਦੀ ਲਾਜ ਉਹਦੇ ਲਿਖਾਰੀ ਹੀ ਰੋਲਣ ਲਗ ਜਾਣ, ਉਹਨੂੰ ਕੋਈ ਰੱਬ ਵੀ ਨਹੀਂ ਬਚਾ ਸਕਦਾ। ਸਾਡੇ ਕੋਲ਼ ਸ਼ਬਦ ਥੋਹੜੇ ਹਨ; ਮੋਤੀਆਂ ਹੀਰਿਆਂ ਤੋਂ ਵੀ ਮਹਿੰਗੇ। ਇਨ੍ਹਾਂ ਨੂੰ ਰੋਲਣਾ ਪਾਪ ਹੈ।

ਫ਼ਰਾਂਸੀਸੀਆਂ ਤੇ ਬੰਗਾਲੀਆਂ ਜਿੰਨਾ ਅਪਣੀ ਬੋਲੀ ਨੂੰ ਪਿਆਰ ਹੋਰ ਕੋਈ ਨਹੀਂ ਕਰਦਾ ਸੁਣਿਆ। ਪੈਰਿਸ ਤੇ ਕਲਕੱਤੇ ਸੁੱਚੀ ਬੋਲੀ ਦੀਆਂ ਸਭਾਵਾਂ ਬਣੀਆਂ ਹੋਈਆਂ ਹਨ। ਕੀ ਅਸੀਂ ਇਹੋ ਜਿਹੀ ਕੋਈ ਠੇਠ ਪੰਜਾਬੀ ਸਭਾ ਨਹੀਂ ਬਣਾ ਸਕਦੇ? ਖਵਰੇ ਮੇਰੀਆਂ ਇਹ ਗੱਲਾਂ ਉਜਾੜ ਚ ਮਾਰੀਆਂ ਕੂਕਾਂ ਹਨ। ਫੇਰ ਸੋਚੀਦਾ ਹੈ, ਕੀ ਪਤਾ ਕਿਤੇ ਕਿਸੇ ਦੇ ਮੇਰੀ ਗੱਲ ਦਿਲ ਲੱਗ ਜਾਵੇ। ਮੇਰੇ ਆਖੇ ਅਖ਼ਬਾਰਾਂ ਵਾਲ਼ੇ ਕਿਤਾਬਾਂ ਦੀ "ਘੁੰਡ-ਚੁਕਾਈ" ਵਾਲ਼ਾ ਕੁਹਜਾ ਸ਼ਬਦ ਲਿਖਣੋਂ ਹਟ ਤਾਂ ਗਏ ਹਨ। ਨਾਲ਼ ਹੀ ਮੈਨੂੰ ਡਰ ਲਗਦਾ ਹੈ, ਕਿਤੇ ਪੰਜਾਬੀ ਦਾ ਹਾਲ ਸਾਡੇ ਕਿਸੇ ਮਿੱਤਰ ਦੇ ਫੁੱਫੜ ਵਾਲ਼ਾ ਨਾ ਹੋ ਜਾਏ। ਉਹ ਅਪਣੇ ਭਤੀਜੇ ਤੋਂ ਅਪਣੀ ਦਾਹੜੀ ਦੇ ਧੌਲ਼ੇ ਕਢਵਾਉਂਦਾ ਰਹਿੰਦਾ ਸੀ। ਹੁੰਦੇ-ਹੁੰਦੇ ਧੌਲ਼ੇ ਬਹੁਤ ਹੋ ਗਏ ਤੇ ਕਾਲ਼ੇ ਥੋਹੜੇ ਕੁ ਹੀ ਰਹਿ ਗਏ। ਭਤੀਜਾ ਕਹਿੰਦਾ - ਫੁੱਫੜਾ, ਹੁਣ ਤਾਂ ਸਾਰੇ ਈ ਚਿੱਟੇ ਹੋ ਗਏ; ਕਾਲ਼ੇ ਜਿਹੜੇ ਦੋ-ਚਾਰ ਰਹਿੰਦੇ ਆ, ਉਹੀਓ ਚੁਗ ਦਿੰਦਾ!ਕੁਚੱਜੀ ਪੰਜਾਬੀ ਦੀਆਂ ਵੰਨਗੀਆਂ ਪੰਜਾਬੀ ਵਿਚ ਅੰਗਰੇਜ਼ੀ ਦੀ 'ਬਾਈ' ਭੇ ਬਹੁਤ ਸਾਰੇ ਲਿਖਾਰੀ ਇਹਦਾ ਕੁਚੱਜਾ ਅਨੁਵਾਦ ਦੁਆਰਾ ਜਾਂ ਵੱਲੋਂ ਕਰਦੇ ਹਨ। ਹਿੰਦੀ ਵਾਲ਼ਾ ਦੁਆਰਾ/ਦਵਾਰਾ ਤਾਂ ਪੰਜਾਬੀ ਦਾ ਅਸਲੋਂ ਮੁਹਾਵਰਾ ਹੀ ਨਹੀਂ ਹੈ।

ਜੀਤ ਸਿੰਘ ਸੀਤਲ ਦੁਆਰਾ ਸੰਪਾਦਤ ਹੀਰ...

... ਪਾਠਕਾਂ ਦੀ ਸਹਾਇਤਾ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਦੋ ਕੋਸ਼ ਪ੍ਰਕਾਸ਼ਤ ਕੀਤੇ ਗਏ ਹਨ। ਇਕ ਫ਼ਾਰਸੀ- ਪੰਜਾਬੀ ਕੋਸ਼ (ਜੋ ਜੀਤ ਸਿੰਘ ਸੀਤਲ ਵੱਲੋਂ ਤਿਆਰ ਅਤੇ ਯੂਨੀਵਰਸਿਟੀ ਦੇ ਵਿਦਵਾਨਾਂ ਵੱਲੋਂ ਸੰਸ਼ੋਧਿਆ ਗਿਆ ਹੈ) ਅਤੇ ਦੂਜਾ 'ਪੰਜਾਬੀ ਦੇ ਪ੍ਰਸਿੱਧ ਕਿੱਸਾ-ਕਾਵਿ ਦਾ ਸ਼ਬਦ-ਕੋਸ਼' (ਵੱਲੋਂ ਡਾ. ਜਗਤਾਰ ਸਿੰਘ)।

- ਵਾਰਿਸ ਦੇ ਅੰਗ-ਸੰਗ। ਪ੍ਰੋ। ਜੀ ਐਸ ਰਿਆਲ। ਪੰਜਾਬੀ ਟ੍ਰਿਬਿਊਨ। 24 ਜੂਨ 2007

ਠੇਠ ਪੰਜਾਬੀ:

ਜੀਤ ਸਿੰਘ ਸੀਤਲ ਦੀ ਸੰਪਾਦਿਤ ਹੀਰ...

... ਪਾਠਕਾਂ ਦੀ ਸਹਾਇਤਾ ਲਈ ਪੰਜਾਬੀ ਯੂਨੀਵਰਸਿਟੀ ਨੇ ਦੋ ਕੋਸ਼ ਪ੍ਰਕਾਸ਼ਤ ਕੀਤੇ ਹਨ। ਪਹਿਲਾ ਜੀਤ ਸਿੰਘ ਸੀਤਲ ਦਾ ਤਿਆਰ ਕੀਤਾ ਯੂਨੀਵਰਸਿਟੀ ਦੇ ਵਿਦਵਾਨਾਂ ਦਾ ਸੋਧਿਆ 'ਫ਼ਾਰਸੀ-ਪੰਜਾਬੀ ਕੋਸ਼' ਅਤੇ ਦੂਜਾ ਡਾ. ਜਗਤਾਰ ਸਿੰਘ ਦਾ 'ਪੰਜਾਬੀ ਦੇ ਪ੍ਰਸਿੱਧ ਕਿੱਸਾ-ਕਾਵਿ ਦਾ ਸ਼ਬਦ-ਕੋਸ਼'।ਪਤਾ ਨਹੀਂ, ਭਾਸ਼ਾ ਵਿਗਿਆਨੀ ਪ੍ਰੋਫ਼ੈਸਰ ਰਿਆਲ ਨੇ ਜੀਤ ਸਿੰਘ ਸੀਤਲ ਦੇ ਨਾਂ ਨਾਲ਼ 'ਡਾ' ਦੀ ਉਪਾਧੀ ਕਿਉਂ ਨਹੀਂ ਲਾਈ? ਅਪਣੇ ਜਾਂ ਹੋਰਨਾਂ ਦੇ ਨਾਂ ਨਾਲ਼ ਬਿਨਾਂ ਕਿਸੇ ਗੱਲੋਂ 'ਡਾ' 'ਪ੍ਰੋ' ਲਿਖਣ ਦੀ ਕਸਰ ਸਿਰਫ਼ ਪੰਜਾਬੀਆਂ ਨੂੰ ਹੈ। ਯੂਨੀਵਰਸਿਟੀਆਂ ਦੇ ਅਪਣੇ ਪਰਚਿਆਂ ਵਿਚ ਵੀ 'ਡਾ' 'ਪ੍ਰੋ' ਕਿਸੇ ਖ਼ਾਸ ਪ੍ਰਸੰਗ ਵਿਚ ਲਿਖੀਦਾ ਹੈ। ਦੁਨੀਆ ਵਿਚ ਇੱਕੋ ਪੰਜਾਬੀ ਯੂਨੀਵਰਸਿਟੀ ਹੈ ਅਤੇ ਉਹ ਹੈ ਵੀ ਪਟਿਆਲ਼ੇ। ਇਹ ਤੱਥ ਹਰ ਕੋਈ ਜਾਣਦਾ ਹੈ। ਅਖ਼ਬਾਰਾਂ ਅਤੇ ਹਰ ਛਪੀ ਲਿਖਤ ਵਿਚ 'ਪੰਜਾਬੀ ਯੂਨੀਵਰਸਿਟੀ ਪਟਿਆਲਾ' ਲਿਖਣਾ ਸਹੀ ਨਹੀਂ।

ਅਮਰਜੀਤ ਚੰਦਨ

# ਡਾ. ਗੰਡਾ ਸਿੰਘ



ਸਿੱਖ ਇਤਿਹਾਸਕਾਰੀ ਦੇ ਅੰਬਰ 'ਤੇ ਚੰਦ ਵਾਂਗ ਚਮਕਦਾ ਨਾਂ ਹੈ, ਡਾ.ਗੰਡਾ ਸਿੰਘ।ਆਪ ਨੇ ਸਿੱਖ ਇਤਿਹਾਸਕਾਰੀ ਨੂੰ ਨਵੇਂ ਨਜ਼ਰੀਏ ਤੋਂ ਪੇਸ਼ ਕਰਨ ਦੇ ਮਨਸ਼ੇ ਨੂੰ ਲੈ ਕੇ ਸਭ ਤੋਂ ਪਹਿਲਾਂ ਦੇਸ਼ਾਂ ਵਿਦੇਸ਼ਾਂ ਦੀਆਂ ਲਾਇਬਰੇਰੀਆਂ ਵਿਚ ਘੁੰਮ ਕੇ ਪੰਜਾਬ ਦੇ ਇਤਿਹਾਸ ਸਬੰਧੀ ਸਰੋਤ ਸਮਗਰੀ ਇਕੱਤਰ ਕੀਤੀ ਅਤੇ ਫਿਰ ਪ੍ਰਾਪਤ ਸਭ ਸੋਮਿਆਂ ਤੇ ਤੱਥਾਂ ਨੂੰ ਗਹਿਰਾਈ ਨਾਲ ਘੋਖ ਕਰ ਕੇ ਪਾਠਕਾਂ ਅੱਗੇ ਪੇਸ਼ ਕੀਤਾ ਤੇ ਆਪਣਾ ਨਾਂ ਇਤਿਹਾਸਕਾਰਾਂ ਦੀ ਸੂਚੀ ਅੰਦਰ ਸਦਾ ਲਈ ਸੁਨਹਿਰੇ ਅੱਖਰਾਂ ਵਿਚ ਦਰਜ਼ ਕਰਾ ਗਏ।ਡਾ. ਗੰਡਾ ਸਿੰਘ ਜੀ ਪੰਜਾਬੀ, ਅੰਗਰੇਜ਼ੀ, ਉਰਦੂ ਅਤੇ ਫ਼ਾਰਸੀ ਭਾਸ਼ਾ ਦੇ ਚੰਗੇ ਗਿਆਤਾ ਸਨ।ਆਪ ਨੇ ਵੱਖ ਵੱਖ ਭਾਸ਼ਾਵਾਂ ਵਿਚ ਛੇ ਦਰਜਨ ਪੁਸਤਕਾਂ ਅਤੇ 350 ਤੋਂ ਉੱਪਰ ਖੋਜ ਪੱਤਰ ਪੇਸ਼ ਕੀਤੇ।

ਡਾ.ਗੰਡਾ ਸਿੰਘ ਦਾ ਜਨਮ 15 ਨਵੰਬਰ 1900 ਈ. ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ 'ਹਰਿਆਣਾ' ਵਿਚ ਸ: ਜਵਾਲਾ ਸਿੰਘ ਦੇ ਘਰ ਮਾਤਾ ਹੁਕਮ ਦੇਈ ਦੀ ਕੁੱਖੋਂ ਹੋਇਆ।ਆਪ ਦੇ ਪਿਤਾ ਜੀ ਮਾਲ ਮਹਿਕਮੇ ਵਿਚ ਨੌਕਰੀ ਕਰਦੇ ਸਨ।ਆਪ ਨੇ ਆਰੰਭਿਕ ਵਿੱਦਿਆ ਪਿੰਡ ਦੇ ਇੱਕ ਸਕੂਲ ਤੋਂ ਪ੍ਰਾਪਤ ਕੀਤੀ।ਆਪਣੇ ਪਿੰਡ ਤੋਂ ਮਿਡਲ ਕਰਨ ਉਪਰੰਤ ਆਪ ਨੇ ਡੀ.ਏ.ਵੀ. ਸਕੂਲ ਹੁਸ਼ਿਆਰਪੁਰ ਤੋਂ ਮੈਟ੍ਰਿਕ ਪਾਸ ਕੀਤੀ।ਫਿਰ ਉੱਚ ਵਿਦਿਆ ਲਈ 'ਫਾਰਮੈਨ ਕਾਲਜ' ਲਾਹੌਰ ਵਿਚ ਦਾਖ਼ਲਾ ਲਿਆ, ਪਰ ਤੀਸਰੇ ਅਫ਼ਗਾਨ ਯੁੱਧ ਵੇਲੇ ਅਚਾਨਕ ਪੜਾਈ ਅਧਵਾਟੇ ਛੱਡ ਕੇ 1919 ਨੂੰ ਫ਼ੌਜ ਵਿਚ ਭਰਤੀ ਹੋਏ ਅਤੇ ਫ਼ੌਜ ਨਾਲ ਰਲ਼ ਕੇ ਰਾਵਲਪਿੰਡੀ, ਪਿਸ਼ੌਰ ਤੇ ਫਿਰ ਇਰਾਕ ਵਿਚ ਬਸਰੇ ਆਦਿ ਜਾਣ ਦਾ ਮੌਕਾ ਮਿਲਿਆ।1921 ਵਿਚ ਉਹ 'ਰਾਇਲ ਆਰਮੀ ਕੋਰ ਬਸਰਾ' ਦਾ ਹਿੱਸਾ ਬਣੇ ਪਰ ਇੱਕ ਲੜਾਈ ਦੌਰਾਨ ਉਨ੍ਹਾਂ ਦੇ ਪੱਟ ਵਿਚ ਗੋਲ਼ੀ ਲੱਗ ਗਈ।ਤੰਦਰੁਸਤ ਹੋਣ ਤੋਂ ਬਾਅਦ ਆਪ ਫ਼ੌਜ ਦੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਈਰਾਨ ਦੀ 'ਐਂਗਲੋ-ਪਰਸ਼ੀਅਨ ਤੇਲ ਕੰਪਨੀ' ਵਿਚ ਅਕਾਊਂਟਸ ਅਫ਼ਸਰ ਵਜੋਂ ਨੌਕਰੀ ਕਰਨ ਲੱਗੇ।ਸ਼ਾਇਦ ਇਹੀ ਉਹ ਥਾਂ ਸੀ ਜਿੱਥੇ ਆਪ ਦੇ ਅੰਦਰ ਬੈਠੇ ਇਤਿਹਾਸਕਾਰ ਨੇ ਜਨਮ ਲੈਣਾ ਸੀ।

ਤੇਲ ਕੰਪਨੀ ਦੀ ਮੁਲਾਜ਼ਮਤ ਕਰਦਿਆਂ ਆਪ ਨੂੰ ਇੱਕ ਅੰਗਰੇਜ਼ ਇਤਿਹਾਸਕਾਰ ਮਿਸਟਰ ਅਰਨਾਲਡ ਟੀ. ਵਿਲਸਨ ਨਾਲ ਮਿਲਣ ਦਾ ਸਬੱਬ ਬਣਿਆਂ ਜੋ ਉੱਥੋਂ ਦੇ ਨਾਮੀ ਇਤਿਹਾਸਕਾਰ ਸਨ ਅਤੇ ਪਰਸ਼ੀਆ ਦੀ ਸੰਦਰਭ ਸੂਚੀ (ਭਬਿਲੋਗਿਰਓਪਹੋ ਡ ਪਓਰਸਓਿ) ਤਿਆਰ ਕਰ ਰਹੇ ਸਨ।ਇਸ ਅੰਗਰੇਜ਼ ਇਤਿਹਾਸਕਾਰ ਦੀ ਸੰਗਤ ਨੇ ਗੰਡਾ ਸਿੰਘ ਦੇ ਅੰਦਰ ਵੀ ਲੇਖਣ ਕਾਰਜ ਪ੍ਰਤੀ ਚਿਣਗ ਪੈਦਾ ਕਰ ਦਿੱਤੀ।ਮਿਸਟਰ ਵਿਲਸਨ ਨੇ ਗੰਡਾ ਸਿੰਘ ਨੂੰ ਸਿੱਖ ਇਤਿਹਾਸ ਦੀ ਖੋਜ ਕਰਨ ਬਾਰੇ ਪ੍ਰੇਰਿਤ ਕੀਤਾ।ਇਸ ਕਾਰਜ ਲਈ ਸਭ ਤੋਂ ਪਹਿਲਾਂ ਗੰਡਾ ਸਿੰਘ ਨੇ ਫ਼ਾਰਸੀ ਸਿੱਖਣੀ ਸ਼ੁਰੂ ਕੀਤੀ।ਆਪ ਡੇਢ ਮਹੀਨਾ ਇੱਕ ਨਿਰਜਨ ਟਾਪੂ 'ਤੇ ਚਲੇ ਗਏ ਅਤੇ ਫ਼ਾਰਸੀ ਸਿੱਖ ਕੇ ਹੀ ਵਾਪਸ ਆਏ।ਈਰਾਨ ਵਿਚ ਰਹਿੰਦਿਆਂ ਆਪ ਨੇ ਆਪਣੀ ਨਿੱਜੀ ਲਾਇਬਰੇਰੀ ਬਣਾਉਣੀ ਸ਼ੁਰੂ ਕਰ ਦਿੱਤੀ।ਆਪ ਲਗਭਗ ਨੌਂ ਵਰ੍ਹੇ 'ਐਂਗਲੋ-ਪਰਸ਼ੀਅਨ

ਤੇਲ ਕੰਪਨੀ' ਅਬਾਦਾਨ ਵਿਖੇ ਰਹੇ ਤੇ ਇਥੋਂ ਆਪ ਨੂੰ ਕਈ ਵਾਰ ਯੂਰਪ ਜਾਣ ਦਾ ਮੌਕਾ ਵੀ ਮਿਲਿਆ। ਇੰਗਲੈਂਡ ਵਿਚ ਆਪ ਨੇ ਸਿੱਖ ਇਤਿਹਾਸ ਨਾਲ ਸਬੰਧਿਤ ਸਰੋਤ ਪੁਸਤਕਾਂ ਦੀ ਖੋਜ ਕੀਤੀ ਅਤੇ ਇਸ ਮਕਸਦ ਲਈ ਇਥੋਂ ਹੀ ਕਈ ਹੋਰ ਦੂਸਰੇ ਦੇਸ਼ਾਂ ਦੀ ਯਾਤਰਾ ਕੀਤੀ।ਆਪ ਦੀ ਲਗਨ ਤੇ ਪ੍ਰਤੀਬੱਧਤਾ ਕਾਰਨ ਆਪ ਦੀ ਲਾਇਬਰੇਰੀ ਪੰਜਾਬ ਦੇ ਇਤਿਹਾਸ ਬਾਰੇ ਹੋਰ ਕਿਸੇ ਵੀ ਲਾਇਬਰੇਰੀ ਤੋਂ ਵੱਧ ਪ੍ਰਮਾਣਿਕ ਬਣ ਗਈ ਸੀ।

ਨੌਂ ਸਾਲ ਈਰਾਨ ਰਹਿ ਕੇ ਆਪ ਵਾਪਸ ਪੰਜਾਬ ਆ ਗਏ। ਈਰਾਨ ਤੋਂ ਵਾਪਸ ਪਰਤੇ ਤਾਂ ਆਪ ਕੋਲ ਦਸ ਵੱਡੇ ਬਕਸੇ ਪੁਸਤਕਾਂ ਦੇ ਭਰੇ ਹੋਏ ਸਨ।ਇਸ ਤੋਂ ਬਿਨਾਂ ਆਪ ਹੋਰ ਕੁੱਝ ਵੀ ਨਾ ਲੈ ਕੇ ਆਏ।ਈਰਾਨ ਵਿਚ ਰਹਿੰਦਿਆਂ ਹੀ ਗੰਡਾ ਸਿੰਘ ਜੀ ਦੀ ਪਹਿਲੀ ਪੁਸਤਕ 'ਮੈਸੋਪੋਟਾਮੀਆਂ ਵਿਚ ਮੇਰੇ 30 ਦਿਨ' ਛਪ ਕੇ ਪਾਠਕਾਂ ਦੇ ਹੱਥਾਂ ਵਿਚ ਪੁੱਜੀ ਸੀ।ਪੰਜਾਬ ਵਾਪਸ ਆ ਕੇ ਆਪ ਨੇ ਗਿਆਨੀ ਹੀਰਾ ਸਿੰਘ ਦਰਦ ਵੱਲੋਂ ਛਾਪੇ ਜਾਂਦੇ ਰਸਾਲੇ 'ਫੁਲਵਾੜੀ' ਲਈ ਸਹਿ-ਸੰਪਾਦਕ ਵਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਆਪ ਦਾ ਵਿਆਹ ਬੀਬੀ ਅਮਰ ਕੌਰ ਨਾਲ ਹੋਇਆ ਅਤੇ ਜਿਨ੍ਹਾਂ ਦੀ ਕੁੱਖੋਂ ਆਪ ਦੇ ਘਰ ਦੋ ਬੇਟਿਆਂ ਪ੍ਰੀਤਮ ਸਿੰਘ ਅਤੇ ਰਮਿੰਦਰ ਸਿੰਘ ਨੇ ਜਨਮ ਲਿਆ।

'ਫੁਲਵਾੜੀ' ਲਈ ਕੰਮ ਕਰਦਿਆਂ ਆਪ ਦਾ ਮੇਲ ਸਿੰਘ ਸਭਾ ਲਹਿਰ ਦੇ ਪ੍ਰਸਿੱਧ ਆਗੂ ਭਗਤ ਲਛਮਣ ਸਿੰਘ ਜੀ ਨਾਲ ਹੋਇਆ। ਉਹ ਅੰਗਰੇਜ਼ੀ ਅਖ਼ਬਾਰ 'ਦੀ ਖ਼ਾਲਸਾ' ਪ੍ਰਕਾਸ਼ਿਤ ਕਰਦੇ ਸਨ। ਭਗਤ ਜੀ ਆਪ ਤੋਂ ਬਹੁਤ ਪ੍ਰਭਾਵਿਤ ਸਨ ਅਤੇ ਉਨ੍ਹਾਂ ਦੇ ਕਹਿਣ ਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਸ: ਬਿਸ਼ਨ ਸਿੰਘ ਨੇ ਆਪ ਨੂੰ ਕਾਲਜ ਅੰਦਰ ਨਵੇਂ ਕਾਇਮ ਕੀਤੇ 'ਸਿੱਖ ਇਤਿਹਾਸ ਰਿਸਰਚ ਬੋਰਡ' ਵਿਚ ਨਿਯੁਕਤ ਕਰ ਲਿਆ।ਖ਼ਾਲਸਾ ਕਾਲਜ ਦੀ ਨਿਯੁਕਤੀ ਤੋਂ ਬਾਅਦ ਆਪ ਨੇ ਸਭ ਤੋਂ ਪਹਿਲਾਂ ਰਿਸਰਚ ਬੋਰਡ ਦੀ ਲਾਇਬਰੇਰੀ ਲਈ ਦੁਰਲਭ ਪੁਸਤਕਾਂ ਦੀਆਂ ਨਕਲਾਂ ਕਲਕੱਤਾ, ਪਟਨਾ, ਦਿੱਲੀ, ਰਾਮਪੁਰ, ਬਾਂਕੀਪੁਰ ਆਦਿ ਦੀਆਂ ਵੱਡੀਆਂ ਲਾਇਬਰੇਰੀਆਂ ਤੋਂ ਮੰਗਵਾ ਕੇ ਅਗਲੇਰੀਆਂ ਖੋਜਾਂ ਲਈ ਇਤਿਹਾਸਕ ਸਰੋਤਾਂ ਨੂੰ ਇਕੱਤਰ ਕੀਤਾ।ਆਪ ਨੇ ਨਿੱਠ ਕੇ ਪੰਜਾਬ ਦੇ ਇਤਿਹਾਸ ਨੂੰ ਪ੍ਰਮਾਣਿਕ ਸਰੋਤਾਂ ਦੀ ਮਦਦ ਨਾਲ ਨਵੇਂ ਤਰੀਕੇ ਤੋਂ ਲਿਖਣਾ ਸ਼ੁਰੂ ਕਰ ਦਿੱਤਾ।ਆਪ ਦੇ ਇਹਨਾਂ ਯਤਨਾਂ ਸਦਕਾ ਖ਼ਾਲਸਾ ਕਾਲਜ ਅੰਮ੍ਰਿਤਸਰ ਦਾ 'ਸਿੱਖ ਇਤਿਹਾਸ ਵਿਭਾਗ' ਵਿਦਵਾਨਾਂ, ਖ਼ੋਜੀਆਂ, ਇਤਿਹਾਸ ਦੇ ਦਿਵਾਨਿਆਂ ਲਈ ਸਭ ਤੋਂ ਪ੍ਰਮੁੱਖ ਕੇਂਦਰ ਬਣ ਗਿਆ। 1944 ਵਿਚ ਆਪ ਨੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਐਮ. ਏ. ਇਤਿਹਾਸ ਦੀ ਡਿਗਰੀ ਅੱਵਲ ਰਹਿ ਕੇ ਪ੍ਰਾਪਤ ਕੀਤੀ।

ਖ਼ਾਲਸਾ ਕਾਲਜ ਵਿਚ ਆਪ ਨੇ 18 ਸਾਲ ਅਧਿਆਪਨ ਤੇ ਖੋਜ ਸੇਵਾਵਾਂ ਪ੍ਰਦਾਨ ਕੀਤੀਆਂ। ਪੰਜਾਬ ਦੀਆਂ ਰਿਆਸਤਾਂ ਦਾ ਸੰਗਠਨ ਹੋਣ ਵੇਲੇ ਸ: ਗਿਆਨ ਸਿੰਘ ਰਾੜੇਵਾਲਾ ਪੈਪਸੂ ਦੇ ਮੁੱਖ ਮੰਤਰੀ ਸਨ ਅਤੇ ਪ੍ਰਿੰ: ਤੇਜਾ ਸਿੰਘ ਮਹਿੰਦਰਾ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਸਨ। ਉਨ੍ਹਾਂ ਦੀ ਪ੍ਰੇਰਨਾ ਅਤੇ ਯਤਨਾਂ ਦਾ ਸਦਕਾ ਗੰਡਾ ਸਿੰਘ ਆਰਕਵਾਇਜ਼ ਡਿਪਾਰਟਮੈਂਟ ਦੇ ਡਾਇਰੈਕਟਰ ਬਣ ਕੇ 1949 ਵਿਚ ਪਟਿਆਲੇ ਆ ਗਏ। ਜਿਸ ਸਮੇਂ ਆਪ ਡਾਇਰੈਕਟਰ ਬਣ ਕੇ ਆਏ ਉਸ ਸਮੇਂ ਆਰਕਵਾਇਜ਼ ਡਿਪਾਰਟਮੈਂਟ ਵੱਲੋਂ ਅੱਠਾਂ ਹੀ ਰਿਆਸਤਾਂ ਦੀ ਪੁਰਾਤਨ ਸਮਗਰੀ ਇਕੱਠੀ ਕੀਤੀ ਜਾ ਰਹੀ ਸੀ। ਇਸ ਅਹਿਮ ਕਾਰਜ ਲਈ ਬਤੌਰ ਡਾਇਰੈਕਟਰ ਆਪ ਨੇ ਬਹੁਤ ਭੱਜ ਨੱਸ ਕੇ ਜਗਾ ਜਗਾ ਤੋਂ ਦੁਰਲੱਭ ਪੁਸਤਕਾਂ ਨੂੰ ਇਕੱਤਰ ਕੀਤਾ। ਇਹ ਪੁਸਤਕਾਂ ਰਾਜਿਆਂ ਮਹਾਰਾਜਿਆਂ ਵੱਲੋਂ ਆਪਣੇ ਨਿੱਜੀ ਯਤਨਾਂ ਨਾਲ ਪਿਛਲੇ ਦੋ ਸੌ ਸਾਲਾਂ ਵਿਚ

ਲਿਖਵਾਈਆਂ ਗਈਆਂ ਸਨ ਅਤੇ ਉਨ੍ਹਾਂ ਦੇ ਹੀ ਰਾਜ ਘਰਾਨਿਆਂ ਦੀਆਂ ਲਾਇਬਰੇਰੀਆਂ ਵਿਚ ਸੁਰੱਖਿਅਤ ਪਈਆਂ ਸਨ। ਆਪ ਨੇ ਆਪਣੀ ਸੂਝ ਬੂਝ ਅਤੇ ਰੁਚੀ ਦੇ ਸਿਰ ਤੇ ਆਉਣ ਵਾਲੀਆਂ ਪੀੜੀਆਂ ਲਈ ਖ਼ਾਲਸਾ ਕਾਲਜ, ਆਰਕਵਾਇਜ਼ ਲਾਇਬਰੇਰੀ, ਸੈਂਟਰਲ ਪਬਲਿਕ ਲਾਇਬਰੇਰੀ ਪਟਿਆਲਾ ਵਿਚ ਅਜਿਹੀਆਂ ਦੁਰਲੱਭ ਤੇ ਅਨਮੋਲ ਪੁਸਤਕਾਂ ਤੇ ਗ੍ਰੰਥਾਂ ਨੂੰ ਸੰਗ੍ਰਹਿਤ ਕੀਤਾ ਜੋ ਪੰਜਾਬ ਦੇ ਸਭਿਆਚਾਰਕ ਤੇ ਸਿੱਖੀ ਵਿਰਸੇ ਦੀ ਸੰਭਾਲ ਲਈ ਬਹੁਤ ਜ਼ਰੂਰੀ ਸੀ।

1954 ਵਿਚ ਆਪ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ 'ਅਹਿਮਦ ਸ਼ਾਹ ਦੁਰਾਨੀ' ਬਾਰੇ ਥੀਸਿਸ ਲਿਖ ਕੇ ਪੀਐੱਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। 1951 ਤੋਂ 1953 ਤੱਕ, ਆਪ ਪੈਪਸੂ ਸਰਕਾਰ ਦੁਆਰਾ ਸ਼ੁਰੂ ਕੀਤੇ ਗਏ ਮਹਿਕਮਾ ਪੰਜਾਬੀ (ਹੁਣ ਭਾਸ਼ਾ ਵਿਭਾਗ) ਦੇ ਡਾਇਰੈਕਟਰ ਅਤੇ ਕੁੱਝ ਸਮਾਂ ਬਤੌਰ ਡਿਪਟੀ ਸਕੱਤਰ ਵੀ ਰਹੇ। ਇਥੋਂ ਰਿਟਾਇਰਮੈਂਟ ਬਾਅਦ ਆਪ ਆਪ 1955-56 ਵਿਚ ਸੈਂਟਰਲ ਪਬਲਿਕ ਲਾਇਬਰੇਰੀ, ਪਟਿਆਲਾ ਦੇ ਆਫ਼ੀਸਰ ਇੰਚਾਰਜ ਬਣਾਏ ਗਏ। 1960 ਤੋਂ 1963 ਤੱਕ ਖ਼ਾਲਸਾ ਕਾਲਜ ਪਟਿਆਲਾ ਦੇ ਆਨਰੇਰੀ ਫਾਊਂਡਰ ਪ੍ਰਿੰਸੀਪਲ ਤੇ ਪ੍ਰੋ. ਇਤਿਹਾਸ ਅਤੇ ਧਰਮ ਵਜੋਂ ਕਾਰਜਸ਼ੀਲ ਰਹੇ। ਇਹਨਾਂ ਹੀ ਦਿਨਾਂ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਥਾਪਨਾ ਹੁੰਦੀ ਹੈ। ਆਪ ਨੂੰ ਯੂਨੀਵਰਸਿਟੀ ਵੱਲੋਂ 'ਪੰਜਾਬ ਇਤਿਹਾਸ ਵਿਭਾਗ' ਦੇ ਡਾਇਰੈਕਟਰ ਦਾ ਅਹੁਦਾ ਸੌਂਪਿਆ ਜਾਂਦਾ ਹੈ। ਯੂਨੀਵਰਸਿਟੀ ਵਿਚ ਰਹਿੰਦਿਆਂ ਆਪ ਨੇ ਪੰਜਾਬ ਦੇ ਇਤਿਹਾਸ ਬਾਰੇ ਬਹੁਤ ਵੱਡੇ ਕਾਰਜ ਅਰੰਭ ਕੀਤੇ ਗਏ। ਪੰਜਾਬ ਦੇ ਇਤਿਹਾਸ ਬਾਰੇ ਅੱਠ ਜਿਲਦਾਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਵੱਡ ਆਕਾਰੀ ਸੰਦਰਭ-ਗ੍ਰੰਥ ਦੀ ਪ੍ਰਕਾਸ਼ਨਾਂ ਅਰੰਭ ਕੀਤੀ। 1965 ਵਿਚ ਆਪ ਨੇ ਪੰਜਾਬ ਇਤਿਹਾਸ ਕਾਨਫਰੰਸ ਦੀ ਸ਼ੁਰੂਆਤ ਕੀਤੀ। ਇੱਥੇ ਹੀ ਆਪ ਨੇ 'ਦੀ ਪੰਜਾਬ ਪਾਸਟ ਐਂਡ ਪਰੈਜ਼ੈਂਟ-ਏ ਬਾਈ- ਐਨੂਅਲ ਜਨਰਲ ਸ਼ੁਰੂ ਕੀਤਾ ਜੋ ਕਿ ਅੱਜ ਤੱਕ ਜਾਰੀ ਹੈ। ਤਿੰਨ ਸਾਲ ਇਸ ਸਨਮਾਨ ਜਨਕ ਅਹੁਦੇ ਤੇ ਰਹਿ ਕੇ 1966 ਵਿਚ ਸੇਵਾ ਮੁਕਤੀ ਮੌਕੇ ਵਿਭਾਗ ਵੱਲੋਂ ਆਪ ਨੂੰ ਆਜੀਵਨ ਫੈਲੋਸ਼ਿਪ ਪ੍ਰਦਾਨ ਕੀਤੀ ਗਈ।

ਡਾ. ਗੰਡਾ ਸਿੰਘ ਭਾਰਤੀ ਇਤਿਹਾਸ ਕਾਂਗਰਸ, ਏਸ਼ੀਆਟਿਕ ਸੋਸਾਇਟੀ ਆਫ਼ ਬੰਗਾਲ ਅਤੇ ਰਾਇਲ ਏਸ਼ੀਆਟਿਕ ਸੋਸਾਇਟੀ ਗਰੇਟ ਬ੍ਰਿਟੇਨ ਦੇ ਵੀ ਜੀਵਨ ਭਰ ਮੈਂਬਰ ਰਹੇ। ਭਾਰਤ ਇਤਿਹਾਸ ਕਾਂਗਰਸ ਦੇ 1964 ਵਿਚ ਰਾਂਚੀ ਵਿਖੇ ਹੋਏ ਸੈਸ਼ਨ ਵਿਚ ਮੱਧਕਾਲੀਨ ਭਾਰਤ ਨਾਲ ਸਬੰਧਿਤ ਸਮਾਗਮ ਦੀ ਪ੍ਰਧਾਨਗੀ ਕਰਨ ਦਾ ਮੌਕਾ ਵੀ ਮਿਲਿਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਪੰਜਾਬ ਇਤਿਹਾਸ ਕਾਨਫਰੰਸ (1968) ਵਿਚ ਮੱਧਕਾਲ ਨਾਲ ਸਬੰਧਿਤ ਸੈਸ਼ਨ ਦੀ ਪ੍ਰਧਾਨਗੀ ਕੀਤੀ। 1974 ਵਿਚ ਇਤਿਹਾਸ ਅਧਿਐਨ ਇੰਸਟੀਚਿਊਟ ਕਲਕੱਤਾ ਦੇ ਸ਼ਿਲਾਂਗ ਵਿਖੇ ਹੋਏ ਬਾਰ੍ਹਵੇਂ ਸੈਸ਼ਨ ਦੀ ਪ੍ਰਧਾਨਗੀ ਕੀਤੀ। ਇਸੇ ਹੀ ਸਾਲ ਭਾਰਤ ਇਤਿਹਾਸ ਕਾਂਗਰਸ ਦੇ ਯਾਦਵਪੁਰ, ਕਲਕੱਤਾ ਵਿਖੇ ਹੋਏ ਪੈਂਤ੍ਹੀਵੇਂ ਸੈਸ਼ਨ ਦੀ ਪ੍ਰਧਾਨਗੀ ਕੀਤੀ। ਭਾਰਤੀ ਇਤਿਹਾਸ ਇੰਸਟੀਚਿਊਟ ਦੇ ਤੇਰ੍ਹਵੇਂ ਸਾਲਾਨਾ ਸਮਾਗਮ ਵਿਚ ਡਾ. ਗੰਡਾ ਸਿੰਘ ਨੂੰ ਪ੍ਰਧਾਨ ਬਣਾਇਆ ਗਿਆ।

ਖ਼ਾਲਸਾ ਕਾਲਜ ਰਹਿੰਦਿਆਂ ਹੀ ਆਪ ਦੀ ਕਿਤਾਬ 'ਇਨਕਸ਼ਾਫਿ ਹਕੀਕਤ' (ਉਰਦੂ) 1931 ਵਿਚ ਛਪੀ। ਜਿਸ ਵਿਚ ਆਪ ਨੇ ਆਰੀਆਂ ਸਮਾਜ ਵੱਲੋਂ ਉਠਾਏ ਸਵਾਲਾਂ ਦਾ ਖੁੱਲ ਕੇ ਜਵਾਬ ਦਿੱਤਾ। ਇਸ ਤੋਂ ਬਾਅਦ ਆਪ ਦੀ ਪਹਿਲੀ ਖੋਜ ਭਰਪੂਰ ਕਿਤਾਬ 'ਜੀਵਨੀ ਬਾਬਾ ਬੰਦਾ ਸਿੰਘ ਬਹਾਦਰ' ਛਪ ਕੇ ਆਈ। ਇਸ ਕਿਤਾਬ ਦੀ ਆਮਦ ਨੇ ਸਾਹਿੱਤਿਕ ਤੇ ਵਿਦਵਾਨ ਹਲਕਿਆਂ ਵਿਚ ਆਪ ਨੂੰ ਅਲੱਗ ਪਛਾਣ

ਦਵਾਈ। ਆਪਣੀ ਇਸ ਖੋਜ ਕਿਤਾਬ ਵਿਚ ਆਪ ਨੇ ਪਹਿਲੀ ਵਾਰ ਜੈਪੁਰ ਦੀ ਰਿਆਸਤ ਵਿਚ ਰੱਖੇ ਰੋਜ਼ਨਾਮਚਿਆਂ ਨੂੰ ਅਧਾਰ ਬਣਾਉਣ ਤੋਂ ਇਲਾਵਾ ਫ਼ਾਰਸੀ ਦੀਆਂ ਬਹੁਤ ਸਾਰੀਆਂ ਪੁਸਤਕਾਂ ਦਾ ਹਵਾਲਾ ਵੀ ਦਿੱਤਾ। ਇਸ ਕਿਤਾਬ ਰਾਹੀਂ ਆਪ ਨੇ ਪਹਿਲੀ ਵਾਰ ਬੰਦਾ ਸਿੰਘ ਬਹਾਦਰ ਬਾਰੇ ਕਈ ਛਿਪੇ ਤੱਥਾਂ ਨੂੰ ਉਜਾਗਰ ਕੀਤਾ। ਅਕਾਦਮਿਕ ਤੇ ਖੋਜ ਹਲਕਿਆਂ ਵਿਚ ਅੱਜ ਵੀ ਇਸ ਕਿਤਾਬ ਦੀ ਬਹੁਤ ਚਰਚਾ ਹੈ। ਇਸ ਤੋਂ ਬਾਅਦ ਆਪ ਨੇ 'ਸਿੱਖ ਇਤਿਹਾਸ ਦੇ ਸਮਕਾਲੀ ਸਰੋਤ'(1938), 'ਮਹਾਰਾਜਾ ਕੌੜਾ ਮੱਲ'(1941) 'ਸਿੱਖ ਇਤਿਹਾਸ ਵੱਲ' (1946), ਅਤੇ 'ਸ਼ਾਮ ਸਿੰਘ ਅਟਾਰੀ ਵਾਲਾ'(1947) ਖੋਜ ਭਰਪੂਰ ਪੁਸਤਕਾਂ ਰਚ ਕੇ ਪਾਠਕਾਂ ਲਈ ਪੇਸ਼ ਕੀਤੀਆਂ। 1947 ਦੀ ਵੰਡ ਦਰਦਨਾਕ ਸਾਕੇ ਨੂੰ ਆਪ ਨੇ ਅੱਖੀਂ ਦੇਖਿਆ ਤੇ ਨਿੱਜੀ ਡਾਇਰੀ ਦੇ ਰੂਪ ਵਿਚ ਕਲਮਬੰਦ ਵੀ ਕਰਦੇ ਰਹੇ। ਇਹ ਡਾਇਰੀ ਇੱਕ ਭਰੋਸੇਯੋਗ ਦਸਤਾਵੇਜ਼ ਦੇ ਰੂਪ ਵਿਚ ਭਾਰਤੀ ਇਤਿਹਾਸ ਦੀ ਇੱਕ ਖੋਜ ਪੱਤ੍ਰਿਕਾ ਵਿਚ ਵੀ ਪ੍ਰਕਾਸ਼ਿਤ ਹੁੰਦੀ ਰਹੀ। ਪੰਜਾਬ ਦੇ ਰਾਜਨੀਤਿਕ ਇਤਿਹਾਸ ਬਾਰੇ ਆਪ ਨੇ ਕਈ ਮਹੱਤਵਪੂਰਨ ਪੁਸਤਕਾਂ ਦੀ ਰਚਨਾ ਕੀਤੀ। (1) 1839-40 ਦਾ ਪੰਜਾਬ, (2) ਅੰਗਰੇਜ਼ਾਂ ਅਤੇ ਸਿੱਖਾਂ ਦੀ ਪਹਿਲੀ ਲੜਾਈ (1845-46), (3) ਅੰਗਰੇਜ਼ਾਂ ਅਤੇ ਸਿੱਖਾਂ ਦੀ ਲੜਾਈ ਦੇ ਸਬੰਧ ਵਿਚ ਗੁਪਤ ਚਿੱਠੀ-ਪੱਤਰ, (4) ਅੰਗਰੇਜ਼ਾਂ ਦਾ ਪੰਜਾਬ ਉੱਪਰ ਕਬਜ਼ਾ।

ਗੰਡਾ ਸਿੰਘ ਜੀ ਦਾ ਸਭ ਤੋਂ ਵੱਡਾ ਕਾਰਜ ਉਨ੍ਹਾਂ ਦੁਆਰਾ ਕੀਤਾ ਇਤਿਹਾਸਕ ਸਰੋਤ ਸਮਗਰੀ ਦਾ ਇਕੱਤਰੀਕਰਨ ਹੈ। ਬੇਸ਼ੱਕ ਉਨ੍ਹਾਂ ਨੇ ਇਹ ਕਾਰਜ ਈਰਾਨ ਰਹਿੰਦਿਆਂ ਹੀ ਅਰੰਭ ਕਰ ਦਿੱਤਾ ਸੀ ਪਰ ਖ਼ਾਲਸਾ ਕਾਲਜ ਆਉਣ ਉਪਰੰਤ ਤਾਂ ਆਪ ਨੇ ਇਸ ਕਾਰਜ ਨੂੰ ਇੱਕ ਮਿਸ਼ਨ ਵਜੋਂ ਲਿਆ। ਆਪ ਨੇ ਇਸ ਕਾਰਜ ਲਈ ਸਭ ਤੋਂ ਪਹਿਲਾਂ ਪੰਜਾਬ ਪਬਲਿਕ ਲਾਇਬਰੇਰੀ, ਪੰਜਾਬ ਯੂਨੀਵਰਸਿਟੀ ਲਾਹੌਰ, ਅਤੇ ਭਾਈ ਦਿੱਤ ਸਿੰਘ ਲਾਇਬਰੇਰੀ ਲਾਹੌਰ ਦੀ ਯਾਤਰਾ ਕਰ ਕੇ ਸਿੱਖ ਇਤਿਹਾਸ ਬਾਰੇ ਪੁਸਤਕਾਂ ਦੀ ਇੱਕ ਸੂਚੀ ਤਿਆਰ ਕੀਤੀ। ਇਸ ਤੋਂ ਬਾਅਦ ਉਹ ਭਾਰਤ ਦੇ ਦੂਰ ਦੁਰੇਡੇ ਸ਼ਹਿਰਾਂ ਦੀਆਂ ਪ੍ਰਸਿੱਧ ਲਾਇਬਰੇਰੀਆਂ ਵਿਚ ਘੁੰਮ ਕੇ ਸਰੋਤ ਸਮਗਰੀ ਦੀ ਤਲਾਸ਼ ਵਿਚ ਜੁਟੇ ਰਹੇ। ਆਪ ਨੇ ਇੰਪੀਰੀਅਲ ਰਿਕਾਰਡ ਵਿਭਾਗ ਅਤੇ ਇੰਪੀਰੀਅਲ ਲਾਇਬਰੇਰੀ ਵਿਚੋਂ ਅਠਾਰ੍ਹਵੀਂ ਅਤੇ ਉਨ੍ਹੀਂਵੀ ਸਦੀ ਦੇ ਸਿੱਖ ਇਤਿਹਾਸ ਖ਼ਾਸ ਕਰ ਕੇ ਬੁੱਢਾ ਦਲ ਅਤੇ ਸਿੱਖ ਮਿਸਲਾਂ (1762-1804) ਬਾਰੇ ਮਹੱਤਵਪੂਰਨ ਪੁਸਤਕਾਂ, ਹੱਥ ਲਿਖਤ ਖਰੜੇ, ਤਤਕਾਲੀ ਲਿਖਤਾਂ ਅਤੇ ਹੋਰ ਅਨੇਕਾਂ ਤਰਾਂ ਦੇ ਇਤਿਹਾਸਕ ਵੇਰਵੇ ਇਕੱਤਰ ਕੀਤੇ। ਅੰਗਰੇਜ਼-ਸਿੱਖ ਸੰਬੰਧਾਂ ਬਾਰੇ ਬਹੁਤ ਸਾਰੀ ਸਰੋਤ ਸਮਗਰੀ ਆਪ ਨੂੰ ਇਥੋਂ ਹੀ ਪ੍ਰਾਪਤ ਹੋਈ। ਇੰਪੀਰੀਅਲ ਰਿਕਾਰਡ (ਕਲਕੱਤਾ) ਘੋਖਣ ਵਾਲੇ ਪਹਿਲੇ ਸਿੱਖ ਵਿਦਵਾਨ ਆਪ ਹੀ ਸਨ। ਇੱਥੇ ਆਪ ਨੂੰ 270 ਪੁਸਤਕਾਂ ਬਾਰੇ ਜਾਣਕਾਰੀ ਪ੍ਰਾਪਤ ਹੋਈ ਜਿੰਨ੍ਹਾਂ ਵਿਚੋਂ ਬਹੁਤ ਸਾਰੀਆਂ ਪੁਸਤਕਾਂ ਦੇ ਵਿਸਥਾਰ ਵਿਚ ਨੋਟਸ ਤਿਆਰ ਕਰ ਕੇ ਆਪ ਨਾਲ ਲਿਆਏ। ਇਸ ਲਈ ਆਪ ਨੂੰ ਬਾਰਾਂ ਬਾਰਾਂ ਘੰਟੇ ਵੀ ਕੰਮ ਕਰਨਾ ਪਿਆ।

ਇਸ ਤੋਂ ਬਾਅਦ ਆਪ ਖ਼ੁਦਾਬਖ਼ਸ਼ ਲਾਇਬਰੇਰੀ ਬਾਲੀਪੁਰ (ਪਟਨਾ) ਜੋ ਕਿ ਅਰਬੀ ਅਤੇ ਫ਼ਾਰਸੀ ਦੀਆਂ ਹੱਥ ਲਿਖਤਾਂ ਕਾਰਨ ਦੁਨੀਆਂ ਦੀਆਂ ਪ੍ਰਸਿੱਧ ਲਾਇਬਰੇਰੀਆਂ ਵਿਚੋਂ ਇੱਕ ਹੈ, ਉੱਥੇ ਸਿੱਖ ਇਤਿਹਾਸ ਬਾਰੇ 33 ਹੱਥ ਲਿਖਤਾਂ ਦਾ ਪਤਾ ਲਗਾਉਣ ਵਿਚ ਕਾਮਯਾਬ ਰਹੇ। ਇਹਨਾਂ ਵਿਚ 'ਦਸਤੂਰ-ਉਲ-ਇਨਸ਼ਾ-ਇ-ਕਲੰਦਰ' (1710) ਜਿਸ ਵਿਚ ਬੰਦਾ ਬਹਾਦਰ ਦੀਆਂ ਜਿੱਤਾਂ ਦਾ ਵਰਣਨ ਹੈ। ਇਰਾਦਤ ਖ਼ਾਨ ਦੀ 'ਤਾਰੀਖ-ਏ-ਇਰਾਦਤ-ਖ਼ਾਨ' (1714) ਜਿਸ ਵਿਚ ਅਸਲਮ ਖਾਨ ਦੀ ਹਾਰ ਅਤੇ ਬੰਦਾ ਬਹਾਦਰ ਵਿਰੁੱਧ ਮੁਗਲ ਸਲਤਨਤ ਦੀਆਂ ਵਿਉਂਤਾਂ ਦਾ ਭਰਪੂਰ ਵਰਣਨ ਕੀਤਾ ਗਿਆ ਹੈ। ਮੁਹੰਮਦ ਹਰੀਸੀ ਦੇ

“ਇਬਰਤਨਾਮੇ' (1719) ਜਿਸ ਵਿਚ ਬੰਦਾ ਬਹਾਦਰ ਦੀਆਂ ਪ੍ਰਾਪਤੀਆਂ, ਗ੍ਰਿਫ਼ਤਾਰੀ ਅਤੇ ਸ਼ਹੀਦੀ ਦਾ ਵਰਣਨ ਹੈ। ਕਾਮਵਰ ਖ਼ਾਨ ਦੀ 'ਤਜ਼ਕਰੀਆ-ਇ-ਸੁਲਤਾਨ-ਇ-ਚੁਗਤਾਈ' (1723) ਜਿਸ ਵਿਚ ਬੰਦਾ ਬਹਾਦਰ ਦੀ ਗ੍ਰਿਫ਼ਤਾਰੀ ਅਤੇ ਉਸ ਦੇ ਨਾਲ ਫੜੇ ਗਏ ਸੈਂਕੜੇ ਸਿੰਘਾਂ ਦਾ ਵਿਸਤਰਿਤ ਵਰਣਨ ਕੀਤਾ ਗਿਆ ਹੈ। ਮੁਹੰਮਦ ਜੱਲਾਹ ਕੁਦਰਤ ਦੀ 'ਤਾਰੀਖ-ਇ-ਅਲੀ'(1760-61) ਵਿਚ ਬਹਾਦਰ ਸ਼ਾਹ ਦੁਆਰਾ ਬੰਦਾ ਬਹਾਦਰ ਵਿਰੁੱਧ ਕੀਤੇ ਅਸਫ਼ਲ ਹਮਲਿਆਂ ਦਾ ਇਤਿਹਾਸ ਦਰਜ ਹੈ। ਇਸ ਤੋਂ ਇਲਾਵਾ ਇਸੇ ਰਚਨਾ ਵਿਚ ਮੀਰ ਮੰਨੂ ਦੇ ਸਿੱਖਾਂ ਤੇ ਕੀਤੇ ਜ਼ੁਲਮਾਂ ਦਾ ਵੇਰਵਾ ਵੀ ਦਰਜ਼ ਹੈ। ਮੁਹੰਮਦ ਅਲੀ ਦੀ ਕ੍ਰਿਤ 'ਮਿਰਾਤ-ਉਲ-ਅਹਿਵਾਲ-ਇ-ਜਹਾਨੁਮਾ' ਵਿਚ ਅਬਦੁਸ ਸਮੁਦ ਖਾਂ ਦੀ ਬੰਦਾ ਬਹਾਦਰ ਵਿਰੁੱਧ ਮੁਹਿੰਮ ਅਤੇ ਉਸ ਸਮੇਂ ਦੇ ਸਿੱਖਾਂ ਦੇ ਰਹਿਣ ਸਹਿਣ ਬਾਰੇ ਭਰਪੂਰ ਵਾਕਫ਼ੀਅਤ ਮਿਲਦੀ ਹੈ। ਅਜਿਹੀਆਂ ਬਹੁਤ ਸਾਰੀਆਂ ਕੀਮਤੀ ਹੱਥ ਲਿਖਤਾਂ ਦੇ ਉਤਾਰੇ ਅਤੇ ਪੰਜਾਬੀ ਅਨੁਵਾਦ ਕਰ ਕੇ ਆਪਣੇ ਨਾਲ ਲਿਆਏ ਜੋ ਕਿ ਹੁਣ ਤੱਕ ਖ਼ਾਲਸਾ ਕਾਲਜ ਦੀ ਲਾਇਬਰੇਰੀ ਵਿਚ ਸਾਂਭਿਆ ਪਿਆ ਹੈ।

ਬਨਾਰਸ ਹਿੰਦੂ ਯੂਨੀਵਰਸਿਟੀ ਵਿਚੋਂ ਵੀ ਆਪ ਨੇ ਬਹੁਮੁੱਲੇ ਇਤਿਹਾਸਕ ਸਰੋਤਾਂ ਦੀ ਖੋਜ ਕੀਤੀ। ਮੁਨਸ਼ੀ ਮਹਿਤਾਬ ਸਿੰਘ ਦੀ ਰਚਨਾ 'ਤਵਾਰੀਖ਼-ਇ-ਮੁਲਕ-ਇ-ਹਜ਼ਾਰਾ' ਆਪ ਨੂੰ ਇਥੋਂ ਹੀ ਮਿਲੀ ਜਿਸ ਵਿਚ ਮਜੀਠੀਏ ਅਤੇ ਅਟਾਰੀ ਵਾਲੇ ਸਰਦਾਰਾਂ ਅਧੀਨ ਇਲਾਕੇ ਵਿਚ ਸਿੱਖਾਂ ਦੇ ਰਾਜ ਪ੍ਰਬੰਧ ਅਤੇ ਉਨ੍ਹਾਂ ਦੀਆਂ ਜਿੱਤਾਂ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ ਹੈ। ਰਾਇ ਚਤਰਮਾਨ ਦੀ ਰਚਨਾ 'ਚਹਾਰ ਗੁਲਸ਼ਨ'(1759-60) ਵਿਚ ਸਿੱਖ ਗੁਰੂਆਂ ਸਬੰਧੀ ਜਾਣਕਾਰੀ ਅਤੇ ਮਾਤਾ ਸੁੰਦਰੀ ਦੁਆਰਾ ਮੁਤਬੰਨੇ ਅਜੀਤ ਸਿੰਘ ਨੂੰ ਬੇਦਾਵਾ ਦੇਣ ਦਾ ਜ਼ਿਕਰ ਹੈ। ਇਸੇ ਤਰਾਂ 'ਇੰਤਿਖ਼ਾਬ-ਅਜ਼-ਅਖ਼ਬਾਰਾਤ-ਇ-ਰਿਆਸਤ-ਇ-ਸਿੰਧਿਆ' ਵਿਚ ਸਿੱਖਾਂ ਅਤੇ ਮਰਹੱਟਿਆਂ ਦੇ ਆਪਸੀ ਸੰਬੰਧਾਂ ਦਾ ਵਰਣਨ ਹੈ।

ਬਨਾਰਸ ਤੋਂ ਬਾਅਦ ਆਪ ਨੇ ਇਲਾਹਾਬਾਦ ਵਿਖੇ ਤਿੰਨ ਵੱਡੀਆਂ ਲਾਇਬਰੇਰੀਆਂ ਯੂਨੀਵਰਸਿਟੀ ਲਾਇਬਰੇਰੀ, ਪਬਲਿਕ ਲਾਇਬਰੇਰੀ, ਅਤੇ ਭਾਰਤੀ ਭਵਨ ਲਾਇਬਰੇਰੀ ਵਿਚ ਪਹੁੰਚ ਕੀਤੀ। ਇੱਥੇ ਆਪ ਨੂੰ ਕਰਨਲ ਮੂੰਤੋਂ ਦੁਆਰਾ ਲਿਖੀ ਇੱਕ ਫਰਾਂਸੀਸੀ ਪੁਸਤਕ ਪ੍ਰਾਪਤ ਹੋਈ ਜਿਸ ਵਿਚ 1854-46 ਦੀ ਐਂਗਲੋ-ਸਿੱਖ ਲੜਾਈ ਦੇ ਵੇਰਵੇ ਦਰਜ ਹਨ। ਇਸ ਲੜਾਈ ਵਿਚ ਕਰਨਲ ਮੂੰਤੋਂ ਨੇ ਖ਼ੁਦ ਸਿੱਖਾਂ ਦੇ ਇੱਕ ਘੋੜ ਸਵਾਰ ਦਸਤੇ ਦੀ ਸਵਾਰੀ ਕੀਤੀ ਸੀ। ਇਸ ਪੁਸਤਕ ਵਿਚ ਸਭਰਾਵਾਂ ਅਤੇ ਫ਼ਿਰੋਜ਼ਸ਼ਾਹ ਦੀਆਂ ਲੜਾਈਆਂ ਸਬੰਧੀ ਬਹੁਤ ਪ੍ਰਮਾਣਿਕ ਜਾਣਕਾਰੀ ਪ੍ਰਦਾਨ ਕੀਤੀ ਗਈ। ਲਖਨਊ ਦੇ ਬਾਜ਼ਾਰਾਂ ਵਿਚ ਘੁੰਮਦਿਆਂ ਗੰਡਾ ਸਿੰਘ ਨੂੰ ਰਹੀਮ ਬਖ਼ਸ਼ ਦੀ ਲਿਖੀ ਇੱਕ ਦੁਰਲੱਭ ਰਚਨਾ 'ਤਾਰੀਖੇ-ਇ-ਅਫ਼ਗਾਨਾਂ' ਮਿਲਦੀ ਹੈ ਜਿਸ ਵਿਚ ਅਹਿਮਦ ਸ਼ਾਹ ਅਬਦਾਲੀ,ਉਸ ਦੇ ਪੁੱਤਰ ਤੈਮੂਰ ਸ਼ਾਹ ਅਤੇ ਸਿੱਖਾਂ ਦੇ ਆਪਸੀ ਸੰਬੰਧਾਂ ਦਾ ਵਰਣਨ ਕੀਤਾ ਗਿਆ ਹੈ। ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿਚੋਂ ਵੀ ਆਪ ਨੇ ਬਹੁਤ ਸਾਰੀਆਂ ਹੱਥ ਲਿਖਤਾਂ ਦਾ ਲਿਪੀਅੰਤਰਨ ਕਰਵਾ ਕੇ ਖ਼ਾਲਸਾ ਕਾਲਜ ਦੀ ਲਾਇਬਰੇਰੀ ਲਈ ਸੰਭਾਲਿਆ।

ਦਿੱਲੀ ਦੀਆਂ ਸਾਰੀਆਂ ਵੱਡੀਆਂ ਯੂਨੀਵਰਸਿਟੀਆਂ ਵਿਚੋਂ ਵੀ ਆਪ ਨੂੰ ਪੰਜਾਬ ਦੇ ਇਤਿਹਾਸ ਸਬੰਧੀ ਬਹੁਤ ਸਾਰੀਆਂ ਹੱਥ ਲਿਖਤਾਂ ਅਤੇ ਦੁਰਲਭ ਪ੍ਰਕਾਸ਼ਨਾਵਾਂ ਮਿਲੀਆਂ। 1944-45 ਵਿਚ ਆਪ ਨੇ ਜੈਪੁਰ ਦੀ ਮੁਗਲ ਕੋਰਟ ਵਿਚੋਂ ਪੰਜਾਬ ਦੇ ਇਤਿਹਾਸ ਨਾਲ ਸਬੰਧਿਤ ਫ਼ਾਰਸੀ ਹੱਥ ਲਿਖਤਾਂ ਦੀ ਖੋਜ ਕਰ ਕੇ ਉਤਾਰੇ ਕਰਵਾ ਕੇ ਲਿਆਂਦੇ। ਇਹਨਾਂ ਹੱਥ ਲਿਖਤਾਂ ਵਿਚ 1708 ਤੋਂ 1719 ਦੇ ਸਿੱਖ ਰਾਜ ਦੀਆਂ ਮਹੱਤਵਪੂਰਨ ਸੂਚਨਾਵਾਂ ਦਰਜ਼ ਹਨ। ਇਨ੍ਹਾਂ ਵਿਚ ਬੰਦਾ ਬਹਾਦਰ ਦੀਆਂ ਰੋਜ਼ਾਨਾ ਸਰਗਰਮੀਆਂ ਅਤੇ

ਮੁਗਲ ਸਰਕਾਰ ਦੁਆਰਾ ਉਸ ਦੀ ਸ਼ਕਤੀ ਨੂੰ ਖ਼ਤਮ ਕਰਨ ਦੇ ਵੇਰਵੇ ਦਰਜ ਹਨ। ਗੰਡਾ ਸਿੰਘ ਨੇ ਸਟੇਟ ਲਾਇਬਰੇਰੀ ਰਾਮਪੁਰ (ਯੂ.ਪੀ.) ਤੋਂ ਗਿਆਰਾਂ ਹੱਥ ਲਿਖਤਾਂ ਦੇ ਉਤਾਰੇ ਕਰਵਾਏ। ਅਸਫ਼ੀਆਂ ਲਾਇਬਰੇਰੀ ਹੈਦਰਾਬਾਦ ਤੋਂ ਬਾਰਾਂ, ਸਰ ਜਾਦੂ ਨਾਥ ਸਰਕਾਰ ਦੀ ਨਿੱਜੀ ਲਾਇਬਰੇਰੀ ਤੋਂ ਪੰਜ, ਅਤੇ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਛੇ ਹੱਥ ਲਿਖਤਾਂ ਦੇ ਲਿੱਪੀਅੰਤਰਨ ਕਰਵਾਇਆ। ਦਾਰੁ-ਉਲ-ਆਲਮ ਦਿਉਬੰਦ (ਯੂ.ਪੀ.), ਜਾਮੀਆ ਮਿਲੀਆ ਇਸਲਾਮੀਆ ਲਾਇਬਰੇਰੀ, ਉਸਮਾਨੀਆਂ ਲਾਇਬਰੇਰੀ ਹੈਦਰਾਬਾਦ, ਭਾਈ ਵੀਰ ਸਿੰਘ ਦੇ ਨਿੱਜੀ ਪੁਸਤਕਾਲੇ ਤੱਕ ਪਹੁੰਚ ਕਰ ਕੇ ਪੰਜਾਬ ਦੇ ਇਤਿਹਾਸ ਨਾਲ ਸਬੰਧਿਤ ਬਹੁਤ ਸਾਰੀ ਸਰੋਤ ਸਮਗਰੀ ਇਕੱਤਰ ਕੀਤੀ।

1972 ਵਿਚ ਆਪ ਇੰਗਲੈਂਡ ਗਏ। ਬ੍ਰਿਟਿਸ਼ ਮਿਊਜ਼ੀਅਮ ਲੰਡਨ ਤੋਂ ਉਨ੍ਹਾਂ ਨੇ ਦਲਪਤ ਰਾਇ ਦੀ 'ਅਮੀਰ-ਉਲ-ਇਮਲਾ'(1795) ਦੀ ਖੋਜ ਕੀਤੀ। ਇਹ ਕਿਤਾਬ ਅਠਾਰ੍ਹਵੀਂ ਸਦੀ ਦੇ ਪੰਜਾਬ ਦੀ ਰਾਜਨੀਤੀ ਬਾਰੇ ਬਹੁਤ ਮਹੱਤਵਪੂਰਨ ਸੂਚਨਾਵਾਂ ਪ੍ਰਦਾਨ ਕਰਦੀ ਹੈ। ਇਸ ਵਿਚ ਪੰਜਾਬ ਦੇ ਰਾਜਿਆਂ ਵੱਲੋਂ ਇੱਕ ਦੂਜੇ ਨੂੰ ਲਿਖੇ 247 ਪੱਤਰਾਂ ਦੇ ਵੇਰਵੇ ਅੰਕਿਤ ਕੀਤੇ ਗਏ ਹਨ। ਜੇਮਜ਼ ਸਕਿਨਰ ਦੀ ਹੱਥ ਲਿਖ਼ਤ 'ਤਜ਼ਕਿਰਾਤ-ਉਲ-ਉਮਰਾ'(1830), ਅਤੇ ਕਿਤਾਬ 'ਕਿਤਾਬ-ਇ-ਤਸ਼ਰੀਹ-ਉਲ-ਅਵਕਾਮ' ਦੀਆਂ ਫ਼ੋਟੋ ਕਾਪੀਆਂ ਇਸੇ ਮਿਊਜ਼ੀਅਮ ਵਿਚੋਂ ਲਿਆਂਦੀਆਂ। ਇਹਨਾਂ ਰਚਨਾਵਾਂ ਵਿਚ ਪੰਜਾਬ ਦੇ ਵੱਖ ਵੱਖ ਕਬੀਲਿਆਂ ਦੇ ਅਰੰਭ ਅਤੇ ਕਿੱਤਿਆਂ ਬਾਰੇ ਚਾਨਣਾ ਪਾਇਆ ਗਿਆ ਹੈ। ਸਰੋਤ ਸਮਗਰੀ ਦੀ ਤਲਾਸ਼ ਵਿਚ ਆਪ ਤਿੰਨ ਵਾਰ ਇੰਗਲੈਂਡ ਗਏ।

ਪੂਨਾ ਆਰਕਵਾਇਜ਼ ਵਿਚ ਪੰਜਾਬ ਦੇ ਇਤਿਹਾਸ ਨਾਲ ਸਬੰਧਿਤ ਬਹੁਤ ਸਾਰੀ ਸਮਗਰੀ ਮਰਾਠੀ ਭਾਸ਼ਾ ਵਿਚ ਪਈ ਸੀ। ਇਸ ਤੱਕ ਪਹੁੰਚਣ ਲਈ ਆਪ ਨੇ 45 ਸਾਲ ਦੀ ਉਮਰ ਵਿਚ ਸਖ਼ਤ ਘਾਲਣਾ ਘਾਲ ਕੇ ਮਰਾਠੀ ਭਾਸ਼ਾ ਸਿੱਖੀ ਅਤੇ ਪੂਨਾ ਆਰਕਵਾਇਜ਼ ਤੋਂ ਬਹੁਤ ਵਡਮੁੱਲੀ ਸਰੋਤ ਸਮਗਰੀ ਇਕੱਤਰ ਕਰ ਕੇ ਲਿਆਏ। ਕਿਤਾਬਾਂ ਦੀਆਂ ਆਮ ਦੁਕਾਨਾਂ, ਕਬਾੜੀਆਂ ਦੀਆਂ ਦੁਕਾਨਾਂ ਤੋਂ ਲੈ ਕੇ ਡਾ. ਗੰਡਾ ਸਿੰਘ ਦੇਸ਼ ਅਤੇ ਵਿਦੇਸ਼ ਦੇ ਹਰ ਉਸ ਪੁਸਤਕਾਲੇ ਤੇ ਮਿਊਜ਼ੀਅਮ ਤੱਕ ਗਏ, ਜਿੱਥੋਂ ਵੀ ਪੰਜਾਬ ਦੇ ਇਤਿਹਾਸ ਨਾਲ ਸਬੰਧਿਤ ਕੋਈ ਵੀ ਹੱਥ ਲਿਖ਼ਤ, ਪੁਸਤਕ, ਨੋਟ, ਉਤਾਰਾ, ਖਰੜਾ ਜਾਂ ਕੋਈ ਹਵਾਲਾ ਮਿਲ ਸਕਦਾ ਸੀ। ਇਹ ਮਹਾਨ ਕਾਰਜ ਆਪ ਨੇ ਇਕੱਲਿਆਂ ਆਪਣੀ ਮਿਹਨਤ ਦੇ ਬਲਬੂਤੇ ਕੀਤਾ। ਇਸੇ ਲਈ ਇਤਿਹਾਸ ਨਾਲ ਸਬੰਧਿਤ ਬਹੁਤ ਸਾਰੀਆਂ ਪੁਸਤਕਾਂ ਕੇਵਲ ਤੇ ਕੇਵਲ ਡਾ. ਗੰਡਾ ਸਿੰਘ ਦੀ ਨਿੱਜੀ ਲਾਇਬਰੇਰੀ ਵਿਚ ਹੀ ਸਨ।

ਡਾ. ਗੰਡਾ ਸਿੰਘ ਦਾ ਯੋਗਦਾਨ ਪੰਜਾਬ ਦੇ ਇਤਿਹਾਸ ਅਤੇ ਇਤਿਹਾਸਕਾਰੀ ਨੂੰ ਬੁਲੰਦੀਆਂ ਤੇ ਪਹੁੰਚਾਉਣ ਵਿਚ ਇੱਕ ਵਿਅਕਤੀ ਦਾ ਨਾ ਹੋ ਕੇ ਇੱਕ ਸੰਸਥਾ ਦਾ ਜਾਪਦਾ ਹੈ। ਪੰਜਾਬ ਸਰਕਾਰ ਵੱਲੋਂ ਆਪ ਦੀਆਂ ਇਤਿਹਾਸ ਲੇਖਣ ਵਿਚ ਪਾਏ ਅਸੀਮ ਯੋਗਦਾਨ ਸਦਕਾ 1963 ਵਿਚ ਰਾਜ ਪੱਧਰੀ ਸਾਹਿੱਤ ਪੁਰਸਕਾਰ ਪ੍ਰਦਾਨ ਕਰ ਕੇ ਸਨਮਾਨਿਤ ਕੀਤਾ ਗਿਆ। ਇਸੇ ਸਾਲ ਰੋਟਰੀ ਕਲੱਬ ਪਟਿਆਲਾ ਨੇ ਆਪ ਦੀਆਂ ਉੱਚ ਪੱਧਰ ਦੀਆਂ ਸੇਵਾਵਾਂ ਨੂੰ ਧਿਆਨ ਵਿਚ ਰੱਖਦਿਆਂ ਆਪ ਦਾ ਸਨਮਾਨ ਕੀਤਾ। 1964 ਵਿਚ ਸ਼੍ਰੋਮਣੀ ਗੁਰਦੁਆਰਾ: ਪ੍ਰਬੰਧਕ; ਕਮੇਟੀ ਵੱਲੋਂ ਸਿੱਖ ਇਤਿਹਾਸ ਲਈ ਕੀਤੀਆਂ ਨਵੀਨ ਖੋਜਾਂ ਲਈ ਆਪ ਦਾ ਸਨਮਾਨ ਕੀਤਾ ਗਿਆ। ਚੰਡੀਗੜ੍ਹ ਗੁਰਦੁਆਰਾ ਅਸਥਾਪਨਾ ਕਮੇਟੀ ਵੱਲੋਂ ਵੀ 1964 ਵਿਚ ਆਪ ਦਾ ਸਨਮਾਨ ਕੀਤਾ ਗਿਆ। ਸਿੱਖ ਐਜੂਕੇਸ਼ਨਲ ਕਾਨਫ਼ਰੰਸ ਦੇ ਕਾਨਪੁਰ ਵਿਚ 1974 ਨੂੰ ਹੋਏ 52ਵੇਂ ਸਮਾਗਮ ਵਿਚ ਵੀ ਆਪ ਨੂੰ ਸਨਮਾਨਿਤ ਕੀਤਾ ਗਿਆ। ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵੱਲੋਂ 1964 ਵਿਚ ਡੀ.

ਲਿਟ ਦੀ ਆਨਰੇਰੀ ਡਿਗਰੀ ਪ੍ਰਦਾਨ ਕੀਤੀ ਗਈ। 1978 ਵਿਚ ਆਪ ਦੀ ਵਿਦਵਤਾ ਅਤੇ ਸਾਰਾ ਜੀਵਨ ਸਾਹਿੱਤ ਦੀ ਸੇਵਾ ਕਰਨ ਬਦਲੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਵੀ ਡੀ. ਲਿਟ. ਦੀ ਆਨਰੇਰੀ ਡਿਗਰੀ ਪ੍ਰਦਾਨ ਕੀਤੀ ਗਈ। ਅਕਾਦਮੀ ਆਫ਼ ਸਿੱਖ ਰਿਲੀਜ਼ਨ ਐਂਡ ਕਲਚਰ ਵੱਲੋਂ ਪਟਿਆਲਾ ਵੱਲੋਂ 1979 ਵਿਚ ਫੈਲੋਸ਼ਿਪ ਪ੍ਰਦਾਨ ਕੀਤੀ ਗਈ। ਇਤਿਹਾਸਕਾਰੀ ਦੇ ਖੇਤਰ ਵਿਚ ਪਾਏ ਵਡਮੁੱਲੇ ਯੋਗਦਾਨ ਦਾ ਸਦਕਾ ਭਾਰਤ ਸਰਕਾਰ ਵੱਲੋਂ ਆਪ ਨੂੰ 'ਪਦਮ ਭੂਸ਼ਣ' ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ ਪਰ ਆਪ ਨੇ ਇਹ ਸਨਮਾਨ ਦਰਬਾਰ ਸਾਹਿਬ ਤੇ ਹੋਏ ਹਮਲੇ ਦੇ ਰੋਸ ਵਜੋਂ ਵਾਪਸ ਕਰ ਦਿੱਤਾ ਸੀ। ਪੰਜਾਬ ਦੀ ਇਤਿਹਾਸਕਾਰੀ ਲਈ ਵਿਲੱਖਣ ਪ੍ਰਤਿਭਾ ਅਤੇ ਯੋਗਦਾਨ ਦਾ ਸਦਕਾ ਗੋਆ ਯੂਨੀਵਰਸਿਟੀ ਵੱਲੋਂ ਇੰਡੀਅਨ ਹਿਸਟਰੀ ਕਾਂਗਰਸ ਦੇ 1987 ਦੇ ਗੋਲਡਨ ਜੁਬਲੀ ਸੈਸ਼ਨ ਵਿਚ ਉਨ੍ਹਾਂ ਨੂੰ ਭਾਰਤ ਦੇ ਪੰਜ ਵਿਲੱਖਣ ਇਤਿਹਾਸਕਾਰਾਂ ਵਿਚੋਂ ਇੱਕ ਮੰਨਦਿਆਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।

ਡਾ. ਗੰਡਾ ਸਿੰਘ ਉਹ ਮਹਾਨ ਸ਼ਖ਼ਸੀਅਤ ਸਨ, ਜਿੰਨਾਂ ਦੁਆਰਾ ਪੰਜਾਬ ਦੀ ਇਤਿਹਾਸਕਾਰੀ ਲਈ ਕੀਤੇ ਯਤਨਾਂ ਸਦਕਾ ਅੱਜ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ 'ਪੰਜਾਬ ਇਤਿਹਾਸ ਅਧਿਐਨ ਵਿਭਾਗ' ਪੂਰੇ ਭਾਰਤ ਦੀਆਂ ਯੂਨੀਵਰਸਿਟੀਆਂ ਵਿਚ ਵਿਲੱਖਣ ਸਥਾਨ ਰੱਖਦਾ ਹੈ। ਆਪ ਦੁਆਰਾ ਇਤਿਹਾਸਕ ਸਰੋਤਾਂ ਦਾ ਇਕੱਤਰੀਕਰਨ ਅਤੇ ਪੰਜਾਬ ਦੇ ਇਤਿਹਾਸ ਨੂੰ ਪ੍ਰਮਾਣਿਕ ਤੱਥਾਂ ਦੇ ਅਧਾਰ ਤੇ ਪੇਸ਼ ਕਰਨ ਸਦਕਾ ਪੰਜਾਬ ਦਾ ਇਤਿਹਾਸ ਅਤੇ ਇਤਿਹਾਸਕਾਰੀ ਦਾ ਨਿਵੇਕਲਾ ਸਥਾਨ ਸਮੁੱਚੀ ਭਾਰਤੀ ਇਤਿਹਾਸਕਾਰੀ ਦੇ ਪ੍ਰਸੰਗ ਵਿਚ ਆਪਣੀ ਵੱਖਰੀ ਪਛਾਣ ਬਣਾ ਚੁੱਕਾ ਹੈ। ਅਠਾਰ੍ਹਵੀਂ ਸਦੀ ਦੇ ਸਿੱਖ ਇਤਿਹਾਸ ਨੂੰ ਭਾਰਤੀ ਇਤਿਹਾਸਕਾਰੀ ਦੇ ਕੇਂਦਰ ਵਿਚ ਲਿਆ ਕੇ ਸਥਾਪਤ ਕਰਨ ਦਾ ਸਿਹਰਾ ਆਪ ਦੇ ਸਿਰ ਬੱਝਦਾ ਹੈ। ਪੰਜਾਬ ਦੀ ਇਤਿਹਾਸਕਾਰੀ ਨੂੰ ਬੁਲੰਦੀਆਂ ਤੇ ਪਹੁੰਚਾਉਣ ਵਾਲਾ ਇਹ ਵਿਦਵਾਨ ਆਪਣੇ ਅੰਤਿਮ ਸਮੇਂ ਦੋ ਮਹੀਨੇ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਜ਼ੇਰੇ-ਇਲਾਜ਼ ਰਹਿਣ ਤੋਂ ਬਾਅਦ ਆਖ਼ਿਰ 27 ਦਸੰਬਰ, 1987 ਦੀ ਇੱਕ ਅਭਾਗੀ ਦੁਪਹਿਰ ਨੂੰ ਇਸ ਸੰਸਾਰ ਤੋਂ ਸਦਾ ਲਈ ਚਲਾਣੇ ਕਰ ਗਿਆ। ਪਰ ਆਪਣੇ ਪਿੱਛੇ ਛੱਡ ਗਿਆ ਇਤਿਹਾਸ ਅਤੇ ਇਤਿਹਾਸਕ ਸਰੋਤਾਂ ਦੀਆਂ ਉਹ ਗੂੜ੍ਹੀਆਂ ਪੈੜਾਂ ਜਿੰਨਾਂ ਤੇ ਚੱਲਕੇ ਆਉਣ ਵਾਲੇ ਵਿਦਵਾਨ ਸਦੀਆਂ ਤੱਕ ਆਪਣੀਆਂ ਖੋਜਾਂ ਨੂੰ ਜਾਰੀ ਰੱਖਣਗੇ।

## ਡਾ.ਗੰਡਾ ਸਿੰਘ ਦਾ ਰਚਨਾ ਸੰਸਾਰ

ਪੰਜਾਬੀ- ਮਹਾਰਾਜ ਕੌੜਾ ਮੱਲ ਬਹਾਦਰ, ਸ਼ਾਮ ਸਿੰਘ ਅਟਾਰੀ ਵਾਲਾ, ਜੀਵਨੀ ਬਾਬਾ ਬੰਦਾ ਸਿੰਘ ਬਹਾਦਰ, ਕੂਕਿਆਂ ਦੀ ਵਿਥਿਆ,ਸ: ਜੱਸਾ ਸਿੰਘ ਆਹਲੂਵਾਲੀਆ,ਅਫ਼ਗ਼ਾਨਿਸਤਾਨ ਵਿਚ ਇੱਕ ਮਹੀਨਾ, ਅਫ਼ਗ਼ਾਨਿਸਤਾਨ ਦਾ ਸਫ਼ਰ, ਸਿੱਖ ਇਤਿਹਾਸ, ਕੁੱਝ ਕੁ ਪੁਰਾਤਨ ਇਤਿਹਾਸਕ ਪੱਤਰੇ, ਸਿੱਖ ਇਤਿਹਾਸ ਬਾਰੇ, ਸਿੱਖ ਇਤਿਹਾਸਕ ਯਾਦਗਾਰਾਂ, ਪੰਜਾਬ ਦੀਆਂ ਵਾਰਾਂ, ਵਾਰ ਅੰਮ੍ਰਿਤਸਰ ਕੀ, ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜਾ, ਅਮਰ ਨਾਮਾ, ਨੰਦ ਲਾਲ ਗ੍ਰੰਥਾਵਲੀ, ਹੁਕਮਨਾਮੇ, ਅਮਰੀਕਾ ਵਿਚ ਹਿੰਦੁਸਤਾਨੀ, ਸਿੱਖ ਇਤਿਹਾਸ ਦੇ ਸਮਕਾਲੀ ਸਰੋਤ, ਮਹਾਰਾਜਾ ਰਣਜੀਤ ਸਿੰਘ: ਸ਼ਤਾਬਦੀ ਗ੍ਰੰਥ, ਜੰਗਨਾਮਾ ਕਾਜ਼ੀ ਨੂਰ ਮੁਹੰਮਦ, ਖ਼ਾਲਸਾ ਕਾਲਜ ਅੰਮ੍ਰਿਤਸਰ ਦਾ ਇਤਿਹਾਸ, ਸਿੱਖਾਂ ਦਾ ਸੰਖੇਪ ਇਤਿਹਾਸ, ਪਟਿਆਲਾ ਅਤੇ ਪੈਪਸੂ ਦੀਆਂ ਰਿਆਸਤਾਂ, ਪੈਪਸੂ ਸੰਦਰਭ ਗ੍ਰੰਥਾਵਲੀ, ਪੰਜਾਬ (1839-40): ਪੰਜਾਬੀ ਅਖ਼ਬਾਰਾਂ ਵਿਚੋਂ।

ਉਰਦੂ- ਇਨਕਸ਼ਾਫਿ-ਹਕੀਕਤ, ਮੀਰਾਤੁੱਤ-ਤਵਾਰੀਖ-ਇ-ਸਿੱਖਾਂ, ਅਵਰਾਕਿ-ਪਰੀਸ਼ਨ-ਇ-ਤਵਾਰੀਖ-ਇ-ਪੰਜਾਬ, ਸਿੱਖਾਂ ਬਾਰੇ ਉਰਦੂ ਅਤੇ ਫ਼ਾਰਸੀ ਖਰੜਿਆਂ ਦੀ ਸੂਚੀ, ਮੁਖ਼ਤਸਰ ਨਾਨਕਸ਼ਾਹੀ

ਜੰਤਰੀ, ਸੁਖਮਨੀ ਸਾਹਿਬ ਦਾ ਫ਼ਾਰਸੀ ਅਨੁਵਾਦ।

ਅੰਗਰੇਜ਼ੀ- ਲਾਈਫ਼ ਆਫ਼ ਬੰਦਾ ਸਿੰਘ ਬਹਾਦਰ, ਹਿਸਟਰੀ ਆਫ਼ ਗੁਰਦੁਆਰਾ ਸ਼ਹੀਦ ਗੰਜ ਲਾਹੌਰ, ਅਹਿਮਦ ਸ਼ਾਹ ਦੁਰਾਨੀ, ਏ ਸ਼ਾਰਟ ਹਿਸਟਰੀ ਆਫ਼ ਦੀ ਸਿੱਖਸ (ਪ੍ਰੋ. ਤੇਜਾ ਸਿੰਘ ਨਾਲ ਰਲ਼ ਕੇ), ਦੀ ਪੰਜਾਬ ਇਨ 1939-40, ਪ੍ਰਾਈਵੇਟ ਕਾਰਸਪੌਨਡੈਂਸ ਰੀਲੇਟਿੰਗ ਟੂ ਦੀ ਐਂਗਲੋ ਸਿੱਖ ਵਾਰਜ਼, ਏ ਬ੍ਰੀਫ਼ ਅਕਾਊਂਟ ਆਫ਼ ਦੀ ਸਿੱਖ ਪੀਪਲ, ਦੀ ਪਟਿਆਲਾ ਐਂਡ ਈਸਟ ਪੰਜਾਬ ਸਟੇਟਸ ਯੂਨੀਅਨ, ਮਹਾਰਾਜਾ ਰਣਜੀਤ ਸਿੰਘ , ਏ ਹਿਸਟਰੀ ਆਫ਼ ਦੀ ਖ਼ਾਲਸਾ ਕਾਲਜ ਅੰਮ੍ਰਿਤਸਰ, ਏ ਬਿਬਲੀਓਗ੍ਰਾਫ਼ੀ ਆਫ਼ ਪੰਜਾਬ, ਮਹਾਰਾਜਾ ਦਲੀਪ ਸਿੰਘ ਕਾਰਸਪੌਨਡੈਂਸ, ਹਿਸਟਰੀ ਆਫ਼ ਗੁਰਦੁਆਰਾ ਸ਼ਹੀਦ ਗੰਜ।

ਸਵਰਨਦੀਪ ਸਿੰਘ ਨੂਰ
ਪਿੰਡ-ਜੋਧਪੁਰ ਰੋਮਾਣਾ
ਜ਼ਿਲਾ- ਬਠਿੰਡਾ
ਮੋ-75891-19192





# ਭਾਈ ਵੀਰ ਸਿੰਘ: ਜੀਵਨ ਬਿਰਤਾਂਤ

ਪੰਜਾਬੀ ਦੀ ਇੱਕ ਕਹਾਵਤ ਐ ਕਿ ਚੰਨ ਕਦੇ ਗਹਿਣਿਆਂ ਦਾ ਮੁਹਤਾਜ ਨ੍ਹੀਂ ਹੁੰਦਾ। ਏਸੇ ਈ ਤਰ੍ਹਾਂ ਇੱਕ ਹੋਰ ਕਹਾਵਤ ਐ: ਚੰਨ ਤੇ ਥੁੱਕਿਆਂ, ਮੂੰਹ ਤੇ ਪੈਂਦੈ। ਇਹਨਾਂ ਦੋਨਾਂ ਈ ਤੱਥਾਂ ਦਾ ਸੰਬੰਧ ਕਿਸੇ ਨਾ ਕਿਸੇ ਤਰ੍ਹਾਂ ਏਸ ਲੇਖ ਵਿਚਲੀ ਸ਼ਖ਼ਸੀਅਤ ਨਾਲ ਜ਼ਰੂਰ ਜੁੜਦੈ।

ਜਿਸ ਸ਼ਖ਼ਸੀਅਤ ਦੀ ਗੱਲ ਮੈਂ ਹਥਲੇ ਲੇਖ ਚ ਕਰਨ ਜਾ ਰਿਹਾਂ। ਉਹ ਗੁਰਮੁਖੀ-ਜਿਊੜੇ ਹਨ: ਭਾਈ ਸਾਹਿਬ ਭਾਈ ਵੀਰ ਸਿੰਘ ਜੀ। ਉਨ੍ਹਾਂ ਨੂੰ ਕਿਸੇ ਨੇ ਡਾਕਟਰ ਭਾਈ ਵੀਰ ਸਿੰਘ ਕਿਹੈ,ਕਿਸੇ ਨੇ ਪਦਮ ਭੂਸ਼ਣ ਭਾਈ ਵੀਰ ਸਿੰਘ ਕਿਹੈ,ਕਿਸੇ ਨੇ ਕਰਮਯੋਗੀ ਭਾਈ ਵੀਰ ਸਿੰਘ ਕਿਹੈ। ਕਿਸੇ ਨੇ ਕੋਈ ਵਿਸ਼ੇਸ਼ਣ ਤੇ ਕਿਸੇ ਨੇ ਕੋਈ ਵਿਸ਼ੇਸ਼ਣ ਉਨ੍ਹਾਂ ਦੀ ਸ਼ਖ਼ਸੀਅਤ ਨਾਲ ਜੋੜਿਐ।

ਜੇ ਉਨ੍ਹਾਂ ਨੂੰ ਮਿਲੇ ਮਾਨਾਂ-ਸਨਮਾਨਾਂ ਵੱਲ ਵੇਖੀਏ ਤਾਂ ਡੀ.ਲਿਟ ਦੀ ਉਪਾਧੀ ਤੋਂ ਲੈ ਕੇ,ਪਦਮ-ਭੂਸ਼ਣ ਸਨਮਾਨ, ਭਾਰਤੀ ਸਾਹਿੱਤ ਅਕਾਦਮੀ ਐਵਾਰਡ ਆਦਿ ਹਰ ਤਰ੍ਹਾਂ ਦਾ ਦੁਨਿਆਵੀ ਮਾਣ-ਸਨਮਾਨ ਉਨ੍ਹਾਂ ਨੂੰ ਮਿਲਿਐ ਪਰ ਜਿਉਂ-ਜਿਉਂ ਏਸ ਲਾਸਾਨੀ ਸ਼ਖ਼ਸੀਅਤ ਦੀ ਝੋਲੀ ਮਾਨਾਂ-ਸਨਮਾਨਾਂ ਨਾਲ ਭਰਦੀ ਗਈ। ਇਹ ਸ਼ਖ਼ਸੀਅਤ ਠੰਢੇ-ਪਾਣੀਆਂ ਦੀ ਨਿਆਈਂ ਹੋਰ ਨਿਵਾਣਾਂ ਵੱਲ ਅਗਰਸਰ ਹੁੰਦੀ ਗਈ। ਲੋਕ ਭਾਵੇਂ ਸਮੇਂ ਦੇ ਨਾਲ-ਨਾਲ ਉਨ੍ਹਾਂ ਦੇ ਸ਼ੁਭ-ਗੁਣਾਂ ਨਾਲ ਮੇਲ ਖਾਂਦੇ ਵੱਖ-ਵੱਖ ਵਿਸ਼ੇਸ਼ਣ ਜੋੜਦੇ ਗਏ। ਪਰ ਉਹ ਖ਼ੁਦ ਸਾਰੀ ਉਮਰ ਆਪਣੇ ਆਪ ਨੂੰ ਭਾਈ ਸਾਹਿਬ ਅਖਵਾ ਕੇ ਈ ਖ਼ੁਸ਼ ਹੁੰਦੇ ਰਹੇ। ਇਸ ਪ੍ਰਕਾਰ ਉਨ੍ਹਾਂ ਨੇ ਪੰਜਾਬੀ ਲੋਕ-ਮਨਾਂ ਚ ਉੱਕਰੀ ਅਖਾਉਤ ਕਿ ਸੁੰਦਰਤਾ ਕਦੇ ਗਹਿਣਿਆਂ ਭਾਵ ਵਿਸ਼ੇਸ਼ਣਾਂ ਦੀ ਮੁਹਤਾਜ ਨ੍ਹੀਂ ਹੁੰਦੀ; ਸੱਚ ਸਾਬਤ ਕਰ ਦਿਖਾਈ।

ਹੁਣ ਦੂਜੇ ਤੱਥ ਦੀ ਵਿਚਾਰ ਕਰੀਏ ਕਿ ਚੰਨ ਤੇ ਥੁੱਕਿਆ ਹਮੇਸ਼ਾ ਮੂੰਹ ਤੇ ਕਿਵੇਂ ਪੈਂਦੈ। ਇਹ ਅਖਾਉਤ ਵੀ ਭਾਈ ਸਾਹਿਬ ਦੇ ਦੋਖੀਆਂ ਤੇ ਇੰਨ-ਬਿੰਨ ਢੁਕਦੀ ਏ। ਬਹੁਤ ਸਾਰੇ ਨਾਸਤਿਕ-ਵਾਦੀ ਸਮੇਂ-ਸਮੇਂ ਤੇ ਭਾਈ ਸਾਹਿਬ ਦੀ ਚੰਨ ਵਰਗੀ ਸ਼ਖ਼ਸੀਅਤ ਤੇ ਹਮੇਸ਼ਾ ਦਾਗ ਲਾਉਣ ਲਈ ਤਤਪਰ ਰਹੇ ਹਨ। ਅਨੇਕਾਂ ਯੂਨੀਵਰਸਿਟੀਆਂ ਦੀਆਂ ਕੁਰਸੀਆਂ ਸਾਂਭੀ ਬੈਠੇ ਇਹਨਾਂ ਲੋਕਾਂ ਨੇ ਭਾਈ ਸਾਹਿਬ ਨੂੰ 'ਦੇਸ਼ ਦੇ ਗ਼ੱਦਾਰ' ਤੱਕ ਦੀ ਸੰਗਿਆ ਦੇਣ ਦੀ ਕੋਸ਼ਿਸ਼ ਵੀ ਕੀਤੀ ਹੈ। ਪਰ ਇਹ ਸ਼ਬਾਬ ਤੇ ਸ਼ਰਾਬ ਦੀਆਂ ਨਦੀਆਂ ਚ ਡੁੱਬਣ ਵਾਲੇ ਭਾਈ ਸਾਹਿਬ ਦੀ ਅਨੂਠੀ ਤੇ ਇਲਾਹੀ ਰੰਗ ਚ ਰੰਗੀ ਸ਼ਖ਼ਸੀਅਤ ਨੂੰ ਕਦੇ ਵੀ ਸਮਝ ਨ੍ਹੀਂ ਸਕੇ।

ਕੁੱਝ ਤਰਕਵਾਦੀਆਂ ਦਾ ਵਿਚਾਰ ਐ ਕਿ ਜਦ ਆਜ਼ਾਦੀ ਦੀ ਜੰਗ ਲੜੀ ਜਾ ਰਹੀ ਸੀ ਤਾਂ ਭਾਈ ਵੀਰ ਸਿੰਘ ਕਸ਼ਮੀਰ ਚ ਬੈਠਾ 'ਵੈਰੀ ਨਾਗ' (ਇੱਕ ਚਸ਼ਮਾ) ਦੇ ਸੋਹਲੇ ਗਾਈ ਜਾ ਰਿਹਾ ਸੀ। ਉਸ ਨੂੰ ਪ੍ਰਕਿਰਤੀ ਨਾਲ ਪ੍ਰੇਮ ਤੋਂ ਈ ਵਿਹਲ ਨ੍ਹੀਂ ਸੀ ਮਿਲ ਰਹੀ। ਇਹਨਾਂ ਲੋਕਾਂ ਦਾ ਗਿਲਾ ਏ ਕਿ ਭਾਈ ਸਾਹਿਬ ਨੇ

ਦੇਸ਼ ਦੀ ਆਜ਼ਾਦੀ  ਲਈ ਕਦੇ ਵੀ ਹਾਅ ਦਾ ਨਾਅਰਾ ਨਹੀਂ ਮਾਰਿਆ।

ਐਸੇ ਸਤਹੀ ਗਿਆਨ ਵਾਲਿਆਂ ਨੂੰ ਦੱਸਣਾ ਜ਼ਰੂਰੀ ਐ ਕਿ ਭਾਈ ਸਾਹਿਬ ਕੋਈ ਰਾਜਨੀਤਕ ਵਿਅਕਤੀ ਨਹੀਂ ਸਨ ਜੋ ਨਾਅਰੇ ਮਾਰਦੇ ਹੋਏ ਲੋਕਾਂ ਨੂੰ ਪਿੱਛੇ ਲਾ ਆਪਣੇ ਵਿਚਾਰਾਂ ਦਾ ਇਜ਼ਹਾਰ ਕਰਦੇ। ਵੈਸੇ ਉਹ ਲੋਕ ਵੀ ਮੁਬਾਰਕ ਨੇ ਜਿਨ੍ਹਾਂ ਨੇ ਇਸ ਤਰੀਕੇ ਨਾਲ ਆਜ਼ਾਦੀ ਦੀ ਜੱਦੋ-ਜਹਿਦ ਚ ਹਿੱਸਾ ਪਾਇਆ।ਪਰ ਹਰ ਜੰਗ ਵਿਚ ਹਰ ਬੰਦੇ ਦਾ ਯੋਗਦਾਨ ਇੱਕੋ ਤਰੀਕੇ ਨਾਲ ਵੇਖਣਾ ਸਰਾਸਰ ਬੇਇਨਸਾਫ਼ੀ ਏ।ਆਜ਼ਾਦੀ ਦੀ ਲੜਾਈ ਲਈ ਹਰ ਦੇਸ਼-ਭਗਤ ਆਪੋ-ਆਪਣੇ ਵਿੱਤ ਮੁਤਾਬਿਕ ਆਪੋ-ਆਪਣੇ ਤਰੀਕੇ ਨਾਲ ਯੋਗਦਾਨ ਦੇ ਰਿਹਾ ਸੀ।

ਭਾਈ ਸਾਹਿਬ ਪੰਜਾਬ ਦੀ ਧਰਤੀ ਦੇ ਵਰੋਸਾਏ ਇੱਕ ਸੁਹਿਰਦ ਸ਼ਾਇਰ ਸਨ ਜਿਨ੍ਹਾਂ ਨੇ ਇਹਨਾਂ ਹਾਲਤਾਂ ਚ ਆਪਣੇ ਫ਼ਰਜ਼ ਨੂੰ ਬਾਖ਼ੂਬੀ ਨਿਭਾਇਆ। ਆਪਣੇ ਇਲਾਹੀ-ਇਤਕਾਦ ਤੇ ਪ੍ਰਭੂ-ਪ੍ਰੇਮਾ ਭਗਤੀ ਦੇ ਨਾਲ-ਨਾਲ 'ਗੁਲਾਮੀ ਦਾ ਪਿੰਜਰਾ' ਤੋੜਨ ਲਈ ਵੀ ਦੇਸ਼ ਵਾਸੀਆਂ ਨੂੰ ਹਲੂਣਿਆ। ਉਨ੍ਹਾਂ ਦੀ ਪ੍ਰਸਿੱਧ ਕਵਿਤਾ 'ਪਿੰਜਰੇ ਪਿਆ ਪੰਛੀ' ਕਲਾ ਨੂੰ ਪ੍ਰਣਾਏ ਇੱਕ ਸੁਹਿਰਦ ਕਵੀ ਵਾਂਗ ਹਾਕਮਾਂ ਦੀ ਨੀਯਤ ਤੇ ਜਨਤਾ ਦੀ ਤ੍ਰਾਸਦੀ ਨੂੰ ਇਹਨਾਂ ਸ਼ਬਦਾਂ ਚ ਬਿਆਨ ਕਰਦੀ ਹੈ:

ਜ਼ਾਲਮ ਖੜ੍ਹਾ ਹਵਾ ਖੁੱਲ੍ਹੀ ਵਿਚ, ਆਖੇ ਪਿੰਜਰਾ ਸੋਹਣਾ।
ਵਿਚ ਆ ਜਾਵੇਂ,ਫੇਰ ਮੈਂ ਪੁੱਛਾਂ, ਕਿੰਨਾ ਹੈ ਮਨਮੋਹਣਾ!

ਪ੍ਰਤੀਕਾਤਮਿਕ ਤਰੀਕੇ ਨਾਲ 'ਹਾਕਮ' ਨੂੰ 'ਜ਼ਾਲਮ' ਕਹਿਣਾ ਤੇ ਗੁਲਾਮੀ ਦੇ ਪਿੰਜਰੇ ਚ ਕੈਦ ਭਾਰਤੀ ਜਨਤਾ ਨੂੰ ਕੈਦ ਪੰਛੀ ਦੀ ਸੰਗਿਆ ਦੇ ਕੇ ਮਜ਼ਲੂਮ ਲੋਕਾਂ ਦੀ  ਤ੍ਰਾਸਦੀ ਨੂੰ ਬਿਆਨ ਕਰ ਕੇ ਭਾਈ ਸਾਹਿਬ ਨੇ ਸੂਰਮਿਆਂ ਵਾਲਾ ਕਾਰਜ ਕੀਤਾ ਹੈ।

ਏਸੇ ਨਾਰਾਜ਼ਗੀ ਦੇ ਚੱਲਦਿਆਂ ਉਸ ਵਕਤ ਦੀ ਹਿੰਦ ਸਰਕਾਰ ਦੇ ਖ਼ੁਫ਼ੀਆ ਵਿਭਾਗ ਦੇ ਸਹਾਇਕ ਡਾਇਰੈਕਟਰ ਐਮ. ਡੀ. ਪੈਟਰੀ ਨੇ 1917 ਦੀ ਆਪਣੀ ਰਿਪੋਰਟ ਚ ਭਾਰਤ ਸਰਕਾਰ ਨੂੰ ਲਿਖਿਆ ਸੀ- "ਭਾਈ ਵੀਰ ਸਿੰਘ ਗੁਰਮੁਖੀ ਅਖ਼ਬਾਰ ਖ਼ਾਲਸਾ ਸਮਾਚਾਰ ਦਾ ਐਡੀਟਰ ਤੇ ਪ੍ਰਬੰਧਕ ਹੈ। ਉਹ ਸਿੱਖਾਂ ਵਿਚ ਜਾਗ੍ਰਿਤੀ ਲਿਆਉਣ ਵਾਲੀ ਸੰਸਥਾ ਦਾ ਸਿਰਕੱਢ ਆਗੂ ਹੈ। ਉਨ੍ਹਾਂ ਦੇ ਵਿਚਾਰ ਪੂਰੀ ਤਰ੍ਹਾਂ ਵਿਦਰੋਹੀ ਹਨ। ਸਥਾਨਕ ਅਫ਼ਸਰਾਂ ਦੀ ਵੀ ਇਹੋ ਰਾਇ ਹੈ। ਚੀਫ਼ ਖ਼ਾਲਸਾ ਦੀਵਾਨ ਦੀਆਂ ਨੀਤੀਆਂ ਵਿਚ ਵੀ ਉਹਦੀ ਹੀ ਗੱਲ ਚੱਲਦੀ ਹੈ। ਉਹ ਦਰਬਾਰ ਸਾਹਿਬ ਦੇ ਵੱਡੇ ਗ੍ਰੰਥੀ ਨੂੰ ਇਸ ਦਾ ਪ੍ਰਬੰਧ ਨਵੀਂ ਸਿੱਖ ਪਾਰਟੀ ਦੇ ਹਵਾਲੇ ਕਰਨ ਲਈ ਅਕਸਰ ਕਹਿੰਦਾ ਰਹਿੰਦਾ ਹੈ। ਉਸ ਦਾ 'ਖ਼ਾਲਸਾ ਟਰੈਕਟ ਸੁਸਾਇਟੀ' ਤੇ ਵੀ ਪੂਰਾ ਅਧਿਕਾਰ ਹੈ। ਉਸ ਨੂੰ ਯਕੀਨਨ ਇੱਕ ਜੋਸ਼ੀਲਾ ਨਵਾਂ-ਸਿੱਖ ਤੇ ਬਰਤਾਨਵੀ ਰਾਜ ਦਾ ਕੱਟੜ ਵਿਰੋਧੀ ਸਮਝਿਆ ਜਾ ਸਕਦਾ ਹੈ। "

ਇਸ ਉਪਰੋਕਤ ਸੀ.ਆਈ. ਡੀ ਰਿਪੋਰਟ ਤੋਂ ਸਪਸ਼ਟ ਹੈ ਕਿ ਭਾਈ ਸਾਹਿਬ ਗਾਹੇ-ਬਗਾਹੇ ਅੰਗਰੇਜ਼ ਸਰਕਾਰ ਦੀ ਅੱਖ ਦਾ ਰੋੜਾ ਸਨ। ਇਸ ਪ੍ਰਕਾਰ ਭਾਈ ਸਾਹਿਬ ਤੇ ਊਜਾਂ ਲਾਉਣ ਵਾਲੇ ਨਾਸਤਿਕ ਟੋਲੇ ਪੂਰੀ ਤਰ੍ਹਾਂ ਗਲਤ ਸਾਬਤ ਹੁੰਦੇ ਹਨ।

ਗੁਰਮੁਖੀ-ਜਿਊੜੇ ਭਾਈ ਸਾਹਿਬ ਤਾਂ ਕਿਸੇ ਸਧਾਰਨ ਇਨਸਾਨ ਦਾ ਸਧਾਰਨ ਦੁੱਖ ਵੀ ਨ੍ਹੀਂ ਸੀ ਜਰ ਸਕਦੇ। ਫਿਰ ਉਹ ਅੰਗਰੇਜ਼ਾਂ ਦੁਆਰਾ ਢਾਹੇ ਜ਼ੁਲਮਾਂ ਦੇ ਹਿਮਾਇਤੀ ਕਿੱਥੋਂ ਬਣ ਗਏ? ਉਨ੍ਹਾਂ ਦੀ ਆਪਣੀ ਜ਼ੁਬਾਨੀ:

ਦੁਨੀਆਂ ਦਾ ਦੁੱਖ ਦੇਖ-ਦੇਖ, ਦਿਲ ਦੱਬਦਾ -ਦੱਬਦਾ ਜਾਂਦਾ।

ਪਰ ਪੱਥਰ ਨਹੀਂ ਬਣਿਆ ਜਾਂਦਾ, ਦਰਦ ਦੇਖ ਦੁੱਖ ਆਂਦਾ।

ਐਸੀ ਗੁਰਮੁਖੀ-ਰੂਹ ਦਾ ਜਨਮ 5 ਦਸੰਬਰ 1872 ਨੂੰ ਪਾਵਨ ਧਰਤੀ ਅੰਮ੍ਰਿਤਸਰ ਵਿਖੇ ਡਾਕਟਰ ਚਰਨ ਸਿੰਘ ਦੇ ਗ੍ਰਹਿ ਮਾਤਾ ਉੱਤਮ ਕੌਰ ਦੀ ਕੁੱਖੋਂ ਹੋਇਆ।

ਆਪ ਦੇ ਪਿਤਾ ਜੀ ਡਾਕਟਰੀ ਦੇ ਨਾਲ-ਨਾਲ ਚੰਗੇ ਵਿਦਵਾਨ ਸਨ। ਮਾਤਾ ਉੱਤਮ ਕੌਰ ਗਿਆਨੀ ਹਜ਼ਾਰਾ ਸਿੰਘ ਦੀ ਸੁਹਿਰਦ ਸਪੁੱਤਰੀ ਸੀ। ਇਸ ਧਰਮਾਤਮਾ ਮਾਂ ਨੇ ਭਾਈ ਸਾਹਿਬ ਦੀ ਸ਼ਖ਼ਸੀਅਤ ਦਾ ਮੁੱਢਲਾ ਬਾਂਨ੍ਹਣੂੰ ਬੰਨ੍ਹਣ ਚ ਬੜਾ ਯੋਗਦਾਨ ਪਾਇਆ।

ਹੈਰਾਨੀ ਦੀ ਗੱਲ ਐ ਕਿ ਆਪਣੇ ਨਾਨਾ ਗਿਆਨੀ ਹਜ਼ਾਰਾ ਸਿੰਘ ਦੀ ਸੰਗਤ ਚ ਭਾਈ ਸਾਹਿਬ ਨੇ ਸਿਰਫ਼ ਅੱਠ ਸਾਲ ਦੀ ਛੋਟੀ ਉਮਰੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਭੋਗ ਪਾ ਲਿਆ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਚ ਜਦ ਭਾਈ ਸਾਹਿਬ ਨੇ ਮੁਹਾਰਤ ਹਾਸਲ ਕਰ ਲਈ ਤਾਂ ਫਿਰ ਇੱਕ ਸਥਾਨਕ ਪਾਂਧੇ ਕੋਲੋਂ ਭਾਈ ਸਾਹਿਬ ਨੇ ਕੰਮ ਚਲਾਊ ਹਿਸਾਬ-ਕਿਤਾਬ ਦੀ ਗਣਿਤ-ਵਿੱਦਿਆ ਲਈ। ਫਿਰ ਇੱਕ ਮੌਲਵੀ ਸਾਹਿਬ ਤੋਂ ਫ਼ਾਰਸੀ ਦਾ ਕੁੱਝ ਗਿਆਨ ਲਿਆ।

ਦਸ ਸਾਲ ਦੀ ਉਮਰੇ 1882 ਈ. ਨੂੰ ਭਾਈ ਸਾਹਿਬ ਨੂੰ ਅੰਮ੍ਰਿਤਸਰ ਦੇ ਮਿਸ਼ਨਰੀ ਈਸਾਈਆਂ ਦੁਆਰਾ ਚਲਾਏ ਜਾਂਦੇ ਮਿਸ਼ਨ ਸਕੂਲ ਵਿਚ ਦਾਖਲ ਕਰਵਾ ਦਿੱਤਾ ਗਿਆ।

ਇੱਥੇ ਇਹ ਦੱਸਣਾ ਜ਼ਰੂਰੀ ਐ ਕਿ ਆਪਣੇ ਜੀਵਨ ਦੇ ਮੁੱਢਲੇ ਦਸ ਸਾਲ ਭਾਈ ਸਾਹਿਬ ਨੇ ਘਰ-ਪਰਿਵਾਰ ਤੇ ਬਜ਼ੁਰਗਾਂ ਦੀ ਗੋਦ ਦਾ ਅਨੰਦ ਮਾਣਦਿਆਂ ਬਿਤਾਏ ਤੇ ਇਹਨਾਂ ਮੁੱਢਲੇ ਸਾਲਾਂ ਦੌਰਾਨ ਉਨ੍ਹਾਂ ਨੇ ਅੱਜ ਦੀ ਰਵਾਇਤੀ ਸਿੱਖਿਆ ਦੀ ਬਜਾਇ ਸਭ ਤੋਂ ਪਹਿਲਾਂ ਗੁਰਬਾਣੀ ਦੀ ਤਾਲੀਮ ਲਈ।

ਧਿਆਨ ਦੇਣਾ ਬਣਦਾ ਹੈ ਕਿ ਇਹੀ ਪਹਿਲੇ ਅੱਠ-ਦਸ ਸਾਲਾਂ ਨੇ ਭਾਈ ਸਾਹਿਬ ਦੀ ਸ਼ਖ਼ਸੀਅਤ ਚ ਸਿੱਖੀ ਸਪਿਰਿਟ ਨੂੰ ਐਨਾ ਦ੍ਰਿੜ ਕੀਤਾ ਕਿ ਉਹ ਸਾਰੀ ਉਮਰ ਆਪਣੇ ਅਕੀਦੇ ਤੇ ਪੂਰੀ ਤਰ੍ਹਾਂ ਡਟੇ ਰਹੇ।

ਇੱਥੇ ਇਹ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਅੱਜ ਅਸੀਂ ਆਧੁਨਿਕਤਾ ਦਾ ਦਮ ਭਰਨ ਵਾਲੇ ਧਾਰਮਿਕ ਵਿੱਦਿਆ ਨੂੰ ਅਨਪੜ੍ਹਾਂ ਤੇ ਜਾਹਲਾਂ ਦੀ ਵਿੱਦਿਆ ਦਾ ਨਾਂ ਦੇ ਕੇ ਇੱਥੋਂ ਤੱਕ ਕਹਿਣ ਦੀ ਹਮਾਕਤ ਕਰਦੇ ਹਾਂ ਕਿ ਅਸੀਂ ਕਿਹੜਾ ਬਾਣੀ ਪੜ੍ਹਾ ਕੇ ਨਿਆਣਿਆਂ ਨੂੰ 'ਪਾਠੀ' ਬਣਾਉਣੈਂ।

ਪਿਆਰਿਓ ! ਜੇ ਇਹ ਪਹਿਲੀ ਉਮਰੇ 'ਪਾਠੀ' ਨਾ ਬਣੇ ਤਾਂ ਜਵਾਨੀ ਦੀ ਦਹਿਲੀਜ਼ ਤੇ ਚੜ੍ਹਦਿਆਂ 'ਨਸ਼ੇੜੀ' ਜ਼ਰੂਰ ਬਣ ਜਾਣਗੇ।

ਖੈਰ ਗੱਲ ਚੱਲਦੀ ਸੀ, ਭਾਈ ਸਾਹਿਬ ਦੀ ਸ਼ਖ਼ਸੀਅਤ ਦੀ। ਭਾਈ ਸਾਹਿਬ ਨੇ 1891 ਈ. 'ਚ ਦਸਵੀਂ ਜਮਾਤ ਸਾਰੇ ਜ਼ਿਲ੍ਹੇ ਚੋਂ ਅੱਵਲ ਰਹਿ ਕੇ ਪਾਸ ਕੀਤੀ। ਸਕੂਲ ਦੇ ਅੰਗਰੇਜ਼ ਹੈੱਡਮਾਸਟਰ ਨੇ ਵਿਦਿਆਲਿਆ 'ਚ ਇੱਕ ਵਿਸ਼ੇਸ਼ ਸਮਾਗਮ ਰੱਖ ਕੇ ਭਾਈ ਸਾਹਿਬ ਨੂੰ ਸਰਟੀਫਿਕੇਟ ਸਮੇਤ ਇੱਕ ਸੁੰਦਰ ਜਿਲਦ ਚ ਛਪੀ 'ਪਵਿੱਤਰ ਬਾਈਬਲ' ਭੇਟ ਕਰ ਕੇ ਆਪਣੀ ਛਾਤੀ ਨਾਲ ਲਾ ਲਿਆ।

ਸਕੂਲੀ ਪੜ੍ਹਾਈ ਖ਼ਤਮ ਹੋਣ ਤੋਂ ਬਾਦ ਓਸ ਵਕਤ ਕਾਲਜਾਂ ਦੀ ਪੜ੍ਹਾਈ ਦਾ ਕੋਈ ਖ਼ਾਸ ਪ੍ਰਬੰਧ ਨਹੀਂ ਸੀ। ਮੈਟ੍ਰਿਕ ਪੱਧਰ ਦੀ ਦੁਨਿਆਵੀ ਵਿੱਦਿਆ ਤੋਂ ਬਾਦ ਵਿਦਿਆਰਥੀ ਅਕਸਰ ਆਪੋ-ਆਪਣੇ ਕਿੱਤੇ ਲੱਗ ਜਾਂਦੇ ਸਨ।

ਸੋ ਭਾਈ ਸਾਹਿਬ ਨੇ ਵੀ ਆਪਣੇ ਵੱਡੇ ਭਰਾ ਸ: ਵਜ਼ੀਰ ਸਿੰਘ ਨਾਲ ਰਲ ਕੇ 'ਵਜ਼ੀਰ ਹਿੰਦ ਪ੍ਰੈੱਸ'

ਲਗਾ ਲਈ। ਵਜ਼ੀਰ ਹਿੰਦ ਪ੍ਰੈੱਸ ਦੀ ਕਾਇਮੀ ਹੋਣ ਦੀ ਦੇਰ ਸੀ ਕਿ ਭਾਈ ਸਾਹਿਬ ਨੇ ਸਿੱਖ ਧਰਮ ਦੀ ਅਧੋਗਤੀ ਦੇਖ ਕੇ ਕੌਮ ਚ ਇੱਕ ਨਵੀਂ ਰੂਹ ਫੂਕਣ ਲਈ ਭਾਈ ਕੌਰ ਸਿੰਘ ਧੂਪੀਏ ਨੂੰ ਨਾਲ ਲੈ ਕੇ 'ਖ਼ਾਲਸਾ ਟਰੈਕਟ ਸੁਸਾਇਟੀ' ਬਣਾ ਲਈ।

ਵਾਹਿਗੁਰੂ ਦਾ ਭਾਣਾ ਐਸਾ ਵਰਤਿਆ ਕਿ ਅਗਲੇ ਈ ਸਾਲ ਭਾਈ ਕੌਰ ਸਿੰਘ ਦਾ ਦੇਹਾਂਤ ਹੋ ਗਿਆ ਤੇ 'ਖ਼ਾਲਸਾ ਟਰੈਕਟ ਸੁਸਾਇਟੀ' ਦਾ ਸਾਰਾ ਭਾਰ ਭਾਈ ਸਾਹਿਬ ਦੇ ਮੋਢਿਆਂ ਤੇ ਆ ਪਿਆ।

ਇਹਨੀਂ ਦਿਨੀਂ 1897ਈ. ਚ ਸੂਬਾ ਸਰਹੱਦ (ਪੱਛਮੀ ਪੰਜਾਬ) ਵਾਲੇ ਪਾਸੇ ਸਾਰਾਗੜ੍ਹੀ ਦਾ ਮਹਾਨ ਸਾਕਾ ਵਾਪਰ ਗਿਆ। ਅੰਗਰੇਜ਼ਾਂ ਸਰਕਾਰ ਦੀ ਤਰਫ਼ੋਂ ਸਿਰਫ਼ 22 ਦੇ ਕਰੀਬ ਸਿੱਖ ਸਿਪਾਹੀਆਂ ਨੇ ਹਜ਼ਾਰਾਂ ਪਠਾਣਾਂ ਦਾ ਐਸੀ ਦ੍ਰਿੜਤਾ ਨਾਲ ਮੁਕਾਬਲਾ ਕੀਤਾ ਕਿ ਅੰਗਰੇਜ਼ ਸਰਕਾਰ ਵੀ ਦੰਗ ਰਹਿ ਗਈ। ਵਿਸ਼ਵ ਪੱਧਰ ਤੇ ਇਹਨਾਂ 22 ਸਿੰਘਾਂ ਦੀ ਸ਼ਹੀਦੀ ਨੂੰ ਪ੍ਰਚਾਰਿਆ ਜਾ ਰਿਹਾ ਸੀ। ਖਾਲਸੇ ਦੀ ਬਹਾਦਰੀ ਦੀ ਵਿਸ਼ਵ ਪੱਧਰ ਤੇ ਧਾਕ ਜੰਮ ਚੁੱਕੀ ਸੀ। ਐਸੇ ਮਾਹੌਲ ਚ ਈ ਭਾਈ ਸਾਹਿਬ ਨੇ ਪੰਜਾਬੀ ਦਾ ਪਹਿਲਾ ਨਾਵਲ'ਸੁੰਦਰੀ' ਤੇ ਫਿਰ 'ਬਿਜੈ ਸਿੰਘ' ਰਚ ਕੇ ਸਿੱਖ ਨੌਜਵਾਨਾਂ ਦੀ ਬਹਾਦਰੀ ਨੂੰ ਜੱਗ-ਜ਼ਾਹਰ ਕਰ ਦਿੱਤਾ।

'ਸੁੰਦਰੀ ਤੇ ਬਿਜੈ ਸਿੰਘ ਨਾਵਲਾਂ ਨੇ ਓਸ ਵਕਤ ਦੀ ਸਿੱਖ-ਜਵਾਨੀ ਚ ਇੱਕ ਨਵੀਂ ਰੂਹ ਫੂਕ ਦਿੱਤੀ। ਹਰ ਪੜ੍ਹ-ਲਿਖ ਸਕਣ ਵਾਲੇ ਨੌਜਵਾਨ ਦੇ ਸਿਰਹਾਣੇ ਇਹ ਨਾਵਲ ਜ਼ਰੂਰ ਪਏ ਰਹਿੰਦੇ ਸਨ। ਸਿੱਖ ਬੱਚੀਆਂ ਤਾਂ 'ਸੁੰਦਰੀ' ਨਾਵਲ ਵਿਚਲੀ ਪਾਤਰ ਸੁੰਦਰੀ ਨਾਲ ਆਪਣੀ ਸ਼ਖ਼ਸੀਅਤ ਦੀ ਤੁਲਨਾ ਕਰਦੀਆਂ ਰਸ-ਵਿਭੋਰ ਹੋ ਜਾਂਦੀਆਂ।

ਨੌਜਵਾਨ ਦਿਲਾਂ ਦੀ ਥਾਹ ਇੱਕ ਨੌਜਵਾਨ ਈ ਪਾ ਸਕਦਾ ਸੀ। ਸੋ, ਭਾਈ ਸਾਹਿਬ ਨੇ ਲੋਹਾ ਗਰਮ ਵੇਖ ਕੇ ਪੈਂਦੀ ਸੱਟੇ 'ਸਤਵੰਤ ਕੌਰ' ਤੇ 'ਬਾਬਾ ਨੌਧ ਸਿੰਘ' ਨਾਂ ਦੇ ਦੋ ਹੋਰ ਇਤਿਹਾਸਕ ਨਾਵਲ ਲਿਖ ਮਾਰੇ।

ਉਧਰ ਲੱਗਦੇ ਹੱਥ 'ਖ਼ਾਲਸਾ ਸਮਾਚਾਰ' ਨਾਂ ਦਾ ਸਪਤਾਹਿਕ ਅਖ਼ਬਾਰ ਵੀ ਸ਼ੁਰੂ ਕਰ ਕੇ ਇਹਨਾਂ ਰਚਨਾਵਾਂ ਨੂੰ ਏਸ ਅਖ਼ਬਾਰ ਚ ਨਿਰੰਤਰ ਛਾਪਿਆ ਜਾਣ ਲੱਗਾ।

ਭਾਈ ਸਾਹਿਬ ਦੁਆਰਾ ਸਿੱਖ ਸਾਹਿੱਤ ਰਾਹੀਂ ਲਿਆਂਦੀ ਏਸ ਖ਼ਾਲਸਾਈ ਹਨੇਰੀ ਨੇ ਗ਼ੈਰਾਂ ਦੇ ਬਨੇਰਿਆਂ ਤੇ ਰੁਲਦੀ ਫਿਰਦੀ ਸਿੱਖ-ਜਵਾਨੀ ਨੂੰ ਇੱਕੋ ਥਾਂ ਲਿਆ ਇਕੱਠਿਆਂ ਕੀਤਾ।

ਇਸ ਸਮੇਂ ਚੀਫ਼ ਖ਼ਾਲਸਾ ਦੀਵਾਨ ਦੇ ਰੂਪ ਚ ਇੱਕ ਵੱਡੀ ਸਿੱਖ ਜਥੇਬੰਦੀ ਅੰਮ੍ਰਿਤਸਰ ਚ ਖੜ੍ਹੀ ਹੋ ਚੁੱਕੀ ਸੀ। ਭਾਈ ਸਾਹਿਬ ਏਸ ਸੰਸਥਾ ਦੀ ਰੂਹ-ਏ-ਰਵਾਂ ਸਨ। ਬੇਸ਼ੱਕ ਆਪ ਜੀ ਘੱਟ ਬੋਲਣ ਵਾਲੇ ਇਨਸਾਨ ਸਨ ਤੇ ਸਟੇਜੀ ਪ੍ਰਚਾਰ ਤੋਂ ਅਕਸਰ ਦੂਰ ਰਹਿੰਦੇ ਸਨ। ਸੰਕੋਚਵੀਂ ਸ਼ਖ਼ਸੀਅਤ ਦੇ ਬਾਵਜੂਦ ਆਪ ਦੀਆਂ ਲਿਖਤਾਂ ਨੇ ਕਮਾਲ ਕਰਨਾ ਸ਼ੁਰੂ ਕਰ ਦਿੱਤਾ ਸੀ।

ਮਹਾਂਕਾਵਿ 'ਰਾਣਾ ਸੂਰਤ ਸਿੰਘ' ਤੋਂ ਇਲਾਵਾ ਉਨ੍ਹਾਂ ਨੇ ਸਿੱਖ ਇਤਿਹਾਸ ਦੇ ਲਗਭਗ ਸਾਰੇ ਹੀ ਪੁਰਾਤਨ ਸੋਮਿਆਂ ਨੂੰ ਦੁਬਾਰਾ ਸੰਪਾਦਿਤ ਕਰਨ ਦਾ ਬਿਖੜਾ ਕਾਰਜ ਅਰੰਭ ਕਰ ਦਿੱਤਾ। ਪੁਰਾਤਨ ਜਨਮ ਸਾਖੀ ਤਾਂ ਉਹ 1916 ਦੇ ਕਰੀਬ ਇੰਗਲੈਂਡ ਦੇ ਇੱਕ ਅਜਾਇਬ ਘਰ ਤੋਂ ਲਿਆਏ ਤੇ ਇਸ ਨੂੰ ਦੁਬਾਰਾ ਸੰਪਾਦਿਤ ਕੀਤਾ।

ਉਨ੍ਹਾਂ ਦੁਆਰਾ ਰਚਿਤ ਗੁਰੂ ਸਾਹਿਬਾਨ ਦੀਆਂ ਰਸ-ਵਿਭੋਰ ਜੀਵਨੀਆਂ ਅੱਜ ਵੀ ਪਾਠਕ ਨੂੰ ਅਗੰਮੀ ਖੇੜਾ ਦਿੰਦੀਆਂ ਹਨ। ਕਵਿਤਾ ਵਿਚ ਤਾਂ ਭਾਈ ਸਾਹਿਬ ਆਪਣੀ ਮਿਸਾਲ ਆਪ ਸਨ। ਜਿੱਥੇ ਭਾਈ ਸਾਹਿਬ ਨੂੰ ਪੰਜਾਬੀ ਨਾਵਲ ਦਾ ਪਿਤਾਮਾ ਮੰਨਿਆ ਜਾਂਦਾ ਹੈ ਉੱਥੇ ਆਧੁਨਿਕ ਪੰਜਾਬੀ ਕਵਿਤਾ ਦਾ ਆਗਾਜ਼

ਵੀ ਭਾਈ ਸਾਹਿਬ ਦੁਆਰਾ ਰਚੀਆਂ ਨਿੱਕੀਆਂ ਕਵਿਤਾਵਾਂ ਰਾਹੀਂ ਹੀ ਹੁੰਦਾ ਹੈ।ਭਾਈ ਸਾਹਿਬ ਨੇ ਇੱਕ ਨਵਾਂ ਛੰਦ 'ਤੁਰਿਆਈ' ਪੰਜਾਬੀ ਮਾਂ-ਬੋਲੀ ਦੀ ਝੋਲੀ ਪਾਇਆ।ਆਪ ਨੇ ਪ੍ਰਕ੍ਰਿਤੀ-ਪ੍ਰੇਮ ਨਾਲ ਲਬਰੇਜ਼ ਬਹੁਤ ਸਾਰੀਆਂ ਕਵਿਤਾਵਾਂ ਦੀ ਰਚਨਾ ਕੀਤੀ। ਜਿਸ ਕਰ ਕੇ ਭਾਈ ਸਾਹਿਬ ਦੀ ਤੁਲਨਾ ਇੰਗਲਿਸਤਾਨ ਦੇ ਮਹਾਨ ਕਵੀ 'ਵਿਲੀਅਮ ਵਰਡਜ਼ਵਰਥ' ਨਾਲ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਪ੍ਰਭੂ-ਪਿਆਰੇ ਦੀ ਯਾਦ ਤੇ ਤੜਪ ਉਨ੍ਹਾਂ ਦੀਆਂ ਕਵਿਤਾਵਾਂ ਦਾ ਇੱਕ ਹੋਰ ਹਾਸਲ ਹੈ।

ਉਨ੍ਹਾਂ ਦੀਆਂ ਕਵਿਤਾਵਾਂ ਵਿਚਲੀਆਂ ਅਨੇਕਾਂ ਸਿੱਖਿਆਦਾਇਕ ਟੂਕਾਂ ਲਗਭਗ ਸੌ ਸਾਲ ਬੀਤਣ ਦੇ ਬਾਦ ਵੀ ਲੋਕ-ਮਨਾਂ ਤੇ ਜਿਉਂ ਦੀਆਂ ਤਿਉਂ ਰਾਜ ਕਰ ਰਹੀਆਂ ਨੇ। ਜਿਵੇਂ:

1.ਰਹੀ ਵਾਸਤੇ ਘੱਤ ਸਮੇਂ ਨੇ ਇੱਕ ਨਾ ਮੰਨੀ।
ਮੈਂ ਫੜ-ਫੜ ਰਹੀ ਧਰੀਕ, ਸਮੇਂ ਨੇ ਇੱਕ ਨਾ ਮੰਨੀ। (ਸਮੇਂ ਦੀ ਮਹੱਤਤਾ)

2.ਧੋਬੀ ਕੱਪੜੇ ਧੋਂਦਿਆਂ, ਵੀਰਾ ਹੋ ਹੁਸ਼ਿਆਰ।
ਤੇਰੇ ਪਿੱਛੇ ਆ ਰਿਹਾ, ਮੂੰਹ ਅੱਡੀ ਸੰਸਾਰ। (ਵਾਸ਼ਨਾਵਾਂ ਤੋਂ ਬਚਾਅ)

3.ਮੇਰੀ ਛਿਪੇ ਰਹਿਣ ਦੀ ਚਾਹ, ਤੇ ਛਿਪ ਟੁਰ ਜਾਣ ਦੀ।
ਹਾਂ, ਪੂਰੀ ਹੁੰਦੀ ਨਾਂਹ, ਮੈਂ ਤਰਲੇ ਲੈ ਰਿਹਾ। ( ਨਿਮਰਤਾ ਦਾ ਸਿਖਰ)

4. ਨਜ਼ਰ ਚੱਕ ਖਾਂ ਦਾਨਿਆ, ਝਾਤ ਪਿਛੇਰੇ ਮਾਰ।
ਜਿਨ੍ਹਾਂ ਵਸਾਏ ਦੇਸ਼ ਸਨ, ਕਿੱਥੇ ਹਨ ਉਹ ਯਾਰ? (ਦੁਨੀਆਂ ਦੀ ਨਾਸ਼ਵਾਨਤਾ)

5. ਭਟਕਣ ਛੱਡ ਲਟਕ ਲਾ ਇੱਕੋ, ਖੀਵੀ ਹੋ ਸੁਖ ਮਾਣੀ।
ਹੋਸ਼ਾਂ ਨਾਲੋਂ ਮਸਤੀ ਚੰਗੀ, ਰੱਖਦੀ ਸਦਾ ਟਿਕਾਣੇ। (ਫ਼ਕੀਰਾਨਾ ਤਬੀਅਤ)

6.ਸਵਾਦ ਨੀਂ ਅਗੰਮੀ ਆਇਆ, ਰਸ ਝਰਨਾਹਟ ਛਿੜੀ।
ਲੂੰ-ਲੂੰ ਲਹਿਰ ਉੱਠਿਆ ਤੇ ਕਾਂਬਾ ਮਿੱਠਾ ਆ ਗਿਆ। (ਪ੍ਰਭੂ ਮਿਲਾਪ ਦੀ ਅਵਸਥਾ)

ਉਪਰੋਕਤ ਟੂਕਾਂ ਤਾਂ ਸਿਰਫ਼ ਰੰਚਕ-ਮਾਤਰ ਨੇ। ਜੇ ਕੋਈ ਪ੍ਰੇਮੀ ਜਿਊੜਾ ਭਾਈ ਸਾਹਿਬ ਦਾ ਸਮੁੱਚਾ ਕਾਵਿ ਪੜ੍ਹੇ ਤਾਂ ਰੂਹ ਦੀ ਉਡਾਰੀ ਅੰਬਰਾਂ ਤੋਂ ਪਾਰ ਪੁੱਜਣੀ ਯਕੀਨੀ ਏ।

ਹਰ ਸ਼ਾਇਰ ਆਸ਼ਕ ਹੁੰਦੈ ਤੇ ਹਰ ਆਸ਼ਕ ਥੋੜ੍ਹਾ-ਬਹੁਤ ਸ਼ਾਇਰ ਹੁੰਦੈ।

ਜੇ ਸ਼ਾਇਰ ਤੇ ਆਸ਼ਕ ਇਸ਼ਕ-ਮਜਾਜ਼ੀ ਦੀ ਹੱਦ ਲੰਘ ਕੇ ਇਸ਼ਕ-ਹਕੀਕੀ ਦੇ ਪੜਾਅ ਤੇ ਪਹੁੰਚ ਜਾਣ ਤਾਂ ਸਮਝੋ ਬੇੜਾ ਪਾਰ।

ਮੇਰੀ ਜਾਚੇ ਭਾਈ ਸਾਹਿਬ ਇਸ਼ਕ-ਹਕੀਕੀ ਦੇ ਮਾਰਫ਼ਤ (ਸੂਫ਼ੀ-ਫ਼ਕੀਰਾਂ ਦਾ ਪ੍ਰਭੂ-ਮੰਜ਼ਲ ਵਾਲਾ

ਆਖ਼ਰੀ ਪੜਾਅ) ਵਾਲੇ ਡੰਡੇ ਦੇ ਝੰਡਾ ਬਰਦਾਰ ਸਨ। ਉਨ੍ਹਾਂ ਦੀਆਂ ਰਚਨਾਵਾਂ ਦੀ ਪਕਿਆਈ ਤੇ ਪਾਕੀਜ਼ਗੀ ਇਸ਼ਕ-ਹਕੀਕੀ ਦੀ ਗਵਾਹੀ ਭਰਦੀ ਹੈ।

ਪਿਆਰ ਦੇ ਮੁਜੱਸਮੇ, ਮਹਾਨ ਰਹੱਸਵਾਦੀ ਕਵੀ, ਸਿੱਖ ਧਰਮ ਚ ਨਵੀਂ ਰੂਹ ਫੂਕਣ ਵਾਲੇ,ਇਲਾਹੀ ਨੂਰ ਨੂੰ ਪਾਉਣ ਦੀਆਂ ਜੁਗਤਾਂ ਦੱਸਣ ਵਾਲੇ,ਪ੍ਰਕਿਰਤੀ ਨਾਲ ਇੱਕ-ਮਿੱਕ ਹੋਏ,ਪੰਜਾਬੀ ਨਾਵਲ ਦੇ ਮੋਢੀ ਤੇ ਖ਼ਾਲਸਾ ਟਰੈਕਟ ਜਿਹੀਆਂ ਸਾਹਿੱਤਿਕ ਸੁਸਾਇਟੀਆਂ ਦੇ ਬਾਨੀ, ਭਾਈ ਸਾਹਿਬ 10 ਜੂਨ 1957 ਦੀ ਸ਼ਾਮ ਨੂੰ ਆਪਣੇ ਸਨੇਹੀਆਂ ਨੂੰ ਹਸੂੰ-ਹਸੂੰ ਕਰਦੇ ਆਖ਼ਰੀ ਫਤਿਹ ਬੁਲਾ ਗਏ।

ਸੱਠ ਸਾਲ ਪਹਿਲਾਂ ਪਿਆ ਘਾਟਾ ਅੱਜ ਵੀ ਪੂਰਤੀ ਦਾ ਮੁਥਾਜ ਏ।

ਅਮਰੀਕ ਸਿੰਘ ਸ਼ੇਰ ਖਾਂ,
ਪਿੰਡ ਤੇ ਡਾ: ਸ਼ੇਰ ਖਾਂ (ਫ਼ਿਰੋਜ਼ਪੁਰ)
ਸੰਪਰਕ:98157-58466





# ਚਿੱਟਾ ਬਨਾਮ ਪੰਜਾਬ


ਪੰਜਾਬ ਦੀ ਧਰਤੀ ਨੂੰ ਦੁਨੀਆਂ ਦੀ ਸਭ ਤੋਂ ਜ਼ਰਖੇਜ਼ ਅਤੇ ਉਪਜਾਊ ਧਰਤੀ ਮੰਨਿਆਂ ਜਾਂਦਾ ਹੈ। ਇਸ ਧਰਤੀ ਉੱਪਰ ਮਹਾਨ ਜਰਨੈਲ ਅਤੇ ਯੋਧੇ ਪੈਦਾ ਹੋਏ ਹਨ। ਜਿਨ੍ਹਾਂ ਨੇ ਗੌਰਵਮਈ ਇਤਿਹਾਸ ਦੀ ਸਿਰਜਣਾ ਕੀਤੀ ਹੈ। ਇਨ੍ਹਾਂ ਵਿਚੋਂ ਇੱਕ ਜਰਨੈਲ ਹਰੀ ਸਿੰਘ ਨਲੂਆ ਹੋਇਆ ਹੈ, ਜਿਸ ਨੂੰ ਆਸਟ੍ਰੇਲੀਆ ਦੇ ਮੈਗਜ਼ੀਨ ਬਿਲਿਆਨਇਰ ਵੱਲੋਂ ਦੁਨੀਆਂ ਦੇ ਸਭ ਤੋਂ ਮਹਾਨ ਪਹਿਲੇ 10 ਜਰਨੈਲਾਂ ਵਿਚੋਂ ਪਹਿਲਾਂ ਸਥਾਨ ਦਿੱਤਾ ਗਿਆ ਹੈ। ਪਰ ਅਫ਼ਸੋਸ ! ਉਸ ਹਰੀ ਸਿੰਘ ਨਲੂਏ ਦੇ ਵਾਰ ਪੰਜਾਬ ਦੇ ਨੌਜਵਾਨ ਨਿਆਂ ਦੇ ਦਰਿਆ ਵਿਚ ਬੁਰੀ ਤਰ੍ਹਾਂ ਹੜ੍ਹ ਚੁੱਕੇ ਹਨ। ਅਜੋਕੇ ਪੰਜਾਬ ਅੰਦਰ ਨਾ ਬਹੁਤ ਤੇਜ਼ੀ ਨਾਲ ਆਪਣੇ ਪੈਰ ਪਸਾਰ ਰਿਹਾ ਹੈ, ਜੋ ਕਿ ਪੰਜਾਬੀ ਸਮਾਜ ਤੇ ਸਭਿਆਚਾਰ ਲਈ ਬਹੁਤ ਹੀ ਗੰਭੀਰ ਵਿਸ਼ਾ ਹੈ। ਵਰਤਮਾਨ ਸਮੇਂ ਪੰਜਾਬ ਅੰਦਰ ਬਹੁਤ ਸਾਰੇ ਨਿਆਂ ਦੀ ਵਰਤੋਂ ਕੀਤੀ ਜਾ ਰਹੀ ਹੈ ਪਰ ਇਨ੍ਹਾਂ ਵਿਚੋਂ ਇੱਕ ਨਾਂ ਹੈ 'ਹੈਰੋਇਨ' ਪੰਜਾਬ ਵਿਚ ਇਸ ਨੇ ਨੂੰ ਚਿੱਟੇ ਦਾ ਨਾਮ ਦਿੱਤਾ ਗਿਆ ਹੈ। ਅੱਜਕੱਲ੍ਹ ਪੰਜਾਬੀ ਗੀਤਾਂ ਵਿਚ ਵੀ ਚਿੱਟੇ ਦੀ ਹਵਾਲਗੀ ਨੂੰ ਸਹਿਜ ਹੀ ਸੁਣਿਆ ਜਾ ਸਕਦਾ ਹੈ। ਇਸ ਚਿੱਟੇ ਵਿਚ ਮਾਰਫੀਨ ਦੇ ਤੱਤ ਹੁੰਦੇ ਹਨ। ਸਭ ਤੋਂ ਪਹਿਲਾਂ ਮਾਰਫੀਨ ਦੀ ਵਰਤੋਂ ਦੂਸਰੀ ਸੰਸਾਰ ਜੰਗ ਵੇਲੇ ਜ਼ਖ਼ਮੀ ਹੋਏ ਸੈਨਿਕਾਂ ਵੱਲੋਂ ਦਰਦ ਨਿਵਾਰਕ ਦੇ ਤੌਰ ਤੇ ਕੀਤੀ ਗਈ ਸੀ। ਉਸ ਤੋਂ ਬਾਅਦ ਦੁਨੀਆਂ ਭਰ ਦੇ ਲੋਕ ਇਸ ਨੂੰ ਨੇ ਦੇ ਤੌਰ ਤੇ ਵਰਤਣ ਲੱਗ ਪਏ ਅਤੇ ਅੱਜ ਪੰਜਾਬ ਦੀ ਨੌਜਵਾਨੀ ਵੀ ਚਿੱਟੇ ਦੇ ਨੇ ਦੀ ਗ਼ੁਲਾਮ ਬਣਦੀ ਜਾ ਰਹੀ ਹੈ। ਹਾਲ ਹੀ ਵਿਚ ਆਲ ਇੰਡੀਆ ਇੰਸਟੀਚਿਊਟ ਮੈਡੀਕਲ ਸਾਇੰਸ ਦਿੱਲੀ ਵੱਲੋਂ ਪ੍ਰਕਾਸ਼ਿਤ ਕੀਤੇ ਅੰਕੜਿਆਂ ਮੁਤਾਬਿਕ ਪੰਜਾਬ ਦੇ 76 ਪ੍ਰਤੀਤ ਲੋਕ, ਜਿਨ੍ਹਾਂ ਦੀ ਉਮਰ 18 ਤੋਂ 35 ਸਾਲ ਦੇ ਦਰਮਿਆਨ ਹੈ, ਉਹ ਕਿਸੇ ਨਾ ਕਿਸੇ ਨੀਲੇ ਪਦਾਰਥ ਦੀ ਵਰਤੋਂ ਕਰ ਰਹੇ ਹਨ। ਇਨ੍ਹਾਂ ਵਿਚੋਂ 53 ਪ੍ਰਤੀਤ ਨੌਜਵਾਨ ਹੈਰੋਇਨ ਦੀ ਵਰਤੋਂ ਕਰ ਰਹੇ ਹਨ ਜੋ ਕਿ ਚਿੰਤਾ ਦਾ ਵਿਸ਼ਾ ਹੈ, ਕਿਉਂਕਿ ਹੈਰੋਇਨ ਦੇ ਆਦੀ ਵਿਅਕਤੀ ਇਸ ਨੇ ਨੂੰ ਸਹਿਜ ਹੀ ਛੱਡ ਨਹੀ ਸਕਦੇ। ਪੰਜਾਬ ਅੰਦਰ ਹੈਰੋਇਨ ਦਾ ਨਾ ਛੱਡਣ ਵਾਲੇ ਲੋਕਾਂ ਦੀ ਔਸਤ ਦਰ 1 ਪ੍ਰਤੀਤ ਤੋਂ ਵੀ ਘੱਟ ਹੈ। ਹੈਰੋਇਨ ਵਿਚ ਕਈ ਤਰ੍ਹਾਂ ਦੇ ਰਸਾਇਣਿਕ ਤੱਤਾਂ ਦਾ ਸੁਮੇਲ ਹੁੰਦਾ ਹੈ ਜੋ ਕਿ ਮਨੁੱਖੀ ਸਰੀਰ ਦੀ ਪਾਚਨ ਪ੍ਰਣਾਲੀ ਨੂੰ ਬਹੁਤ ਨੁਕਸਾਨ ਪਹੁੰਚਾਉਂਦਾ ਹੈ। ਮੈਂ ਬਤੌਰ ਕਾਊਂਸਲਰ ਮਾਝੇ

ਏਰੀਏ ਦੇ ਨਾਮਵਰ ਵਰਗ ਸਲਾਹਕਾਰੀ ਅਤੇ ਪੁਨਰ ਵਿਸਥਾਪਨ ਕੇਂਦਰ ਵਿਖੇ 2 ਸਾਲ ਇਸ ਏਰੀਏ ਵਿਚ ਬਹੁਤ ਨੇੜਿਓਂ ਤੱਕਿਆ ਹੈ। ਮੈਂ ਵੇਖਿਆ ਹੈ ਕਿ ਕਿਵੇਂ ਬਜ਼ੁਰਗ ਮਾਂ-ਪਿਉ ਆਪਣੇ ਨੌਜਵਾਨ ਪੁੱਤਰ ਜੋ ਕਿ ਚਿੱਟੇ ਦੇ ਨੇ ਦੀ ਬਿਮਾਰੀ ਦਾ ਸ਼ਿਕਾਰ ਹੋ ਗਿਆ ਹੈ, ਨੂੰ ਸੈਂਟਰ ਲਿਆਉਣ ਲਈ ਤਰਲੇ ਕੱਢਦੇ ਹਨ, ਉਨ੍ਹਾਂ ਦੇ ਹੰਝੂਆਂ ਵਿਚੋਂ ਪੰਜਾਬ ਦੇ ਭਵਿੱਖ ਦੀ ਤਰਾਸਦੀ ਨੂੰ ਆਸਾਨੀ ਨਾਲ ਤੱਕਿਆ ਜਾ ਸਕਦਾ ਹੈ, ਕਿਵੇਂ ਇੱਕ ਨਵ-ਵਿਹਾਈ ਦੁਲਹਨ ਆਪਣੇ ਪਤੀ ਪਰਮੇਸਰ ਦੀ ਸਰੀਰਕ ਅਤੇ ਮਾਨਸਿਕ ਹਾਲਤ ਦਾ ਜਾਇਜ਼ਾ ਲੈਣ ਸੈਂਟਰ ਆਉਂਦੀ ਹੈ। ਜ਼ਿਆਦਾਤਰ ਨਵੀਆਂ ਵਿਆਹੀਆਂ ਕੁੜੀਆਂ ਨੂੰ ਜਦੋਂ ਸੀ.ਸੀ.ਟੀ.ਵੀ. ਕੈਮਰੇ ਦੀ ਸਕਰੀਨ ਉੱਪਰ ਉਸ ਦੇ ਪਤੀ ਨੂੰ ਦਿਖਾਇਆ ਜਾਂਦਾ ਹੈ ਤਾਂ ਉਨ੍ਹਾਂ ਦੇ ਹੰਝੂ ਆਪ ਮੁਹਾਰੇ ਵਹਿ ਤੁਰਦੇ ਸਾਡੇ ਦੁਆਰਾ ਹੌਸਲਾ ਦੇਣ ਉਪਰੰਤ ਕੁੜੀ ਦੱਸਦੀ ਹੈ ਕਿ ਕਿਵੇਂ ਉਸ ਦੇ ਪਤੀ ਨੇ ਵਿਆਹ ਵਾਲੇ ਗਹਿਣੇ ਚੋਰੀ ਕਰ ਕੇ ਵੇਚ ਦਿੱਤੇ ਕਿਵੇਂ ਨੇ ਦੀ ਹਾਲਤ ਵਿਚ ਉਸ ਦਾ ਪਤੀ ਵਿਆਹ ਤੋਂ ਥੋੜੇ ਦਿਨਾਂ ਬਾਅਦ ਹੀ ਉਸ ਦੇ ਮਾਪਿਆਂ ਤੋਂ ਪੈਸੇ ਲਿਆਉਣ ਲਈ ਜ਼ਿੱਦ ਕਰਦਾ ਹੈ। ਕਈ ਵਾਰ ਇਨ੍ਹਾਂ ਪੰਜਾਬ ਦੀਆਂ ਧੀਆਂ ਦੀ ਕਹਾਣੀ ਸੁਣ ਕੇ ਆਤਮਾ ਬਹੁਤ ਦੁਖੀ ਹੋ ਜਾਂਦੀ ਹੈ ਤੇ ਮੈਂ ਸੋਚਦਾ ਨਹੀ, ਮੈਂ ਪੰਜਾਬ ਵਿਚ ਨਹੀ ਕਿਤੇ ਹੋਰ ਬੈਠਾ ਹਾਂ ਕਿਉਂਕਿ ਪੰਜਾਬ ਦੀਆਂ ਧੀਆਂ ਅਤੇ ਪੰਜਾਬੀ ਪੁੱਤਰਾਂ ਦੀ ਇਹ ਹਾਲਤ ਤਾਂ ਨਹੀ ਹੋ ਸਕਦੀ।

ਮੈਨੂੰ ਯਾਦ ਨੇ ਅੱਜ ਵੀ ਉਸ ਮਾਂ ਦੇ ਬੋਲ, ਜਿੰਨੇ ਕਿਹਾ ਸੀ ਕਿ ਪੁੱਤ ਤੈਨੂੰ ਕੀ ਦੱਸਾਂ ਮੇਰੇ ਪੁੱਤਰ ਨੇ ਤਾਂ ਮੇਰਾ ਦਾਜ ਵੀ ਪੇਟੀ ਵਿਚੋਂ ਕੱਢ ਕੇ ਵੇਚ ਦਿੱਤਾ ਏ! ਮੈਂ ਤਾਂ ਚੌਂਕੇਂ ਦੇ ਭਾਂਡੇ ਵੀ ਆਪਣੇ ਪੁੱਤ ਤੋਂ ਲੁਕਾ ਕੇ ਰੱਖਦੀ ਹਾਂ। ਉਸ ਮਾਂ ਦੇ ਬੋਲ ਅੱਜ ਵੀ ਮੇਰੇ ਕੰਨਾਂ ਵਿਚ ਗੂੰਜਦੇ ਨੇ ਤੇ ਮੇਰੀਆਂ ਅੱਖਾਂ ਨਮ ਹੋ ਜਾਂਦੀਆਂ ਨੇ। ਇਹ ਕਿਸੇ ਇੱਕ ਮਾਂ ਦੀ ਕਹਾਣੀ ਨਹੀ ਇਹ ਪੰਜਾਬ ਦੀਆਂ ਅਨੇਕਾਂ ਮਾਵਾਂ ਦੀ ਕਹਾਣੀ ਏ। ਇਹ ਸਿਲਸਿਲਾ ਜੇਕਰ ਏਦਾਂ ਹੀ ਲਗਾਤਾਰ ਬੇ ਰੋਕ ਚੱਲਦਾ ਰਿਹਾ ਹੈ ਤਾਂ ਉਹ ਦਿਨ ਦੂਰ ਨਹੀ ਜਦੋਂ ਪੰਜਾਬ ਦੇ ਨਕਸ਼ੇ ਉੱਪਰ ਪ੍ਰਵਾਸੀ ਮਜ਼ਦੂਰਾਂ ਦੀ ਆਮਦ ਸਹਿਜ ਹੀ ਨਜ਼ਰ ਆਵੇਗੀ ਤੇ ਪੰਜਾਬ ਦੀ ਨੌਜਵਾਨੀ ਗ਼ਾਇਬ ਹੋ ਜਾਏਗੀ। ਪੰਜਾਬ ਦੇ ਪਿੰਡਾਂ ਵਿਚ ਵਿਆਹੁਣ ਯੋਗ ਲੜਕਿਆਂ ਦੀ ਘਾਟ ਵੱਡੇ ਪੱਧਰ ਤੇ ਮਹਿਸੂਸ ਹੋਵੇਗੀ ਤੇ ਪੰਜਾਬੀ ਕੁੜੀਆਂ ਨਾਲ ਵਿਆਹ ਕਰਨਗੇ ਪ੍ਰਵਾਸੀ ਮਜ਼ਦੂਰ! ਅਤੇ ਉਸ ਵਕਤ ਇਹ ਚਿੱਟਾ ਪੰਜਾਬ ਦੀ ਨੌਜਵਾਨ ਪੀੜੀ ਉੱਪਰ ਚਿੱਟੇ ਕਫ਼ਨ ਦੀ ਤਰ੍ਹਾਂ ਛਾ ਜਾਵੇਗਾ। ਮੇਰੇ ਨਿੱਜੀ ਤਜਰਬਿਆਂ ਮੁਤਾਬਿਕ ਮਾਝੇ ਏਰੀਏ ਵਿਚ ਹਰ ਹਫ਼ਤੇ ਤਿੰਨ ਨੌਜਵਾਨਾ ਦੀ ਮੌਤ ਦਾ ਕਾਰਨ ਚਿੱਟੇ ਦੀ ਜ਼ਿਆਦਾ ਮਾਤਰਾ ਦਾ ਟੀਕਾ ਬਣ ਰਿਹਾ ਹੈ। ਮੇਰੀ ਹਾਜ਼ਰੀ ਦੌਰਾਨ ਸੈਂਟਰ ਵਿਚ ਹਰ ਇੱਕ-ਦੋ ਹਫ਼ਤੇ ਬਾਅਦ ਚਿੱਟੇ ਦੀ ਟੀਕੇ ਦੇ ਕਾਰਨ ਹੋਣ ਵਾਲੀਆਂ ਦੋ-ਤਿੰਨ ਮੌਤਾਂ ਦੀ ॥ਬਰ ਦਾ ਆਉਣਾ ਸੁਭਾਵਿਕ ਜਿਹੀ ਗੱਲ ਬਣ ਗਈ ਹੈ।

ਮੌਜੂਦਾ ਸਮੇਂ ਵਿਚ ਚਿੱਟੇ ਦਾ ਨਾ ਪੰਜਾਬ ਦੇ ਬੁੱਧੀਜੀਵੀਆਂ ਤੇ ਚਿੰਤਕਾਂ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਇਹ ਪੰਜਾਬ ਦੇ ਸੰਕਟਕਾਲੀਨ ਸਮਿਆਂ ਵਿਚੋਂ ਇੱਕ ਹੈ।

ਯਾਦਵਿੰਦਰ ਸਿੰਘ ਵਿਰਕ
ਮੌਜੂਦਾ ਕਾਉਂਸਲਰ
ਰਹਿਮਤ ਨਾ-ਮੁਕਤੀ ਅਤੇ ਸਲਾਹਕਾਰੀ ਕੇਂਦਰ ਚੀਕਾ (ਕੈਥਲ), ਹਰਿਆਣਾ।
ਮੋ. 098147-47714




# ਕਸ਼ਮੀਰਨਾਮਾ: ਸ਼ੰਘਰਸ਼ ਦੇ ਦੌਰ ਦੀ ਇੱਕ ਦਾਸਤਾਨ

ਨੱਬੇ ਦੇ ਦਹਾਕੇ ਦੇ ਆਖ਼ਰੀ ਸਾਲ ਅਤੇ ਇਸ ਸਦੀ ਦੇ ਪਹਿਲੇ ਡੇਢ ਦਹਾਕਿਆਂ 'ਚ ਤਮਾਮ ਕੋਸ਼ਿਸ਼ਾਂ ਦੇ ਬਾਵਜੂਦ ਕਸ਼ਮੀਰ ਦੇ ਹਾਲਾਤ ਬਹੁਤੇ ਸੁਧਰੇ ਨਹੀਂ। ਦੇਸ਼ ਦੇ ਅੰਦਰ ਸੰਪਰਦਾਇਕ ਤਣਾਅ ਦੇ ਉਭਾਰ ਅਤੇ ਸੈਨਿਕ ਵਿਚਾਰਧਾਰਾ ਦੇ ਪ੍ਰਭਾਵੀ ਹੋ ਜਾਣ ਦੇ ਨਾਲ-ਨਾਲ ਕਸ਼ਮੀਰ ਵਿਚ ਵੀ ਜੋ ਬਦਲਾਅ ਆਏ, ਉਨ੍ਹਾਂ ਨੇ ਤਮਾਮ ਸਕਾਰਾਤਮਿਕ ਕੋਸ਼ਿਸ਼ਾਂ ਉੱਪਰ ਪਾਣੀ ਫੇਰ ਦਿੱਤਾ। ਇੱਥੇ ਮੇਰੀ ਕੋਸ਼ਿਸ਼ ਸੰਖੇਪ ਵਿਚ ਇਨ੍ਹਾਂ ਡੇਢ ਦਹਾਕਿਆਂ ਦੇ ਜ਼ਰੂਰੀ ਪਹਿਲੂ ਬਿਆਨ ਕਰਨ ਦੀ ਹੈ।

ਭਾਰਤ ਸਰਕਾਰ ਦੇ ਵੱਲੋਂ ਕਸ਼ਮੀਰ ਵਿਚ ਲੋਕਤੰਤਰਿਕ ਪ੍ਰਕਿਰਿਆ ਫਿਰ ਤੋਂ ਸ਼ੁਰੂ ਕਰਨ ਅਤੇ ਗੱਲਬਾਤ ਦੁਆਰਾ ਮੁੱਦੇ ਨੂੰ ਹੱਲ ਕਰਨ ਦੀ ਪਹਿਲੀ ਕੋਸ਼ਿਸ਼ 4 ਨਵੰਬਰ 1995 ਨੂੰ ਹੋਈ ਜਦੋਂ ਪੱਛਮ ਅਫ਼ਰੀਕੀ ਦੇਸ਼ ਬੁਕਿਰਨਾ ਫਾਸੋ ਤੋਂ ਉਸ ਵੇਲੇ ਦੇ ਪ੍ਰਧਾਨ ਮੰਤਰੀ ਪੀ. ਵੀ. ਨਰਸਿਮ੍ਹਾ ਰਾਓ ਨੇ ਰਾਸ਼ਟਰ ਦੇ ਨਾਮ ਜਾਰੀ ਇਕ ਭਾਸ਼ਣ ਵਿਚ ਜੰਮੂ ਤੇ ਕਸ਼ਮੀਰ ਦੇ ਨਾਗਰਿਕਾਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ-

> ਪਿਛਲੇ ਛੇ ਸਾਲਾਂ ਵਿਚ ਕਸ਼ਮੀਰ ਦੇ ਲੋਕਾਂ ਨੇ ਅੱਤਵਾਦ ਦੇ ਕਾਰਨ ਬੇਹੱਦ ਤਕਲੀਫ਼ਾਂ ਝੱਲੀਆਂ ਹਨ। ਲੋਕਾਂ ਨੇ ਅਕਹਿ ਹਿੰਸਾ ਝੱਲੀ ਹੈ ਜੋ ਮੌਤਾਂ ਅਤੇ ਤਬਾਹੀ ਦੇ ਵਿਚ ਤਬਦੀਲ ਹੋਈ ਹੈ। ਹਜ਼ਾਰਾਂ ਲੋਕ ਆਪਣੇ ਘਰ-ਪਰਿਵਾਰ ਨਾਲੋਂ ਵੱਖ ਕਰ ਦਿੱਤੇ ਗਏ ਹਨ। ਇਹ ਯੁੱਧ ਸੀਮਾ ਪਾਰ ਤੋਂ ਛੇੜਿਆ ਗਿਆ ਹੈ ਜੋ ਪੂਰੀ ਤਰ੍ਹਾਂ ਨਾਲ ਅੰਤਰ-ਰਾਸ਼ਟਰੀ ਨਿਯਮਾਂ, ਚੰਗੇ ਗੁਆਂਢੀ ਸੰਬੰਧਾਂ ਅਤੇ ਮਨੁੱਖੀ ਵਿਵਹਾਰ ਤੇ ਸ਼ਿਸ਼ਟਾਚਾਰ ਦੇ ਸਾਰੇ ਸਿਧਾਂਤਾਂ ਦਾ ਉਲੰਘਣ ਹੈ ...ਜੰਮੂ ਤੇ ਕਸ਼ਮੀਰ ਰਾਜ ਅਤੇ ਉਸ ਦੇ ਨਿਵਾਸੀ ਭਾਰਤ ਦੇ ਵਿਭਿੰਨਤਾਪੂਰਨ ਅਸਤਿਤਵ  ਦਾ ਅਭਿੰਨ ਹਿੱਸਾ ਹਨ ... ਇਸ

ਲਈ ਅਸੀਂ ਉਨ੍ਹਾਂ ਦੇ ਕਸ਼ਟਾਂ ਨੂੰ ਵੇਖ ਮੂਕ ਦਰਸ਼ਕ ਨਹੀਂ ਹੋ ਸਕਦੇ। ਪਹਿਲਾਂ ਹੀ ਉਨ੍ਹਾਂ ਨੇ ਬਹੁਤ ਕੁੱਝ ਬਰਦਾਸ਼ਤ ਕੀਤਾ ਹੈ ... ਅਸੀਂ ਰਾਜ ਵਿਚ ਆਮ ਸਥਿਤੀ ਲਿਆਉਣ ਤੇ ਹਰ ਅੱਖ ਦੇ ਹੰਝੂ ਪੂੰਝ ਦੇਣ ਦਾ ਆਪਣਾ ਸੰਕਲਪ ਜ਼ਾਹਿਰ ਕਰਦੇ ਹਾਂ।

ਇਸੇ ਭਾਸ਼ਣ ਵਿਚ ਉਨ੍ਹਾਂ ਨੇ ਇੱਕ ਯੋਜਨਾ ਪੇਸ਼ ਕੀਤੀ ਜਿਸ ਵਿਚ ਧਾਰਾ 370 ਨੂੰ ਜਾਰੀ ਰੱਖਣ, ਭਾਰਤੀ ਸੰਵਿਧਾਨ ਦੇ ਤਹਿਤ ਖ਼ੁਦ-ਮੁਖ਼ਤਿਆਰੀ ਦੇਣ ਅਤੇ ਸਦਰ-ਏ-ਰਿਆਸਤ ਅਤੇ ਵਜ਼ੀਰੇ-ਆਜ਼ਮ ਦਾ ਸੰਬੋਧਨ ਫਿਰ ਤੋਂ ਦੇਣ, ਰਾਜ ਦੇ ਲਈ ਰਾਜਨੀਤਿਕ ਅਤੇ ਆਰਥਿਕ ਪੈਕੇਜ ਦੇ ਨਾਲ-ਨਾਲ ਰਾਜ ਦੇ ਨਾਂ ਵੰਡਣ ਅਤੇ ਸ਼ੇਖ਼ ਅਬਦੁੱਲਾ ਅਤੇ ਇੰਦਰਾ ਗਾਂਧੀ ਦੇ ਵਿਚ ਹੋਏ ਕਸ਼ਮੀਰ ਸਮਝੌਤੇ ਦੇ ਤਹਿਤ ਅੱਗੇ ਵਧਣ ਦੀ ਗੱਲ ਸੀ। ਹਾਲਾਂਕਿ ਇਸ ਨੂੰ ਲੈ ਕੇ ਕਸ਼ਮੀਰ ਵਿਚ ਕੋਈ ਸਾਕਾਰਾਤਮਿਕ ਮਾਹੌਲ ਨਹੀਂ ਬਣ ਸਕਿਆ ਅਤੇ ਇਹ ਨੈਸ਼ਨਲ ਕਾਨਫ਼ਰੰਸ ਤੱਕ ਨੂੰ ਪ੍ਰਭਾਵਿਤ ਕਰਨ ਵਿਚ ਅਸਫਲ ਰਿਹਾ, ਪਰ ਇਸ ਨੇ ਅੱਗੇ ਵਧਣ ਦਾ ਰਾਹ ਤਾਂ ਖੋਲ੍ਹਿਆ ਹੀ। ਦੁੱਲਤ ਦੱਸਦੇ ਹਨ ਕਿ, ਨਰਸਿਮ੍ਹਾ ਰਾਓ ਸ਼ਬੀਰ ਸ਼ਾਹ ਨੂੰ ਕਸ਼ਮੀਰ ਚੋਣਾਂ ਵਿਚ ਹਿੱਸਾ ਲੈਣ ਲਈ ਰਾਜ਼ੀ ਕਰਨਾ ਚਾਹੁੰਦੇ ਸਨ। ਇਹ ਦਿੱਲੀ ਦੀ ਕਿਸੇ ਵੱਖਵਾਦੀ ਨੇਤਾ ਨੂੰ ਮੁੱਖ ਧਾਰਾ ਵਿਚ ਲਿਆਉਣ ਦੀ ਪਹਿਲੀ ਕੋਸ਼ਿਸ਼ ਸੀ, ਪਰ ਸ਼ਬੀਰ ਦੇ ਟਾਲ ਮਟੋਲ 'ਤੇ ਚੱਲਦਿਆਂ ਇਹ ਸੰਭਵ ਨਹੀਂ ਹੋਇਆ। (ਦੁਲਤ, 75-77) ਨਰਸਿਮ੍ਹਾ ਰਾਓ ਦੇ ਕੋਲ ਬਹੁਤਾ ਸਮਾਂ ਵੀ ਨਹੀਂ ਸੀ। ਮਈ 1996 ਦੀਆਂ ਚੋਣਾਂ ਵਿਚ ਕਾਂਗਰਸ ਹਾਰ ਗਈ। ਜੰਮੂ ਤੇ ਕਸ਼ਮੀਰ ਵਿਚ ਇਸ ਚੋਣ ਦਾ ਵਿਆਪਕ ਪੱਧਰ 'ਤੇ ਬਾਈਕਾਟ ਹੋਇਆ, ਪਰ ਇਸੇ ਸਾਲ ਜੰਮੂ ਤੇ ਕਸ਼ਮੀਰ ਵਿਚ ਵਿਧਾਨ ਸਭਾ ਚੋਣਾਂ ਹੋਈਆਂ ਅਤੇ ਰਾਸ਼ਟਰਪਤੀ ਸ਼ਾਸਨ ਦੇ ਲੰਮੇ ਦੌਰ ਦਾ ਅੰਤ ਹੋਇਆ। ਦੇਸ਼ ਦੀ ਨਵੀਂ ਗੱਠਜੋੜ ਸਰਕਾਰ ਨੇ ਨਵੰਬਰ 1996 ਵਿਚ ਰਾਜ ਦੀ ਅੰਦਰੂਨੀ ਖ਼ੁਦ-ਮੁਖ਼ਤਿਆਰੀ ਨੂੰ ਪਰਿਭਾਸ਼ਿਤ ਕਰਨ ਦੇ ਲਈ ਇੱਕ ਰਾਜ ਖ਼ੁਦ-ਮੁਖ਼ਤਿਆਰੀ ਕਮੇਟੀ ਬਣਾਈ। ਜਿਸ ਦਾ ਪ੍ਰਧਾਨ ਕਰਣ ਸਿੰਘ ਨੂੰ ਬਣਾਇਆ ਗਿਆ। ਕਮੇਟੀ ਸ਼ੁਰੂ ਤੋਂ ਹੀ ਵਿਵਾਦਾਂ ਵਿਚ ਰਹੀ। ਅਬਦੁੱਲਾ ਪਰਿਵਾਰ ਅਤੇ ਕਰਣ ਸਿੰਘ ਦੀ ਅਣਬਣ ਜੱਗ ਜ਼ਾਹਿਰ ਸੀ। ਮੁੱਖ ਮੰਤਰੀ ਫ਼ਾਰੂਕ ਅਬਦੁੱਲਾ 'ਤੇ ਦਖ਼ਲ ਦੇਣ ਦਾ ਦੋਸ਼ ਲਗਾ ਕੇ ਕਰਣ ਸਿੰਘ ਨੇ ਅਗਸਤ, 1997 ਵਿਚ ਅਸਤੀਫ਼ਾ ਦੇ ਦਿੱਤਾ ਤਾਂ ਖੇਤਰੀ ਖ਼ੁਦ-ਮੁਖ਼ਤਿਆਰੀ 'ਤੇ ਬਣੀ ਇੱਕ ਉੱਪ-ਸਮਿਤੀ ਦੇ ਪ੍ਰਧਾਨ ਬਲਰਾਜ ਪੁਰੀ ਨੂੰ ਸਮਿਤੀ ਤੋਂ ਹਟਾ ਦਿੱਤਾ ਗਿਆ। ਸਾਲ 2000 ਵਿਚ ਜਦ ਸਮਿਤੀ ਦੀ ਰਿਪੋਰਟ ਆਈ ਤਾਂ ਕੇਂਦਰ ਵਿਚ ਵਾਜਪਾਈ ਦੀ ਸਰਕਾਰ ਆ ਚੁੱਕੀ ਸੀ। ਰਾਜ ਵਿਧਾਨ ਸਭਾ ਤੋਂ ਪਾਸ ਇਸ ਰਿਪੋਰਟ ਨੂੰ ਐੱਨ ਡੀ ਏ ਸਰਕਾਰ ਨੇ ਖ਼ਾਰਜ ਕਰ ਦਿੱਤਾ।[1] ਅਸਲ ਵਿਚ ਸਿਵਾਏ ਨੈਸ਼ਨਲ ਕਾਨਫ਼ਰੰਸ ਦੇ, ਇਸ ਰਿਪੋਰਟ ਤੋਂ ਕੋਈ ਖ਼ੁਸ਼ ਨਹੀਂ ਸੀ, ਨਾ ਵਾਜਪਾਈ, ਨਾ ਜੰਮੂ ਅਤੇ ਕਸ਼ਮੀਰ ਦਾ ਵਿਰੋਧੀ ਦਲ ਅਤੇ ਨਾ ਹੀ ਹੁਰੀਅਤ ਕਾਨਫ਼ਰੰਸ।

ਵਾਜਪਾਈ ਦਾ ਦੌਰ ਕਸ਼ਮੀਰ ਦੇ ਸੰਦਰਭ ਵਿਚ ਸਭ ਤੋਂ ਬਿਹਤਰ ਦੌਰਾਂ ਵਿਚੋਂ ਇੱਕ ਮੰਨਿਆ ਜਾਂਦਾ ਹੈ। ਹਿੰਸਾ ਤੇ ਦਮਨ ਦੀ ਜਗ੍ਹਾ ਇਸ ਦੌਰ ਵਿਚ ਮਲ੍ਹਮ ਅਤੇ ਗੱਲਬਾਤ ਦਾ ਰਾਹ ਅਪਣਾਇਆ ਗਿਆ ਅਤੇ ਉਸ ਦੇ ਸਕਾਰਾਤਮਿਕ ਨਤੀਜੇ ਵੀ ਨਿਕਲੇ। ਇਸ ਰਿਪੋਰਟ ਦੇ ਖ਼ਾਰਜ ਹੋਣ ਨਾਲ ਨਾਰਾਜ਼ ਹੋਣ ਦੇ ਬਾਵਜੂਦ ਫ਼ਾਰੂਕ ਨੇ ਇਸ ਵਾਰ ਜਲਦਬਾਜ਼ੀ ਤੋਂ ਕੰਮ ਨਹੀਂ ਲਿਆ ਅਤੇ ਖ਼ੁਦ-ਮੁਖ਼ਤਿਆਰੀ ਦੀ ਮੰਗ ਜਾਰੀ ਰੱਖਦੇ ਹੋਏ, ਆਪਣੀ ਪਾਰਟੀ ਨੂੰ ਐੱਨ. ਡੀ. ਏ. ਦਾ ਹਿੱਸਾ ਬਣਾਈਂ ਰੱਖਿਆ। ਜੁਲਾਈ 2000 ਵਿਚ ਬੇਗ਼ਮ ਅਕਬਰ ਜਹਾਂ ਦੀ ਮੌਤ 'ਤੇ ਜਦ ਵਾਜਪਾਈ ਅਤੇ ਅਡਵਾਨੀ ਅਫ਼ਸੋਸ ਜ਼ਾਹਿਰ ਕਰਨ ਲਈ ਸ੍ਰੀਨਗਰ ਪਹੁੰਚੇ ਤਾਂ ਰਿਪੋਰਟ ਖ਼ਾਰਜ ਹੋਣ ਨਾਲ ਫ਼ਾਰੂਕ ਅਤੇ ਦਿੱਲੀ ਵਿਚਕਾਰ ਜੰਮੀ ਬਰਫ਼ ਪਿਘਲਣੀ ਸ਼ੁਰੂ ਹੋ ਗਈ। ਕਸ਼ਮੀਰ

ਸਮੱਸਿਆ ਦੇ ਹੱਲ ਅਤੇ ਪਾਕਿਸਤਾਨ ਨਾਲ ਸੰਬੰਧ ਸੁਧਾਰਨ ਦੇ ਪ੍ਰਤੀ ਆਪਣੀ ਰੁਚੀ ਵਾਜਪਾਈ ਪਹਿਲਾਂ ਹੀ ਪ੍ਰਗਟ ਕਰ ਚੁੱਕੇ ਸਨ। 1998 ਵਿਚ ਉਹ ਬੱਸ 'ਤੇ ਲਾਹੌਰ ਗਏ ਅਤੇ 1999 ਦੀ ਸ਼ੁਰੂਆਤ ਵਿਚ ਹੀ ਹੋਈ ਲਾਹੌਰ ਘੋਸ਼ਣਾ ਵਿਚ ਦੋਵਾਂ ਦੇਸ਼ਾਂ ਨੇ ਕਸ਼ਮੀਰ ਮੁੱਦੇ ਨੂੰ ਆਪਸੀ ਗੱਲਬਾਤ ਨਾਲ ਸੁਲਝਾਉਣ ਦੀ ਗੱਲ ਕੀਤੀ ਸੀ, ਪਰ 1999 ਦੀਆਂ ਗਰਮੀਆਂ ਵਿਚ ਕਾਰਗਿਲ ਵਿਚ ਪਾਕਿਸਤਾਨ ਨੇ ਨਿਯੰਤਰਨ ਸੀਮਾ ਪਾਰ ਕਰ ਕੇ ਦੋਵਾਂ ਦੇਸ਼ਾਂ ਵਿਚਕਾਰ ਇੱਕ ਹੋਰ ਜੰਗ ਨੂੰ ਜਨਮ ਦਿੱਤਾ। ਨਵਾਜ਼ ਸ਼ਰੀਫ਼ ਇਸਦੇ ਲਈ ਮੁਸ਼ੱਰਫ਼ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ ਤਾਂ ਆਪਣੀ ਕਿਤਾਬ 'In The Line Of Fire' ਵਿਚ ਮੁਸ਼ੱਰਫ਼ ਨੇ ਅਲੱਗ ਹੀ ਕਿੱਸਾ ਸੁਣਾਉਂਦੇ ਹੋਏ, ਨਵਾਜ਼ ਸ਼ਰੀਫ਼ ਨੂੰ ਇਸ ਦਾ ਜ਼ਿੰਮੇਵਾਰ ਦੱਸਿਆ ਹੈ। ਉਸ ਉੱਪਰ ਵਿਸਥਾਰ ਵਿਚ ਗੱਲ ਕਰਨਾ ਇੱਥੇ ਯੋਗ ਹੋਵੇਗਾ। ਕਾਰਗਿਲ ਵਿਚ ਪਾਕਿਸਤਾਨ ਨੂੰ ਨਿਰਨਾਇਕ ਹਾਰ ਦੇਣ ਤੋਂ ਬਾਅਦ ਵਾਜਪਾਈ ਸਰਕਾਰ ਨੇ ਸਿੱਧੇ ਤੌਰ 'ਤੇ ਕਸ਼ਮੀਰ ਦੇ ਵੱਖਵਾਦੀ ਨੇਤਾਵਾਂ ਨਾਲ ਗੱਲਬਾਤ ਕਰਨ ਦਾ ਫ਼ੈਸਲਾ ਕੀਤਾ, ਜਿਸ ਦਾ ਉਸ ਨੂੰ ਉਚਿੱਤ ਹੁੰਗਾਰਾ ਵੀ ਮਿਲਿਆ। ਪੈਟ੍ਰੀਆਟ ਦੇ ਪਹਿਲੇ ਸੰਪਾਦਕ ਆਰ. ਕੇ. ਮਿਸ਼ਰਾ, ਐੱਸ. ਕੇ. ਦੁੱਲਤ ਅਤੇ ਵਜ਼ਾਹਤ ਹਬੀਬੁੱਲਾ ਦੇ ਜ਼ਰੀਏ ਕਸ਼ਮੀਰੀ ਵੱਖਵਾਦੀਆਂ ਨਾਲ ਗੱਲਬਾਤ ਦੀ ਇਹ ਕੋਸ਼ਿਸ਼ ਨਿਸ਼ਚਿਤ ਰੂਪ ਨਾਲ ਦਿੱਲੀ ਦੀ ਕਸ਼ਮੀਰ ਨੀਤੀ ਵਿਚ ਇੱਕ ਪੈਰਾਡਾਇਮ ਸ਼ਿਫ਼ਟ ਸੀ। ਜੋ ਹੁਣ ਤਕ ਹੁਰੀਅਤ ਨੂੰ ਪਾਕਿਸਤਾਨੀ ਏਜੰਟ ਨਾਲੋਂ ਜ਼ਿਆਦਾ ਮਹੱਤਵ ਦੇਣ ਨੂੰ ਤਿਆਰ ਨਹੀਂ ਸੀ। ਇਸ ਗੱਲਬਾਤ ਦਾ ਸਿੱਧਾ ਕੋਈ ਫ਼ਾਇਦਾ ਹੋਇਆ ਹੋਵੇ ਜਾਂ ਨਹੀਂ ਪਰ ਇਹ ਤੱਥ ਤਾਂ ਨਿਰਵਿਵਾਦ ਹੈ ਕਿ ਦੋਵਾਂ ਦੇਸ਼ਾਂ ਦੇ ਪ੍ਰਮਾਣੂ-ਬੰਬ ਬਣਾ ਲੈਣ ਦੀ ਸਮਰੱਥਾ ਹਾਸਲ ਕਰ ਲੈਣ, ਕਾਰਗਿਲ ਦੀ ਜੰਗ, ਸੰਸਦ 'ਤੇ ਹਮਲਾ, ਆਗਰਾ ਵਿਚ ਗੱਲਬਾਤ ਸਫਲ ਨਾ ਹੋਣ ਅਤੇ ਅਜਿਹੀਆਂ ਤਮਾਮ ਘਟਨਾਵਾਂ ਦੇ ਬਾਵਜੂਦ ਇਹ ਦੌਰ ਕਸ਼ਮੀਰ ਦੇ ਵਰਤਮਾਨ ਇਤਿਹਾਸ ਵਿਚ ਸਭ ਤੋਂ ਸ਼ਾਂਤ ਦਹਾਕਿਆਂ ਵਿਚ ਇੱਕ ਸੀ। ਭਾਵੇਂ ਕਿ ਐੱਨ. ਐੱਨ. ਵੋਹਰਾ ਨੂੰ ਵਾਰਤਾਕਾਰ ਬਣਾਉਣ ਦੇ ਬਾਵਜੂਦ ਹੁਰੀਅਤ ਨਾਲ ਗੱਲਬਾਤ ਦੇ ਲਈ ਨਾਂ ਭੇਜਣ ਲਈ ਵਾਜਪਾਈ ਦੁਆਰਾ ਅਪ੍ਰੈਲ 2003 ਵਿਚ ਸ੍ਰੀਨਗਰ ਵਿਚ ਇਨਸਾਨੀਅਤ ਦੇ ਆਧਾਰ 'ਤੇ ਕਸ਼ਮੀਰ ਸਮੱਸਿਆ ਦਾ ਹੱਲ ਲੱਭਣ ਦਾ ਪ੍ਰਸਤਾਵ ਬੱਸ ਪ੍ਰਸਤਾਵ ਹੀ ਰਹਿ ਗਿਆ,[2] ਤਾਂ ਵਾਅਦੇ ਦੇ ਬਾਵਜੂਦ ਫ਼ਾਰੂਕ ਨੂੰ ਉਪ-ਰਾਸ਼ਟਰਪਤੀ ਪਦਵੀ ਨਾਂ ਦੇਣ ਨਾਲ ਇੱਕ ਅਵਿਸ਼ਵਾਸ ਦਾ ਮਾਹੌਲ ਵੀ ਬਣਿਆ।[3]

ਅਜਿਹਾ ਨਹੀਂ ਹੈ ਕਿ ਇਸ ਦੌਰ ਵਿਚ ਅੱਤਵਾਦ ਪੂਰੀ ਤਰ੍ਹਾਂ ਖ਼ਤਮ ਹੋ ਗਿਆ ਸੀ, ਪਰ ਜੋ ਵੱਡਾ ਬਦਲਾਅ ਆਇਆ ਉਹ ਲੋਕਾਂ ਦਾ ਅੱਤਵਾਦ ਪ੍ਰਤੀ ਮੋਹ ਭੰਗ ਹੋਣਾ ਸੀ। ਇਸ ਲਈ ਅੱਤਵਾਦੀਆਂ ਨੇ ਇਸ ਦੌਰ ਵਿਚ ਆਪਣੀ ਰਣਨੀਤੀ ਬਦਲੀ। ਕਾਰਗਿਲ ਜੰਗ ਦੇ ਬਾਅਦ 1999 ਤੋਂ 2003 ਦੇ ਵਿਚਕਾਰ ਉਨ੍ਹਾਂ ਨੇ ਫਿਦਾਇਨ ਜਾਂ ਆਤਮਘਾਤੀ ਹਮਲਿਆਂ ਦੀ ਨੀਤੀ ਅਪਣਾਈ। 1999 ਦੇ ਅੱਧ ਤੋਂ 2002 ਦੇ ਅੰਤ ਤਕ ਅਜਿਹੀਆਂ ਘੱਟ ਤੋਂ ਘੱਟ 55 ਘਟਨਾਵਾਂ ਹੋਈਆਂ, ਜਿਸ ਵਿਚ ਸੁਰੱਖਿਆ ਬਲਾਂ ਦੇ 161 ਲੋਕ ਅਤੇ 90 ਫਿਦਾਇਨ ਮਾਰੇ ਗਏ। ਇਨ੍ਹਾਂ ਫਿਦਾਇਨਾਂ ਵਿਚ ਜ਼ਿਆਦਾਤਰ ਲਸ਼ਕਰ-ਏ-ਤੋਇਬਾ ਨਾਲ ਜੁੜੇ ਪਾਕਿਸਤਾਨ ਦੇ ਪੰਜਾਬ ਪ੍ਰਾਂਤ ਤੋਂ ਘੁਸਪੈਠ ਕਰ ਕੇ ਆਏ ਅੱਤਵਾਦੀ ਸਨ। ਨਵੰਬਰ 2008 ਵਿਚ ਮੁੰਬਈ ਦੇ ਤਾਜ ਹੋਟਲ 'ਤੇ ਹੋਇਆ ਹਮਲਾ, ਇਸ ਤਰ੍ਹਾਂ ਨਾਲ ਕੀਤੇ ਗਏ ਹਮਲਿਆਂ ਦੀ ਆਖ਼ਰੀ ਕੜੀ ਸੀ। ਇਹ 1990-1995 ਦੀ ਜੰਗ ਜਿਹੀਆਂ ਸਥਿਤੀਆਂ ਨਾਲੋਂ ਅਲੱਗ ਸਥਿਤੀ ਸੀ ਅਤੇ ਸ੍ਰੀਨਗਰ ਪਹਿਲਾਂ ਦੀ ਤੁਲਨਾ ਵਿਚ ਕਾਫ਼ੀ ਆਮ ਵਰਗਾ ਸੀ। ਯਾਤਰੂ ਇੱਕ ਵਾਰ ਫਿਰ ਤੋਂ ਘਾਟੀ ਦਾ ਰੁਖ਼ ਕਰਨ ਲੱਗੇ ਸਨ ਅਤੇ ਵਪਾਰ ਦੇ ਲਈ ਬਿਹਤਰ ਸਥਿਤੀਆਂ ਬਣ ਰਹੀਆਂ ਸਨ। 2001 'ਚ ਅਮਰੀਕਾ ਵਿਚ ਹੋਏ 9/11 ਦੇ ਹਮਲਿਆਂ ਦੇ

ਬਾਅਦ ਪਾਕਿਸਤਾਨ ਦੇ ਲਈ ਅੱਤਵਾਦੀ ਸੰਗਠਨਾਂ ਦੀ ਮਦਦ ਮੁਸ਼ਕਿਲ ਹੋ ਜਾਣ ਦੇ ਨਾਲ ਹੀ ਕਸ਼ਮੀਰ ਫਿਦਾਇਨ ਹਮਲਿਆਂ ਦੀਆਂ ਘਟਨਾਵਾਂ ਲਗਭਗ ਬੰਦ ਹੋ ਗਈਆਂ।[4]

ਪਰ ਸੰਘ ਪਰਿਵਾਰ ਵਾਜਪਾਈ ਦੇ ਇਨ੍ਹਾਂ ਯਤਨਾਂ ਤੋਂ ਖ਼ੁਸ਼ ਨਹੀਂ ਸੀ। ਸ਼ਿਆਮਾ ਪ੍ਰਸਾਦ ਮੁਖਰਜੀ ਦੀ ਜਨਮ ਸ਼ਤਾਬਦੀ ਸਾਲ ਵਿਚ ਗੁਜਰਾਤ ਦੇ ਗਾਂਧੀ ਨਗਰ ਵਿਚ ਹੋਈ ਆਰ. ਐੱਸ. ਐੱਸ. ਦੀ ਪ੍ਰਤੀਨਿਧੀ ਸਭਾ ਦੀ ਬੈਠਕ ਵਿਚ ਜਦੋਂ ਜੰਮੂ ਅਤੇ ਕਸ਼ਮੀਰ ਦੇ ਲਈ ਖ਼ੁਦ-ਮੁਖ਼ਤਿਆਰੀ ਦੇ ਕਿਸੇ ਵੀ ਪ੍ਰਸਤਾਵ ਦਾ ਪੁਰਜ਼ੋਰ ਵਿਰੋਧ ਕੀਤਾ ਗਿਆ ਤਾਂ ਬਾਲਾ ਸਾਹਿਬ ਠਾਕਰੇ ਨੇ ਵੀ ਸੁਰ 'ਚ ਸੁਰ ਮਿਲਾਇਆ। ਇਹੀ ਵਜ੍ਹਾ ਸੀ ਕਿ ਮੰਤਰੀ ਮੰਡਲ ਨੇ ਇਹ ਪ੍ਰਸਤਾਵ ਖ਼ਾਰਜ ਕਰ ਦਿੱਤਾ ਸੀ।[5] ਨੂਰਾਨੀ ਆਗਰਾ ਵਾਰਤਾ ਦੀ ਅਸਫਲਤਾ ਦਾ ਦੋਸ਼ ਪਾਰਟੀ ਵਿਚ ਹਾਰਡਲਾਈਨਰ ਮੰਨੇ ਜਾਣ ਵਾਲੇ ਤੱਤਕਾਲੀ ਗ੍ਰਹਿ-ਮੰਤਰੀ ਅਡਵਾਨੀ ਉੱਪਰ ਲਗਾਉਂਦੇ ਹਨ,[6] ਤੇ ਆਰ. ਐੱਸ. ਐੱਸ. ਜਾਂ ਬਜਰੰਗ ਦਲ ਵਰਗੇ ਸੰਗਠਨ, ਜਿਹੜੇ ਉਸ ਪੂਰੇ ਦੌਰ ਵਿਚ ਕਸ਼ਮੀਰ ਨੂੰ ਲੈ ਕੇ ਆਪਣੀ ਭਾਸ਼ਾ ਬੋਲ ਰਹੇ ਸਨ, ਉਹ ਸਰਕਾਰ ਦੀ ਭਾਸ਼ਾ ਤੋਂ ਵੱਖ ਸੀ। ਇਹੀ ਨਹੀਂ, 2005-06 ਵਿਚ ਜਦੋਂ ਮਨਮੋਹਨ ਸਿੰਘ ਅਤੇ ਪਰਵੇਜ਼ ਮੁਸ਼ੱਰਫ਼ ਕਸ਼ਮੀਰ ਸਮੱਸਿਆ ਦੇ ਹੱਲ ਦੇ ਬਹੁਤ ਹੀ ਕਰੀਬ ਸਨ, ਤਦ ਭਾਜਪਾ ਨੇ ਉਨ੍ਹਾਂ ਦਾ ਸਹਿਯੋਗ ਕਰਨ ਦੀ ਬਜਾਏ ਅੜਚਣਾਂ ਹੀ ਪਾਈਆਂ। 25 ਜਨਵਰੀ 2004 ਨੂੰ ਇੱਕ ਪ੍ਰੈੱਸ ਕਾਨਫਰੰਸ ਵਿਚ ਯਸ਼ਵੰਤ ਸਿਨਹਾ ਨੇ ਮਨਮੋਹਨ ਸਿੰਘ ਦੀਆਂ ਨੀਤੀਆਂ ਦੀ ਤਿੱਖੀ ਆਲਚੋਨਾ ਕੀਤੀ ਅਤੇ ਕਦੀ ਹੁਰੀਅਤ ਨਾਲ ਗੱਲ-ਬਾਤ ਦੀ ਪਹਿਲ ਕਰਨ ਵਾਲੇ ਵਾਜਪਾਈ ਨੇ ਮਨਮੋਹਨ ਸਿੰਘ ਨੂੰ ਲਿਖੇ ਆਪਣੇ ਇੱਕ ਪੱਤਰ ਵਿਚ ਹੈਰਾਨੀਜਨਕ ਰੂਪ ਨਾਲ ਤਿੰਨ ਦੋਸ਼ ਲਗਾਏ: ਪਹਿਲਾ ਸ਼ਾਂਤੀ ਪ੍ਰਕਿਰਿਆ ਬਹੁਤ ਜ਼ਿਆਦਾ ਕਸ਼ਮੀਰ ਕੇਂਦਰਿਤ ਹੋ ਗਈ ਹੈ, ਦੂਸਰਾ ਇਹ ਅੱਤਵਾਦ 'ਤੇ ਚੁੱਪ ਹੈ ਅਤੇ ਤੀਜਾ ਹੁਰੀਅਤ ਨੂੰ ਮਹੱਤਵ ਦਿੱਤਾ ਜਾ ਰਿਹਾ ਹੈ।[7] ਫਿਰ ਵੀ ਕਸ਼ਮੀਰ ਨੂੰ ਲੈ ਕੇ ਨੀਤੀਆਂ ਨੂੰ ਸਿਰ ਤੋਂ ਲੈ ਕੇ ਪੈਰਾਂ ਤਕ ਖੜ੍ਹਾ ਕਰਨ ਦੀਆਂ ਕਵਾਇਦਾਂ ਚੱਲਦੀਆਂ ਰਹੀਆਂ। ਇਸੇ ਵਿਚਕਾਰ 2002 ਵਿਚ ਜੰਮੂ ਅਤੇ ਕਸ਼ਮੀਰ ਵਿਚ ਚੋਣਾਂ ਹੋਈਆਂ। ਹੁਰੀਅਤ ਕਾਨਫ਼ਰੰਸ ਦੇ ਨੇਤਾਵਾਂ ਨੇ ਇਸ ਦੇ ਬਾਈਕਾਟ ਦੀ ਅਪੀਲ ਕੀਤੀ, ਪਰ ਨਾਲ ਹੀ ਨਾ ਕੇਵਲ ਨੈਸ਼ਨਲ ਕਾਨਫ਼ਰੰਸ ਨੂੰ ਹਰਾਉਣ ਦੀ ਅਪੀਲ ਵੀ ਕੀਤੀ, ਬਲਕਿ ਆਪਣੇ ਕੁੱਝ ਲੋਕਾਂ ਨੂੰ ਆਜ਼ਾਦ ਉਮੀਦਵਾਰਾਂ ਵਜੋਂ ਚੋਣ ਵੀ ਲੜਵਾਈ।[8] ਵੈਸੇ ਤਾਂ ਇਨ੍ਹਾਂ ਚੋਣਾਂ ਵਿਚ ਅੱਤਵਾਦੀ ਹਮਲਿਆਂ ਦੌਰਾਨ 87 ਰਾਜਨੀਤਿਕ ਕਾਰਜ-ਕਰਤਾ ਮਾਰ ਦਿੱਤੇ ਗਏ। ਜਿਹੜੀ ਕੇ ਪਿਛਲੀਆਂ ਚੋਣਾਂ ਦੀ ਤੁਲਨਾ ਵਿਚ ਸਭ ਤੋਂ ਵੱਡੀ ਗਿਣਤੀ ਸੀ,[9] ਪਰ ਚੋਣਾਂ ਦੇ ਐਲਾਨ ਤੋਂ ਪਹਿਲਾਂ ਹੀ ਕਸ਼ਮੀਰ ਦੇ ਪ੍ਰਮੁੱਖ ਵੱਖਵਾਦੀ ਨੇਤਾ ਅਤੇ ਕਸ਼ਮੀਰ ਸਮੱਸਿਆ ਦੇ ਹੱਲ ਲਈ ਭਾਰਤ ਨਾਲ ਗੱਲਬਾਤ ਦਾ ਪੱਖ ਰੱਖਣ ਵਾਲੇ ਅਬਦੁਲ ਗ਼ਨੀ ਲੋਨ ਦੀ ਹੱਤਿਆ ਕਰ ਦਿੱਤੀ ਗਈ। ਉਹ 1990 'ਚ ਮੀਰਵਾਇਜ਼ ਮੌਲਵੀ ਫ਼ਾਰੂਕ ਤੋਂ ਬਾਅਦ ਮਾਰੇ ਜਾਣ ਵਾਲੇ ਪਹਿਲੇ ਵੱਡੇ ਵੱਖਵਾਦੀ ਨੇਤਾ ਸਨ। ਪੀਪਲਜ਼ ਕਾਨਫ਼ਰੰਸ ਪਾਰਟੀ ਦੇ ਨੇਤਾ ਲੋਨ ਉਗਰਪੰਥੀ ਰੁੱਖ਼ ਦੇ ਤਿੱਖੇ ਆਲੋਚਕ ਸਨ। ਉਸ ਦਾ ਮੰਨਣਾ ਸੀ ਕਿ ਹਿੰਸਾ ਨਾਲ ਕਸ਼ਮੀਰ ਦੀ ਸਮੱਸਿਆ ਨਹੀਂ ਸੁਲਝਾਈ ਜਾ ਸਕਦੀ। ਮੀਡੀਆ ਵਿਚ ਇਹ ਅਟਕਲਾਂ ਲਗਾਈਆਂ ਜਾ ਰਹੀਆਂ ਸਨ ਕਿ ਲੋਨ ਚੋਣ ਲੜਨ ਦੀ ਸੋਚ ਰਹੇ ਹਨ। ਅਜਿਹੇ ਸਮੇਂ 'ਚ ਅਟਲ ਬਿਹਾਰੀ ਵਾਜਪਾਈ ਕਸ਼ਮੀਰ ਆਉਣ ਵਾਲੇ ਸਨ ਤੇ ਗੱਲਬਾਤ ਦੀਆਂ ਉਮੀਦਾਂ ਫ਼ਿਜ਼ਾ 'ਚ ਸਨ। ਲੋਨ ਦੀ ਹੱਤਿਆ ਜ਼ਾਹਿਰ ਤੌਰ 'ਤੇ ਇਨ੍ਹਾਂ ਉਮੀਦਾਂ 'ਚ ਖ਼ਲਲ ਪਾਉਣ ਦੀ ਸਾਜ਼ਿਸ਼ ਸੀ। ਫ਼ਾਰੂਕ ਨੇ ਇਸ ਦਾ ਇਲਜ਼ਾਮ ਪਾਕਿਸਤਾਨ ਉੱਪਰ ਲਗਾਇਆ। ਅਮਰੀਕੀ ਸੈਕ੍ਰੇਟਰੀ ਆਫ਼ ਸਟੇਟ ਕਾਲਿਨ ਪਾਵੇਲ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ, "ਹਾਲਾਂਕਿ ਕਿਸੇ ਨੇ ਉਸਦੀ ਹੱਤਿਆ ਦੀ ਜ਼ਿੰਮੇਵਾਰੀ ਨਹੀਂ ਲਈ ਹੈ, ਪਰ ਇਹ

ਸਪਸ਼ਟ ਹੈ ਕਿ ਉਸ ਦੇ ਹਤਿਆਰੇ ਉਨ੍ਹਾਂ ਵਿਚੋਂ ਹੀ ਹਨ, ਜੋ ਨਹੀਂ ਚਾਹੁੰਦੇ ਕਿ ਕਸ਼ਮੀਰ ਸਮੱਸਿਆ ਦਾ ਸ਼ਾਂਤੀਪੂਰਨ ਹੱਲ ਹੋਵੇ। 2 ਜਨਵਰੀ 2011 ਨੂੰ ਵੰਡੀ ਗਈ ਹੁਰੀਅਤ ਦੇ ਨਰਮ ਪੰਥੀ ਧੜੇ ਦੇ ਮੁੱਖ ਬੁਲਾਰੇ ਅਬਦੁਲ ਗਨੀ ਭੱਟ ਨੇ ਇਕ ਪ੍ਰੋਗਰਾਮ 'ਚ ਕਬੂਲ ਕੀਤਾ ਕਿ ਮੀਰਵਾਇਜ਼ ਮੌਲਵੀ ਫ਼ਾਰੂਕ, ਅਬਦੁਲ ਗਨੀ ਲੋਨ ਅਤੇ ਜੇ. ਕੇ. ਐੱਲ. ਐੱਫ. ਦੇ ਵਿਚਾਰਕ ਪ੍ਰੋਫੈਸਰ ਅਬਦੁਲ ਗਨੀ ਵਾਨੀ ਦੀ ਹੱਤਿਆ ਭਾਰਤੀ ਫ਼ੌਜ ਨੇ ਨਹੀਂ, ਬਲਕਿ ਕਿਸੇ ਅੰਦਰ ਦੇ ਵਿਅਕਤੀ ਨੇ ਕੀਤੀ ਸੀ । "ਕਸ਼ਮੀਰ ਅੰਦੋਲਨ 'ਚ ਬੁੱਧੀਜੀਵੀਆਂ ਦੀ ਭੂਮਿਕਾ" ਉੱਪਰ ਆਯੋਜਿਤ ਇਸ ਸੈਮੀਨਾਰ ਵਿਚ ਉਨ੍ਹਾਂ ਨੇ ਕਿਹਾ, "ਅਸੀਂ ਆਪਣੇ ਬੁੱਧੀਜੀਵੀਆਂ ਨੂੰ ਮਾਰ ਸੁੱਟਿਆ, ਜਿੱਥੇ ਵੀ ਕਿਤੇ ਕੋਈ ਸਾਨੂੰ ਬੁੱਧੀਜੀਵੀ ਮਿਲਿਆ, ਅਸੀਂ ਉਸ ਨੂੰ ਮਾਰ ਸੁੱਟਿਆ।"[10] ਕਸ਼ਮੀਰੀ ਆਤਮ-ਨਿਰਨੇ ਦੇ ਸਵਾਲ ਵਿਚਕਾਰ ਪਾਕਿਸਤਾਨ ਦੇ ਦਖ਼ਲ ਨੇ ਇਸ ਸਵਾਲ ਨੂੰ ਕਿੰਨਾ 'ਕਸ਼ਮੀਰੀ' ਰਹਿਣ ਦਿੱਤਾ ਹੈ, ਇਹ ਵਿਚਾਰਨਯੋਗ ਸਵਾਲ ਹੈ। ਇਸ ਲੰਮੇ ਸੰਘਰਸ਼ ਵਿਚ ਇੱਕ-ਇੱਕ ਕਰ ਕੇ ਹਰ ਉਸ ਆਵਾਜ਼ ਨੂੰ ਦਬਾ ਦਿੱਤਾ ਗਿਆ, ਜਿਸ ਨੇ ਪਾਕਿਸਤਾਨ 'ਚ ਸ਼ਾਮਿਲ ਹੋਣ ਦੀ ਬਜਾਏ ਇੱਕ ਵੱਖਰੀ ਲਾਇਨ ਅਪਣਾਈ। ਭਾਰਤ ਅਜਿਹੇ ਲੋਕਾਂ ਨੂੰ ਸੁਰੱਖਿਆ ਕਿਉਂ ਨਹੀਂ ਪ੍ਰਦਾਨ ਕਰ ਸਕਿਆ ਅਤੇ ਅਜਿਹੀਆਂ ਘਟਨਾਵਾਂ ਦੇ ਬਾਅਦ ਮਾਹੌਲ ਨੂੰ ਆਪਣੇ ਪ੍ਰਤੀ ਸੰਵੇਦਨਸ਼ੀਲ ਕਿਉਂ ਨਹੀਂ ਬਣਾ ਸਕਿਆ। ਇਹ ਇੱਕ ਹੋਰ ਵੱਡਾ ਸਵਾਲ ਹੈ। ਕਸ਼ਮੀਰ ਦੇ ਹਾਲਾਤ ਅਜਿਹੇ ਹੀ ਅਣਉੱਚਿਤ ਸਵਾਲਾਂ ਦੀ ਪੈਦਾਇਸ਼ ਹਨ।

ਇਨ੍ਹਾਂ ਚੋਣਾਂ ਵਿਚ ਲਗਭਗ 45 ਫ਼ੀਸਦੀ ਵੋਟਾਂ ਪਈਆਂ ਅਤੇ ਹੈਰਾਨੀਜਨਕ ਰੂਪ 'ਚ ਕਾਂਗਰਸ ਨੇ ਚੰਗਾ ਪ੍ਰਦਰਸ਼ਨ ਕਰਦੇ ਹੋਏ 20 ਸੀਟਾਂ ਜਿੱਤੀਆਂ। ਪੀ. ਡੀ. ਪੀ. ਨੂੰ 16 ਸੀਟਾਂ ਮਿਲੀਆਂ। ਨੈਸ਼ਨਲ ਕਾਨਫਰੰਸ ਹੁਣ ਵੀ 28 ਸੀਟਾਂ ਦੇ ਨਾਲ ਸਭ ਤੋਂ ਵੱਡੀ ਪਾਰਟੀ ਸੀ, ਪਰ ਕਾਂਗਰਸ ਨੇ ਪੀ. ਡੀ. ਪੀ. ਦਾ ਸਾਥ ਚੁਣਿਆ ਅਤੇ ਇਸ ਤਰ੍ਹਾਂ ਨਾਂ ਕੇਵਲ ਮੁਫ਼ਤੀ ਦਾ ਕਸ਼ਮੀਰ ਦਾ ਮੁੱਖ ਮੰਤਰੀ ਬਣਨ ਦਾ ਸੁਪਨਾ ਅੰਤ ਨੂੰ ਕਾਂਗਰਸ ਦੇ ਸਹਾਰੇ ਹੀ ਪੂਰਾ ਹੋਇਆ, ਬਲਕਿ ਆਜ਼ਾਦੀ ਦੇ ਬਾਅਦ ਪਹਿਲੀ ਵਾਰ ਕਸ਼ਮੀਰ 'ਚ ਸੱਤਾ ਚੋਣਾਂ ਨਾਲ ਬਦਲੀ।

ਕਾਂਗਰਸ ਅਤੇ ਪੀ. ਡੀ. ਪੀ. ਦੇ ਵਿਚਕਾਰ ਤਿੰਨ-ਤਿੰਨ ਸਾਲ ਤੱਕ ਸੱਤਾ ਵਿਚ ਰਹਿਣ ਦਾ ਸਮਝੌਤਾ ਹੋਇਆ ਸੀ ਅਤੇ ਇਸ ਦੇ ਤਹਿਤ 2005 'ਚ ਗ਼ੁਲਾਮ ਨਬੀ ਆਜ਼ਾਦ ਕਸ਼ਮੀਰ ਦੇ ਮੁੱਖ ਮੰਤਰੀ ਬਣੇ। ਦੋਵਾਂ ਦਲਾਂ ਵਿਚਕਾਰ ਪਹਿਲੀ ਦਰਾੜ ਉਦੋਂ ਪਈ, ਜਦੋਂ ਪੀ. ਡੀ. ਪੀ. ਦੇ ਇੱਕ ਵਿਧਾਇਕ ਮੁਰਤਜ਼ਾ ਖਾਨ ਨੇ ਇੱਕ ਨਿੱਜੀ ਬਿੱਲ ਪੇਸ਼ ਕੀਤਾ। ਜਿਸ ਵਿਚ ਜੰਮੂ-ਕਸ਼ਮੀਰ ਦੀਆਂ ਲੜਕੀਆਂ ਨੂੰ ਬਾਹਰੀ ਵਿਅਕਤੀ ਨਾਲ ਵਿਆਹ ਕਰਨ 'ਤੇ ਸੰਪੱਤੀ ਦੇ ਅਧਿਕਾਰ ਤੇ ਨਾਗਰਿਕਤਾ ਤੋਂ ਵਾਂਝੇ ਰੱਖਣ ਦਾ ਪ੍ਰਸਤਾਵ ਸੀ। ਇੱਥੇ ਪਾਠਕਾਂ ਨੂੰ 2002 'ਚ ਜੰਮੂ-ਕਸ਼ਮੀਰ ਉੱਚ-ਅਦਾਲਤ ਦਾ ਇਹ ਫ਼ੈਸਲਾ ਯਾਦ ਹੋਵੇਗਾ, ਜਿਸ ਵਿਚ ਇਹ ਵਿਵਸਥਾ ਕੀਤੀ ਗਈ ਸੀ ਕਿ ਰਾਜ ਦੀਆਂ ਔਰਤਾਂ ਦੀ ਨਾਗਰਿਕਤਾ ਕਿਸੇ ਵੀ ਮਰਦ ਨਾਲ ਵਿਆਹ ਕਰਨ 'ਤੇ ਸੁਰੱਖਿਅਤ ਰਹੇਗੀ। 6 ਮਾਰਚ 2004 ਨੂੰ ਕਾਨੂੰਨ ਮੰਤਰੀ ਮੁਜ਼ੱਫਰ ਬੇਗ਼ ਨੇ ਵਿਧਾਨ ਸਭਾ 'ਚ ਇਸ ਉਦੇਸ਼ ਨਾਲ ਬਿੱਲ ਪੇਸ਼ ਕੀਤਾ, ਪਰ ਕਾਂਗਰਸ ਨੇ ਇਸ ਬਿੱਲ ਉੱਪਰ ਸਹਿਮਤੀ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਸਿੱਟੇ ਵਜੋਂ ਇਹ ਬਿੱਲ ਪਾਸ ਨਾ ਹੋ ਸਕਿਆ। ਇਸ ਉਪਰੰਤ ਗ਼ੁਲਾਮ ਨਬੀ ਆਜ਼ਾਦ ਦੇ ਪਦ ਸੰਭਾਲਣ ਤੋਂ ਬਾਅਦ ਉੱਭਰੇ ਅਮਰਨਾਥ ਸ਼ਰਾਇਨ ਬੋਰਡ ਵਿਵਾਦ ਨੇ ਗੱਠਜੋੜ 'ਚ ਦਰਾੜਾਂ ਹੋਰ ਡੂੰਘੀਆਂ ਕਰ ਦਿੱਤੀਆਂ।

ਅਮਰਨਾਥ ਦਾ ਜ਼ਿਕਰ ਛੇਵੀਂ ਸ਼ਤਾਬਦੀ 'ਚ ਲਿਖੇ 'ਨੀਲਮਤ ਪੁਰਾਣ' ਤੋਂ ਲੈ ਕੇ ਕਲ੍ਹਣ ਦੁਆਰਾ

ਰਚਿਤ 'ਰਾਜਤਰੰਗਿਣੀ' ਵਿਚ ਵੀ ਪ੍ਰਾਪਤ ਹੁੰਦਾ ਹੈ। ਜਿੱਥੇ ਇਹ ਕਥਾ ਨਾਗ ਸ਼ੁਸ਼ੁਰੂਵਾਸ ਨਾਲ ਜੁੜਦੀ ਹੈ। ਜਿਸ ਨੇ ਆਪਣੀ ਵਿਆਹੀ ਬੇਟੀ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕਰਨ ਵਾਲੇ ਰਾਜਾ ਨਰ ਦੇ ਰਾਜ ਨੂੰ ਸਾੜ ਕੇ ਸੁਆਹ ਕਰ ਦੇਣ ਤੋਂ ਬਾਅਦ, ਦੁੱਧ ਦੀ ਨਦੀ ਸਾਮਾਨ ਲੱਗਣ ਵਾਲੀ ਸ਼ੇਸ਼ਨਾਗ ਝੀਲ 'ਚ ਸ਼ਰਨ ਲਈ ਅਤੇ ਕੱਲ੍ਹਣ ਦੇ ਅਨੁਸਾਰ, ਅਮਰੇਸ਼ਵਰ ਦੀ ਤੀਰਥ ਯਾਤਰਾ 'ਤੇ ਜਾਣ ਵਾਲੇ ਸ਼ਰਧਾਲੂਆਂ ਨੂੰ ਇਸ ਦਾ ਦਰਸ਼ਨ ਹੁੰਦਾ ਹੈ। ਸੋਲ੍ਹਵੀਂ ਸਦੀ 'ਚ ਕਸ਼ਮੀਰ ਆਏ ਫ੍ਰੈਂਕੋਇਸ ਬਰਨਿਅਰ ਦੀਆਂ ਲਿਖ਼ਤਾਂ ਵਿਚ ਵੀ ਇਸ ਦਾ ਵਰਣਨ ਮਿਲਦਾ ਹੈ ਅਤੇ ਲਗਭਗ ਸਤਾਰ੍ਹਵੀਂ ਸਦੀ ਤੱਕ ਇਹ ਯਾਤਰਾ ਜਾਰੀ ਰਹੀ ਸੀ। ਆਧੁਨਿਕ ਸਮੇਂ ਵਿਚ ਕੋਈ ਡੇਢ 'ਕੁ ਸੌ ਸਾਲ ਪਹਿਲਾਂ ਇੱਕ ਮੁਸਲਿਮ ਚਰਵਾਹੇ ਬੂਟਾ ਮਲਿਕ ਨੇ ਇਸ ਗੁਫ਼ਾ ਨੂੰ ਫਿਰ ਖੋਜਿਆ ਅਤੇ ਹਾੜ ਦੀ ਪੁੰਨਿਆ ਤੋਂ ਲੈ ਕੇ ਸਾਉਣ ਦੀ ਪੁੰਨਿਆ ਦੇ ਵਿਚਕਾਰ ਵੱਡੀ ਗਿਣਤੀ 'ਚ ਯਾਤਰੀਆਂ ਦਾ ਗੁਫ਼ਾ 'ਚ ਬਣੇ ਬਰਫ਼ ਸ਼ਿਵਲਿੰਗ ਦੇ ਦਰਸ਼ਨਾਂ ਲਈ ਜਾਣਾ ਸ਼ੁਰੂ ਹੋਇਆ। 1991-95 ਦੇ ਵਿਚਕਾਰ ਕਸ਼ਮੀਰ 'ਚ ਤੀਬਰ ਅੱਤਵਾਦ ਦੀਆਂ ਕਠਿਨਮਈ ਸਥਿਤੀਆਂ ਤੋਂ ਇਲਾਵਾ ਇਹ ਯਾਤਰਾ ਲਗਭਗ ਬਿਨਾਂ ਕਿਸੇ ਰੁਕਾਵਟ ਦੇ ਚੱਲਦੀ ਰਹੀ ਹੈ। ਅਕਤੂਬਰ 2000 ਵਿਚ ਰਾਜ ਦੇ ਤਤਕਾਲੀ ਸੈਰ ਸਪਾਟਾ ਮੰਤਰੀ ਐੱਸ. ਐੱਸ. ਸਲਾਤੀਆ ਨੇ ਯਾਤਰਾ ਦੇ ਪ੍ਰਬੰਧ ਲਈ 'ਸ਼੍ਰੀ ਅਮਰਨਾਥ ਸ਼ਰਾਈਨ ਬੋਰਡ' ਦੇ ਨਿਰਮਾਣ ਦਾ ਬਿੱਲ ਪੇਸ਼ ਕੀਤਾ ਅਤੇ ਫਰਵਰੀ 2011 'ਚ ਰਾਜ ਸਰਕਾਰ ਨੇ ਬੋਰਡ ਦਾ ਗਠਨ ਕਰ ਦਿੱਤਾ। 2004 'ਚ ਬੋਰਡ ਨੇ ਪਹਿਲੀ ਵਾਰ ਬਾਲਟਾਲ ਅਤੇ ਚੰਦਨਵਾੜੀ 'ਚ ਜੰਗਲਾਤ ਵਿਭਾਗ ਦੇ ਅਧੀਨ 3642 ਕਨਾਲ ਜ਼ਮੀਨ ਦੀ ਮੰਗ ਕੀਤੀ ਅਤੇ ਅਗਲੇ ਤਿੰਨ ਸਾਲਾਂ ਤੱਕ ਮਾਮਲਾ ਜੰਗਲਾਤ ਵਿਭਾਗ, ਹਾਈਕੋਰਟ ਅਤੇ ਸ਼ਰਾਇਨ ਬੋਰਡ ਦੇ ਵਿਚਕਾਰ ਕਾਨੂੰਨੀ ਟਕਰਾਵਾਂ 'ਚ ਫਸਿਆ ਰਿਹਾ ।

ਅਮਰਨਾਥ ਯਾਤਰਾ ਨੂੰ ਲੈ ਕੇ ਵਿਵਾਦ 2008 'ਚ ਸ਼ੁਰੂ ਹੋਇਆ। ਜਦ ਗ਼ੁਲਾਮ ਨਬੀ ਆਜ਼ਾਦ ਨੇ ਵੀ ਅਮਰਨਾਥ ਸ਼ਰਾਇਨ ਬੋਰਡ ਨੂੰ ਲਗਭਗ 800 ਕਨਾਲ (88 ਏਕੜ) ਜ਼ਮੀਨ ਦੇਣ ਦਾ ਨਿਰਨਾ ਲਿਆ ਅਤੇ ਯਾਤਰਾ ਦੇ ਵਿਚਕਾਰ 'ਚ ਹੀ 17 ਜੁਲਾਈ 2008 ਨੂੰ ਰਾਜਪਾਲ ਦੇ ਮੁੱਖ ਸਕੱਤਰ ਅਤੇ ਸ਼ਰਾਇਨ ਬੋਰਡ ਦੇ ਤਤਕਾਲੀ ਸੀ. ਈ. ਓ. ਅਰੁਣ ਕੁਮਾਰ ਨੇ ਇੱਕ ਪ੍ਰੈੱਸ ਕਾਨਫ਼ਰੰਸ 'ਚ ਇਹ ਐਲਾਨ ਕਰ ਦਿੱਤਾ ਕਿ ਜ਼ਮੀਨ ਦਾਨ ਦਾ ਇਹ ਫ਼ੈਸਲਾ ਸਥਾਈ ਹੈ। ਅਗਲੇ ਹੀ ਦਿਨ ਇਹ ਮਾਮਲਾ ਰਾਜਨੀਤਿਕ ਬਣ ਗਿਆ, ਹੁਰੀਅਤ ਦੇ ਦੋਵਾਂ ਧੜਿਆਂ ਨੇ ਇਸ ਦਾ ਵਿਰੋਧ ਕੀਤਾ ਤੇ ਪੀ. ਡੀ. ਪੀ. ਵੀ ਇਸ ਦੇ ਖ਼ਿਲਾਫ਼ ਮੈਦਾਨ ਵਿਚ ਆ ਗਈ। ਨੈਸ਼ਨਲ ਕਾਨਫ਼ਰੰਸ ਵੀ ਪਿੱਛੇ ਨਹੀਂ ਰਹੀ ਅਤੇ ਸ਼ੇਖ਼ ਪਰਿਵਾਰ ਦੀ ਤੀਜੀ ਪੀੜ੍ਹੀ ਦੇ ਉਮਰ ਅਬਦੁੱਲਾ ਨੇ ਐਲਾਨ ਕੀਤਾ ਕਿ, ਜੇਕਰ ਸਾਡੀ ਇੱਕ ਇੰਚ ਵੀ ਜ਼ਮੀਨ ਕਿਸੇ ਬਾਹਰਲੇ ਨੂੰ ਦਿੱਤੀ ਗਈ ਤਾਂ ਅਸੀਂ ਆਪਣੀ ਜ਼ਿੰਦਗੀ ਕੁਰਬਾਨ ਕਰ ਦੇਵਾਂਗੇ। ਦੂਜੇ ਪਾਸੇ ਜੰਮੂ 'ਚ ਭਾਜਪਾ ਨੇ ਮੋਰਚਾ ਖੋਲ੍ਹ ਦਿੱਤਾ ਅਤੇ ਇਹ ਵਿਵਾਦ ਇੱਕ ਧਾਰਮਿਕ ਵਿਵਾਦ 'ਚ ਤਬਦੀਲ ਹੋ ਗਿਆ। ਜਿਸ ਵਿਚ ਹੋਈਆਂ ਹਿੰਸਕ ਝੜਪਾਂ ਦੌਰਾਨ ਕਈ ਲੋਕ ਮਾਰੇ ਗਏ। ਓਧਰ ਸ਼ਿਵ ਸੈਨਾ, ਭਾਜਪਾ, ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ ਅਤੇ ਨਵ-ਗਠਿਤ ਸ਼੍ਰੀ ਅਮਰਨਾਥ ਯਾਤਰਾ ਸੰਘਰਸ਼ ਸਮਿਤੀ ਨੇ ਜੰਮੂ ਤੋਂ ਜ਼ਰੂਰੀ ਵਸਤੂਆਂ ਦੀ ਸਪਲਾਈ ਰੋਕ ਦਿੱਤੀ ਗਈ ਤੇ ਘਾਟੀ ਦੇ ਦੁਕਾਨਦਾਰਾਂ ਨੇ 'ਚੱਲੋ ਮੁਜ਼ੱਫਰਾਬਾਦ' ਦਾ ਨਾਅਰਾ ਦਿੱਤਾ ਅਤੇ ਅੰਤ ਨੂੰ 28 ਜੂਨ 2008 ਨੂੰ ਪੀ. ਡੀ. ਪੀ. ਨੇ ਸਰਕਾਰ ਤੋਂ ਸਮਰਥਨ ਵਾਪਸ ਲੈ ਲਿਆ। ਲਾਲ ਕ੍ਰਿਸ਼ਨ ਅਡਵਾਨੀ ਨੇ ਇਸ ਨੂੰ ਚੋਣ ਮੁੱਦਾ ਬਣਾਉਣ ਦਾ ਐਲਾਨ ਕੀਤਾ ਤੇ ਕਸ਼ਮੀਰ ਘਾਟੀ 'ਚ ਪੀ. ਡੀ. ਪੀ. ਨੇ ਇਸ ਦੀ ਵਰਤੋਂ ਆਪਣੀ ਵੱਖਵਾਦੀ ਅਤੇ ਕੱਟੜ ਦਿੱਖ ਬਣਾਉਣ ਵਿਚ ਕੀਤੀ। ਵੱਖਵਾਦੀ ਨੇਤ ਸ਼ੇਖ਼ ਸ਼ੌਕਤ ਅਜ਼ੀਜ਼ ਸਹਿਤ 21 ਤੋਂ ਜ਼ਿਆਦਾ ਲੋਕਾਂ ਦੀ ਜਾਨ

ਅਤੇ ਗ਼ੁਲਾਮ ਨਬੀ ਸਰਕਾਰ ਦੀ ਬਲੀ ਲੈਣ ਤੋਂ ਬਾਅਦ ਇਹ ਮਾਮਲਾ 61 ਦਿਨਾਂ ਬਾਅਦ ਰਾਜਪਾਲ ਦੁਆਰਾ ਬਣਾਏ ਗਏ ਇੱਕ ਪੈਨਲ ਦੁਆਰਾ ਦਾਨ ਨੂੰ ਅਸਥਾਈ ਦੱਸਣ ਅਤੇ ਬੋਰਡ ਨੂੰ ਇਸ ਜ਼ਮੀਨ ਦੇ ਉਪਯੋਗ ਦੀ ਪ੍ਰਵਾਨਗੀ ਦੇ ਬਾਅਦ ਬੰਦ ਤਾਂ ਹੋਇਆ, ਪਰ ਇਸ ਦੇ ਨਾਲ ਕਸ਼ਮੀਰ ਦੇ ਵਿਸ਼ੈਲੇ ਮਾਹੌਲ 'ਚ ਸੰਪਰਦਾਇਕਤਾ ਦਾ ਥੋੜ੍ਹਾ ਹੋਰ ਜ਼ਹਿਰ ਹੋਰ ਭਰ ਗਿਆ।

ਅਸ਼ੋਕ ਕੁਮਾਰ ਪਾਂਡੇ ਦੀ ਨਵ-ਪ੍ਰਕਾਸ਼ਿਤ ਕਿਤਾਬ “ਕਸ਼ਮੀਰਨਾਮਾ” ਵਿਚੋਂ ਧੰਨਵਾਦ ਸਹਿਤ।

ਪੰਜਾਬੀ ਅਨੁਵਾਦ- ਜਸਵਿੰਦਰ ਸਿੰਘ ਜੱਸ

ਸੰਪਰਕ: 98723-52580

ਸੋਧਕ: ਪਰਮਿੰਦਰ ਸਿੰਘ ਸ਼ੌਂਕੀ


ਹਵਾਲੇ

ਦੇਖੋ, ਪੰਨਾ 123-126, My Kashmir the dying of the light , Wazahat Habibullah, Penguin Books , Delhi-2014

ਦੇਖੋ, ਉਹੀ , ਪੰਨਾ 130-131

ਦੇਖੋ, ਪੰਨਾ 60, Vajpayee's 'Betrayal' of Faruq, Kashmir -The Vajpayee years , A.S Dulat , Harper Collins Publishers, Noida – 2015

ਦੇਖੋ, ਅਲ ਜ਼ਜ਼ੀਰਾ ਦੀ ਵੈੱਬਸਾਈਟ 'ਤੇ ਸੁਮਾਂਤਰਾ ਬੋਸ ਦਾ ਲੇਖ 'The Evouloution Of kashmiri resistance', 2 Agsq 2011

ਦੇਖੋ, 22 ਜੁਲਾਈ ਤੋਂ 4 ਅਗਸਤ ਦੇ ਫਰੰਟਲਾਇਨ 'ਚ ਛਪੇ ਸੁਕੁਮਾਰ ਮੁਰਲੀਧਰਨ ਦਾ ਲੇਖ 'From Demad to Dialogue'

ਦੇਖੋ, 10 ਤੋਂ 23 ਮਈ ਦੇ ਫਰੰਟਲਾਇਨ 'ਚ ਲਾਲ ਕ੍ਰਿਸ਼ਨ ਅਡਵਾਨੀ ਦੀ ਕਿਤਾਬ ' My Country My life' ਦੀ A.G Nurani ਦੁਆਰਾ ਕੀਤੀ ਗਈ ਸਮੀਖਿਆ ' In his to colors'


ਦੇਖੋ, ਫਰੰਟਲਾਇਨ ਦੇ 16-29 ਜੁਲਾਈ ਦੇ ਅੰਕ 'ਚ A.G Nurani dw lyK 'The Truth about Agra'

http://www.rediff.com/election/2002/sep/18jk3.htm

http://www.satp.org/satporgtp/exclusive/jḜk_election/political_killed.htm

ਦੇਖੋ, ਪੰਨਾ 244, Kashmir and Sher-e-Kashmir: A Revolution Derailed, P L D Parimoo, Chinar Publishing , Ahmedabad , 2012

ਦੇਖੋ, ਏਪੀਲਾਗ ਦੇ 1 ਦਸੰਬਰ 2009 ਦੇ ਅੰਕ 'ਚ ਪ੍ਰਕਾਸ਼ਿਤ ਲੇਖ 'Understanding The Amarnath Shrine Land and Controversy' ਸੰਦੀਪ ਸਿੰਘ



# ਅਰਨੈਸਟੋ ਕਾਰਦੇਨਾਲ ਦੀਆਂ ਚੋਣਵੀਆਂ ਕਵਿਤਾਵਾਂ

ਵਿਸ਼ਵ ਭਰ ਦੇ ਮਹਾਨ ਕਵੀਆਂ ਵਿਚ ਸ਼ੁਮਾਰ ਕੀਤੇ ਜਾਣ ਵਾਲੇ ਅਰਨੈਸਟੋ ਕਾਰਦੇਨਾਲ ਦਾ ਜਨਮ ਸੰਨ 1925 ਵਿਚ ਨਿਕਾਰਾਗੁਆ ਵਿਖੇ ਹੋਇਆ। ਉਸ ਨੇ ਚਾਰ ਸਾਲ ਦੀ ਉਮਰ ਵਿਚ ਹੀ ਕਵਿਤਾ ਲਿਖਣੀ ਆਰੰਭ ਕਰ ਦਿੱਤੀ ਸੀ, ਜਿਹੜੀ ਕਿ ਇੱਕ ਹੈਰਤ-ਅੰਗੇਜ਼ ਘਟਨਾ ਜਾਪਦੀ ਹੈ। ਜਵਾਨੀ ਦੇ ਦਿਨਾਂ ਦੌਰਾਨ ਉਸ ਨੇ ਕ੍ਰਾਂਤੀਕਾਰੀ ਅੰਦੋਲਨਾਂ ਵਿਚ ਆਪਣੀ ਅਹਿਮ ਭੂਮਿਕਾ ਨਿਭਾਉਣੀ ਸ਼ੁਰੂ ਕਰ ਦਿੱਤੀ, ਪਰ 26 ਸਾਲ ਦੀ ਉਮਰ ਵਿਚ ਅਰਨੈਸਟੋ ਦੇ ਜੀਵਨ ਵਿਚ ਇੱਕ ਭਾਰੀ ਬਦਲਾਅ ਉਸ ਸਮੇਂ ਆਇਆ, ਜਦੋਂ ਉਹ ਅਮਰੀਕਾ ਦੇ ਟ੍ਰੈਪਿਸਟ ਮੱਠ ਵਿਚ ਧਰਮ-ਦੀਖਿਆ ਲਈ ਗਏ ਅਤੇ ਅਮਰੀਕੀ ਪਾਦਰੀ-ਕਵੀ ਥਾਮਸ ਮੇਟ੍ਰਨ ਦੇ ਸੰਪਰਕ ਵਿਚ ਆਏ। ਇਸ ਉਪਰੰਤ ਕਾਰਦੇਨਾਲ ਨੇ ਥਾਮਸ ਨੂੰ ਆਪਣਾ ਗੁਰੂ ਧਾਰਨ ਕਰ ਲਿਆ। ਇਹ ਇਸ ਗੁਰੂ-ਚੇਲਾ ਪ੍ਰਭਾਵ ਦਾ ਨਤੀਜਾ ਹੀ ਸੀ ਕਿ ਅਸੀਂ ਕਾਰਦੇਨਾਲ ਅੰਦਰ ਮਾਰਕਸਵਾਦ ਅਤੇ ਇਸਾਈਅਤ ਦੋਵਾਂ ਲਈ ਬਰਾਬਰ ਪਿਆਰ ਅਤੇ ਪ੍ਰਤੀਬੱਧਤਾ ਨੂੰ ਵੇਖਦੇ ਹਾਂ।

ਕਾਰਦੇਨਾਲ ਦੀ ਕਵਿਤਾ ਜਾਤੀ-ਪਰੰਪਰਾ ਦੇ ਨਾਲ-ਨਾਲ ਪ੍ਰੇਮ ਅਤੇ ਬਗ਼ਾਵਤ ਦਾ ਕਲਾਤਮਿਕ ਸੌਂਦਰਯ ਪ੍ਰਸਤੁਤ ਕਰਦੀ ਹੈ। ਆਪਣੇ ਇਨ੍ਹਾਂ ਹੀ ਸਰੋਕਾਰਾਂ ਦੀ ਸਪਸ਼ਟਤਾ 'ਤੇ ਚੱਲਦਿਆਂ ਕਾਰਦੇਨਾਲ ਨੂੰ ਯਥਾਸਥਿਤੀਵਾਦੀ ਕੈਥੋਲਿਕ ਤੰਤਰ ਦੇ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ। ਇਸ ਸਭ ਦੇ ਬਾਵਜੂਦ, ਉਨ੍ਹਾਂ ਦੇ ਤੇਵਰ ਅਤੇ ਸੁਰ ਹਮੇਸ਼ਾ ਬਰਕਰਾਰ ਰਹੀ। ਇਹੀ ਕਾਰਨ ਹੈ ਕਿ ਕਾਰਦੇਨਾਲ ਰੂਬੇਨ ਦਾਰੀਓ, ਪਾਬਲੋ ਨੇਰੂਦਾ ਅਤੇ ਸੇਸਰ ਵਾਇੱਖੋ ਦੇ ਬਾਅਦ ਲੈਟਿਨ ਅਮਰੀਕੀ ਗਲੋਬ ਦੇ ਇੱਕ ਵੱਡੇ ਕਵੀ ਵਜੋਂ ਸਾਡੇ ਸਾਹਮਣੇ ਆਉਂਦੇ ਹਨ।

ਅਰਨੈਸਟੋ ਕਾਰਦੇਨਾਲ ਨੇ ਆਪਣੀਆਂ ਹੋਰਨਾਂ ਸਿਰਜਣਾਵਾਂ ਦੇ ਨਾਲ-ਨਾਲ "...ਪਰ ਤੂੰ ਨਹੀਂ ਬਚੇਂਗੀ ਮੇਰੇ ਛੰਦਾਂ ਤੋਂ...ਕੈਤੁਲਸ"[1] ਦੇ ਨਾਮ ਹੇਠ 50 ਨਿੱਕੀਆਂ-ਨਿੱਕੀਆਂ ਕਵਿਤਾਵਾਂ ਦੀ

ਸਿਰਜਣਾ ਵੀ ਕੀਤੀ ਸੀ, ਜਿਨ੍ਹਾਂ ਵਿਚੋਂ ਅਸੀਂ ਪੰਜ ਕਵਿਤਾਵਾਂ ਦਾ ਅਨੁਵਾਦ ਪਾਠਕਾਂ ਸਨਮੁੱਖ ਕਰਨ ਦੀ ਖ਼ੁਸ਼ੀ ਲੈ ਰਹੇ ਹਾਂ:

1. ਇਹੀ ਹੋਵੇਗਾ ਮੇਰਾ ਬਦਲਾ:
ਇੱਕ ਦਿਨ ਤੇਰੇ ਹੱਥਾਂ ਵਿਚ ਹੋਵੇਗੀ
ਇੱਕ ਮਸ਼ਹੂਰ ਕਵੀ ਦੀ ਕਵਿਤਾ ਦੀ ਕਿਤਾਬ
ਅਤੇ ਤੂੰ ਪੜ੍ਹੇਂਗੀ ਉਨ੍ਹਾਂ ਪੰਕਤੀਆਂ ਨੂੰ ਜਿਹੜੀਆਂ ਕਵੀ ਨੇ
ਲਿਖੀਆਂ ਸੀ ਤੇਰੇ ਲਈ
ਅਤੇ ਤੂੰ ਕਦੀ ਜਾਣ ਹੀ ਨਹੀਂ ਪਾਏਂਗੀ ਇਹ ਗੱਲ।

2. ਉਨ੍ਹਾਂ ਨੇ ਮੈਨੂੰ ਦੱਸਿਆ
ਤੂੰ ਕਿਸੇ ਹੋਰ ਨਾਲ ਪਿਆਰ ਕਰਦੀ ਏਂ
ਇਹ ਸੁਣ ਕਿ ਮੈਂ ਚਲਾ ਗਿਆ ਆਪਣੇ ਕਮਰੇ ਅੰਦਰ
ਅਤੇ ਮੈਂ ਲਿਖਿਆ ਸਰਕਾਰ ਦੇ ਖ਼ਿਲਾਫ਼ ਉਹ ਲੇਖ
ਜਿਸ ਨੇ ਮੈਨੂੰ ਜੇਲ੍ਹ ਦੀ ਹਵਾ ਖੁਆਈ।

3. ਤੂੰ ਜਿਸ ਨੂੰ ਮਾਣ ਏ ਮੇਰੀਆਂ ਕਵਿਤਾਵਾਂ 'ਤੇ
ਇਸ ਲਈ ਨਹੀਂ ਕਿ ਉਨ੍ਹਾਂ ਨੂੰ ਮੈਂ ਲਿਖਿਆ
ਸਗੋਂ ਇਸ ਲਈ ਕਿ ਉਹ ਲਿਖੀਆਂ ਗਈਆਂ ਤੇਰੀ ਪ੍ਰੇਰਨਾ ਨਾਲ
ਹਾਲਾਂਕਿ ਉਹ ਲਿਖੀਆਂ ਤੇਰੇ ਵਿਰੁੱਧ ਗਈਆਂ ਸੀ।

ਤੂੰ ਪ੍ਰੇਰਿਤ ਕਰ ਸਕਦੀ ਸੀ ਬਿਹਤਰ ਕਵਿਤਾ।
ਤੂੰ ਪ੍ਰੇਰਿਤ ਕਰ ਸਕਦੀ ਸੀ ਬਿਹਤਰ ਕਵਿਤਾ।

4. ਮੈਂ ਵੰਡੇ ਨੇ ਭੂਮੀਗਤ ਪਰਚੇ
ਸੜਕ ਦੇ ਵਿਚਕਾਰ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਲਗਾਉਂਦੇ ਹੋਏ
ਬੰਦੂਕਧਾਰੀਆਂ ਸਿਪਾਹੀਆਂ ਦੀ ਪ੍ਰਵਾਹ ਨਾ ਕਰਦੇ ਹੋਏ
ਮੈਂ ਸ਼ਾਮਿਲ ਹੋਇਆ ਵਿਦਰੋਹ ਵਿਚ
ਪਰ ਜਦ ਗੁਜ਼ਰਦਾ ਹਾਂ ਤੇਰੇ ਘਰ ਸਾਹਮਣਿਓਂ
ਪੀਲ਼ਾ ਪੈ ਜਾਂਦਾ ਹਾਂ

ਮੈਨੂੰ ਹਿਲਾ ਸੁੱਟਦੀ ਏ ਤੇਰੀ ਇੱਕ ਹੀ ਨਿਗਾਹ।

5. ਇੱਕ ਵੀ ਲਾਇਨ ਦੇ ਕਾਬਿਲ ਨਹੀਂ ਏਂ ਤੂੰ।

[1] ਰੋਮਨ ਸਾਮਰਾਜ ਦੇ ਅੰਤਿਮ ਦੌਰ ਦੇ ਪ੍ਰਸਿੱਧ ਕਵੀ, ਜਿਨ੍ਹਾਂ ਨੇ ਪਿਆਰ ਅਤੇ ਅੰਤਰੰਗ ਮਿੱਤਰਤਾ ਉੱਪਰ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ।

ਵੇਰਵਾ ਅਤੇ ਅਨੁਵਾਦ
ਪਰਮਿੰਦਰ ਸਿੰਘ ਸ਼ੌਂਕੀ



ਮਿਸਰ

ਯੂਸਫ਼ ਅਲ ਸਬਾਈ

# ਕਠਪੁਤਲੀ ਦਾ ਨਾਚ

ਸਾਡੀ ਕਹਾਣੀ ਸ਼ੁਰੂ ਹੁੰਦੀ ਹੈ ਅਲ ਮਦਾਵਾ ਜ਼ਿਲ੍ਹੇ ਦੀ ਹੇਰੇਤ ਗਜ਼ਾਲਤ ਨਾਮ ਦੀ ਇਕ ਗੰਦੀ ਬਸਤੀ ਦੇ ਇਕ ਪੁਰਾਣੇ ਮਕਾਨ ਦੀ ਪਹਿਲੀ ਮੰਜ਼ਿਲ ਦੇ ਇਕ ਪੁਰਾਣੇ ਕਮਰੇ ਵਿਚੋਂ। ਕਮਰੇ ਵਿਚ ਇਕ ਲੋਹੇ ਦੀ ਖ਼ਿੜਕੀ ਹੈ ਜਿਸ ਵਿਚੋਂ ਕੋਈ ਵੀ ਗਲੀ ਵਿਚ ਆਉਂਦੇ ਜਾਂਦੇ ਪੈਦਲ ਚੱਲ ਰਹੇ ਲੋਕਾਂ ਨੂੰ ਵੇਖ ਸਕਦਾ ਹੈ। ਆਪਣਾ ਸਮਾਨ ਵੇਚ ਰਹੇ ਰੇਹੜੀ-ਫੜੀ ਵਾਲਿਆਂ ਦੀਆ ਦਿਲਕਸ਼ ਆਵਾਜ਼ਾਂ ਅਤੇ ਕਾਹਵਾ ਜਾਂ ਕੁਝ ਹੋਰ ਵੀ ਪੀਣ ਵਾਲੀਆਂ ਚੀਜ਼ਾਂ ਦੇ ਠੀਆਂ ਤੋਂ ਭਾਂਡਿਆਂ ਦੀ ਖੜਕਾਹਟ ਦੀ ਆਵਾਜ਼ ਵੀ ਸੁਣ ਸਕਦਾ ਹੈ। ਕਮਰੇ ਦੇ ਸਮਾਨ ਵਾਲੇ ਹਿੱਸੇ ਵਿਚ ਇਕ ਦਰਵਾਜਾ ਹੈ ਜੋ ਮਕਾਨ ਦੇ ਵਰਾਂਡੇ ਵਿਚ ਖੁੱਲਦਾ ਹੈ ਜਿੱਥੋਂ ਲੱਟੂ (ਲਾਟੂ) ਘੁੰਮਾਉਂਦੇ ਖੁਸ਼ਮਿਜਾਜ਼ ਬੱਚਿਆਂ ਨੂੰ ਵੇਖਿਆ ਜਾ ਸਕਦਾ ਹੈ। ਕਮਰੇ ਵਿਚੋਂ ਦੂਜੇ ਪਾਸੇ ਵੀ ਇਕ ਛੋਟਾ ਜਿਹਾ ਦਰਵਾਜਾ ਹੈ ਜਿੱਥੋਂ ਰਸੋਈ ਵਿਚ ਪਹੁੰਚਿਆ ਜਾ ਸਕਦਾ ਹੈ। ਕਮਰੇ ਦੀਆਂ ਕੰਧਾਂ ਉੱਤੇ ਕੁਝ ਤਖ਼ਤੀਆਂ ਵੀ ਲਟਕਦੀਆਂ ਹਨ ਜਿਨ੍ਹਾਂ ਉੱਤੇ ਕੁਰਆਨ ਦੀਆਂ ਆਇਤਾਂ ਅਤੇ ਕੁਝ ਉਮਦਾ ਅਤੇ ਖ਼ਾਸ ਗੱਲਾਂ ਜਿਵੇਂ 'ਇੰਨਹਾ ਫਤਿਹਨਾਲਕਾ ਫ਼ਤਹਨ ਮੋਬੀਨਾ', ਨਸਰੋਨ ਮਿਨ ਅੱਲਾਹ ਵਾ ਫ਼ਤਿਹਰੇਨ ਕਰੀਬ' ਲਿਖੀਆਂ ਹੋਈਆਂ ਹਨ।

ਜਿੱਥੋਂ ਤੱਕ ਕਮਰੇ ਅੰਦਰਲੇ ਸਮਾਨ ਦੀ ਗੱਲ ਹੈ ਤਾਂ ਓਸ ਵਿਚ ਜ਼ਿਆਦਾ ਕੁਝ ਨਹੀਂ ਹੈ। ਇਕ ਤਖ਼ਤਪੋਸ਼ ਜਿਸ ਉੱਤੇ ਦੋ ਸਰਹਾਣੇ ਪਏ ਹਨ, ਇਕ ਪੁਰਣੀ ਅਲਮਾਰੀ, ਇਕ ਛੋਟੀ ਜਿਹੀ ਸਿਲਾਈ ਮਸ਼ੀਨ, ਤਿੰਨ ਗੱਠੇ (ਪਟਿਏ) ਲੱਕੜੀਆਂ, ਇਕ ਛੋਟੀ ਜਿਹੀ ਦਰੀ ਅਤੇ ਸਾਰੇ ਲੋਕਾਂ ਨੂੰ ਚਾਰੋਂ ਪਾਸੇ ਜ਼ਮੀਨ ਉੱਤੇ ਬੈਠ ਕੇ ਰੋਟੀ ਖਾਣ ਲਈ ਮਚੀਆ() ਜਿਸ ਉੱਤੇ ਹੁਣ ਸਈਅਦਾ (ਉਸ ਘਰ ਦੀ ਬੀਵੀ ਜਾਂ ਮਾਲਕਿਨ) ਝੁਕੀ ਹੋਈ ਹਿੱਲ-ਹਿੱਲ ਕੇ 'ਮੋਲੋਖੋਇਆ' ਦੀਆਂ ਪੱਤੀਆਂ ਦਾ ਕੁਝ ਇਸ ਤਰਾਂ ਕੀਮਾ ਬਣਾ ਰਹੀ ਹੈ ਕਿ ਉਸਦੇ ਜਿਸਮ 'ਤੇ ਚੜ੍ਹੇ ਮਾਸ ਦੇ ਥੱਕੇ ਉਸ ਦੇ ਜਿਸਮ ਤੋਂ ਬਾਹਰ ਆਉਣ ਲਈ ਉੱਛਲਦੇ ਜਾ ਰਹੇ ਹਨ। ਕਿਸੀ ਨੇ ਦਰਵਾਜ਼ਾ ਖ਼ੜਕਾਇਆ ਹੈ ਅਤੇ ਸਈਅਦਾ ਨੇ ਆਪਣੀ ਸੁਰੀਲੀ ਆਵਾਜ਼ ਨੂੰ ਵਇਲਨ ਦੀਆਂ ਤਾਰਾਂ ਦੀ ਤਰ੍ਹਾਂ ਖਿੱਚ ਕੇ ਪੁੱਛਿਆ ਹੈ- ਕੌਣ.....ਹੈ.......।

ਇਕ ਮੋਟੀ ਜਿਹੀ ਆਵਾਜ਼ ਜੁਆਬ ਵਿਚ ਆਈ ਹੈ-'ਰੋਟੀ.... ਅੱਜ ਕਿੰਨੀ?'

-'ਦਸ....ਪੰਜ ਨਰਮ ਅਤੇ ਪੰਜ ਕੜਕ'

ਆਦਮੀ ਨੇ ਦਸ ਰੋਟੀਆਂ ਲਈ ਆਪਣਾ ਹੱਥ ਖਿੜਕੀ ਦੇ ਅੰਦਰ ਵਧਾਉਦਿਆਂ ਹਮੇਸ਼ਾਂ ਦੀ ਤਰ੍ਹਾਂ ਰੋਟੀਆਂ ਅੰਦਰ ਰੱਖ ਦਿੱਤੀਆਂ। ਖਿੜਕੀ ਦੀ ਗੁੱਠ ਜਾਂ ਨੁੱਕਰ ਵਿਚ ਚਾਕ ਨਾਲ ਅੱਜ ਦਾ ਹਿਸਾਬ ਲਿਖਿਆ ਅਤੇ ਖ਼ਾਮੋਸ਼ੀ ਨਾਲ ਚਲਿਆ ਗਇਆ।

ਸਈਅਦਾ ਨੇ ਬੈਠੇ-ਬੈਠੇ ਹੀ ਜਿਸਮ ਨੂੰ ਕਮਰ ਤੋਂ ਉੱਪਰ ਦੀ ਤਰਫ਼ ਚੁੱਕਿਆ ਅਤੇ ਖ਼ਿੜਕੀ ਵਿਚ ਰੱਖੀਆਂ ਰੋਟੀਆਂ ਚੁੱਕ ਕੇ ਉਨ੍ਹਾਂ ਨੂੰ ਜਾਂਚਿਆ, ਫ਼ਿਰ ਉਨ੍ਹਾਂ ਨੂਮ ਇਕ ਪਾਸੇ ਰੱਖ ਕੇ ਸਬਜ਼ੀ ਦਾ ਕੀਮਾ ਬਣਾਉਣ ਲੱਗੀ।

ਬਸ ਅਚਾਨਕ ਹੀ ਕੁਝ ਅੰਦਰ ਆਇਆ, ਜਿਵੇਂ ਕੋਈ ਉੱਡਦੀ ਹੋਈ ਮਿਜ਼ਾਇਲ ਦਰਵਾਜ਼ੇ ਤੋਂ ਘੁਸਦੇ ਹੋਏ ਖ਼ਿੜਕੀ ਉੱਤੇ ਲੱਗੇ ਲੋਹੇ ਦਾ ਸਰੀਏ ਨਾਲ ਟਕਰਾਈ। ਉਹ ਤਾਂ ਕੱਚ ਵੀ ਤੋੜ ਦਿੰਦੀ ਅੱਲਾਹ ਦਾ ਸ਼ੁਕਰ ਹੈ ਜਾਂ ਮਿਹਰਬਾਨੀ ਹੋਈ ਕਿ ਮਿਸਾਇਲ ਮੋਲੋਖੋਇਆਂ ਦੇ ਕੀਮੇ ਵਿਚ ਜਾ ਘੁਸੀ।

ਸਈਅਦਾ ਨੇ ਮਿਸਾਇਲ ਨੂੰ ਘਬਰਾ ਕੇ ਉਠਾਇਆ ਅਤੇ ਦੇਖਿਆ ਕਿ ਉਹ ਤਾਂ ਸਿਰਫ਼ (ਮਹਿਜ਼) ਇਕ ਲੱਟੂ ਜਾਂ ਲਾਟੂ ਸੀ ਕੋ ਵਰਾਂਡੇ ਦੇ ਖਿਡਾਰੀਆਂ ਵਿਚੋਂ ਕਿਸੇ ਇਕ ਦੇ ਹੱਥੋਂ ਡੋਰੀ ਤੋਂ ਉੜਕ ਕੇ ਆਇਆ ਸੀ। ਉਸ ਗੁੱਸੇ ਵਿਚ ਚੀਖ਼ ਕੇ ਬੋਲੀ- 'ਉਹਹਹਹ ਛੋਟੇ ਸਈਅਦ।'

ਪਰ ਸਈਅਦ ਤੋਂ ਕੋਈ ਜੁਆਬ ਨਾ ਆਇਆ। ਉਹ ਲੱਟੂ ਦੇ ਅੰਦਰ ਜਾਂਦਿਆਂ ਹੀ ਬਾਕੀ ਮੁੰਡਿਆਂ ਨਾਲ ਉੜਨ-ਛੂ ਜਾਂ ਰਫ਼ੂਚੱਕਰ ਹੋ ਗਿਆ ਸੀ।

ਉਹ ਫ਼ੇਰ ਚੀਖ਼ ਰਹੀ ਸੀ ਪਰ ਉਸਦਾ ਚੀਖ਼ਨਾ ਬੇਕਾਰ ਸੀ। ਉਮੀਦ ਛੱਡਕੇ ਉਸਨੇ ਲੱਟੂ ਨੂੰ ਚੁੱਕ ਆਪਣੀ ਗੋਦ ਵਿਚ ਰੱਖਿਆ ਅਤੇ ਕੋਸਦੇ ਹੋਏ ਮੋਲੋਖੋਇਆ ਦਾ ਕੀਮਾ ਬਣਾਉਣ ਲੱਗੀ।

ਕੁਝ ਹੀ ਪਲਾਂ ਬਾਅਦ ਉਸਨੇ ਦਰਵਾਜੇ ਦੇ ਪਾਸੇ ਤੋਂ ਪੈਰਾਂ ਦੀ ਆਵਾਜ਼ (ਆਹਟ) ਸੁਣੀ। ਉਸਨੇ ਧਿਆਨ ਨਾਲ ਉਸ ਆਵਾਜ਼ ਨੂੰ ਸੁਣਿਆ ਅਤੇ ਫ਼ਿਰ ਹੈਰਾਨੀ ਨਾਲ ਉਸਦਾ ਮੂੰਹ ਖੁਲੇ ਦਾ ਖੁੱਲ੍ਹਾ ਰਹਿ ਗਿਆ ਜਦੋਂ ਦੇਖਿਆ ਕਿ ਕੌਣ ਆਇਆ ਹੈ। ਉਸਨੇ ਆਪਣੀ ਛਾਤੀ ਨੂੰ ਪਿੱਟਿਆ ਅਤੇ ਚੀਖ਼ ਕੇ ਬੋਲੀ-

'...ਤੂੰ ਏਨੀ ਜਲਦੀ ਕਿਵੇਂ ਆ ਗਿਆ। ਅੱਲਾਹ ਰਹਿਮ ਕਰੇ।'

ਇਸ ਵਿਚ ਕੋਈ ਸ਼ੱਕ ਨਹੀਂ ਸੀ। ਉਸ ਔਰਤ ਨੂੰ ਚੀਖ਼ਣ ਦਾ ਹੱਕ ਸੀ। ਅਜੇ ਤਾਂ ਦਸ ਹੀ ਵੱਜੇ ਸਨ ਅਤੇ ਉਸਦਾ ਖ਼ਾਵੰਦ ਦੁਪਿਹਰ ਦੀ ਨਮਾਜ਼ ਤੋਂ ਪਹਿਲ਼ਾਂ ਘਰ ਆ ਹੀ ਨਹੀਂ ਸਕਦਾ ਸੀ। ਰੋਜ਼ਾਨਾ ਦੇ ਸਮੇਂ ਤੋਂ ਪਹਿਲਾਂ ਉਸਦੇ ਆਉਣ ਦਾ ਮਤਲਬ ਕੁਝ ਗੈਰ-ਮਾਮੂਲੀ ਵਾਪਰ ਜਾਣ ਦਾ ਸੰਕੇਤ ਸੀ। ਅਬੂ ਸਈਅਦ ਯਾ ਸ਼ੇਖ਼ ਅਲੀ ਬਦਾਮੀ, ਜਿਵੇਂ ਕਿ ਉਸ ਨੂੰ ਪਿਛਲੇ ਕੰਮ ਦੌਰਾਨ ਕਿਹਾ ਜਾਂਦਾ ਸੀ, ਉਸ ਔਰਤ ਦੇ ਬਿਲਕੁਲ ਸਾਹਮਣੇ ਖੜਾ ਸੀ ਅਤੇ ਉਸਦੇ ਗੁੱਸੇ ਅਤੇ ਫ਼ਿਕਰ ਨਾਲ ਤਿਲਮਿਲਾਏ ਚਿਹਰੇ ਨੂੰ ਦੇਖ ਰਿਹਾ ਸੀ।

ਔਰਤ ਨੇ ਆਪਣਾ ਸਵਾਲ ਫ਼ਿਰ ਦੁਹਰਾਇਆ।

-ਕੀ ਹੋਇਆ ਜਨਾਬ? ਕੁਝ ਤਾਂ ਬੋਲੋ।

- ਮੈਂ ਪਰੇਸ਼ਾਨ ਹੋ ਗਿਆ ਹਾਂ। ਸਭ ਖ਼ਤਮ ਕਰ ਦੇਵਾਂਗਾ।

ਹਾਂ! ਸ਼ੇਖ਼ ਅਲੀ ਨੇ ਬਗਾਵਤ ਕਰ ਦਿੱਤੀ ਸੀ। ਉਸਨੇ ਆਪਣੇ ਇਸ ਨਵੇਂ ਕੰਮ ਤੋਂ ਬਗਾਵਤ ਕੀਤਿ ਸੀ ਜੋ ਉਸ ਤੋਂ ਜਬਰਨ ਕਰਵਾਇਆ ਜਾ ਰਿਹਾ ਸੀ। ਹੁਣ ਇਸ ਕੰਮ ਨਾਲ ਉਸਦਾ ਕੀ ਸੰਬੰਧ... ਇਹ ਬਾ-ਇੱਜ਼ਤ ਪਹਿਰਾਵਾ, ਇਹ ਲਹਿਰਾਉਂਦੀ ਹੋਈ ਦਾਹੜੀ, ਹੱਥ ਵਿਚ ਤਸਬੀ ਦੇ ਮਣਕਿਆਂ ਨੂੰ ਘੁੰਮਾਉਂਦੀਆਂ ਉਂਗਲੀਆਂ ਅਤੇ ਬੁਦਬੁਦਾਉਂਦੇ ਬੁੱਲ੍ਹ? ਕਿਸਨੇ ਸੋਚਿਆ ਸੀ ਕਿ ਤਮਾਮ ਹੋਰ ਲੋਕਾਂ ਹੁੰਦੇ ਹੋਏ ਉਸਦਾ ਇਹ ਹਸ਼ਰ ਹੋਵੇਗਾ। ਕਿਸਨੂੰ ਵਿਸ਼ਵਾਸ ਸੀ ਕਿ ਉਹ ਮਹਾਨ ਕਲਾਬਾਜ਼ ਮਖੌਲੀਆ,ਜੋ ਹਰ ਤਰ੍ਹਾਂ ਦੇ ਕੰਮ ਅਤੇ ਧੰਦਾ ਕਰਦਾ ਰਿਹਾ ਸੀ, ਇਹ ਇੱਜ਼ਤ ਯਾਬ ਸ਼ੇਖ਼ ਅਤੇ ਮੌਲਾਨਾ ਬਣਾ ਦਿੱਤਾ ਜਾਵੇਗਾ। ਜ਼ਰੂਰ ਇਹ ਇਕ ਆਰਾਮਦਾਇਕ ਅਤੇ ਪੈਸਿਆਂ ਵਾਲਾ ਕੰਮ ਸੀ, ਪਰ ਹੁਣ ਉਸ ਤੋਂ ਬਰਦਾਸ਼ਤ ਨਹੀਂ ਹੋ ਰਿਹਾ ਸੀ। ਬੇਸ਼ੱਕ ਉਹ ਇਸਨੂੰ ਕਈ ਦਿਨਾਂ ਤੱਕ ਬਲਕਿ ਕਈ ਹਫ਼ਤਿਆਂ ਤੱਕ ਬਹੁਤ ਕਾਮਯਾਬੀ ਨਾਲ ਕਰਦਾ ਸੀ, ਬਸ਼ਰਤੇ ਇਕ ਤੈਅ ਸਮੇਂ ਦੇ ਲਈ ਹੁੰਦਾ। ਪਰ ਇਸ ਕੰਮ ਨੂੰ ਹਮੇਸ਼ਾ ਹਮੇਸ਼ਾ ਦੇ ਲਈ ਅਪਣਾ ਲੈਣਾ ਉਸ ਨਾ-ਮੁਮਕਿਨ ਹੀ ਸੀ।

ਸ਼ੇਖ਼ ਅਲੀ ਦੇ ਦਿਮਾਗ ਵਿਚ ਉਹ ਸਾਰੇ ਖ਼ੂਬਸੂਰਤ ਦਿਨ ਇਕੋ ਸਮੇਂ ਘੁੰਮ ਗਏ। ਉਹ ਦਿਨ ਜਦ ਉਹ ਆਜ਼ਾਦ ਅਤੇ ਖ਼ੁਦਮੁਖ਼ਤਿਆਰ ਸੀ। ਜਦ ਉਹ ਵਣਜਾਰਿਆਂ ਦੀ ਤਰ੍ਹਾਂ ਸੜਕਾਂ ਅਤੇ ਗਲੀਆਂ ਨੂੰ ਰੋਜ਼ੀ-ਰੋਟੀ ਕਮਾਉਣ ਲਈ ਛਾਣ ਮਾਰਦਾ ਸੀ ਕਿ ਉਸਦੀ ਮੁਸ਼ਕਿਲ ਜ਼ਿੰਦਗੀ ਕੁਝ ਤਾਂ ਆਸਾਨ ਹੋ ਜਾਵੇ।

ਉਸਨੂੰ ਆਪਣਾ ਪਹਿਲਾ ਕੰਮ(ਧੰਦਾ) ਯਾਦ ਆਇਆ ਜਦ ਉਹ ਇਕ ਮਦਾਰੀ ਦਾ ਜਮੂਰਾ ਸੀ। ਉਹ ਅਪਣੇ ਉਸਤਾਦ ਸੋਨਬੋਲ ਦੇ ਚਮੜੇ ਦੇ ਥੈਲੇ ਨੂੰ ਢੋਂਦੇ- ਢੋਂਦੇ ਤਮਾਮ ਇਲਾਕਿਆਂ ਦੀਆਂ ਗਲੀਆਂ ਵਿਚ ਫ਼ਿਰਿਆ ਕਰਦਾ ਸੀ ਅਤੇ ਆਪਣੇ ਉਸਤਾਦ ਦੀ ਮਦਦ, ਕਾਹਵਾਕਰਾਂ ਵਿਚ, ਨੌਜਵਾਨਾ ਨਾਲ ਗੱਲਬਾਤ ਦਰਮਿਆਨ ਜੋ ਤਮਾਮ ਕਰਾਮਾਤ ਦਿਖਾਉਣ ਵੇਲੇ ਕਰਿਆ ਕਰਦਾ ਸੀ, ਜਿਸ ਵਿਚ ਤਲਵਾਰ ਨੂੰ ਢਿੱਡ ਵਿਚ ਖੁਬਾਉਣ ਦੇ ਬਾਅਦ ਪਿੱਠ ਵਿੱਚੋਂ ਕੱਢ ਲੈਣਾ ਵੀ ਸ਼ਾਮਿਲ ਸੀ।

ਉਸਤਾਦ ਸੋਨੋਬਲ ਨੇ ਉਸਨੂੰ ਬਹੁਤ ਕੁਝ ਸਿਖਾਇਆ ਸੀ ਹੱਥ ਦੀ ਸਫ਼ਾਈ ਅਤੇ ਬਾਜ਼ੀਗਰੀ ਦੇ ਕਈ ਨੁਸਖ਼ੇ ਜਿਸ ਨਾਲ ਉਹ ਲੋਕਾਂ ਨੂੰ ਚਕਮਾ ਦੇ ਸਕਦਾ ਸੀ । ਉਹ ਉਸਦੀ ਜ਼ਿੰਦਗੀ ਦਾ ਪਹਿਲਾ ਉਸਤਾਦ ਸੀ। ਉਸ ਨੇ ਹੀ ਉਸਨੂੰ ਸਿਖਾਇਆ ਸੀ ਕਿ ਤਮਾਮ ਲੋਕਾਂ ਨੂੰ ਗਧੇ ਦੀ ਤਰ੍ਹਾਂ ਬੇਵਕੂਫ਼ ਹੁੰਦੇ ਹਨ। ਭੋਲੇ ਲੋਕ, ਚਲਾਕ ਲੋਕ, ਮਹਾਨ ਲੋਕ- ਸਾਰੇ ਇੱਕੋ ਜਿਹੇ, ਚਾਹੇ ਉਹ ਕਿੰਨੇ ਕਿੰਨੇ ਹੀ ਅਲੱਗ-ਅਲੱਗ ਦਿਸਦੇ ਹੋਣ। 'ਇਕ ਗਰੀਬ ਆਦਮੀ ਅਮੀਰ ਹੁੰਦੇ ਹੀ ਮਹਾਨ ਅਤੇ ਨਾਮਚੀਨ ਹੋ ਜਾਂਦਾ ਹੈ ਅਤੇ ਅਮੀਰ ਆਦਮੀ , ਗਰੀਬ ਹੋਕੇ ਪਹਿਲਾਂ ਤੋਂ ਵੀ ਜ਼ਿਆਦਾ ਕਮੀਨਾ।' ਉਹ ਅਕਸਰ ਕਿਹਾ ਕਰਦਾ ਸੀ।

ਉਸਨੇ ਹੀ ਉਸਨੂੰ ਸਿਖਾਇਆ ਕਿ ਦੁਨੀਆਂ ਵਿਚ ਕਿਸੀ ਵੀ ਚੀਜ਼ ਨੂੰ ਹਾਸਿਲ ਕਰਨਾ ਮੁਸ਼ਕਿਲ ਯਾ ਨਾ-ਮੁਮਕਿਨ ਨਹੀਂ ਹੁੰਦਾ। ਉਸਨੇ ਉਸਨੂੰ ਹਰ ਕੰਮ ਨੂੰ ਕਰਨ ਲਈ ਤਿਆਰ ਕੀਤਾ ਸੀ ਅਤੇ ਸਮਝਾਇਆ ਸੀ ਕਿ ਉਸਨੂੰ ਕਿਸੇ ਵੀ ਚੀਜ਼ ਦੀ ਅਣਦੇਖੀ ਨਹੀਂ ਕਰਨੀ ਚਾਹੀਦੀ । 'ਵਕਤ ਬਹੁਤ ਕਾਰਸਾਜ਼ ਹੈ,' ਉਹ ਅਕਸਰ ਕਿਹਾ ਕਰਦਾ 'ਹਰ ਕੰਮ ਨੂੰ ਉਸ ਦੇ ਹੱਥ ਛੱਡ ਦੇਵੋ ਅਤੇ ਇਕ ਦਿਨ ਉਹ ਪੂਰਾ ਹੋ ਜਾਂਦਾ ਹੈ, ਇਕ ਨਿੱਕਾ ਜਿਹਾ ਸੁੱਕਾਂ ਬੀਜ਼, ਲਹਿਲਹਾਉਂਦੇ ਦਰੱਖ਼ਤ ਵਿਚ ਬਦਲ ਜਾਂਦਾ ਹੈ,ਇਕ ਨਕਾਰਾ ਛੋਟ ਜਹੀ

ਬੂੰਦ ਇਨਸਾਨੀ ਜ਼ਿੰਦਗੀ ਦੀ ਸ਼ੁਰੂਆਤ ਕਰ ਦਿੰਦੀ ਹੈ, ਜ਼ਿੰਦਗੀ ਖ਼ਤਮ ਹੁੰਦਿਆਂ ਹੀ ਉਹੀ ਇਨਸਾਨ ਸੜੀਆਂ ਹੋਈਆਂ ਹੱਡੀਆਂ ਵਿਚ ਬਦਲ ਜਾਂਦਾ ਹੈ ਅਤੇ ਮਿੱਟੀ ਵਿਚ ਮਿਲ ਜਾਣ ਤੋਂ ਬਾਅਦ ਜ਼ਿੰਦਗੀ ਵਿਚ ਵਾਪਸ ਆ ਜਾਂਦਾ ਹੈ। ਤਾਂ'... ਸੋਨੋਬਲ ਕਿਹਾ ਕਰਦਾ ਸੀ...'ਜੇਕਰ ਤੁਸੀਂ ਨਿਰੇ ਗਧੇ ਹੋ ਤਾਂ ਵੀ ਤੁਹਾਨੂੰ ਇਨਸਾਨ ਬਣਾ ਦੇਣਾ ਸਮੇਂ ਲਈ ਕੀ ਮੁਸ਼ਕਿਲ ਹੈ ਬੇਵਕੂਫ਼।'

ਸੋਨਬੋਲ ਨੇ ਸੱਚੀਂ ਹੀ ਉਸ ਨੂੰ ਬਹੁਤ ਕੁਝ ਸਿਖਾਇਆ ਸੀ। ਉਸਨੇ ਸਿਖਾਇਆ ਸੀ ਕਿ ਅਚਰਜ ਹੈਰਾਨੀਆਂ ਭਰੀ ਦੁਨੀਆਂ ਵਿਚ ਹੈਰਾਨ ਕਰਨਾ ਬੇਈਮਾਨੀ ਹੈ। 'ਤੇਜ਼ੀ ਨਾਲ ਭੱਜਦੀ ਹੋਈ ਬਿਊਕ ਕਾਰ ਵਿਚ ਬੈਠੇ ਕੁੱਤੇ ਨੂੰ ਦੇਖ ਕੇ ਹੈਰਾਨ ਨਾ ਹੋਵੀਂ। ਉਦੋਂ ਵੀ ਨਹੀਂ ਜਦੋਂ ਤੈਨੂੰ ਪਤਾ ਲੱਗੇ ਕਿ ਕੁੱਤੇ ਨੂੰ ਡਾਕਟਰ ਕੋਲ ਲੈ ਕੇ ਜਾ ਰਹੇ ਹਨ। ਉਦੋਂ ਵੀ ਨਹੀਂ ਜਦੋਂ ਤੈਨੂੰ ਪਤਾ ਲੱਗੇ ਕਿ ਜ਼ਰੂਰਤ ਤੋਂ ਜ਼ਿਆਦਾ ਭੌਂਕਣ ਕਾਰਨ ਉਸਦੇ ਢਿੱਡ ਵਿਚ ਦਰਦ ਹੋਣ ਲੱਗ ਪਿਆ ਹੈ ਅਤੇ ਉਦੋਂ ਵੀ ਨਹੀਂ ਜਦੋਂ ਉਸਦੀ ਮੌਤ ਹੋ ਜਾਵੇ ਅਤੇ ਉਸਦਾ ਜਨਾਜ਼ਾ ਸ਼ਾਨੋ-ਸ਼ੌਕਤ ਨਾਲ ਕੱਢਿਆ ਜਾਵੇ ਅਤੇ ਉਸਦੇ ਪਿੱਛੇ ਮਾਤਮ ਕਰਨ ਵਾਲਿਆਂ ਦੀ ਭੀੜ ਲੱਗੀ ਹੋਵੇ ਕਿ ਹਾਏ ਤੇਰੇ ਜਿਹੇ ਆਦਮੀ ਦੀ ਮੌਤ ਉੱਤੇ ਕਿਸੇ ਦੀ ਅੱਖ ਵਿਚ ਇਕ ਹੰਝੂ ਤੱਕ ਵੀ ਨਹੀਂ ਹੁੰਦਾ। ਤੈਨੂੰ ਹੈਰਾਨ ਤਾਂ ਉਦੋਂ ਹੋਣਾ ਚਾਹੀਦਾ ਕਿ ਅਗਲੇ ਦਿਨ ਦੇ ਅਖ਼ਬਾਰ ਵਿਚ ਕਾਲੀਆਂ ਸਤਰਾਂ ਨਾਲ ਘਿਰੀ ਉਸ ਪਿਆਰੇ ਕੁੱਤੇ ਦੀ ਦੁਖਦ ਮੌਤ ਦੀ ਖ਼ਬਰ ਨਾ ਛਪੀ ਹੋਈ ਮਿਲੇ।'

ਸੋਨਬੋਲ ਨੇ ਇਹੋ ਉਸਨੂੰ ਸਿਖਾਇਆ ਸੀ। ਅੱਲਾਹ ਉਸ ਉਤੇ ਰਹਿਮ ਕਰੇ। ਸ਼ੇਖ਼ ਅਲੀ ਨੇ ਉਸਤਾਦ ਪ੍ਰਤੀ ਵਫ਼ਾਦਾਰੀ ਦੀ ਕਸਮ ਖਾਧੀ ਸੀ ਕਿ ਉਹ ਜ਼ਿੰਦਗੀ ਭਰ ਉਸਤਾਦ ਦੇ ਦਿਖਾਏ ਰਾਹ ਉੱਤੇ ਚੱਲੇਗਾ। ਉਹ ਚੱਲਦਾ, ਜੇਕਰ ਇਕ ਦਿਨ ਉਹ ਭੁੱਖ ਨਾਲ ਮਜਬੂਰ ਨਾ ਹੋ ਗਿਆ ਹੁੰਦਾ। ਉਸ ਦਿਨ ਜਦੋਂ ਹੋਰ ਭੁੱਖਾ ਨਹੀਂ ਰਿਹਾ ਜਾ ਰਿਹਾ ਸੀ ਉਸਨੇ ਉਸਤਾਦ ਦੇ ਬਾਜ਼ੀਗਰੀ ਦਿਖਾਉਣ ਵਾਸਤੇ ਰੱਖੇ ਕੇਕ ਨੂੰ ਖਾ ਲਿਆ ਸੀ। ਇਹ ਕੇਕ ਖਾਸਤੌਰ ਤੇ ਬਣੇ ਇਕ ਦੂਸਰੇ ਵਿਚ ਫ਼ਸੇ ਡੱਬਿਆਂ ਦੇ ਅੰਦਰ ਰਹਿੰਦਾ ਸੀ। ਉਸਤਾਦ ਪਹਿਲਾ ਡੱਬਾ ਖੋਲਦਾ ਤਾਂ ਉਹ ਬਿਲਕੁਲ ਖਾਲੀ ਦਿਸਦਾ। ਦੂਜੇ ਡੱਬੇ ਨੂੰ ਖੋਲਦਾ ਤਾਂ ਕੇਕ ਦਿਸ ਜਾਂਦਾ। ਉਸ ਦਿਨ ਉਸ ਮਜਮੇ ਵਿਚ ਜਦੋਂ ਦੂਜਾ ਡੱਬਾ ਖੁੱਲ੍ਹਿਆ ਤਾਂ ਉਹ ਖ਼ਾਲੀ ਹੀ ਸੀ। ਕੇਕ ਛੋਟੇ ਅਲੀ ਦੇ ਢਿੱਡ ਵਿਚ ਸੀ।

ਉਸਤੋਂ ਬਾਅਦ ਉਸਦੀ ਬੇਸ਼ੁਮਾਰ ਕਟਾਈ ਹੋਈ। ਐਨੀ ਕਿ ਅੱਜ ਵੀ ਉਸਦੇ ਨਿਸ਼ਾਨ ਉਸਦੇ ਜਿਸਮ ਉੱਤੇ ਹਨ। ਫ਼ਿਰ ਉਸਤਾਦ ਦੀ ਪਨਾਹ ਤੋਂ ਵਿਦਾਈ ਸੀ ।

ਬਸ ਉਦੋਂ ਤੋਂ ਸ਼ੇਖ਼ ਅਲੀ ਨੂੰ ਜ਼ਿੰਦਗੀ ਦਾ ਮੁਕਾਬਲਾ ਇਕੱਲੇ ਅਪਣੇ ਦਮ ਉੱਤੇ ਹੀ ਕਰਨਾ ਸੀ ਅਤੇ ਆਪਣੀ ਰੋਟੀ ਖ਼ੁਦ ਕਮਾਉਣੀ ਸੀ। ਉਸਤਾਦ ਦੀ ਸਿੱਖਿਆ ਉਸਦੇ ਨਾਲ ਸੀ ਅਤੇ ਉਸਨੂੰ ਪੂਰਾ ਯਕੀਨ ਸੀ ਕਿ ਦੁਨੀਆ ਵਿਚ ਕੁਝ ਵੀ ਨਮੁਮਕਿਨ ਨਹੀਂ ਅਤੇ ਉਹ ਖ਼ੁਦ ਵੀ ਕੁਝ ਨਾ ਕੁਝ ਕਰ ਹੀ ਲਵੇਗਾ।

ਉਸਨੇ ਬੂਟ ਪਾਲਿਸ਼ ਕਰਨ ਤੋਂ ਸ਼ੁਰੂਆਤ ਕੀਤੀ। ਕਾਹਵਾਘਰਾਂ ਕੋਲੋਂ ਗੁਜ਼ਰਦੇ ਹਰ ਸ਼ਖ਼ਸ ਕੋਲੋਂ ਪਾਲਿਸ਼ ਦੀ ਡੱਬੀ ਉੱਤੇ ਬਰੱਸ਼ ਮਾਰ ਕੇ ਜਾਂ ਖੜਕਾ ਕੇ ਪੁੱਛਦਾ-' ਪਾਲਿਸ਼ ਜਨਾਬ, ਬੂਟ ਪਾਲਿਸ਼?'

ਸ਼ੁਰੂਆਤੀ ਦੌਰ ਵਿਚ ਉਸਨੂੰ ਪਾਲਿਸ਼ ਕਰਨਾ ਵੀ ਨਹੀਂ ਆਉਂਦਾ ਸੀ। ਉਹ ਬੈਠਕੇ ਬੂਟਾਂ ਨੂੰ ਘੂਰਦਾ ਜਿਨ੍ਹਾਂ ਉੱਤੇ ਉਸਨੇ ਪਾਲਿਸ਼ ਕਰਨੀ ਹੁੰਦੀ। ਉਹ ਉਸਨੂੰ ਪਹਾੜ ਜਿੱਡੇ ਲੱਗਦੇ ਅਤੇ ਉਹ ਇਕਦਮ ਚੜ੍ਹਾਈ ਸ਼ੁਰੂ ਕਰ ਦਿੰਦਾ। ਜਦੋਂ ਕੰਮ ਖ਼ਤਮ ਹੋਣ ਦੇ ਨਜ਼ਦੀਕ ਹੁੰਦਾ ਤਾਂ ਪਾਲਿਸ਼ ਦਾ ਰੰਗ ਗਾਹਕ ਦੀਆਂ ਜਰਾਬਾਂ ਤੱਕ ਚੜ੍ਹ ਗਿਆ ਹੁੰਦਾ। ਹੌਲੀ-ਹੌਲੀ ਰਹਹ ਪਹਾੜ ਛੋਟੇ ਹੁੰਦੇ ਗਏ ਤੇ ਫ਼ਿਰ ਕੰਮ ਵੀ ਕਿੰਨਾ ਕੁ ਰਹਿ ਗਿਆ ਸੀ ਸਫ਼ਾਈ , ਪਾਲਿਸ਼ ਅਤੇ ਫ਼ੇਰ ਬਰੱਸ਼। ਬੂਟ ਚਮਕ ਉੱਠਦੇ। ਸੋਨਬੋਲ ਦੀ ਸਿੱਖਿਆ ਯਾਦ ਆਉਂਦੀ 'ਸਮਾਂ ਬਹੁਤ ਕਾਰਸਾਜ਼ ਹੈ। ਉਹ ਸਭ ਕੁਝ ਸਿਖਾ ਦਿੰਦਾ ਹੈ। ਜਿਸਨੂੰ ਕੁਝ ਵੀ ਨਹੀਂ ਆਉਂਦਾ, ਉਸਨੂੰ ਵੀ।' ਉਸਤਾਦ ਸੱਚ ਕਿਹਾ ਕਰਦਾ ਸੀ।

ਇਕ ਦਿਨ ਅਲੀ ਦੀ ਪਾਲਿਸ਼ ਪੇਟੀ ਚੋਰੀ ਹੋ ਗਈ। ਉਸਨੂੰ ਅਫ਼ਸੋਸ ਹੋਇਆ ਕਿ ਜਿਵੇਂ ਉਸਦੀ ਜ਼ਿੰਦਗੀ ਹੀ ਚਲੀ ਗਈ। ਪਰ ਜਿਵੇਂ ਹੀ ਉਹ ਅਫ਼ਸੋਸ ਵਿਚ ਡੁੱਬਿਆ ਉਸਨੂੰ ਅਹਿਸਾਸ ਹੋਇਆ ਕਿ ਉਹ ਜਿਊਂਦਾ ਹੈ ਅਤੇ ਜ਼ਿੰਦਗੀ ਅਜੇ ਵੀ ਉਸਦੇ ਕੋਲ ਹੈ। ਉਸਨੇ ਅੱਲਾਹ ਦਾ ਸ਼ੁਕਰੀਆ ਅਦਾ ਕੀਤਾ ਅਫ਼ਸੁਰਦਗੀ ਅਫ਼ਸੋਸ ਨੂੰ ਇਕ ਠਹਾਕੇ ਵਿਚ ਬਦਲ ਦਿੱਤਾ। ਜ਼ਿੰਦਗੀ ਫੇਰ ਸ਼ੁਰੂ ਹੋਈ ਅਤੇ ਇਸ ਵਾਰ ਉਹ ਕਠਪੁਤਲੀਆਂ ਦਾ ਖ਼ੇਲ ਦਿਖਾਉਣ ਵਾਲੇ ਦਾ ਜਮੂਰਾ ਬਣ ਗਿਆ। ਦਰਅਸਲ ਕਠਪੁਤਲੀ ਵਾਲੇ ਇਬਰਾਹਿਮ ਦਾ ਆਪਣੇ ਜਮੂਰੇ ਨਾਲ ਝਗੜਾ ਹੋ ਗਿਆ ਸੀ ਅਤੇ ਜਿਵੇਂ ਹੀ ਉਸਨੂੰ ਅਲੀ ਮਿਲਿਆ ਉਸਨੇ ਪੁੱਛਿਆ-'ਮੇਰੇ ਨਾਲ ਕੰਮ ਕਰੇਂਗਾ?'ਇੱਥੇ ਜਮੂਰੇ ਦਾ ਕੰਮ ਕੋਈ ਖ਼ਾਸ ਔਖਾ ਨਹੀਂ ਸੀ। ਉਸਨੇ ਢੋਲ

ਵਜਾਉਣਾ ਸੀ। ਫ਼ੇਰ ਕੁਝ ਖ਼ਾਸ ਸੁਆਲਾਂ ਦੇ ਜੁਆਬ ਵਿੱਚ- ਵਿਚ ਦੇਣੇ ਸਨ। ਜੁਆਬ ਉਸਨੂੰ ਇਬਰਾਹਿਮ ਨੇ ਦੱਸ ਦਿੱਤੇ ਸਨ।

ਨਵੇਂ ਕੰਮ ਨੂੰ ਫ਼ੜਨ ਲਈ ਅਲੀ ਨੂੰ ਦੇਰ ਨਾ ਲੱਗੀ। ਸ਼ੁਰੂ ਵਿਚ ਉਸਨੂੰ ਡਰ ਲੱਗਦਾ ਕਿ ਕੀ ਉਹ ਢੋਲ ਸੰਭਾਲ ਸਕੇਗਾ? ਅਤੇ ਢੋਲ ਵਜਾਉਦਿਆਂ ਫ਼ੁਰਤੀ ਨਾਲ ਜੁਆਬ ਦੇ ਪਾਵੇਗਾ? ਪਰ ਫ਼ੇਰ ਸਭ ਕੁਝ ਓਸਾਨ ਹੁੰਦਾ ਚਲਾ ਗਿਆ। ਜਿਵੇਂ ਨਦੀ ਵਿਚ ਵਹਿੰਦਾ ਪਾਣੀ। ਵਹਿੰਦਾ ਹੈ ਤਾਂ ਵਹਿੰਦਾ ਹੀ ਚਲਿਆ ਜਾਂਦਾ ਹੈ।

ਇਕ ਰਾਤ ਇਬਰਾਹਿਮ ਬੀਮਾਰ ਹੋ ਗਿਆ ਅਤੇ ਸਵੇਰੇ ਹੁੰਦੇ-ਹੁੰਦੇ ਮਰ ਗਿਆ। ਸੋ ਅਲੀ ਹੀ ਉਸਦਾ ਇਕਲੌਤਾ ਵਾਰਿਸ ਸੀ। ਹੁਣ ਉਸਨੂੰ ਹੀ ਬੋਲਦੀਆਂ ਕਠਪੁਤਲੀਆਂ ਨੂੰ ਨਚਾਉਣਾ ਪੈਣਾ ਸੀ। ਇਸ ਬਾਰ ਇਹ ਐਨਾ ਆਸਾਨ ਨਹੀਂ ਸੀ। ਨਚਾਉਂਦੇ ਸਮੇਂ ਉਂਗਲੀਆਂ ਤੇ ਕਾਬੂ ਰੱਖਣਾ ਸੀ ਅਤੇਆਵਾਜ਼ ਲਈ ਗਲੇ ਉੱਤੇ। ਇਹ ਮੁਹਾਰਤ ਸਾਰਿਆਂ ਨੂੰ ਹਾਸਿਲ ਨਹੀਂ ਹੁੰਦੀ।

ਉਸਨੇ ਨਿਯਮਿਤ ਤੌਰ ਤੇ ਉਂਗਲੀਆਂ ਦਾ ਅਭਿਆਸ ਸ਼ੁਰੂ ਕੀਤਾ ਅਤੇ ਗਲੇ ਨੂੰ ਘੰਟਿਆਂ ਬੱਧੀ ਦੁਖਾਇਆ , ਫੇਰ ਕਿਤੇ ਜਾ ਕੇ ਸੁਧਾਰੀ ਜਾ ਰਹੀ ਸਾਰੰਗੀ ਦੀਆਵਾਜ਼ ਆਉਣੀ ਸ਼ੁਰੂ ਹੋਈ। ਫ਼ਿਰ ਹਰਮੋਨੀਅਮ ਦੀ। ਫ਼ਿਰ ਅਜਿਹੇ ਹੀ ਦੂਸਰੇ ਸਾਜ਼ਾਂ ਦੀ। ਕਠਪੁਤਲੀਆਂ ਨੂੰ ਅਲੱਗ-ਅਲੱਗ ਆਵਾਜ਼ਾਂ ਮਿਲੀਆਂ। ਉਹ ਬੇਹੱਦ ਖੁਸ਼ ਹੋਇਆ। ਖੁਸ਼ੀ ਵਿਚ ਨੱਚਣ ਲੱਗਾ। ਅਤੇ ਫ਼ੇਰ ਆਪਣੇ ਖੇਲ ਦੀ ਤਿਆਰੀ ਕੀਤੀ।

ਉਸਨੂੰ ਨਵੇਂ ਕੰਮ ਵਿਚ ਮਜ਼ਾ ਆ ਰਿਹਾ ਸੀ। ਉਸਨੇ ਕਠਪੁਤਲੀਆਂ ਦੇ ਨਵੇਂ-ਨਵੇਂ ਖੇਲ ਬਣਾਏ। ਲੰਬੀਆਂ- ਲੰਬੀਆਂ ਮਜ਼ੇਦਾਰ ਕਹਾਣੀਆਂ ਪੜ੍ਹੀਆਂ ਅਤੇ ਘੜ੍ਹੀਆਂ। ਪੁਰਾਣੇ ਸ਼ਾਹਾਂ- ਬਾਦਸ਼ਾਹਾਂ ਦੀ ਥਾਂ ਅੱਜ ਦੇ ਇਨਸਾਨਾ ਨੂੰ ਰੱਖਿਆ। ਉਹ ਆਪਣੇ ਉਸਤਾਦ ਨੂੰ ਵੀ ਨਹੀਂ ਭੁੱਲਿਆ। ਉਸਦੀ ਇਕ ਕਠਪੁਤਲੀ ਦਾ ਨਾਮ 'ਬਾਜੀਗਰ ਸੋਨਬੋਲ' ਚੀ ਸੀ।

ਇਸ ਤੋਂ ਬਾਅਦ ਤਾਂ ਉਸਦੀ ਜ਼ਿੰਦਗੀ ਪਹਿਲੇ ਦੀ ਤਰ੍ਹਾਂ ਬਿਹਤਰ ਅਤੇ ਆਸਾਨ ਸੀ। ਥੋੜੀ ਹੋਰ ਬਿਹਤਰ ਉਦੋਂ ਹੋਈ ਜਦ ਉਸਨੂੰ ਅਬੂ ਅਲ ਰੀਸ਼ ਦੇ ਥਿਏਟਰ ਵਿਚ ਕੰਮ ਮਿਲਿਆ। ਉੱਥੇ ਉਹ ਹਰ ਰਾਤ ਉਹ ਕਠਪੁਤਲੀ ਨਚਾਉਂਦਾ ਅਤੇ ਨਾਲ ਹੀ ਮਖ਼ੌਲੀਏ ਜਾਂ ਮਜ਼ਾਕੀਏ ਦਾ ਕੰਮ ਵੀ ਕਰਦਾ। ਉਸਦੀ ਆਮਦਨੀ ਅਤੇ ਆਮਦਨੀ ਦਾ ਜ਼ਰੀਆ ਵੱਧਦਾ ਹੀ ਜਾ ਰਿਹਾ ਸੀ ਪਰ ਦੋਨਾਂ ਹੀ ਕੰਮਾਂ ਦੇ ਦੌਰਾਨ ਉਸਨੇ ਹੱਸਣਾ-ਹਸਾਉਣਾ ਅਤੇ ਮਜ਼ਾਕ ਕਰਨਾ ਕਦੀ ਨਹੀਂ ਛੱਡੀ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਇਨਸਾਨ ਇਕ ਆਰਾਮਦੇਹ ਜ਼ਿੰਦਗੀ ਜਿਊਣਾ ਚਾਹੁੰਦਾ। ਹਾਸੇ- ਠੱਠੇ ਨਾਲ ਭਰਪੂਰ ਜ਼ਿੰਦਗੀ। ਕੁੜੀਆਂ ਦੇ ਨੈਣ- ਮਟੱਕੇ। ਬੇਫ਼ਿਕਰੀ ਦਾ ਆਲਮ। ਉਵੇਂ ਹੀ ਸਭ ਕੁਝ ਬੀਤ ਰਿਹਾ ਸੀ। ਫ਼ਿਰ ਇਕ ਦਿਨ ਅੱਲਾਹ ਦਾ ਕਰਮ ਹੋਇਆ ਅਤੇ ਹੋਇਆ ਉਹੀ ਬੜਾ ਹਾਦਸਾ, ਜਿਸਨੂੰ ਇਸ ਦੁਨੀਆਂ ਵਿਚ ਵਿਆਹ ਖਾਨਾ ਆਬਾਦੀ ਵੀ ਕਿਹਾ ਜਾਂਦਾ ਹੈ। ਉਸਦੀ ਸਮੁੱਚੀ ਜ਼ਿੰਦਗੀ ਉਲਟ- ਪੁਲਟ ਹੋ ਗਈ।

ਉਸ ਨੂੰ ਇਸ਼ਕ ਹੋ ਗਿਆ ਸੀ। ਸ਼ੇਖ਼ ਜ਼ਕੀ ਅਲ ਅਰਦ ਦੀ ਲੜਕੀ ਅਜੀਜ਼ਾ ਅਲ ਅਰਦ ਨਾਲ। ਸ਼ੇਖ਼ ਜ਼ਕੀ ਅਬੂ ਅਲ ਰੀਸ਼ ਦੀ ਮਸਜਿਦ ਵਿਚ ਮੌਲਵੀ ਸੀ ਅਤੇ ਉੱਥੇ ਨਾਲ ਹੀ ਇਕ ਦਰਗਾਹ ਵਿਚ ਖ਼ਾਦਿਮ ਵੀ। ਉਸ ਉੱਤੇ ਅੱਲਾਹ ਦੀ ਰਹਿਮਤ ਬਰਸ ਰਹੀ ਸੀ।

ਹੁਣ ਓਹ ਅਕਸਰ ਅਜੀਜ਼ਾ ਨੂੰ, ਜਿਸਨੂੰ ਹੁਣ ਸਈਅਦਾ ਕਿਹਾ ਜਾਣ ਲੱਗਾ ਸੀ, ਧਿਆਨ ਨਾਲ ਵੇਖਦਾ ਅਤੇ ਅਫ਼ਸੋਸ ਨਾਲ ਸਿਰ ਹਿਲਾ ਕੇ ਖ਼ੁਦਾ ਨੂੰ ਪੁੱਛਦਾ ਕਿ ਆਖ਼ਿਰ ਅਜਿਹਾ ਕੀ ਸੀ ਕਿ ਉਸਨੂੰ ਇਸ਼ਕ ਹੋ ਗਿਆ? ਉਸ ਔਰਤ ਵਿਚ ਉਸ ਨੂੰ ਕੀ ਦਿਸਿਆ? ਬੇਵਕੂਫ਼। ਗਧਾ। ਉਹ ਆਪਣੀ ਸਲਾਹ ਨੂੰ ਭੁੱਲ ਗਿਆ ਜੋ ਖ਼ੁਦ ਵੀ ਉਸ ਸਮੇਂ ਜਵਾਨ ਹੀ ਸੀ। ਉਹ ਕਿਹਾ ਕਰਦਾ ਕਿ ਵਿਆਹ, ਬਰਬਾਦੀ ਹੈ ਅਤੇ ਕਹਿੰਦੇ ਹਨ ਪਿਆਰ ਜਿਸਨੂੰ, ਇਹ ਕਿਸੀ ਮਾਕੂਲ਼ ਮਰਦ ਦਾ ਕੰਮ ਨਹੀਂ। ਇਸ ਬਿਮਾਰੀ ਤੋਂ ਜਿੰਨਾ ਦੂਰ ਰਿਹਾ ਜਾਵੇ ਉੱਨਾ ਚੰਗਾ।

ਖ਼ੈਰ ਉਸਨੂੰ ਪਿਆਰ ਹੋਇਆ ਅਤੇ ਸਾਰੇ ਬੇਵਕੂਫ਼ਾਂ ਦੀ ਤਰ੍ਹਾਂ ਹੀ ਹੋਇਆ ਸੀ। ਹੁਣ ਅਜ਼ੀਜ਼ਾ ਦਾ ਜਿਸਮ ਹੋਰ ਵੀ ਜ਼ਿਆਦਾ ਫ਼ੈਲ ਗਿਆ ਸੀ। ਜਗਾਹ- ਜਗਾਹ ਮਾਸ ਦੇ ਟੁਕੜੇ ਲਟਕ ਰਹੇ ਸਨ।

ਉਸਨੇ ਉਸਨੂੰ ਪਹਿਲੀ ਵਾਰ ਸਟੇਜ ਦੇ ਇਕ ਪਰਦੇ ਵਿਚੋ ਇਕ ਛੇਦ ਵਿਚੋਂ ਕਠਪੁਤਲੀਆਂ ਦਾ ਖ਼ੇਡ ਦਿਖਾਉਂਦੇ ਹੋਏ ਦੇਖਿਆ ਸੀ। ਉਸਨੂੰ ਉਹ ਹੁਣ ਬਹੁਤ ਪਿਆਰੀ ਲੱਗਦੀ ਸੀ। ਉਹ ਹੈ ਵੀ ਸੀ। ਉਹ

ਕਠਪੁਤਲੀ ਦੇ ਮੂੰਹੋਂ ਅਖ਼ਵਾਉਂਦਾ- ਮੇਰੀ ਰਬੜੀ, ਮੇਰੀ ਰਸਮਲਾਈ। ਉਸਨੂੰ ਲੱਗਦਾ ਕਿ ਉਹ ਉਸਨੂੰ ਹੀ ਕਹਿ ਰਿਹਾ ਹੈ। ਉਹ ਸ਼ਰਮਾ ਜਾਂਦੀ ਅਤੇ ਗੁੱਸਾ ਦਿਖਾਉਂਦੇ ਹੋਏ ਉੱਥੋਂ ਚਲੀ ਜਾਂਦੀ।

ਸਮੇਂ ਦੇ ਨਾਲ- ਨਾਲ ਪਿਆਰ ਦਾ ਬੁਖ਼ਾਰ ਵਧਦਾ ਚਲਾ ਗਿਆ ਤਾਂ ਉਸਨੇ ਅਜੀਜ਼ਾ ਦੇ ਬਾਪ ਸ਼ੇਖ਼ ਜ਼ਕੀ ਅਲ ਅਰਦ ਤੋਂ ਅਜੀਜ਼ਾ ਦਾ ਹੱਥ ਮੰਗ ਲਿਆ। ਸ਼ੁਰੂਆਤੀ ਦੌਰ ਵਿਚ ਤਾਂ ਆਦਮੀ ਨੇ ਦਿਲਚਸਪੀ ਦਿਖਾਈ ਪਰ ਅਲੀ ਦਾ ਕੰਮ ਜਾਣ ਕੇ ਉਸਦਾ ਇਰਾਦਾ ਬਦਲ ਗਿਆ। ਉਸਨੇ ਅਲੀ ਨੂੰ ਸਾਫ਼-ਸਪੱਸ਼ਟ ਕਹਿ ਦਿੱਤਾ ਸੀ ਕਿ ਉਹ ਆਪਣੀ ਬੇਟੀ ਦਾ ਵਿਆਹ ਕਿਸੇ ਮਖ਼ੌਲੀਏ ਜਾਂ ਕਠਪੁਤਲੀ ਵਾਲੇ ਨਾਲ ਨਹੀਂ ਕਰ ਸਕਦਾ। ਜੇਕਰ ਉਸਨੇ ਸਹੀ ਮਾਅਨਿਆ ਵਿਚ ਵਿਆਹ ਕਰਵਾਉਣਾ ਹੈ ਤਾਂ ਉਸਨੂੰ ਆਪਣਾ ਪੇਸ਼ਾ ਬਦਲਣਾ ਪਵੇਗਾ, ਅਤੇ ਇਸੇ ਸਮੇਂ ਹੀ ਬਦਲਣਾ ਪਵੇਗਾ।

ਦਿਨ ਬੀਤਦੇ ਗਏ ਅਤੇ ਅਲੀ, ਅਜੀਜ਼ਾ ਅਤੇ ਆਪਣੀਆਂ ਕਠਪੁਤਲੀਆਂ ਨੂੰ ਫ਼ੈਸਲੇ ਵਾਲੀ ਤੱਕੜੀ ਵਿਚ ਤੋਲਦਾ ਰਿਹਾ ਅਤੇ ਫ਼ਿਰ ਅਖ਼ੀਰ ਤੇ ਅਜੀਜ਼ਾ ਨੂੰ ਚੁਣ ਲਿਆ।

ਇਸ ਤਰ੍ਹਾਂ ਉਸਨੇ ਨਵਾਂ ਕੰਮ ਲੱਭਣਾ ਸ਼ੁਰੂ ਕਰ ਦਿੱਤਾ। ਉਸਨੂੰ ਕੋਈ ਖ਼ਾਸ ਮੁਸ਼ਕਿਲ ਨਾ ਆਈ। ਕਠਪੁਤਲੀਆਂ ਦਾ ਸਾਰਾ ਸਾਜ-ਸਮਾਨ ਵੇਚ ਦਿੱਤਾ ਅਤੇ ਇਕ ਹੱਥ-ਠੇਲਾ ਖ਼ਰੀਦ ਲਿਆ। ਹੱਥ-ਠੇਲੇ ਉੱਤੇ ਉਸਨੇ ਦੋ ਤਖ਼ਤੀਆਂ ਠੋਕੀਆਂ ਅਤੇ ਉਨ੍ਹਾਂ ਉੱਤੇ ਬੁਲਬੁਲੇ ਬੰਨ੍ਹ ਦਿੱਤੇ। ਠੇਲੇ ਉੱਤੇ ਹੀ ਟੌਫ਼ੀਆਂ, ਬਿਸਕੁਟਾਂ ਦੇ ਮਰਤਬਾਨ ਅਤੇ ਇਕ ਛੋਟੀ ਜਿਹੀ ਨਿਸ਼ਾਨਾ ਲਗਾਉਣ ਵਾਲੀ ਬੰਦੂਕ ਰੱਖ ਲਈ। ਉਹ ਅਵਾਜ਼ ਲਗਾਉਂਦਾ ਘੁੰਮਦਾ- ਨਿਸ਼ਾਨਾ ਲਗਾਓ, ਟੌਫ਼ੀ ਖਾਓ। ਬੱਚੇ ਉਸਨੂੰ ਘੇਰ ਲੈਂਦੇ।

ਫ਼ਿਰ ਇਸ ਕੰਮ ਵਿਚ ਵੀ ਅਲੀ ਨੇ ਆਪਣੀ ਸਾਖ਼ ਬਣਾਈ। ਕੰਮ ਸੰਭਲਿਆ, ਘਰ-ਬਾਰ ਬਣਿਆ। ਅਜੀਜ਼ਾ ਨਾਲ ਵਿਆਹ ਤੋਂ ਬਾਅਦ ਸਭ ਠੀਕ-ਠਾਕ ਚਲ ਰਿਹਾ ਸੀ। ਪਰ ਬਦਨਸੀਬੀ ਵਿਚ ਛੇਤੀ ਹੀ ਉਹ ਦੂਜੇ ਸਾਰੇ ਖ਼ਾਵੰਦਾਂ ਦੀ ਬਰਾਬਰੀ ਉੱਤੇ ਆ ਹੀ ਗਿਆ।

ਦਰਅਸਲ ਉਸਦੀ ਜ਼ਿੰਦਗੀ, ਖੁਸ਼ਹਾਲ ਨਹੀਂ ਸੀ। ਸਈਅਦਾ ਦੇ ਬਾਵਜੂਦ ਅਤੇ ਹੁਣ ਤੱਕ ਨਹੀਂ ਸੀ ਜਦੋਂ ਤੱਕ, ਸ਼ੇਖ਼ ਜ਼ਕੀ,ਜੋ ਉਸਦਾ ਸਹੁਰਾ ਸੀ ਅਤੇ ਅੱਲਾਹ ਦੀ ਖ਼ਿਦਮਤ ਲਈ ਇਕ ਦਰਗਾਹ ਦਾ ਸੇਵਾਦਾਰ ਵੀ ਸੀ, ਅੱਲਾਹ ਨੂੰ ਪਿਆਰਾ ਨਹੀਂ ਸੀ ਹੋ ਗਿਆ ਅਤੇ ਉਸਦੀ ਜਗਾਹ ਖ਼ਾਲੀ ਨਹੀਂ ਹੋ ਗਈ।

ਸਈਅਦਾ ਅਤੇ ਉਸਦੀ ਮਾਂ ਫ਼ਾਤਿਮਾ ਅਲ ਅਰਦ, ਜੋ ਮਰਹੂਮ ਸ਼ੇਖ਼ ਜ਼ਕੀ ਦੀ ਵਿਧਵਾ ਸੀ,ਨੇ ਸੋਚਿਆ ਕਿ ਕੰਮ ਵਿਚ ਖ਼ਾਲੀ ਹੋਈ ਜਗਾਹ ਖ਼ਨਦਾਨ ਦੇ ਹੀ ਕਿਸੇ ਮਰਦ ਨਾਲ ਭਰੀ ਜਾਵੇ। ਆਪਣੀ ਇਸ ਬੇਹਤਰੀਨ ਸੋਚ ਦੇ ਬਾਅਦ ਦੋਵਾਂ ਨੇ ਸ਼ੇਖ਼ ਅਲੀ ਨੂੰ ਮੌਕਾ ਨਾ ਗਵਾਉਣ ਦਾ ਹੁਕਮ ਸੁਣਾਇਆ।

ਸ਼ੁਰੂਆਤੀ ਦੌਰ ਵਿਚ ਤਾਂ ਸ਼ੇਖ਼ ਅਲੀ ਦਾ ਇਸ ਕੰਮ ਚਿ ਦਿਲ ਹੀ ਨਹੀਂ ਲੱਗਿਆ ਸੀ। ਉਸ ਨੂੰ ਪੱਕਾ ਯਕੀਨ ਸੀ ਕਿ ਉਹ ਇਸ ਕੰਮ ਦੇ ਕਾਬਿਲ ਹੀ ਨਹੀਂ। ਖ਼ਾਸ ਤੌਰ 'ਤੇ ਕਠਪੁਤਲੀਆਂ ਦੀ ਉੱਛਲ-ਕੁੱਦ ਨਾਲ ਭਰੀ ਮਖੌਲੀਏ ਦੀ ਜ਼ਿੰਦਗੀ ਨੇ ਉਸਨੂੰ ਇਸਨੇ ਮਜ਼ਹਬੀ ਕੰਮ ਦੇ ਲਾਇਕ ਹੀ ਨਹੀਂ ਰਹਿਣ ਦਿੱਤਾ ਸੀ। ਪਰ ਜ਼ਿੱਦੀ ਘਰਵਾਲੀ ਅਤੇ ਸਖ਼ਤ ਮਿਜਾਜ਼ ਸੱਸ ਅੱਗੇ ਉਸਦੀ ਇੱਕ ਨਾ ਚੱਲੀ।

ਗਰੀਬ ਸ਼ੇਖ਼ ਅਲੀ ਨੂੰ ਕੁਝ ਵੀ ਸਮਝ ਨਹੀਂ ਆ ਰਿਹਾ ਸੀ। ਉਸਨੂੰ ਨਮਾਜ਼ ਪੜ੍ਹਨ ਪੜ੍ਹਾਉਣ ਦਾ ਕੋਈ ਸ਼ੌਕ ਨਹੀਂ ਸੀ। ਫ਼ਿਰ ਉਸਨੇ ਸੋਨਬੋਲ ਨੂੰ ਯਾਦ ਕੀਤਾ। ਜ਼ਿੰਦਗੀ ਵਿਚ ਕੁਝ ਵੀ ਨਾਮੁਮਕਿਨ ਨਹੀਂ ਹੁੰਦਾ। ਸਮਾਂ ਸਭ ਕੁਝ ਸਿਖ਼ਾ ਦਿੰਦਾ ਹੈ।

ਫ਼ੇਰ ਸ਼ੇਖ਼ ਅਲੀ ਨੇ ਦਾਹੜੀ ਵਧਾਈ। ਬੇ-ਵਜਾਹ ਦਾ ਨਕਚੜ੍ਹਾਪਣ ਵਧਾਇਆ ਅਤੇ ਲਗਾਤਾਰ ਬੁੜਬੁੜਾਉਣ ਦੀ ਆਦਤ ਪਾਈ। ਇਸ ਤਰ੍ਹਾਂ ਉਹ ਇੱਜ਼ਤ ਹਾਸਿਲ ਕਰ ਸਕਦਾ ਸੀ।

ਦਿਨ ਬੀਤਦੇ ਗਏ। ਸ਼ੇਖ਼ ਅਲੀ ਇਸ ਧਰਮ ਦੇ ਧੰਦੇ ਵਿਚ ਰਮ ਗਿਆ। ਉਹ ਖ਼ੁਦ ਤੋਂ ਇਲਾਵਾ ਹਰ ਕਿਸੇ ਨੂੰ ਤਸੱਲੀ ਅਤੇ ਯਕੀਨ ਦਿਵਾਉਂਦਾ ਚਲਾ ਗਿਆ।

ਅਸਲ ਵਿਚ ਉਸਨੂੰ ਆਪਣੀ ਵਧਦੀ ਹੋਈ ਦਾਹੜੀ ਨਾਲ ਉਲਝਣ ਹੋਣ ਲੱਗੀ ਸੀ। ਕਦੀ-ਕਦੀ ਉਹ ਸੋਚਦਾ ਕਿ ਬਜਾਇ ਧੋਖ਼ਾਧੜੀ ਦੇ ਇਸ ਖੇਲ ਵਿਚ ਉਹ ਆਪਣੀ ਕਠਪੁਤਲੀਆਂ ਦੇ ਨਾਲ ਮਸਖ਼ਰੇ ਦੀ ਜ਼ਿੰਦਗੀ ਵਿਚ ਅੱਲਾਹ ਦੇ ਜ਼ਿਆਦਾ ਕਰੀਬ ਸੀ।

ਪਹਿਲਾਂ ਉਹ ਕਠਪੁਤਲੀਆਂ ਦੇ ਖੇਡ ਨਾਲ ਲੋਕਾਂ ਨੂੰ ਹਸਾਉਂਦਾ ਸੀ ਅਤੇ ਹੁਣ ਇਕ ਲੰਬੀ ਦਾਹੜੀ ਅਤੇ ਉਸਤੋਂ ਵੀ ਲੰਬੀ ਤਸਬੀਹ ਨੂੰ ਨਚਾਉਂਦੇ-ਨਚਾਉਂਦੇ ਲੋਕਾਂ ਉੱਤੇ ਹੱਸਦਾ ਸੀ।

ਫਿਰ ਉਸਨੇ ਤੈਅ ਕੀਤਾ ਕਿ ਬਸ ! ਬਹੁਤ ਹੋ ਗਿਆ। ਉਹ ਪਰਾਣੇ ਧੰਧੇ ਵਿਚ ਹੀ ਠੀਕ ਸੀ। ਤਾਂ ਉਸ

ਦਿਨ ਸਵੇਰੇ ਹੀ ਘਰ ਵਾਪਸ ਪਰਤਿਆ ਕਿ ਉਹ ਅਪਣੀ ਪਤਨੀ ਅਤੇ ਅਵੁਲ ਅਲ ਰੀਸ਼ ਦੀ ਮਸਜਿਦ ਦੇ ਖਿਲਾਫ਼ ਬਗ਼ਾਵਤ ਦਾ ਐਲਾਨ ਕਰ ਸਕੇ।

ਉਹ ਸਈਅਦਾ ਦੇ ਸਾਹਮਣੇ ਖੜਾ ਸੀ ਅਤੇ ਭਰਪੂਰ ਗੁੱਸੇ ਨਾਲ ਆਪਣੀ ਦਾਹੜੀ ਨੋਚ ਰਿਹਾ ਸੀ।

-ਖ਼ਤਮ। ਬਸ ਹੁਣ ਸਭ ਖ਼ਤਮ ਹੁੰਦਾ ਹੈ। ਮੈਂ ਪਰੇਸ਼ਾਨ ਹੋ ਗਿਆ....ਆਪਣੀ ਇਸ ਦਾਹੜੀ ਤੋਂ।

-ਕੀ ਬਕ ਰਹੇ ਹੋ....? ਸਈਅਦਾ ਨੇ ਹੈਰਾਨ ਹੁੰਦੇ ਪੁੱਛਿਆ।

-ਮੇਰਾ ਮਤਲਬ ਸੀ ਕਿ ਆਖ਼ਰ ਲੋੜ ਹੀ ਕੀ ਹੈ? ਕੀ ਅੱਲਾਹ ਦੇ ਨਜ਼ਦੀਕ ਜਾਣ ਲਈ ਦਾਹੜੀ ਜ਼ਰੂਰੀ ਹੈ?

-ਕੀ ਤੂੰ ਪਾਗਲ ਹੋ ਗਿਆਂ? ਸਈਅਦਾ ਚੀਖੀ ਅਤੇ ਮੰਜਾ ਛੱਡ ਕੇ ਇਕਦਮ ਖੜੀ ਹੋ ਗਈ। ਮੋਲੋਖੋਇਆ ਦੀ ਸਬਜ਼ੀ ਕੱਟਣ ਵਾਲਾ ਚਾਕੂ ਉਸਦੇ ਹੱਥ ਵਿਚ ਹੀ ਸੀ। ਉਸਨੇ ਸ਼ੇਖ਼ ਅਲੀ ਦੇ ਸਾਹਮਣੇ ਲਹਿਰਾਉਂਦੇ ਹੋਏ ਉਸਨੂੰ ਉਸੇ ਪਲ ਹੀ ਮਸਜਿਦ ਵਾਪਸ ਪਰਤਣ ਦਾ ਹੁਕਮ ਸੁਣਾ ਦਿੱਤਾ।

ਸ਼ੇਖ਼ ਅਲੀ ਸਿਰ ਸੁੱਟ ਕੇ ਮਸਜਿਦ ਵੱਲ ਵਾਪਿਸ ਪਰਤ ਰਿਹਾ ਸੀ। ਰਸਤੇ ਵਿਚ ਉਸਨੂੰ ਉਹ ਆਦਮੀ ਦਿਸਿਆ ਜਿਸਨੂੰ ਉਸਨੇ ਆਪਣੀਆਂ ਕਠਪੁਤਲੀਆਂ ਵੇਚੀਆਂ ਸਨ। ਉਸਨੇ ਕੁਝ ਹੋਰ ਕਠਪੁਤਲੀਆਂ ਖ਼ਰੀਦ ਕੇ ਆਪਣਾ ਕੁਨਬਾ ਖੜਾ ਕਰ ਲਿਆ ਸੀ।

ਉਹ ਮਸਜਿਦ ਦੇ ਹੁਜਰੇ ਵਿਚ ਪਹੁੰਚ ਹੀ ਰਿਹਾ ਸੀ ਕਿ ਉਸਨੂੰ ਸਿਸਕੀਆਂ ਦੀ ਅਵਾਜ਼ ਸੁਣਾਈ ਦਿੱਤੀ। ਉਸਨੇ ਦੇਖਿਆ ਕਿ ਪੌੜੀਆਂ ਕੋਲ ਇਕ ਔਰਤ ਬੈਠੀ ਲਗਾਤਾਰ ਰੋ ਰਹੀ ਸੀ। ਉਸਨੇ ਔਰਤ ਤੋਂ ਰੋਣ ਦਾ ਕਾਰਨ ਪੁੱਛਣਾ ਚਾਹਿਆ ਅਤੇ ਉਸ ਔਰਤ ਨੇ ਦੱਸਿਆ ਕਿ ਉਸਦਾ ਮੁੰਡਾ ਬਹੁਤ ਜ਼ਿਆਦਾ ਬਿਮਾਰ ਹੈ ਅਤੇ ਡਾਕਟਰਾਂ ਨੇ ਉਮੀਦ ਖੋ ਦਿੱਤੀ ਹੈ। ਉਹ ਉਸ ਲਈ ਦੁਆ ਮੰਗਣ ਆਈ ਹੈ ਅਤੇ ਉਸਨੂੰ ਅੱਲਾਹ ਤੋਂ ਰਹਿਮ ਦੀ ਉਮੀਦ ਹੇ। ਉਹੀ ਉਸਨੂੰ (ਸ਼ਿਫ਼ਾ) ਆਰਾਮ ਦੇਵੇ।

ਸ਼ੇਖ਼ ਅਲੀ ਨੇ ਇਕ ਪਲ ਕੁਝ ਸੋਚਿਆ। ਉਹ ਲੋਕਾਂ ਨੂੰ ਦੁਆ ਤਵੀਤਾਂ ਜ਼ਰੀਏ ਧੋਖਾ ਵੰਡਦਾ ਰਿਹਾ ਸੀ। ਕੀ ਇਹ ਚੰਗਾ ਨਾ ਹੋਵੇਗਾ ਕਿ ਉਹ ਆਪਣੀਆਂ ਕਠਪੁਤਲੀਆਂ ਦੇ ਜ਼ਰੀਏ ਉਸ ਔਰਤ ਨੂੰ ਥੋੜੀ ਜਿਹੀ ਖ਼ੁਸ਼ੀ ਵੰਡ ਸਕਦਾ?

ਉਸਨੇ ਮਸਜਿਦ ਵਿਚ ਪਏ ਪੁਰਾਣੇ ਸਮਾਨ ਨੂੰ ਟਟੋਲਿਆ। ਉੱਥੇ ਉਸਨੂੰ ਪੁਰਾਣੀ ਕਠਪੁਤਲੀ ਮਿਲ ਹੀ ਗਈ। ਕਠਪੁਤਲੀ ਹੱਥ ਵਿਚ ਲੈਕੇ ਉਹ ਔਰਤ ਨੂੰ ਦਰਗਾਹ ਵਾਲੇ ਪਾਸੇ ਚੱਲਣ ਲਈ ਕਿਹਾ। ਦਰਗਾਹ ਦੇ ਸਾਹਮਣੇ ਉਸਨੇ ਕਠਪੁਤਲੀ ਨੂੰ ਨਚਾਉਣਾ ਸ਼ੁਰੂ ਕੀਤਾ। ਔਰਤ ਨੇ ਹੈਰਾਨੀ ਨਾਲ ਉਸਨੂੰ ਅਤੇ ਕਠਪੁਤਲੀ ਨੂੰ ਵੇਖਣਾ ਸ਼ੁਰੂ ਕਰ ਦਿੱਤਾ। ਪਹਿਲਾਂ ਤਾਂ ਉਸਨੂੰ ਹੈਰਾਨੀ ਹੋਈ ਫ਼ੇਰ ਉਸਦੇ ਚਿਹਰੇ ਤੇ ਹੌਲੀ-ਹੌਲੀ ਮੁਸਕੁਰਾਹਟ ਫ਼ੈਲ ਗਈ।

ਘਰ ਪਰਤ ਕੇ ਔਰਤ ਨੇ ਵੇਖਿਆ ਕਿ ਬੱਚੇ ਦੀ ਹਾਲਤ ਪਹਿਲਾਂ ਨਾਲੋਂ ਬਿਹਤਰ ਸੀ ਅਤੇ ਉਹ ਠੀਕ ਹੋ ਰਿਹਾ ਸੀ।

ਉਸ ਮਾਸੂਮ ਔਰਤ ਦੀ ਕਹਾਣੀ ਅਤੇ ਸ਼ੇਖ਼ ਅਲੀ ਦੀ ਕਰਾਮਾਤ ਪੂਰੇ ਇਲਾਕੇ ਵਿਚ ਬਿਜਲੀ ਦੀ ਤਰ੍ਹਾਂ ਫੈਲ ਗਈ ਸੀ।

ਉਸ ਦਿਨ ਤੋਂ ਲੋਕਾਂ ਨੂੰ ਪੱਕਾ ਯਕੀਨ ਹੋ ਗਿਆ ਕਿ ਅਬੂ ਅਲ ਰੀਸ਼ ਦੀ ਦਰਗਾਹ ਦੇ ਔਲੀਆ ਨੂੰ ਕਠਪੁਤਲੀਆਂ ਦਾ ਨਾਚ ਚੰਗਾ ਲੱਗਦਾ ਹੈ ਅਤੇ ਉਹ ਆਪਣੀ ਰਹਿਮਤ ਇਸਦੇ ਜ਼ਰੀਏ ਹੀ ਬਰਸਾਉਂਦੇ ਹਨ।

ਫੇਰ ਸ਼ੇਖ਼ ਅਲੀ ਨੇ ਮਸਜਿਦ ਛੱਡਣ ਦਾ ਇਰਾਦਾ ਛੱਡ ਦਿੱਤਾ। ਉਹ ਆਪਣੇ ਤਰੀਕੇ ਨਾਲ ਆਪਣੇ ਅੱਲਾਹ ਦੀ ਬੰਦਗੀ ਵਿਚ ਮਸਰੂਫ਼ ਸੀ। ਲੋਕਾਂ ਨੇ ਵੀ ਉਸਨੂੰ ਉਸਦੇ ਹਾਲ ਤੇ ਛੱਡ ਦਿੱਤਾ ਸੀ। ਕੁਝ ਲੋਕ ਉਸਨੂੰ ਪਾਗਲ ਮੰਨਦੇ ਸਨ ਅਤੇ ਕੁਝ ਲੋਕ ਮੰਨਦੇ ਸਨ ਕਿ ਇਸ ਹਾਲਤ ਵਿਚ ਉਹ ਅੱਲਾਹ ਦੇ ਜ਼ਿਆਦਾ ਨਜ਼ਦੀਕ ਹੁੰਦਾ ਸੀ। ਸ਼ੇਖ਼ ਅਲੀ ਕੁਝ ਨਹੀ ਮੰਨਦਾ ਸੀ। ਉਸਨੂੰ ਲੋਕਾਂ ਦੀ ਪਰਵਾਹ ਨਹੀਂ ਸੀ। ਲੋਕ ਉਸਨੂੰ ਪਾਗਲ ਕਹਿਣ ਤਾਂ ਕਹਿੰਦੇ ਰਹਿਣ। ਉਹ ਤਾਂ ਆਪਣੇ ਪਸੰਦੀਦਾ ਕੰਮ ਵਿਚ ਲੱਗਾ ਹੋਇਆ ਸੀ।

ਪਿਆਰੇ ਪਾਠਕੋ, ਹੁਣ ਇਕ ਹੀ ਚੀਜ਼ ਬਾਕੀ ਰਹਿ ਜਾਂਦੀ ਹੈ ਕਿ ਅੱਲਾਹ ਤੋਂ ਹੀ ਪੁੱਛਿਆ ਜਾਵੇ ਕਿ ਕੌਣ ਤੇਰੇ ਜ਼ਿਆਦਾ ਨਜ਼ਦੀਕ ਸੀ? ਉਹ ਧੋਖੇਬਾਜ਼ ਮੌਲਾਨਾ ਜਾਂ ਪੂਰੀ ਵਫ਼ਾਦਾਰੀ ਨਾਲ ਇਹ ਹੱਸਦਾ ਹਸਾਉਂਦਾ ਇਹ ਮਖੌਲੀਆ? (ਮਸਖ਼ਰਾ)



# ਮੈਨੂੰ ਸਭ ਪਤਾ

ਅੱਜ ਕੱਲ੍ਹ ਉਸ ਨੂੰ ਵਾਰ-ਵਾਰ ਭੁਚੱਕੇ ਜਿਹੇ ਪੈਂਦੇ ਰਹਿੰਦੇ ਹਨ।

ਹੁਣੇ-ਹੁਣੇ ਉਹ ਨੂੰ ਲੱਗਾ ਜਿੱਦਾਂ ਕਮਰੇ 'ਚ ਕੋਈ ਆਇਆ ਹੋਵੇ।

ਉਹਨੇ ਹੱਥ 'ਚ ਫੜਿਆ ਗਲਾਸ ਸਟੂਲ 'ਤੇ ਰੱਖ ਦਿੱਤਾ। ਚਹੁੰ ਪਾਸੀਂ ਨਜ਼ਰਾਂ ਘੁਮਾਈਆਂ। ਕਮਰੇ 'ਚ ਨੀਮ ਹਨੇਰਾ ਹੈ। ਉਹ ਘੁੰਮ ਕੇ ਪਿਛਾਂਹ ਨੂੰ ਦੇਖਦੀ ਹੈ। ਕਿਤੇ ਵੀ ਕੋਈ ਨਹੀਂ ਹੈ। ਉਹਨੇ ਬਾਹਰਲੀ ਤਾਕੀ ਖੋਲ੍ਹ ਦਿੱਤੀ। ਕਮਰੇ 'ਚ ਲੋਅ ਹੁੰਦਿਆਂ ਸਾਰ ਹੀ ਉਸ ਦੀਆਂ ਨਜ਼ਰਾਂ ਸਾਹਮਣੇ ਵਾਲੀ ਕੰਧ 'ਤੇ ਟਿਕ ਗਈਆਂ। ਇੱਥੇ ਉਨ੍ਹਾਂ ਚਹੁੰ ਜਣਿਆਂ ਦੀ ਫ਼ੋਟੋ ਲੱਗੀ ਹੁੰਦੀ ਸੀ। ਹੁਣ ਇਹ ਉੱਥੇ ਨਹੀਂ ਹੈ। ਇੱਥੇ ਹੁਣ ਉਸੇ ਸ਼ੀਸ਼ੇ 'ਚ ਸੁਰਜੀਤ ਦੇ ਪਰਿਵਾਰ ਦੀ ਫ਼ੋਟੋ ਲੱਗੀ ਹੈ। ਉਨ੍ਹਾਂ ਦੀ ਫ਼ੋਟੋ ਕਿੱਥੇ ਗਈ? ਇਸ ਗੱਲ ਦਾ ਉਹ ਨੂੰ ਕੋਈ ਨਹੀਂ ਪਤਾ। ਪਤਾ ਨਹੀਂ ਕਿੰਨੇ ਚਿਰ ਬਾਅਦ ਉਸ ਦਾ ਧਿਆਨ ਇਸ ਪਾਸੇ ਗਿਆ ਸੀ।

ਇਹ ਫ਼ੋਟੋ ਚੰਨਣ ਨੇ ਸਟੇਸ਼ਨ ਤੋਂ ਘਰ ਨੂੰ ਜਾਂਦਿਆਂ ਹੋਇਆਂ ਕਮਲ ਫ਼ੋਟੋਗਰਾਫ਼ਰ ਕੋਲੋਂ ਖਿਚਵਾਈ ਸੀ। ਉਹ ਵੀ ਸਬੱਬੀਂ ਹੀ। ਹੋਇਆ ਇਹ ਕਿ ਭਰਵਾਂ ਮੀਂਹ ਪੈਣ ਕਰ ਕੇ, ਉਨ੍ਹਾਂ ਨੂੰ ਬਾਜ਼ਾਰ ਵਿਚ ਦੀ ਜਾਣਾ ਪਿਆ। ਕਮਲ ਫ਼ੋਟੋਗਰਾਫ਼ਰ ਕੋਲ ਆ ਕੇ ਚੰਨਣ ਨੇ ਸੁਲਾਹ ਮਾਰੀ ਸੀ, ''ਬੋਲਦੀ ਨੀਂ, ਇੱਕ ਆਪਣੇ ਪਰਿਵਾਰ ਦੀ ਫ਼ੋਟੋ ਨਾ ਖਿਚਵਾ ਲਈਏ? ਯਾਦ ਰਹੂ। ਜਦੋਂ ਨਿਆਣੇ ਵੱਡੇ ਹੋ ਗਏ ਤਾਂ ਦੇਖ ਲਿਆ ਕਰਨਗੇ ਕਿ ਛੋਟੇ ਹੁੰਦਿਆਂ ਕਿੱਦਾਂ ਦੇ ਹੁੰਦੇ ਸੀ।'' ਉਹਨੇ ਪੁੱਛਿਆ, ''ਫ਼ੋਟੋ ਜੋਗੇ ਪੈਸੇ ਹੈਗੇ ਆ?'' ਚੰਨਣ ਨੇ ਦੱਸਿਆ, ''ਅੱਧੇ ਕੁ ਹੈਗੇ। ਅੱਧੇ ਜਿੱਦਣ ਫ਼ੋਟੋ ਮਿਲੀ ਦੇ ਦੇਵਾਂਗਾ।'' ਉਹ ਬੋਲੀ, ''ਫੇਰ ਤਾਂ ਠੀਕ ਆ। ਆਪਣੀ ਵੀ ਕੋਈ ਫ਼ੋਟੋ ਨੀਂ।'' ਉਹ ਅੰਦਰ ਫ਼ੋਟੋ ਖਿਚਵਾਉਣ ਲਈ ਵੜੇ ਤਾਂ ਬਲਵੰਤ ਕਹਿਣ ਲੱਗਾ, ''ਮੈਂ ਬੀਬੀ ਕੋਲ ਬੈਠਣਾ।'' ਸੁਰਜੀਤ ਜ਼ਿੱਦ ਕਰੀ ਗਿਆ, ''ਨੀਂ, ਮੈਂ ਬੈਠਣਾ।'' ਚੰਨਣ ਨੇ ਲਾਲਚ ਦੇ ਕੇ ਬਲਵੰਤ ਨੂੰ ਆਪਣੇ ਪੱਟਾਂ 'ਤੇ ਬੈਠਾਇਆ। ਉਹਨੇ ਕਿਹਾ, ''ਜਿੱਦਾਂ-ਜਿੱਦਾਂ ਬੱਚੇ ਵੱਡੇ ਹੋਈ ਜਾਂਦੇ ਆ-ਸਾਨੂੰ ਉਨ੍ਹਾਂ ਦਾ ਚਿਹਰਾ ਭੁੱਲੀ ਜਾਂਦਾ। ਹੁਣ ਵਾਲਾ ਦਿਸਦਾ।'' ਉਹ ਬੋਲੀ, ''ਤੈਨੂੰ ਭੁੱਲਦਾ ਹੋਊ। ਮੈਨੂੰ ਤਾਂ ਓਦਾਂ ਦੇ ਹੀ ਦਿਸਦੇ ਆ।''

ਕਿੰਨੀ ਛੇਤੀ ਕਿੰਨਾ ਕੁੱਝ ਬੀਤ ਗਿਆ।

ਹੁਣ ਉਹ ਆਪ ਪੋਤੇ, ਪੋਤੀ ਤੇ ਦੋਹਤੇ ਵਾਲੀ ਬਣ ਗਈ ਹੈ।

ਉਹ ਨੂੰ ਸੂਤੜੀ ਦਾ ਖਿਆਲ ਆਇਆ। ਅਜੇ ਇਕੋ ਪਿੰਨਾ ਬਣਿਆ ਸੀ। ਮੰਜੇ ਲਈ ਚਾਰ ਪਿੰਨਿਆਂ ਦੀ ਲੋੜ ਪੈਂਦੀ ਹੈ। ਸਿਰਹਾਣੇ ਵਾਲੇ ਪਾਸੇ ਪਏ ਪਿੰਨੇ ਨੂੰ ਚੁੱਕਣ ਲਈ ਉਸ ਦੀ ਰੂਹ ਰਾਜ਼ੀ ਨਾ ਹੋਈ। ਕਿਹੜੀ ਕਾਹਲੀ ਪਈ ਹੈ। ਮਾੜੇ ਜਿਹੇ ਦਿਨ ਖੁੱਲ੍ਹ ਜਾਣ, ਉਸ ਦਸ ਦਿਨਾਂ 'ਚ ਕੰਮ ਨਬੇੜ ਦੇਣਾ। ਘਰ 'ਚ ਕੋਈ ਮੰਜਾ ਨਹੀਂ। ਕਮਰੇ ਤੋਂ ਬਾਹਰ ਕੋਈ ਸੌਂਦਾ ਨਹੀਂ। ਇਹ ਤਾਂ ਉਸ ਵਿਹਲੀ ਬੈਠੀ ਨੇ, ਘਰ ਦੇ ਪੁਰਾਣੇ ਲੀੜੇ ਤੇ ਨਵੀਆਂ ਲੀਰਾਂ ਲੈ ਕੇ ਸੂਤੜੀ ਵਟਣੀ ਸ਼ੁਰੂ ਕਰ ਦਿੱਤੀ ਸੀ ਕਿ ਚਲੋ ਧੀ ਜੀਤੋ ਦੇ ਕੰਮ ਆ ਜਾਣਗੇ। ਕਿੰਨਾ ਮੁਲਾਇਮ ਹੁੰਦਾ ਹੈ ਲੀਰਾਂ ਦੀ ਸੂਤੜੀ ਦਾ ਮੰਜਾ। ਦਰੀ ਜਾਂ ਚਾਦਰ ਵਿਛਾਉਣ ਦੀ ਲੋੜ ਹੀ ਨਹੀਂ ਪੈਂਦੀ।

ਇੱਧਰ ਚਾਹ ਠੰਢੀ ਹੋ ਰਹੀ ਹੈ, ਉੱਧਰ ਉਸ ਦੀ ਬੇਚੈਨੀ ਵਧਦੀ ਜਾ ਰਹੀ ਹੈ। ਉਸ ਕਈ ਵਾਰ ਚਾਹ ਦੇ ਗਲਾਸ ਨੂੰ ਹੱਥ ਲਾ ਕੇ ਦੇਖਿਆ ਕਿ ਕਿਤੇ ਜ਼ਿਆਦਾ ਠੰਢੀ ਤਾਂ ਨਹੀਂ ਹੋ ਗਈ। ਪਹਿਲਾਂ ਉਸ ਅੰਦਰ ਵੱਲ ਦੇਖਿਆ ਕਿ ਕਿਤੇ ਸਾਹਮਣੇ ਸੁਨੀਤਾ ਤਾਂ ਨਹੀਂ ਬੈਠੀ। ਫੇਰ ਉਹ ਬਾਹਰਲੇ ਦਰਵਾਜ਼ੇ ਕੋਲ ਆਈ ਇਹ ਦੇਖਣ ਲਈ ਕਿ ਕੀ ਬਲਵੰਤ ਕੋਲ ਬੈਠਾ ਮੋਹਣਾ ਚਲਾ ਗਿਆ ਹੈ ਜਾਂ ਕਿ ਨਹੀਂ। ਠੰਢੇ ਬੁੱਲੇ ਨਾਲ ਉਸ ਨੂੰ ਕੰਬਣੀ ਛਿੜੀ। ਉਸ ਸ਼ਾਲ ਦੀ ਬੁੱਕਲ ਨੂੰ ਹੋਰ ਕਸ ਲਿਆ। ਮੋਹਣੇ ਨੂੰ ਬੈਠਾ ਦੇਖ ਕੇ ਮਨ ਹੀ ਮਨ ਆਪਣੇ ਆਪ ਕੋਲੋਂ ਪੁੱਛਿਆ, 'ਇਹ ਕਿਹੜੀ ਰਾਮ ਕਹਾਣੀ ਛੇੜੀ ਬੈਠੇ ਆ? ਮੋਹਣਾ ਅਜੇ ਤਾਈਂ ਗਿਆ ਕਿਉਂ ਨੀਂ? ਕੀ ਇਹ ਅੱਜ ਵੀ ਵਿਹਲਾ ਆ? ਜੇ ਇਹ ਵਿਹਲਾ ਆ ਤਾਂ ਬਲਵੰਤ ਨੂੰ ਕੰਮ ਕਰਨ ਦੇਵੇ...।' ਉਹ ਇਸ ਆਸ 'ਚ ਬੈਠੀ ਸੀ ਕਿ ਗਲਾਸ ਵਿਚਲੀ ਅੱਧੀ ਚਾਹ ਪਹਿਲਾਂ ਬਲਵੰਤ ਪੀ ਲਵੇ ਤੇ ਬਾਕੀ ਦੀ ਉਹ ਪੀ ਲਵੇਗੀ। ਉਸ ਕੋਲੋਂ ਇਸ ਵੇਲੇ ਇਕੱਲਿਆਂ ਚਾਹ ਨਹੀਂ ਪੀਤੀ ਜਾਂਦੀ। ਉਸ ਦੀ ਇੱਛਾ ਹੁੰਦੀ ਹੈ ਕਿ ਉਹ ਬਲਵੰਤ ਕੋਲ ਬੈਠ ਕੇ ਉਹ ਨੂੰ ਚਾਹ ਪੀਂਦਿਆਂ ਨੂੰ ਦੇਖੇ। ਫੇਰ ਹੀ ਆਪ ਵੀ ਪੀਵੇ।

ਬਲਵੰਤ ਚਿਮਟੀਆਂ ਦੇ ਨੱਕੇ ਸਿੱਧੇ ਕਰ ਰਿਹਾ ਹੈ। ਉਸ ਨੀਵੀਂ ਪਾਈ ਹੋਈ ਹੈ। ਉਸ ਤਾਂ ਇਕ ਵਾਰ ਵੀ ਧੌਣ ਚੁੱਕ ਕੇ ਇਸ ਪਾਸੇ ਵੱਲ ਨੂੰ ਨਹੀਂ ਦੇਖਿਆ। ਉਸ ਨੂੰ ਇਸ ਗੱਲ ਦਾ ਵੀ ਪਤਾ ਨਹੀਂ ਲੱਗਾ ਕਿ ਉਹ ਦੋ-ਤਿੰਨ ਗੇੜੇ ਮਾਰ ਚੁੱਕੀ ਹੈ। ਉਹ ਤਾਂ ਮੋਹਣੇ ਨਾਲ ਗੱਲੀਂ ਲੱਗਾ ਹੋਇਆ। ਉਹ ਨੌਂ ਕੁ ਵਜੇ ਅਸ਼ੋਕ ਦੇ ਕਾਰਖ਼ਾਨੇ ਆਉਂਦਾ। ਚੜ੍ਹਦੇ ਵਾਲੇ ਪਾਸੇ ਵੱਲ ਨੂੰ ਬੋਰੀ ਵਿਛਾ ਕੇ ਬੈਠ ਜਾਂਦਾ। ਉਸ ਦੇ ਅੱਗੇ ਸਾਨ, ਹਥੌੜਾ ਤੇ ਚਿਮਟੀਆਂ ਦੀ ਢੇਰੀ ਪਈ ਹੁੰਦੀ। ਉਹ ਹਰ ਰੋਜ਼ ਲੁਹਾਂਡੇ 'ਚ ਅੱਗ ਬਾਲ ਕੇ ਉਸ ਅੱਗੇ ਰੱਖ ਦਿੰਦੀ। ਬਲਵੰਤ ਉਸ ਨੂੰ ਅਕਸਰ ਟੋਕਦਾ, ''ਤੂੰ ਕਾਹਤੋਂ ਮੇਰਾ ਐਨਾ ਫ਼ਿਕਰ ਕਰਦੀ ਆਂ। ਕੰਮ 'ਚ ਲੱਗਿਆਂ ਮੈਨੂੰ ਠੰਢ ਦਾ ਚੇਤਾ ਹੀ ਨੀਂ ਰਹਿੰਦਾ।'' ਉਹ ਬਲਵੰਤ ਦੀ ਗੱਲ ਵੱਲ ਧਿਆਨ ਨਾ ਦਿੰਦੀ। ਉਸ ਤਾਂ ਇਹ ਦੀ ਰੁਟੀਨ ਹੀ ਬਣਾ ਰੱਖੀ ਹੈ। ਘਰ ਦੇ ਸਾਹਮਣੇ ਪੈਂਦੀ ਜੱਸੇ ਦੀ ਫ਼ੈਕਟਰੀ 'ਚੋਂ ਕੁੱਝ ਫੱਟੀਆਂ ਉਹ ਮੰਗ ਕੇ ਲੈ ਆਉਂਦੀ। ਕੁੱਝ ਅੱਖ ਬਚਾ ਕੇ ਜਾਂ ਕਿਸੇ ਨਿਆਣੇ ਨੂੰ ਭੇਜ ਕੇ ਸਵੇਰ ਦਾ ਬੰਦੋਬਸਤ ਕਰ ਲੈਂਦੀ। ਇਨ੍ਹਾਂ ਫੱਟੀਆਂ ਨੂੰ ਉਹ ਆਪਣੇ ਮੰਜੇ ਹੇਠਾਂ ਨੂੰ ਕਰ ਕੇ ਰੱਖ ਦਿੰਦੀ। ਜਦੋਂ ਉਸ ਨੂੰ ਅੰਦਰ ਬੈਠੀ ਨੂੰ ਠੰਢ ਲੱਗਦੀ ਹੈ, ਬਾਹਰ ਬੈਠੇ ਬਲਵੰਤ ਨੂੰ ਕਿਉਂ ਨਹੀਂ ਲੱਗਦੀ ਹੋਵੇਗੀ। ਅੱਜ ਪੱਛਮ ਵੱਲੋਂ ਠੱਕਾ ਵਗਣ ਨਾਲ ਠੰਢ ਕੁੱਝ ਕੁ ਜ਼ਿਆਦਾ ਵੱਧ ਗਈ ਸੀ।

ਕੋਈ ਵੀ ਚੀਜ਼ ਖਾਣ ਲੱਗਿਆਂ ਉਹ ਨੂੰ ਬਲਵੰਤ ਦਾ ਖਿਆਲ ਆ ਜਾਂਦਾ। ਉਹ ਆਪਣੇ ਹਿੱਸੇ 'ਚੋਂ ਬਲਵੰਤ ਦਾ ਹਿੱਸਾ ਰੱਖ ਲੈਂਦੀ ਜਾਂ ਉਸੇ ਵੇਲੇ ਚੀਜ਼ ਹੱਥ 'ਚ ਫੜ ਕੇ ਉਸ ਕੋਲ ਆ ਬੈਠਦੀ। ਪਹਿਲਾਂ ਦੋਵੇਂ ਭਰਾ 'ਕੱਠੇ ਰਹਿੰਦੇ ਸਨ। ਘਰ 'ਚ ਬਹੂਆਂ ਦੀ ਤੂੰ-ਤੂੰ, ਮੈਂ-ਮੈਂ ਵੱਧ ਗਈ ਤਾਂ ਉਹ ਜੁਦਾ ਹੋ ਗਏ। ਛੋਟੇ ਸੁਰਜੀਤ ਦੇ ਹਿੱਸੇ ਇਹ ਘਰ ਆਇਆ। ਬਲਵੰਤ ਨੇ ਕ੍ਰਿਸ਼ਨਾ ਕਾਲੋਨੀ 'ਚ ਬਣਿਆ ਬਣਾਇਆ ਮਕਾਨ ਖ਼ਰੀਦ ਲਿਆ।

ਰਾਤ ਦੀ ਗਈ ਬਿਜਲੀ ਆਈ ਤਾਂ ਟੀਵੀ ਚੱਲ ਪਿਆ। ਰਾਤੀਂ ਸੁਰਜੀਤ ਚੱਲਦਾ ਹੀ ਛੱਡ ਗਿਆ ਸੀ। ਕਿਸੇ ਚੈਨਲ ਤੋਂ ਸਰਵਨ ਦੀ ਕਹਾਣੀ ਦਿਖਾਈ ਜਾ ਰਹੀ ਹੈ। ਐਂਕਰ ਦੱਸ ਰਿਹਾ ਹੈ, ''ਸਰਵਨ ਕਦੇ ਮਰਦਾ ਨੀਂ। ਜਦੋਂ ਤਕ ਬੱਚਿਆਂ 'ਚ ਮਾਂ-ਪਿਓ ਪ੍ਰਤੀ ਜ਼ੁੰਮੇਵਾਰੀ ਦੀ ਭਾਵਨਾ ਰਹੇਗੀ, ਉਹ ਮਰ ਨੀਂ ਸਕਦਾ। ਅਜਿਹਾ ਹੀ ਇਕ ਸਰਵਨ ਉੱਤਰ ਪ੍ਰਦੇਸ ਦੇ ਜ਼ਿਲ੍ਹੇ ਮੁਜ਼ਫਰਗੜ੍ਹ ਦੇ ਕਸਬੇ ਦੀਨਾਪੁਰ 'ਚ ਰਹਿੰਦਾ ਏ। ਉਸ ਦਾ ਨਾਂ ਜਗਦੀਸ਼ਾ ਏ। ਉਹ ਬੈਂਕ ਆਫ਼ ਇੰਡੀਆ 'ਚ ਚੌਥੇ ਦਰਜੇ ਦਾ ਮੁਲਾਜ਼ਮ ਏ। ਉਸ ਦੇ ਮਾਂ-ਪਿਓ ਦੀਆਂ ਇਕ ਐਕਸੀਡੈਂਟ 'ਚ ਦੋਵੇਂ ਲੱਤਾਂ ਕੱਟੀਆਂ ਗਈਆਂ। ਉਹ ਤੁਰਨ-ਫਿਰਨ ਤੋਂ ਆਰੀ ਹੋ ਗਏ। ਜਗਦੀਸ਼ਾ ਉਦੋਂ ਅੱਠਵੀਂ 'ਚ ਪੜ੍ਹਦਾ ਸੀ। ਉਸ ਆਪਣੀ ਪੜ੍ਹਾਈ ਜਾਰੀ ਰੱਖਣ ਲਈ ਦਿਹਾੜੀਆਂ ਕੀਤੀਆਂ। ਮਾਂ-ਪਿਓ ਨੂੰ ਸੰਭਾਲਿਆ। ਹੁਣ ਉਹ ਸਾਲ 'ਚ ਦੋ ਵਾਰ, ਜਿੱਥੇ ਉਸ ਦੇ ਮਾਂ-ਪਿਓ ਚਾਹੁਣ, ਘੁੰਮਾਉਣ ਲਈ ਆਪਣੇ ਸਕੂਟਰ 'ਤੇ ਲੈ ਜਾਂਦਾ ਏ। ਕਿਸੇ ਵੀ ਤੀਰਥ ਸਥਾਨ 'ਤੇ। ਹੁਣ ਪਹਿਲਾਂ ਅਸੀਂ ਉਸ ਦੀ ਮਾਂ ਕੋਲੋਂ ਉਨ੍ਹਾਂ ਦੇ ਸਰਵਨ ਪੁੱਤ ਬਾਰੇ ਪੁੱਛਦੇ ਹਾਂ...।'' ਉਸ ਦੀਆਂ ਅੱਖਾਂ ਭਰ ਆਈਆਂ। ਆਪਣੇ ਸਿਰ ਦਾ ਸਾਈਂ ਯਾਦ ਆਇਆ। ਜਦੋਂ ਕਦੇ ਵੀ ਉਸ ਦਾ ਮਨ ਡੋਲਦਾ, ਚੰਨਣ ਦਿਲਾਸਾ ਦਿੰਦਾ ਸੀ, ''ਤੂੰ ਵਾਹਲਾ ਸੋਚਿਆ ਨਾ ਕਰ। ਕੁਦਰਤ ਜੋ ਕਰਦੀ ਆ, ਠੀਕ ਹੀ ਕਰਦੀ ਆ। ਮਾੜੇ ਦਿਨ ਕਿਸ 'ਤੇ ਨੀਂ ਆਉਂਦੇ। ਮੈਨੂੰ ਦੱਸ ਮੈਂ ਤੇਰੀ ਕਿਹੜੀ ਰੀਝ ਪੂਰੀ ਨੀਂ ਕੀਤੀ।'' ਕੁੱਝ ਪਲਾਂ ਬਾਅਦ ਉਹ ਪਹਿਲਾਂ ਵਰਗੀ ਹੋ ਜਾਂਦੀ। ਉਹ ਭੱਜ-ਭੱਜ ਕੇ ਘਰ ਦੇ ਕੰਮ ਕਰਦੀ। ਉਹ ਚੰਨਣ ਦੀ ਜੇਬ 'ਚੋਂ, ਜਦੋਂ ਤੇ ਜਿੰਨੇ ਵੀ ਪੈਸੇ ਚਾਹੀਦੇ ਹੁੰਦੇ, ਕੱਢ ਲੈਂਦੀ ਤੇ ਫੇਰ ਦੱਸਦੀ। ਉਹ ਕਹਿੰਦਾ, ''ਜ਼ਨਾਨੀ ਨੂੰ ਆਪਣੇ ਖਸਮ 'ਤੇ ਮਾਣ ਹੁੰਦਾ। ਉਹ ਆਪਣਾ ਹੱਕ ਸਮਝਦੀ। ਪਰ ਪੁੱਤਾਂ ਦੀ ਜੇਬ 'ਚੋਂ ਇਕ ਰੁਪਇਆ ਵੀ ਕੱਢਣ ਲੱਗੀ ਸੌ ਵਾਰ ਸੋਚਦੀ ਆ। ਠੀਕ ਆ ਨਾ?'' ਉਸ ਅੱਗੋਂ ਹਾਂ 'ਚ ਸਿਰ ਹਿਲਾਉਂਦੀ।

ਕੁਦਰਤ ਨੇ ਉਸ ਕੋਲੋਂ ਕਿਸ ਗੱਲ ਦਾ ਬਦਲਾ ਲਿਆ-ਇਸ ਗੱਲ ਦੀ ਅੱਜ ਤੱਕ ਉਸ ਨੂੰ ਸਮਝ ਨਹੀਂ ਲੱਗੀ।

ਇਕ ਦਿਨ ਅਜਿਹੀਆਂ ਹੀ ਸੋਚਾਂ 'ਚ ਬੈਠੀ, ਬੁੜਬੁੜਾਉਂਦੀ ਨੂੰ ਗੁਆਂਢਣ ਕੈਲਾਸ਼ੋ ਨੇ ਹਲੂਣਦਿਆਂ ਹੋਇਆਂ ਪੁੱਛਿਆ ਸੀ, ''ਨੀਂ ਕਿਹੜੇ ਖੂਹ 'ਚ ਛਾਲ ਮਾਰਨ ਲੱਗੀ ਸੀ?'' ਨਾ ਚਾਹੁੰਦਿਆਂ ਹੋਇਆਂ ਵੀ ਉਸ ਕੋਲੋਂ ਦੱਸ ਹੋ ਹੀ ਗਿਆ, ''ਭੈਣੇ ਕਾਹਦੀ ਜ਼ਿੰਦਗੀ ਆ... ਘਰ 'ਚ ਖਾਣ ਨੂੰ ਕੁਸ਼ ਨੀਂ... ਮੈਥੋਂ ਬੱਚੇ ਭੁੱਖੇ ਦੇਖੇ ਨੀਂ ਜਾਂਦੇ... ਰੱਬ ਕੋਲੋਂ ਮੌਤ ਮੰਗਦੀ ਆਂ।'' ਕੈਲਾਸ਼ੋ ਨੇ ਉਸ ਦੇ ਮੂੰਹ ਅੱਗੇ ਹੱਥ ਰੱਖਿਆ। ਸਮਝਾਇਆ, ''ਨਾ ਨੀ ਨਾ, ਐਦਾਂ ਨਾ ਸੋਚੀਂ ਕਦੇ... ਇਨ੍ਹਾਂ ਮਸੋਰਾਂ ਨੂੰ ਕੌਣ ਸਾਂਭੂੰ... ਮੈਂ ਹੁਣੇ ਆਟੇ ਦੀ ਪਰਾਤ ਕਾਂਤੋ ਹੱਥੀਂ ਭੇਜਦੀ ਆਂ... ਜਿਗਰਾ ਰੱਖ... ਵਾਹਿਗੁਰੂ ਨੇ ਦੋ ਲਾਲ ਦਿੱਤੇ ਆ... ਲੈ ਦਿਨਾਂ 'ਚ ਜੁਆਨ ਹੋਏ ਲੈ... ਤੈਨੂੰ ਸਾਰੇ ਦੁੱਖ ਭੁੱਲਾ ਦੇਣਗੇ...।''

ਉਸ ਕੋਲੋਂ ਜ਼ਿਆਦਾ ਚਿਰ ਟੀਵੀ ਵੱਲ ਦੇਖਿਆ ਨਾ ਗਿਆ। ਉਹ ਬਾਹਰ ਆਈ ਤਾਂ ਮੋਹਣਾ ਤੇ ਬਲਵੰਤ ਅਜੇ ਵੀ ਗੱਲੀਂ ਜੁਟੇ ਹੋਏ ਸਨ। ਉਨ੍ਹਾਂ ਨੂੰ ਆਪਣੇ ਆਲੇ-ਦੁਆਲੇ ਦੀ ਕੋਈ ਖ਼ਬਰ-ਸਾਰ ਨਹੀਂ ਸੀ।

ਉਸ ਨੇ ਗਲਾਸ ਨੂੰ ਫੇਰ ਹੱਥਾਂ 'ਚ ਘੁੱਟਿਆ। ਹੁਣ ਗਲਾਸ 'ਚ ਬਿਲਕੁਲ ਤਪਸ਼ ਨਹੀਂ ਰਹੀ ਸੀ। ਜੇ ਉਹ ਰਸੋਈ ਵੱਲ ਨੂੰ ਗਲਾਸ ਲੈ ਕੇ ਗਈ ਤਾਂ ਸੁਨੀਤਾ ਨੇ ਉਸ ਦੀ ਲਾਹ-ਪਾਹ ਕਰਨ ਲੱਗਿਆਂ ਇਕ ਮਿੰਟ ਨਹੀਂ ਲਾਉਣਾ, ''ਉਦੋਂ ਤਾਂ ਮੈਨੂੰ ਮਸ਼ੀਨ ਦੀ ਸੂਈ 'ਚ ਧਾਗਾ ਵੀ ਨੀਂ ਪਾਉਣ ਦਿੱਤਾ ਸੀ। ਕਹਿੰਦੀ ਸੀ- ਅਭੀ ਚਾਹ ਬਣਾ। ਹੁਣ ਤਾਈਂ ਡੱਫੀ ਕਿਉਂ ਨੀਂ? ਹੁਣ ਤੇਰੇ ਕੀ ਸੱਪ ਲੜ ਗਿਆ? ਮੈਥੋਂ ਨੀਂ ਵਾਰ-ਵਾਰ ਤੱਤੀ ਹੁੰਦੀ। ਗੈਸ ਅੱਗੇ ਹੀ ਮੁੱਕਣ ਵਾਲਾ... ਜੇ ਨੀਂ ਪੀਣੀ ਤਾਂ ਨਾਲੀ 'ਚ ਡੋਲ ਦੇ... ਰਾਤ ਨੂੰ ਆਪਣੇ ਪਤੰਦਰ ਕੋਲ ਸ਼ਿਕਾਇਤਾਂ ਲਾਉਂਦੀ ਸਾਹ ਨੀਂ ਲੈਂਦੀ...।''

ਇਕ ਵਾਰ ਤਾਂ ਉਸ ਗਲਾਸ ਚੁੱਕ ਲਿਆ। ਫੇਰ ਰੱਖ ਦਿੱਤਾ। ਸੁਨੀਤਾ ਵੱਲ ਜਾਂਦਿਆਂ ਹੋਇਆਂ ਰਸੋਈ ਵੱਲ ਦੇਖਿਆ। ਹੌਂਕਾ ਲੈਂਦਿਆਂ ਹੋਇਆਂ ਆਪਣੇ ਆਪ ਨੂੰ ਕਿਹਾ, 'ਕਿੰਨਾ ਭੈੜਾ ਵੇਲਾ ਆ ਗਿਆ... ਮੈਂ ਆਪਣੀ ਮਰਜ਼ੀ ਨਾਲ ਚਾਹ ਦਾ ਗਲਾਸ ਵੀ ਨੀਂ ਬਣਾ ਸਕਦੀ... ਬਣਾ ਕੀ ਸਕਦੀ, ਮੈਂ ਤਾਂ ਗੈਸ ਬਾਲ ਕੇ ਤੱਤੀ ਵੀ ਨੀਂ ਕਰ ਸਕਦੀ...।' ਕੱਪੜਿਆਂ ਵਾਲੀ ਮਸ਼ੀਨ ਵੱਲੋਂ ਧਿਆਨ ਹਟਾ ਕੇ ਸੁਨੀਤਾ ਨੇ ਉਸ ਨੂੰ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਦੇਖਿਆ। ਉਸ ਸਹਿਮੀ ਜਿਹੀ ਨੇ ਪੁੱਛਿਆ, ''ਜੇ ਤੂੰ ਕਹੇਂ ਤਾਂ ਮੈਂ ਭਾਂਡੇ ਮਾਂਜ ਦਵਾਂ?'' ਸੁਨੀਤਾ ਉਸ ਨੂੰ ਟੁੱਟ ਕੇ ਪੈ ਗਈ, ''ਆਈ ਵੱਡੀ ਭਾਂਡੇ ਮਾਂਜਣ ਵਾਲੀ! ਤੈਥੋਂ ਰਮਾਨ ਨਾਲ ਰਜਾਈ 'ਚ ਨੀਂ ਬੈਠਿਆ ਜਾਂਦਾ। ਜਾ-ਜਾ ਮੈਨੂੰ ਆਪਣਾ ਕੰਮ ਕਰੀ ਜਾਣ ਦੇ।'' ਉਹ ਖੜੀ-ਖੜੀ ਮੁੜ ਆਈ।

ਉਸ ਬਾਹਰਲੇ ਦਰਵਾਜ਼ੇ 'ਚ ਖੜ ਕੇ ਬਲਵੰਤ ਵੱਲ ਦੇਖਿਆ। ਹੁਣ ਮੋਹਣਾ ਜਾ ਚੁੱਕਾ ਸੀ। ਬਲਵੰਤ ਨੇ ਇੱਕ ਲੱਤ ਸਿੱਧੀ ਕਰ ਰੱਖੀ। ਦੂਜੀ 'ਤੇ ਸਾਰਾ ਭਾਰ ਦਿੱਤਾ ਹੋਇਆ। ਉਸ ਸੋਚਿਆ ਕਿ ਬਲਵੰਤ ਕਿੰਨਾ ਔਖਾ ਹੋ ਕੇ ਕੰਮ ਕਰਦਾ ਹੈ। ਪੈਸਾ ਕਮਾਉਣਾ ਕਿੰਨਾ ਔਖਾ ਹੈ। ਇਕ ਸਮਾਂ ਸੀ ਕਿ ਉਸ ਨੇ ਬੋਰੀਆਂ ਦਾ ਪਰਦਾ ਜਿਹਾ ਕਰ ਕੇ ਅੱਡਾ ਲਾਇਆ ਹੋਇਆ ਸੀ। ਪੱਖਾ ਵੀ ਹੈ ਨਹੀਂ ਸੀ। ਸਿਖਰ ਦੁਪਹਿਰਾ। ਆਖਿਰਾਂ ਦੀ ਗਰਮੀ। ਨਾਲ ਦੀ ਨਾਲ ਸਾਨਾਂ 'ਚੋਂ ਉੱਡਦਾ ਕਾਲਾ ਜਿਹਾ ਬੂਰਾ। ਕੰਨ ਜਾਂ ਨੱਕ 'ਚ ਉਂਗਲ ਫੇਰੋ, ਮੈਲ ਦੀਆਂ ਬੱਤੀਆਂ ਨਿਕਲਦੀਆਂ।

ਉਹ ਗਲਾਸ ਚੁੱਕ ਕੇ ਬਲਵੰਤ ਕੋਲ ਆ ਗਈ। ਗਲਾਸ ਨੂੰ ਲੁਹਾਂਡੇ ਵਿਚਲੀ ਭੁੱਬਲ ਦੇ ਵਿਚਕਾਰ ਰੱਖ ਦਿੱਤਾ। ਬਲਵੰਤ ਨੂੰ ਪੁੱਛਿਆ, ''ਤੈਨੂੰ ਠੰਢ ਲੱਗਦੀ ਹੁਣੀਂ?'' ਬਲਵੰਤ ਨੇ ਉਸ ਵੱਲ ਬਿਨਾਂ ਦੇਖਿਆਂ ਹੀ ਕਿਹਾ, ''ਅੱਜ ਵਾਕਿਆ ਹੀ ਜ਼ਿਆਦਾ ਠੰਢ ਆ।'' ਉਹ ਚਾਹ ਨੂੰ ਭੁੱਲ ਕੇ ਆਪਣੇ ਕਮਰੇ 'ਚ ਮੁੜ ਆਈ। ਆਪਣੇ ਵਾਲਾ ਕੰਬਲ ਲਿਆ ਕੇ ਬਲਵੰਤ ਨੂੰ ਪਿਛਲੇ ਪਾਸਿਉਂ ਢੱਕ ਦਿੱਤਾ। ਬਲਵੰਤ ਖਿੱਝ ਉੱਠਿਆ, ''ਤੂੰ ਮੈਨੂੰ ਕੰਮ ਕਰਨ ਦਏਂਗੀ ਕਿ ਨੀਂ?'' ਉਸ ਬਲਵੰਤ ਦੀ ਇਸ ਗੱਲ ਦਾ ਕੋਈ ਜੁਆਬ ਨਾ ਦਿੱਤਾ। ਕੰਬਲ ਦੇ ਦੋਵੇਂ ਸਿਰਿਆਂ ਨਾਲ ਉਸ ਦੇ ਪੈਰ ਵੀ ਢੱਕ ਦਿੱਤੇ।

ਉਸ ਨੇ ਬਲਵੰਤ ਨੂੰ ਬਾਂਹੋਂ ਫੜ ਕੇ ਪੁੱਛਿਆ, ''ਮੈਂ ਕੱਲ੍ਹ ਤੈਨੂੰ ਕਿਹਾ ਸੀ ਕਿ ਆਉਣ ਲੱਗਾ ਰਾਣੀ ਨੂੰ ਨਾਲ ਲੈ ਕੇ ਆਈਂ। ਤੂੰ ਲਿਆਇਆ ਕਿਉਂ ਨੀਂ?''

ਬਲਵੰਤ ਨੇ ਦੱਸਿਆ, ''ਮੈਂ ਤਾਂ ਲੈ ਆਉਣੀ ਸੀ। ਉਸ ਦੀ ਮੰਮੀ ਨੇ ਨੀਂ ਆਉਣ ਦਿੱਤੀ।''

''ਭਲਾ ਕਿਉਂ?''
''ਉਹਦੀ ਚਾਚੀ ਕਹਿੰਦੀ ਸੀ ਕਿ ਸਾਡੇ ਘਰੇ ਬਹੁਤ ਗੰਦ ਪਾਉਂਦੀ ਆ।''
''ਲੈ ਤਾਂ, ਨਿਆਣੇ ਗੰਦ ਨਾ ਪਾਉਣਗੇ ਤਾਂ ਹੋਰ ਕੀ ਕਰਨਗੇ। ਮੈਂ ਚਾਰ ਸਾਲ ਉਹ ਨੂੰ ਆਪਣੇ ਨਾਲ ਪਾਇਆ। ਮੇਰੇ ਬਿਨਾਂ ਤਾਂ ਉਹ ਸੌਂਦੀ ਹੀ ਨੀਂ ਸੀ।''
''ਹੁਣ ਵੀ ਦਾਦੀ ਅੰਮਾ-ਦਾਦੀ ਅੰਮਾ ਕਹਿੰਦੀ ਹੋਈ ਬੁੜਬੁੜਾ ਕੇ ਉੱਠ ਬੈਠਦੀ ਆ।''
ਉਸ ਦੀਆਂ ਅੱਖਾਂ ਭਰ ਆਈਆਂ। ਉਸ ਨੇ ਚੁੰਨੀ ਦੇ ਲੜ ਨਾਲ ਹੰਝੂ ਪੂੰਝ ਕੇ ਭਰੀ ਆਵਾਜ਼ ਵਿਚ ਕਿਹਾ, ''ਜਾਣ ਲੱਗਾ ਮੈਨੂੰ ਨਾਲ ਲੈ ਜਾਈਂ। ਮੇਰਾ ਉਹ ਨੂੰ ਦੇਖਣ ਨੂੰ ਬਹੁਤ ਚਿੱਤ ਕਰਦਾ।''
''ਅੱਜ ਨੀਂ। ਅੱਜ ਤਾਂ ਮੈਂ ਭੀਰੇ ਕੇ ਅੱਡੇ 'ਤੇ ਜਾ ਕੇ ਓਵਰ ਟਾਈਮ ਲਾਉਣਾ। ਮੈਨੂੰ ਕੁਵੇਲਾ ਹੋ ਜਾਣਾ। ਪਰਸੋਂ ਨੂੰ ਦੇਖੂੰਗਾ।''
ਉਹ ਨੂੰ ਇਸ ਗੱਲ ਦਾ ਪਤਾ ਹੈ ਕਿ ਜਿੰਨੀ ਵਾਰੀ ਵੀ ਉਸ ਬਲਵੰਤ ਨੂੰ ਨਾਲ ਲੈ ਜਾਣ ਲਈ ਕਿਹਾ ਹੈ, ਉਸ ਨੇ ਅਜਿਹਾ ਹੀ ਜੁਆਬ ਦਿੱਤਾ ਹੈ। ਸੁਰਜੀਤ ਦਾ ਅਜੇ ਕੋਈ ਬੱਚਾ ਨਹੀਂ ਹੈ।
ਚਾਹ ਕੋਸੀ ਜਿਹੀ ਹੋ ਗਈ। ਬੁੱਤਾ ਸਾਰ। ਗਲਾਸ ਨੂੰ ਉੱਪਰਲੇ ਪਾਸਿਉਂ ਚੁੱਕ ਕੇ ਬਲਵੰਤ ਨੂੰ ਫੜਾਉਂਦੀ ਹੋਈ ਨੇ ਕਿਹਾ, ''ਲੈ ਪਹਿਲਾਂ ਅੱਧੀ ਪੀ ਲੈ।'' ਅੱਗੋਂ ਬਲਵੰਤ ਨੇ ਔਖ ਮੰਨਦਿਆਂ ਹੋਇਆਂ ਪੁੱਛਿਆ, ''ਤੂੰ ਅਜੇ ਤਾਈਂ ਕਿਉਂ ਨੀਂ ਪੀਤੀ?'' ਉਹ ਬੋਲੀ, ''ਮੇਰਾ ਪੁੱਤ ਵਗਦੇ ਠੱਕੇ 'ਚ ਬੈਠਾ ਹੋਵੇ ਤਾਂ ਮੇਰੇ ਕੱਲੀ ਦੇ ਚਾਹ ਲੰਘਦੀ ਆ ਕਿਤੇ।''
ਆਪਣੇ ਹਿੱਸੇ ਦੀ ਚਾਹ ਪੀ ਕੇ ਬਲਵੰਤ ਨੇ ਉਸ ਨੂੰ ਗਲਾਸ ਫੜਾਇਆ। ਉਸ ਗਲਾਸ ਅੰਦਰ ਝਾਤੀ ਮਾਰੀ। ਉਸ ਨੂੰ ਲੱਗਾ ਕਿ ਬਲਵੰਤ ਨੇ ਆਪਣੇ ਹਿੱਸੇ ਦੀ ਪੂਰੀ ਚਾਹ ਨਹੀਂ ਪੀਤੀ। ਉਸ ਜ਼ੋਰ ਪਾ ਕੇ ਕਿਹਾ, ''ਤਿੰਨ ਘੁੱਟ ਹੋਰ ਭਰ ਲੈ। ਅਜੇ ਤੂੰ ਅੱਧੀ ਨੀਂ ਪੀਤੀ।'' ਬਲਵੰਤ ਨੇ ਪੁੱਛਿਆ, ''ਤੈਨੂੰ ਕਿੱਦਾਂ ਪਤਾ?'' ਉਸ ਮੋਹ ਭਰੀਆਂ ਨਜ਼ਰਾਂ ਨਾਲ ਬਲਵੰਤ ਨੂੰ ਦੇਖਿਆ। ਫੇਰ ਭਾਰੀ ਹੁੰਦੀ ਜਾ ਰਹੀ ਆਵਾਜ਼ 'ਚ ਕਿਹਾ , ''ਮੈਨੂੰ ਪਤਾ ਹੁੰਦਾ...।''

ਜਿੰਦਰ
98148-03254

**ਕਹਾਣੀ**

# ਲੇਖਕ

ਮੈਂ ਆ ਖੜਿਆਂ ਹਾਂ ਜੈਨੀ।
ਤੇਰੀ ਉਸ ਠੰਢੀ ਰੇਤ 'ਤੇ
ਜਿੱਥੇ ਤੇਰੇ ਲਿਖੇ ਸ਼ਬਦ ਧਰਤੀ ਵਿਚ ਸਮਾ ਜਾਂਦੇ ਨੇ।
ਜਿੱਥੇ ਸ਼ਾਂਤ ਸਮੁੰਦਰ ਦੀਆਂ ਲਹਿਰਾਂ ਸਾਗਰ ਦੇ ਉਸ ਪਾਰੋਂ ਆ ਕੇ
ਮੇਰੇ ਪੈਰਾਂ ਦੀਆਂ ਉਂਗਲੀਆਂ ਚੁੰਮਦੀਆਂ ਨੇਂ।
ਅੱਜ ਮੈਂ ਪਹਿਲੀ ਵਾਰ ਅਸਲੀ ਜ਼ਿੰਦਗੀ ਦਾ ਇੱਕ ਦਿਨ ਡੁੱਬਦਾ ਵੇਖਦਾਂ।
ਕਾਲੇ ਪਰਿੰਦੇ ਆਪਣੇ ਗਰਾਂ ਨੂੰ ਜਾਂਦੇ ਮੈਨੂੰ ਸੰਕੇਤ ਕਰ ਰਹੇ ਨੇਂ।

ਸ਼ਹਿਰ ਲੈਪਰ ਟਰੈਪੋ, ਜਿੱਥੇ ਅਸਮਾਨ ਦੀ ਹਿੱਕ ਨੂੰ ਛੂੰਹਦੀਆਂ ਬਿਲਡਿੰਗਾਂ ਤੇ ਜਵਾਨੀ ਦੀਆਂ ਰੰਗ ਰੰਗੀਨੀਆਂ ਨੇਂ। ਜਿੱਥੇ ਜਦੋਂ ਕੁਦਰਤ ਦਿਲ ਕਰਦਾ ਉਹ ਵਰਖਾ ਕਰਦੀ, ਬਰਫ਼ ਦੀਆਂ ਪੱਤੀਆਂ ਗਿਰਾਂਉਦੀ ਏ ਤੇ ਗਰਮੀ ਵਰਾਉਂਦੀ ਏ। ਇੱਥੇ ਉਨ੍ਹਾਂ ਲੋਕਾਂ ਦੀ ਕੋਈ ਅਹਿਮੀਅਤ ਨਹੀਂ ਜਿੰਨਾਂ ਕੋਲ ਵਿਹਲੇ ਸਮੇਂ ਦਾ ਖ਼ਜ਼ਾਨਾ ਅਮੁੱਕ ਹੈ। ਹਰ ਕੋਈ ਆਪਣੇ ਆਪਣੇ ਕੰਮ ਵਿਚ ਮਸਰੂਫ਼ ਰਹਿੰਦਾ ਹੈ। ਸ਼ਹਿਰ ਦੇ ਵਿਚੋਂ ਵਿਚ ਜਾਂਦੀ ਰੋਡ ਜਿੱਥੇ ਲੋਕਾਂ ਦੀ ਗਹਿਮਾ ਗਹਿਮੀ ਹਰ ਪਲ ਮੌਜੂਦ ਰਹਿੰਦੀ। ਕਈ ਬੁੱਢੇ ਮੰਗਤੇ ਇੱਥੇ ਅਠਖੇਲੀਆਂ ਕਰਦੇ। ਰੋਡ ਤੇ ਇੱਕ ਕਲੋਥਿੰਗ ਸਟੋਰ ਜਿਸ ਦੇ ਥੱਲੇ ਇੱਕ ਅੰਡਰਗਰਾਊਂਡ ਲਾਇਬ੍ਰੇਰੀ ਮੌਜੂਦ ਹੈ। ਮੈਂ ਆਪਣੇ ਲੇਖਕ ਮਿੱਤਰਾਂ ਨਾਲ ਮੈਂ ਇੱਥੇ ਆਉਂਦਾ ਤੇ ਲਿਖ ਲਿਖ ਵਰਕੇ ਭਰਦਾ। ਕਲੋਥਿੰਗ ਸਟੋਰ ਦੇ ਸਾਹਮਣੇ ਹੀ ਪਾਰਕ ਵਿਚ ਇੱਕ ਬੇਰੁਜ਼ਗਾਰ ਨੌਜਵਾਨ ਪਿਆਨੋ ਵਜਾ ਕੇ ਦਿਹਾੜੀ ਕਮਾਉਂਦਾ। ਕਈ ਵਾਰ ਉਸ ਕੋਲ ਭੀੜ ਆ ਜੁੜਦੀ ਜਿਸ ਨਾਲ ਉਹ ਚੰਗੀ ਦਿਹਾੜੀ ਕਮਾਉਂਦਾ। ਉਹ ਦੇ ਪਿਆਨੋ ਦੀਆਂ ਧੁਨਾਂ ਮੇਰੇ ਕੰਨਾਂ ਤੱਕ ਪਹੁੰਚਣ ਤੋਂ ਪਹਿਲਾਂ ਹੀ ਵਾਹਨਾਂ ਦੇ ਸ਼ੋਰ ਵਿਚ ਦਮ ਤੋੜ ਦਿੰਦੀਆਂ। ਮੈਂ ਜਦੋਂ ਵੀ ਉਹ ਦੇ ਵੱਲ ਵੇਖਦਾ ਉਹ ਹਮੇਸ਼ਾ ਪਿਆਨੋ ਦੀਆਂ ਧੁਨਾਂ ਵਿਚ ਗੜੁੰਦ ਰਹਿੰਦਾ। ਤਕਰੀਬਨ ਮੇਰਾ ਅੱਧਾ ਦਿਨ ਇਸ ਲਾਇਬ੍ਰੇਰੀ ਵਿਚ ਪੜਦੇ ਲਿਖਦੇ ਗੁਜ਼ਰਦਾ। ਹੋਰ ਅਨੇਕਾਂ ਲੇਖਕ ਇੱਥੇ ਆਉਂਦੇ। ਜੋ ਮੇਰੇ ਵਾਂਗ ਲੇਖਕਾਂ ਦੀ ਦੌੜ ਵਿਚ ਲੱਗੇ ਹੋਏ ਸਨ। ਨਵੇਂ ਫ਼ਿਕਰੇ , ਨਵੀਆਂ ਲਿਖਤਾਂ  ਕਿਸੇ ਨਾਂ ਕਿਸੇ ਕੋਲੋਂ ਉੱਡਦੀਆਂ- 2 ਮਿਲ ਜਾਂਦੀਆਂ, ਜਿੰਨਾਂ ਵਿਚ ਉਨ੍ਹਾਂ ਦੀ ਹੀ ਵਡਿਆਈ ਘੁਲੀ ਹੁੰਦੀ। ਮੈਂ ਅੱਕ ਚੁੱਕਿਆ ਸੀ ਏ ਸਭ ਤੋਂ। ਅੱਜ ਮੇਰਾ ਨਾਵਲ ਪੂਰਾ ਹੋ ਗਿਆ ਸੋ ਇਹ ਮੈਂ ਮਿ. ਕੈਰੇਵਿਨ ਨੂੰ ਦੇਣਾ ਸੀ। ਜੋ ਬਹੁਤ ਮਸ਼ਹੂਰ 'ਦੀ ਸਨ ਸ਼ਾਇਨ' ਪਬਲਿਸ਼ਰ ਦਾ ਮੈਨੇਜਰ ਸੀ। ਜੋ ਹਮੇਸ਼ਾ ਚੰਗੀਆਂ ਕਿਤਾਬਾਂ ਹੀ ਛਾਪਦੇ ਤੇ ਜਿੰਨਾਂ ਦੇ ਲੇਖਕਾਂ ਨੂੰ ਥਾਂ ਥਾਂ ਤੇ ਸਨਮਾਨਿਤ ਕੀਤਾ ਜਾਂਦਾ। ਲਾਇਬ੍ਰੇਰੀ 'ਚ ਉਹੀ ਕਿਤਾਬਾਂ ਭਰਿਆ ਵਾਤਾਵਰਨ। ਕੁੱਝ ਤਬਦੀਲੀ ਸੀ ਤਾਂ ਇੱਕ! ਮੇਰੀ ਰੋਜ ਵਾਲੀ ਜਗ੍ਹਾ , ਜਿੱਥੇ ਮੈਂ ਬੈਠਦਾ ਸਾਂ ਉੱਥੇ ਇੱਕ ਨਿੱਕੀ ਕੁੜੀ ਬੈਠੀ ਸੀ। ਜਿਹਨੇ ਗੁਲਾਬੀ ਰੰਗ ਦੀ ਫਰਾਕ ਪਹਿਨੀ ਸੀ। ਉਹ ਤਕਰੀਬਨ 8-9 ਸਾਲ ਦੀ ਹੋਣੀ। ਉਸ ਦੀਆਂ ਅੱਖਾਂ ਤੇ ਕਾਲੀ ਐਨਕ ਲੱਗੀ ਸੀ। ਉਸ ਦੇ ਲਾਗੇ ਪਈ ਨਿੱਕੀ ਜੀ ਛੜੀ ਨੇ ਪਹਿਲਾਂ ਹੀ ਮੇਰਾ ਉਸ ਨਾਲ ਮੇਰੀ ਪਛਾਣ ਕਰਵਾ ਦਿੱਤੀ। ਉਸ ਦੇ ਕੋਲ ਬੈਠਾ

ਲਾਇਬ੍ਰੇਰੀਅਨ ਬੁੱਢਾ ਜੌਨ, ਜੋ ਕੁੱਝ ਲਿਖ ਰਿਹਾ ਸੀ। ਉਹ ਬਾਂਹਾਂ ਖਲਾਰ ਕੇ ਬੋਲਦੀ। ਮੈਂ ਥੋੜਾ ਨਜ਼ਦੀਕ ਗਿਆ ਤਾਂ ਜੌਨ ਨੇ ਦੱਸਿਆ ਉਹ ਨਿੱਕੀ ਬੱਚੀ ਜੌਨ ਤੋਂ ਆਪ ਬੋਲ ਕੇ ਕੁੱਝ ਲਿਖਵਾ ਰਹੀ ਸੀ। ਖੈਰ ਉਸ ਨੂੰ ਆਈ ਨੂੰ ਕਾਫੀ ਸਮਾਂ ਹੋ ਗਿਆ ਸੋ ਜੌਨ ਨੇ ਮੈਨੂੰ ਉਸ ਦੇ ਘਰ ਛੱਡ ਆਉਣ ਲਈ ਕਿਹਾ ਜੋ ਉਸੇ ਦੀ ਬਸਤੀ ਵਿਚ ਸੀ। ਜੋ ਸਮੁੰਦਰ ਕਿਨਾਰੇ ਸੀ।

"ਓ ਜੌਨ ! ਇਹ ਕੀ ਨਵਾਂ ਪੰਗਾ ਸਹੇੜ ਤਾ ? ਮੈਂ ਆਪਣੇ ਮਨ ਹੀ ਮਨ ਆਖਿਆ।"

ਅਸੀਂ ਤੁਰਦੇ ਗਏ। ਸੜਕ ਦੇ ਇੱਕ ਪਾਸੜ।

ਇਸ ਚੁੱਪ ਨੂੰ ਤੋੜਨ ਲਈ ਆਖਿਰ ਮੈਂ ਉਸ ਬੱਚੀ ਨੂੰ ਉਸ ਬਾਰੇ ਪੁੱਛਿਆ! ਉਸ ਨੇ ਆਪਣਾ ਨਾਂ ਜੈਨੀ ਦੱਸਿਆ। ਉਹ ਉਸ ਪਿਆਨੋ ਵਾਲੇ ਲੜਕੇ ਦੀ ਨਿੱਕੀ ਭੈਣ ਸੀ। ਉਨ੍ਹਾਂ ਦਾ ਘਰ ਜੌਨ ਦੀ ਬਸਤੀ ਵਿਚ ਹੀ ਸੀ। ਪਿਛਲੇ ਹਫ਼ਤੇ ਉਸ ਦੀ ਮਾਂ ਕੈਂਸਰ ਦੀ ਬਿਮਾਰੀ ਨਾਲ ਬਿਸਤਰੇ ਵਿਚ ਹੀ ਦਮ ਤੋੜ ਗਈ। ਉਸ ਤੋਂ ਬਾਅਦ ਐਲਨ (ਜੌਨ ਦੀ ਪਤਨੀ) ਉਹਦਾ ਧਿਆਨ ਰੱਖਦੀ। ਅੱਜ ਐਲਨ ਆਂਟੀ ਵੀ ਲੱਕੜਾਂ ਲੈਣ ਗਈ ਸੀ। ਸੋ ਅੰਕਲ ਜੌਨ ਉਸ ਨੂੰ ਆਪਣੇ ਨਾਲ ਲੈ ਆਏ। ਮੈਨੂੰ ਉਸ ਦੀ ਨਾਜ਼ੁਕ ਹਾਲਤ ਤੇ ਤਰਸ ਆਇਆ। ਕੁੱਝ ਹੀ ਪਲ ਜੋ ਬੋਲ ਮੇਰੇ ਮਨ ਚ ਆਏ ਸੀ ਮੈਂ ਉਨ੍ਹਾਂ ਤੋਂ ਸ਼ਰਮਿੰਦਾ ਹੋਇਆ।

ਮੇਰਾ ਹੱਥ ਜੈਨੀ ਨੇ ਘੁੱਟ ਕੇ ਫੜਿਆ ਹੋਇਆ ਸੀ। ਜਿਹਦਾ ਵਿਸ਼ਵਾਸ ਸਿਰਫ਼ ਮੇਰੇ ਇਸ ਹੱਥ ਨਾਲ ਵੱਝਾ ਸੀ। ਪਿੱਛੋਂ ਜਦੋਂ ਕੋਈ ਵਾਹਨ ਕੋਲੋਂ ਦੀ ਹਾਰਨ ਵਜਾ ਕੇ ਇੱਕ ਦਮ ਲੰਘਦਾ ਤਾਂ ਉਸ ਦੀ ਘੁੱਟਣ ਦਾ ਦਬਾਅ ਵੱਧ ਜਾਂਦਾ ਤੇ ਉਸ ਨੇ ਮੇਰੇ ਲੱਕ ਦੁਆਲੇ ਆਪਣੀ ਨਿੱਕੀ ਜਿਹੀ ਬਾਂਹ ਵਲ ਲਈ। ਮੈਂ ਆਪਣਾ ਹੱਥ ਉਸ ਦੇ ਮੋਢੇ ਤੇ ਰੱਖ ਲਿਆ, ਜਿਸ ਨਾਲ ਉਸ ਨੂੰ ਤੁਰਨ ਦੇ ਵਿਚ ਥੋੜੀ ਬੇਪਰਵਾਹੀ ਮਿਲ ਜਾਵੇ। ਤੁਰਦੇ-ਤੁਰਦੇ ਅਸੀ ਸਮੁੰਦਰ ਦੇ ਕਿਨਾਰੇ 'ਤੇ ਆ ਪਹੁੰਚੇ । ਕਿਨਾਰੇ ਤੋਂ ਥੋੜੀ ਹੀ ਦੂਰ ਜੌਨ ਅੰਕਲ ਦੀ ਬਸਤੀ ਸੀ। ਜਿੱਥੇ ਮਛੇਰਿਆਂ ਦੇ ਨਿੱਕੇ ਨਿੱਕੇ ਘਰ ਦਿਸਦੇ ਪਏ ਸੀ

ਮੈਂ ਚੁੱਪ ਤੋੜੀ

"ਜੈਨੀ ! ਤੂੰ ਲੇਖਕ ਬਣਨਾ ਚਾਹੁੰਦੀ ਏਂ?"

"ਹਾਂ"!

"ਬਹੁਤ ਸੁੰਦਰ। ਤੂੰ ਜੌਨ ਅੰਕਲ ਤੋਂ ਕੀ ਲਿਖਵਾ ਰਹੀ ਸੀ?"

"ਮੈਂ ? ਗੀਤ!"

"ਗੀਤ?"

"ਹਾਂ।"

"ਤੈਨੂੰ ਯਾਦ ਆ? ਤਾਂ ਮੈਨੂੰ ਵੀ ਸੁਣਾ ਦੇ।"

"ਹਾਂ।"

"ਅਸਮਾਨ !
ਪਿਆਰੇ ਅਸਮਾਨ!!"

ਉਸ ਨੇ ਦੋਵੇਂ ਹੱਥ ਫੈਲਾ ਕੇ ਗਾਉਣਾ ਸ਼ੁਰੂ ਕੀਤਾ। ਉਹਦੀ ਆਵਾਜ਼ ਗੀਤ ਦੇ ਹਰ ਸ਼ਬਦ ਨਾਲ ਇਨਸਾਫ਼ ਕਰਦੀ ਜਾਪਦੀ।

"ਅਸਮਾਨ! ਪਿਆਰੇ ਅਸਮਾਨ!
ਤੂੰ ਰੋ, ਤੂੰ ਰੋ
ਤੇਰੇ ਬੱਦਲਾਂ ਦੀਆਂ ਅੱਖਾਂ ਚੋਂ
ਮੋਤੀ ਜਾਵਣ ਚੋ।
ਤੂੰ ਰੋ। ਤੂੰ ਰੋ।
ਤਾਂ ਜੋ ਮੇਰੇ ਅੱਥਰੂਆਂ ਦੀ
ਨਾਂ ਹੋਵੇ ਕਿਸੇ ਨੂੰ ਕਨਸੋਅ।
ਅਸਮਾਨ ਓ ਪਿਆਰੇ ਅਸਮਾਨ!"

ਜੈਨੀ ਦਾ ਇਹ ਗੀਤ ਲਹਿਰਾਂ ਦੇ ਸ਼ੋਰ ਨਾਲ ਮੇਲ ਖਾਂਦਾ ਮੇਰੇ ਦਿਲ ਵਿਚ ਲਹਿ ਗਿਆ। ਮੇਰੀ ਹੈਰਾਨਗੀ ਦੀ ਕੋਈ ਸੀਮਾ ਨਹੀ ਸੀ। ਮੈਨੂੰ ਮਹਿਸੂਸ ਹੋਇਆ ਜੈਨੀ ਦਾ ਏ ਗੀਤ ਇੱਕ ਤੜਾਕੇਦਾਰ ਚਪੇੜ ਸੀ। ਉਨ੍ਹਾਂ ਲੇਖਕਾਂ ਦੀਆਂ ਲਿਖਤਾਂ 'ਤੇ ਜੋ ਚੰਦ ਸਮੇਂ ਵਿਚ ਹੀ ਲੇਖਕ ਬਣਨਾ ਚਾਹੁੰਦੇ ਨੇ। ਜੋ ਲਿਖ ਦਿੰਦੇ ਨੇ ਝੂਠ ਤੇ ਸੁੱਕੇ ਘਾਹ ਵਰਗੇ ਖੱਖਰ-ਪੱਖਰ ਸ਼ਬਦ ਤੇ ਲਿਖਤ ਵਿਚ ਡੱਕ ਦਿੰਦੇ ਨੇਂ ਨਿਰਾ ਝੂਠਾ। ਉਹ! ਜੋ ਚਾਂਦੀ ਦੀਆਂ ਛਿੱਲੜਾਂ ਤੇ ਸ਼ੁਹਰਤ ਦੇ ਨਸ਼ੇ 'ਚ ਕੁੱਝ ਵੀ ਲਿਖਣ ਨੂੰ ਤਿਆਰ ਹੋ ਜਾਂਦੇ ਨੇਂ ਆਪਣਾ ਜ਼ਮੀਰ ਮਾਰ ਕੇ। ਆਪਣੀ ਭਾਵਨਾ ਮਾਰ ਕੇ।

"ਜਦੋਂ ਮੀਂਹ ਵਰ੍ਹਦਾ ਏ ਤਾਂ ਮੈਂ ਇਹ ਗੀਤ ਗੁਣਗੁਣਾਉਂਦੀ ਹਾਂ। ਮੇਰਾ ਮੀਂਹ ਨੂੰ ਵੇਖਣ ਦਾ ਬੜਾ ਦਿਲ ਕਰਦਾ।" ਜੈਨੀ ਦੇ ਬੋਲ ਨੇ ਮੈਨੂੰ ਹਲੂਣਿਆ।

"ਅੱਛਾ?"

"ਮੇਰੀ ਮਾਂ ਮੈਨੂੰ ਰੋਜ ਰਾਤ ਕਹਾਣੀਆਂ ਸੁਣਾਉਂਦੀ। ਚੰਨ ਦੀਆਂ ਤਾਰਿਆਂ ਦੀਆਂ। ਉਹ ਗੀਤ ਸੁਣਾਉਂਦੀ । ਸਮੁੰਦਰਾਂ ਦੇ। ਮਛੇਰਿਆਂ ਦੇ। ਕਾਮਿਆਂ ਦੇ । ਮੇਰੇ ਪਾਪਾ ਮੈਨੂੰ ਆਜ਼ਾਦੀ ਦੇ ਗੀਤ ਸੁਣਾਉਂਦੇ।"

"ਤੇਰੇ ਪਾਪਾ?"

ਮੇਰੀ ਮੰਮਾ ਕਹਿੰਦੇ ਆ ਦੇਸ਼ ਦੀ ਵੰਡ ਦੌਰਾਨ ਇੱਕ ਜੰਗੀ ਹਮਲੇ 'ਚ ਉਹ ਸ਼ਹੀਦ ਹੋ ਗਏ। ਮੰਮਾ ਕਹਿੰਦੇ ਸੀ ਮੈਨੂੰ ਉਨ੍ਹਾਂ ਨੂੰ ਯਾਦ ਕਰ ਕੇ ਰੋਣਾ ਨਹੀਂ ਚਾਹੀਦਾ। ਕਿਉਂਕਿ ਹੋ ਸਕਦਾ ਉਸ ਜੰਗ ਚ ਮੇਰੇ ਪਾਪਾ ਜਿਹੇ ਹੋਰ ਕਿੰਨੇ ਪਾਪਾ ਸ਼ਹੀਦ ਹੋਏ ਹੋਣਗੇ। ਮੰਮਾ ਕਹਿੰਦੇ ਸੀ ਨਫ਼ਰਤ ਹਮੇਸ਼ਾ ਜੰਗ ਕਰਦੀ ਆ। ਤੇ ਜੰਗ ਹਮੇਸ਼ਾ ਵੱਖ ਕਰਦੀ ਆ ਸਾਥੋਂ ਕੁੱਝ ਨਾਂ ਕੁੱਝ ਖੋਹ ਕੇ ਲੈ ਜਾਂਦੀ ਆ। ਜਦ ਕਿ ਪਿਆਰ ਹਮੇਸ਼ਾ ਜੋੜਦਾ। ਪਿਆਰ ਵਿਚ ਹੀ ਇਨਸਾਨੀਅਤ ਦੀ ਪਵਿੱਤਰਾ ਮੌਜੂਦ ਹੁੰਦੀ ਆ।

ਮੈਂ ਲਗਾਤਾਰ ਟਕਟਕੀ ਲਗਾ ਕੇ ਜੈਨੀ ਵੱਲ ਵੇਖਦਾ ਰਿਹਾ। ਸੋਚਦਾ ਰਿਹਾ ਜੈਨੀ ਦੀ ਮਾਂ ਬਾਰੇ ਕਿੰਨੀ ਖ਼ੂਬਸੂਰਤ ਔਰਤ ਸੀ ਉਹ ਖ਼ੂਬਸੂਰਤ ਵਿਚਾਰਾਂ ਵਾਲੀ। ਮੈਂ ਜੈਨੀ ਨਾਲ ਹੋਰ ਗੱਲਾਂ ਕਰਨਾ ਚਾਹੁੰਦਾ ਸੀ। ਮੈਂ ਜੈਨੀ ਦਾ ਧਿਆਨ ਉਹ ਦੇ ਇਕੱਲੇਪਣ ਤੋਂ ਧਿਆਨ ਹਟਾਉਣਾ ਚਾਹਿਆ।

ਜੈਨੀ! ਤੈਨੂੰ ਪ੍ਰਮਾਤਮਾ ਨਾਲ ਨਾਰਾਜ਼ਗੀ ਤਾਂ ਨਹੀ? ਕਿ ਉਹਨੇ ਤੈਨੂੰ ਦੇਖਣ ਸ਼ਕਤੀ ਨਹੀਂ ਦਿੱਤੀ?

"ਨਹੀਂ! ਬਿਲਕੁਲ ਨਹੀਂ। ਮੇਰੀ ਮੰਮਾ ਕਹਿੰਦੇ ਸੀ ਭਾਵੇਂ ਪ੍ਰਮਾਤਮਾ ਨੇ ਮੈਨੂੰ ਦੇਖਣ ਦੀ ਸ਼ਕਤੀ ਨਹੀਂ ਦਿੱਤੀ। ਪਰ ਮੈਨੂੰ ਮਹਿਸੂਸ ਕਰਨ ਸ਼ਕਤੀ ਤਾਂ ਦਿੱਤੀ। ਮਹਿਕਾਂ ਨੂੰ ਸੁੰਘਣ ਲਈ ਤਾਜੀ ਹਵਾ ਲੈਣ

ਲਈ ਸੁੰਦਰ ਨੱਕ ਦਿੱਤਾ। ਤੁਰਨ ਫਿਰਨ, ਟਹਿਲਣ ਲਈ ਲੱਤਾਂ ਦਿੱਤੀਆਂ। ਸੋਹਣੇ ਪੈਰ ਦਿੱਤੇ। ਚੰਗਾ ਬੋਲਣ ਲਈ ਆਵਾਜ਼ ਦਿੱਤੀ। ਪ੍ਰਮਾਤਮਾ ਸਦਾ ਸਭ ਨੂੰ ਸੋਚ ਵਿਚਾਰ ਕੇ ਹੀ ਦਿੰਦਾ ਹੈ । ਸਾਨੂੰ ਹਮੇਸ਼ਾ ਉਸ ਦਾ ਧੰਨਵਾਦੀ ਹੋਣਾ ਚਾਹੀਦਾ ਹੈ। ਹੋ ਸਕਦਾ ਜੋ ਮੇਰਾ ਕੋਲ ਮੌਜੂਦ ਹੈ ਉਹ ਕਿਸੇ ਹੋਰ ਕੋਲ ਨਾਂ ਹੋਵੇ। ਜੇਕਰ ਸਾਨੂੰ ਉਹ ਕੁੱਝ ਨਹੀਂ ਵੀ ਦਿੰਦਾ ਤਾਂ ਸ਼ਾਇਦ ਅਜੇ ਅਸੀਂ ਉਸ ਦੇ ਹਾਣ ਦੇ ਨਹੀਂ ਹੋਏ। ਜਦੋਂ ਪ੍ਰਮਾਤਮਾ ਮੈਨੂੰ ਦੇਖਣ ਦੀ ਸ਼ਕਤੀ ਦੇ ਦੇਵੇਗਾ ਤਾਂ ਮੈਂ ਵਰ੍ਹਦੇ ਮੀਂਹ ਚ ਅਸਮਾਨ ਵੱਲ ਮੁੱਖ ਕਰ ਕੇ ਉਨ੍ਹਾਂ ਬੂੰਦਾਂ ਨੂੰ ਵੇਖਾਂਗੀ ਕੇ ਉਹ ਕਿੱਥੋਂ ਆਉਂਦੀਆਂ ਨੇ। ਉਨ੍ਹਾਂ ਨੂੰ ਆਪਣੇ ਹੱਥਾਂ ਚ ਫੜ ਲਵਾਂਗੀ। ਸਮੁੰਦਰ ਵਿਚ ਡਿਗਦੀਆਂ ਬੂੰਦਾਂ ਦਾ ਉਹ ਨਜ਼ਾਰਾ ਦੇਖਾਂਗੀ। ਜਿਹਨੂੰ ਮੰਮਾ ਕਹਿੰਦੇ ਸੀ ਜਦੋਂ ਮੀਂਹ ਵਰ੍ਹਦਾ ਤਾਂ ਸਮੁੰਦਰ ਵਿਚ ਭੰਬੀਰੀਆਂ ਨੱਚਦੀਆਂ ਨੇਂ। ਮੈਂ ਵੇਖਾਂਗੀ ਕੇ ਕਿਵੇਂ ਇੱਕ ਬੂੰਦ ਚ ਸਮਾਇਆ ਸਮੁੰਦਰ ਧਰਤੀ ਉੱਪਰ ਕਿਵੇਂ ਧਰਤੀ ਤੇ ਆ ਵਿਸ਼ਦਾ।"

"ਜ਼ਰੂਰ ਜੈਨੀ। ਐਦਾਂ ਜ਼ਰੂਰ ਹੋਊ ਮੇਰੀ ਪਿਆਰੀ ਲੇਖਿਕਾ। ਫਿਰ ਤੂੰ ਲਿਖਿਆ ਕਰੀਂ।"

"ਮੈਂ ਹੁਣ ਵੀ ਲਿਖਦੀ ਆਂ।"

ਕਿਵੇਂ?

"ਮੈਨੂੰ ਲਿਖਣ ਲਈ ਇੱਕ ਵੱਡਾ ਵਰਕਾ ਚਾਹੀਦਾ ।ਇਹ ਸਮੁੰਦਰ ਦੀ ਗਿੱਲੀ ਠੰਢੀ ਰੇਤ ਵਰਗਾ।ਇਹ ਰੇਤ ਜਿੱਥੇ ਇਕ ਪਗਡੰਡੀ ਵਰਗੀ ਮੈਂ ਲੰਮੀ ਸਤਰ ਲਿਖਦੀ ਜਾਵਾਂ। ਇਹ ਠੰਢੀ ਰੇਤ ਹੀ ਮੇਰੀ ਸਲੇਟ ਏ । ਕਾਗ਼ਜ਼ ਦੇ ਘੇਰੇ ਚ ਲਿਖਣ ਤੋਂ ਮੈਂ ਅਸਮਰਥ ਹਾਂ ।ਸੋ ਮੈਂ ਵਿਹਲੇ ਸਮੇਂ ਇੱਥੇ ਆ ਕੇ ਗਿੱਲੀ ਰੇਤ ਤੇ ਲਿਖਦੀ ਆਂ। ਗਿੱਲੀ ਰੇਤ ਤੇ ਲਿਖਣਾ ਮੈਨੂੰ ਮੰਮਾ ਨੇ ਸਖਾਇਆ। ਇਸ ਤੇ ਲਿਖੇ ਅੱਖਰਾਂ ਨੂੰ ਛੂਹ ਕੇ ਮੈਂ ਉਨ੍ਹਾਂ ਦੀ ਸੁੰਦਰਤਾ ਦੇਖਦੀ ਆਂ।"

ਤੁਰਦੇ ਤੁਰਦੇ ਅਸੀਂ ਜੈਨੀ ਦੀ ਬਸਤੀ ਪਹੁੰਚ ਗਏ। ਆਂਟੀ ਐਲਨ ਜੈਨੀ ਨੂੰ ਵੇਖ ਕੇ ਸਾਡੇ ਵੱਲ ਵਧੀ। ਉਸ ਦਾ ਨਿੱਕਾ ਜਿਹਾ ਹੱਥ ਮੇਰੀਆਂ ਵੱਡੀਆਂ ਉਗਲਾਂ ਨੂੰ ਨਿੱਘ ਦੇ ਰਿਹਾ ਸੀ।ਮੈਂ ਜੈਨੀ ਦਾ ਹੱਥ ਆਂਟੀ ਦੇ ਹੱਥ ਵਿਚ ਦੇ ਦਿੱਤਾ। ਤੇ ਮੈਂ ਜੈਨੀ ਵੱਲ ਝੁਕ ਜੈਨੀ ਦੀ ਗੱਲ ਨੂੰ ਚੁੰਮਿਆ। ਉਸ ਨੇ ਮੁਸਕਰਾ ਕੇ ਨਿੱਕੀਆਂ ਬਾਂਹਾਂ ਨਾਲ ਮੈਨੂੰ ਗਲਵੱਕੜੀ ਪਾ ਲਈ ।

ਉਸ ਮਲੂਕ ਜਿੰਦੜੀ ਦੀਆਂ ਕੋਮਲ ਗੱਲਾਂ ਨਾਲ ਮੇਰਾ ਦਿਲ ਖਿੜ ਉੱਠਿਆ। ਮੈਂ ਵਾਪਸ ਮੁੜਦਾ ਉਹ ਨੂੰ ਜਾਂਦੀ ਨੂੰ ਵੇਖਦਾ ਰਿਹਾ। ਉਹ ਦੇ ਤਾਂਬੇ ਰੰਗੇ ਵਾਲ ਲਹਿਰਾਂ ਵੱਲੋਂ ਆਉਂਦੀ ਹਵਾ ਨਾਲ ਮੇਲਦੇ। ਤੇ ਉਹਦੀ ਪਤਲੀ ਨਿੱਕੀ ਜਿਹੀ ਨੱਕ ਜਿਸ ਉੱਤੇ ਵੱਡੀ ਕਾਲੀ ਐਨਕ ਟਿਕੀ ਸੀ ਨੇ ਮੈਨੂੰ ਚੁੰਮਣ ਲਈ ਮਜਬੂਰ ਕਰ ਦਿੱਤਾ ।

ਉਹ ਵਾਪਸ ਮੁੜੀ "ਅਲਵਿਦਾ ਮਿ. ਅਣਜਾਣ। ਧੰਨਵਾਦ ਮੈਨੂੰ ਇੱਥੇ ਤੱਕ ਛੱਡਣ ਲਈ।"

"ਤੇਰਾ ਸਵਾਗਤ। ਮੇਰੇ ਦਿਲ ਵਿਚ ਮੇਰੀ ਪਿਆਰੀ ਜੈਨੀ।"

ਮੈਂ ਵਾਪਸ ਆਇਆ ਜੌਨ ਦੀ ਉਸ ਲਾਇਬ੍ਰੇਰੀ ਵਿਚ ਜਿੱਥੇ। ਉਹੀ ਪੜ੍ਹਾਕੂ ਵਾਤਾਵਰਨ ਤੇ ਲੇਖਕਾਂ ਦੀਆਂ ਬੇਤੁਕੀਆਂ ਲਿਖਤਾਂ ਦੀ ਸੜ੍ਹਾਂਦ ਸੀ।

ਮੈਂ ਨੰਗੀ ਕਲਮ ਤੇ ਆਪਣੇ ਭਰੇ ਵਰਕੇ ਚੁੱਕੇ। ਜਿੰਨਾਂ 'ਚ ਸ਼ੁਹਰਤ ਖੱਟਣ ਦੀ ਬੋ ਆਉਂਦੀ ਸੀ। ਮੈਂ ਤੁਰਦਾ ਹਾਂ ਉਸ ਰੋਡ ਤੇ ਜਿੱਥੇ ਜੈਨੀ ਨਾਲ ਤੁਰਦਾ ਗਿਆ ਸੀ ਉਸ ਦੇ ਘਰ ਤੱਕ। ਪਿਆਨੋ ਦੀਆਂ ਧੁਨਾਂ ਮੇਰੇ ਕੰਨਾਂ ਚੋ ਮੇਲਦੀਆਂ ਮੇਰੇ ਦਿਲ ਤੱਕ ਜਾਂਦੀਆਂ। ਅੱਜ ਇਹਨਾਂ ਨੇ ਆਪਣਾ ਦਮ ਨਹੀਂ

ਤੋੜਿਆ। ਮੇਰੀ ਚਾਲ ਹਵਾ ਦੇ ਮੇਚ ਦੀ ਹੋ ਗਈ। ਮੈਂ ਮਹਿਸੂਸ ਕਰਦਾਂ ਪੌਣਾਂ ਦੀ ਸ਼ੂਕਣ। ਇੱਕ ਪਿਆਰ ਦੀ ਲਰਜ ਜੋ ਮੇਰੇ ਦਿਲ ਚੋਂ ਨਿਕਲਦੀ ਮੇਰੇ ਬੁੱਲ੍ਹਾਂ ਦੁਆਲੇ ਫੈਲ ਗਈ। ਜਿਸ ਨਾਲ ਖ਼ੁਸ਼ੀ ਦਾ ਜਵਾਰਭਾਟਾ ਉੱਠਿਆ। ਇੱਕ ਪਲ ਸਮਾਂ ਰੁਕ ਗਿਆ ਸਮੇਂ ਤੋਂ ਪਹਿਲਾਂ ਮੈਂ ਤੁਰਦਾ ਜਾ ਰਿਹਾਂ। ਮੇਰੀ ਕਲਮ ਮੈਂ ਇਕ ਮੰਗਤੇ ਨੂੰ ਫੜਾ ਦਿੱਤੀ। ਹੱਥ ਚ ਫੜੇ ਵਰਕੇ ਮੈਂ ਅਸਮਾਨ ਵੱਲ ਵਗਾਹ ਮਾਰਦਾ ਹਾਂ। ਇਹ ਜਾਣ ਕੇ ਕਿ ਲਿਖਣ ਲਈ ਸਿਰਫ਼ ਕਲਮ , ਕਾਗ਼ਜ਼ਾਂ ਤੇ ਸਿਫ਼ਾਰਿਸ਼ਾਂ ਦੀ ਲੋੜ ਨਹੀਂ ਪੈਂਦੀ। ਲੋੜ ਪੈਂਦੀ ਆ ਇੱਕ ਦਿਲ ਦੀ । ਜਿਸ ਦਾ ਖੇਤਰਫਲ ਸਮੁੰਦਰ ਵਾਂਗ ਬੇਅੰਤ ਹੋਵੇ। ਲੋੜ ਪੈਂਦੀ ਆ ਉਸ ਤੀਜੀ ਅੱਖ ਦੀ ਜਿਸ ਦੀ ਦ੍ਰਿਸ਼ਟੀ ਦਾ ਘੇਰਾ ਵਿਸ਼ਾਲ ਹੋਵੇ। ਜੋ ਸਿਰਫ਼ ਜੈਨੀ ਕੋਲ ਜੀ।

ਮੈਂ ਆ ਖੜਿਆਂ ਹਾਂ ਜੈਨੀ। ਤੇਰੀ ਉਸ ਠੰਢੀ ਰੇਤ ਤੇ ਜਿੱਥੇ ਤੇਰੇ ਲਿਖੇ ਸ਼ਬਦ ਧਰਤੀ ਵਿਚ ਸਮਾ ਜਾਂਦੇ ਨੇ।

ਜਿੱਥੇ ਸ਼ਾਂਤ ਸਮੁੰਦਰ ਦੀਆਂ ਲਹਿਰਾਂ ਸਾਗਰ ਦੇ ਉਸ ਪਾਰੋਂ ਆ ਕੇ ਮੇਰੇ ਪੈਰਾਂ ਦੀਆਂ ਉਂਗਲੀਆਂ ਚੁੰਮਦੀਆਂ ਨੇਂ।

ਅੱਜ ਮੈਂ ਪਹਿਲੀ ਵਾਰ ਅਸਲੀ ਜ਼ਿੰਦਗੀ ਦਾ ਇੱਕ ਦਿਨ ਡੁੱਬਦਾ ਵੇਖਦਾਂ।

ਕਾਲੇ ਪਰਿੰਦੇ ਆਪਣੇ ਗਰਾਂ ਨੂੰ ਜਾਂਦੇ ਮੈਨੂੰ ਸੰਕੇਤ ਕਰ ਰਹੇ ਨੇਂ। ਕੱਲ੍ਹ ਇੱਕ ਨਵਾਂ ਦਿਨ ਆਵੇਗਾ। ਜੋ ਸਾਨੂੰ ਸਿਖਾਏਗਾ ਨਵਾਂ ਕੁੱਝ।

ਰਸ਼ਪਿੰਦਰ ਸਿੰਘ
ਮੋ.98154-28027

# ਹੈਵਾਨੀਅਤ

ਤੇਰੀ ਹਰ ਗੱਲ 'ਚ ਕੀਤੇ ਨਾ ਕੀਤੇ ਮੇਰਾ ਜ਼ਿਕਰ ਵੀ ਹੁੰਦਾ ਹੋਊ, ਪਤਾ ਨਹੀਂ ਇਹ ਮੇਰਾ ਵਹਿਮ ਹੀ ਆ, ਐਨੀ ਬੁਰੀ ਨਹੀ ਸੀ ਮੈ, ਜਿਸ ਤਰਾਂ ਦਾ ਵਰਤਾਓ ਤੇਰਾ ਮੇਰੇ ਲਈ ਸੀ। ਮੈਂ ਹੱਸ ਕੇ ਤੇਰੀ ਹਾਮੀ 'ਚ ਹਾਮੀ ਭਰਦੀ ਰਹੀ ਸੀ, ਵੇਖ ਅੱਜ ਇੱਕ ਰੂਹ ਬਣੀ ਫਿਰਦੀ ਆਂ, ਜਿਸ ਨੂੰ ਸਰੀਰ ਤੋਂ ਮੁਕਤੀ ਤਾਂ ਮਿਲੀ, ਪ੍ਰੰਤੂ ਰੂਹ ਨੂੰ ਚੈਨ ਨਾ ਮਿਲੀ। ਯਾਦ ਨੇ ਮੈਨੂੰ ਤੇਰੇ ਦਿੱਤੇ ਜ਼ਖਮ ਸੱਜਣਾਂ, ਹਾ ਹਾ ਹਾ! ਹਾਸਾ ਆਉਂਦਾ ਤੈਨੂੰ ਸੱਜਣ ਦਾ ਨਾਮ ਵੀ ਦਿੰਦਿਆਂ, ਸਮਝ ਨਹੀਂ ਆਉਂਦੀ ਕਿਸ ਦਰਜੇ 'ਚ ਰੱਖਾਂ ਤੈਨੂੰ ਦੁਸ਼ਮਣ ਆਖਾਂ ਜਾਂ ਸੱਜਣ ਆਖਾਂ? ਕੀ ਕਸੂਰ ਸੀ ਮੇਰਾ? ਜਵਾਬ ਤਾਂ ਦੇ ਜਾਂਦਾ, ਤੇਰਾ ਕੀ ਗਿਆ ਜਿੰਦ ਤਾਂ ਮੈਂ ਆਪਣੀ ਵਾਰ ਦਿੱਤੀ, ਮੇਰੀ ਰੂਹ ਤਾਂ ਤੇਰੇ ਲਈ ਅੱਜ ਵੀ ਪਿਆਰ ਰੱਖੀ ਬੈਠੀ ਆ, ਪਰ ਤੇਰੀ ਬੁੱਕਲ ਹੋਰ ਨਿੱਘਾ ਦਾ ਆਨੰਦ ਮਾਣਦੀ ਹੋਊ, ਸੱਚ ਕਿਹਾ ਕਿਸੀ ਨੇ ਮਰਦ ਜਾਤ ਤੇ ਹੁੰਦੀ ਹੀ ਕੁੱਤੀ ਆ।

ਇਹ ਗੱਲ ਉਦੋਂ ਦੀ ਏ ਜਦੋਂ ਬਾਪੂ ਜੀ ਦੀ ਬਦਲੀ ਹੋਣ ਤੇ ਦਿੱਲੀ ਦੇ ਮਾਹੌਲ ਚ ਮੈਨੂੰ ਵਿਚਰਨ ਦਾ ਮੌਕਾ ਮਿਲਿਆ, ਐੱਮ. ਏ. ਪੰਜਾਬੀ ਕਰ ਲਈ ਸੀ ਉਦੋਂ ਮੈਂ, ਤੇ ਮੇਰੇ ਬਾਪੂ ਜੀ ਦੇ ਦੋਸਤ ਜ਼ੋਰਾ ਤਾਇਆ ਜੀ ਦਾ ਸ਼ਹਿਰ 'ਚ ਟਿਊਸ਼ਨਾਂ ਦਾ ਕੰਮ ਕਾਰ ਸੀ, ਬਾਪੂ ਜੀ ਦੇ ਕਹਿਣ ਤੇ ਤਾਇਆ ਜੀ ਨੇ ਮੈਨੂੰ ਵੀ ਉੱਥੇ 30,00 ਦੀ ਤਨਖ਼ਾਹ ਤੇ ਪੰਜਾਬੀ ਟੀਚਰ ਦੇ ਤੌਰ ਤੇ ਰੱਖ ਲਿਆ। ਪੰਜਾਬੀ ਪੜ੍ਹਨ ਲਈ ਬਹੁਤੇ ਜ਼ਿਆਦਾ ਵਿਦਿਆਰਥੀ ਨਹੀ ਸਨ, ਮਸਾਂ ਹੀ ਚਾਰ 'ਕੁ ਬੱਚੇ ਜੋ ਕਿ ਪੰਜਾਬੀ ਪਰਿਵਾਰਾਂ ਤੋਂ ਸਨ ਮਾਪਿਆਂ ਦੇ ਜ਼ੋਰ ਪਾਉਣ ਤੇ ਪੰਜਾਬੀ ਸਿੱਖਣ ਆਉਂਦੇ ਸਨ। ਉਸੇ ਟਿਊਸ਼ਨ ਸੈਂਟਰ ਵਿਚ ਇੱਕ ਲੇਡੀ ਟੀਚਰ ਸੀ ਜੋ ਹਿਸਾਬ ਪੜ੍ਹਾਉਂਦੀ ਸੀ ਤੇ ਇੱਕ ਸਰ ਸੀ ਜੋ ਪ੍ਰਾਈਵੇਟ ਸਕੂਲ ਟੀਚਰ ਸੀ ਤੇ ਨਾਲ-ਨਾਲ ਸੈਂਟਰ ਚ ਇੰਗਲਿਸ਼ ਟੀਚਰ ਦੇ ਤੌਰ ਤੇ ਨੌਕਰੀ ਵੀ ਕਰਦਾ ਸੀ। ਮੇਰੇ ਮਨ ਚ ਉਸ ਪ੍ਰਤੀ ਕਾਫੀ ਅੰਦਾਜ਼ੇ ਸਨ ਕਿ ਧਨ ਹੈ ਜੋ ਦੋ-ਦੋ ਨੌਕਰੀਆਂ ਕਰਦਾ, ਪਰ ਐਵੇਂ ਦੇ ਇਨਸਾਨ ਸਿਰਫ਼ ਕਿਤਾਬੀ ਕੀੜੇ ਹੁੰਦੇ ਹਨ ਆਮ ਜ਼ਿੰਦਗੀ ਤੋਂ ਕੋਹਾਂ ਦੂਰ ਰਹਿੰਦੇ ਨੇ ਇਹ, ਇਸ ਤਰ੍ਹਾਂ ਦੀ ਸੋਚਣੀ ਸੀ ਮੇਰੀ ਓਸ ਇਨਸਾਨ ਲਈ, ਮੇਰਾ ਸੁਭਾਅ ਥੋੜਾ ਚੁੱਪ-ਚੁਪੀਤਾ ਸੀ, ਮੈਂ ਵਾਲਾ ਕਿਸੀ ਨਾਲ ਵਿਚਰਨਾ ਪਸੰਦ ਨਹੀਂ ਸੀ ਕਰਦੀ..ਮੇਰਾ ਜਦੋਂ ਪਹਿਲਾਂ ਦਿਨ ਸੀ ਏਸ ਨੌਕਰੀ ਦਾ ਮੈਂ ਸਿਰਫ਼ ਜੋਰਾ ਤਾਇਆ ਜੀ ਨੂੰ ਹੀ ਸਤਿ ਸ੍ਰੀ ਅਕਾਲ ਬੁਲਾਈ, ਬਾਕੀ ਸਟਾਫ਼ ਨੂੰ ਮੈਂ ਕੁੱਝ ਨਾ ਬੋਲੀ, ਮੈਨੂੰ ਸ਼ਰਮ ਜਿਹੀ ਵੀ ਮਹਿਸੂਸ ਹੋਈ, ਪਰੰਤੂ ਤਾਇਆ ਜੀ ਮੈਨੂੰ ਸਮਝ ਗਏ ਸਨ, ਉਨ੍ਹਾਂ ਨੇ ਸਭ ਸੰਭਾਲ ਲਿਆ ਤੇ ਹੱਸਦੇ ਹੋਏ ਕਿਹਾ, ਜੋਗਿੰਦਰ ਸਿੰਘ ਜੀ ਤੇ ਮੈਡਮ ਮੀਨਾ ਜੀ ਇਹ ਆਪਣੀ ਹੀ ਕੁੜੀ ਆ ਧਿਆਨ ਰੱਖਣਾ, ਵਾਲੀ ਭਗਤਣੀ ਜਿਹੀ ਏ। ਮੇਰੇ ਵੱਲ ਮੂੰਹ ਕਰ ਕੇ ਤਾਇਆ ਜੀ ਨੇ ਕਿਹਾ ਬੇਟਾ ਜੇ ਕੁੱਝ ਔਖਾ ਲੱਗੇ ਜਾਂ ਕਿਸੇ ਚੀਜ਼ ਦੀ ਜ਼ਰੂਰਤ ਹੋਵੇ ਜੋਗਿੰਦਰ ਸਰ ਤੇ ਮੀਨਾ ਮੈਡਮ ਦੀ ਮਦਦ ਜ਼ਰੂਰ ਲਈ, ਮੈਂ ਹਾਂ ਜੀ ਕਹਿ ਸਿਰ ਹਿਲਾ ਦਿੱਤਾ, ਤੇ ਕਲਾਸ ਰੂਮ ਵਿਚ ਬੱਚਿਆਂ ਨੂੰ ਪੜਾਉਣ ਲਈ ਚਲੇ ਗਈ। ਮੇਰੇ ਲਈ ਓਹ ਬੱਚੇ ਤੇ ਮੈਂ ਉਨ੍ਹਾਂ ਬੱਚਿਆਂ ਲਈ ਬਿਲਕੁਲ ਨਵੀਂ ਸੀ। ਪਰ ਓਹ ਬੱਚੇ ਮੇਰੇ ਨਾਲ ਘੁਲ-ਮਿਲ ਗਏ। ਇਸ ਤਰ੍ਹਾਂ ਵਕਤ ਗੁਜ਼ਰਦਾ ਗਿਆ। ਜਦੋਂ ਵੀ ਮੈਂ ਸੈਂਟਰ ਤੇ

ਆਉਣਾ ਸਰ ਤੇ ਮੈਡਮ ਨੂੰ ਸਤਿ ਸ੍ਰੀ ਅਕਾਲ ਬੁਲਾ ਦਿੰਦੀ ਪਰੰਤੂ ਵਾਧੂ ਗੱਲਬਾਤ ਨਾ ਕਰਦੀ। ਇੱਕ ਦਿਨ ਕਲਾਸ ਦੇ ਜਾਣ ਤੋਂ ਬਾਅਦ ਮੈ ਛੱਤ ਤੇ ਬੈਠ ਗਈ ਤੇ ਕੁੱਝ ਟੈੱਸਟ ਚੈੱਕ ਕਰਨ ਲੱਗ ਗਈ। ਦਸੰਬਰ ਦਾ ਮਹੀਨਾ ਸੀ ਠੰਢ ਬਹੁਤ ਸੀ ਤੇ ਮੱਠੀ-ਮੱਠੀ ਧੁੱਪ ਰੂਹ ਨੂੰ ਸਕੂਨ ਜਿਹਾ ਦਿੰਦੀ ਸੀ। ਇੱਕ ਦਮ ਮੈਨੂੰ ਪੌੜੀ ਦੇ ਕੋਲੋਂ ਆਵਾਜ਼ ਆਈ ਹਾਂ ਜੀ ਨਵਰੀਤ ਜੀ ਇਕੱਲੇ-ਇਕੱਲੇ ਧੁੱਪ ਦਾ ਆਨੰਦ ਮਾਣ ਰਹੇ ਹੋ, ਮੈ ਸਾਹਮਣੇ ਵੇਖਿਆ ਤਾਂ ਜੋਗਿੰਦਰ ਸਰ ਸੀ, ਉਹ ਠੰਢ ਕਾਰਨ ਦੋਵੇਂ ਹੱਥਾਂ ਨੂੰ ਝੱਸਦੇ ਹੋਏ ਮੇਰੇ ਵੱਲ ਆਏ, ਤੇ ਮੇਰੇ ਲਾਗੇ ਪਈ ਕੁਰਸੀ ਉੱਤੇ ਬੈਠ ਗਏ। ਮੈ ਉਨ੍ਹਾਂ ਦੀ ਗੱਲ ਦਾ ਹੁੰਗਾਰਾ ਭਰਦੀ ਹੋਈ ਨੇ ਕਿਹਾ ਬੱਸ ਸਰ ਕੁੱਝ ਟੈੱਸਟ ਚੈੱਕ ਕਰਦੀ ਸੀ। ਅੱਜ ਓਹ ਇਨਸਾਨ ਬਹੁਤ ਹੀ ਵਧੀਆ ਢੰਗ ਨਾਲ ਵਾਰਤਾਲਾਪ ਕਰ ਰਿਹਾ ਸੀ ਜਿਸ ਨੂੰ ਮੈ ਖੜੂ ਸਮਝਦੀ ਸਾਂ। ਮੈਨੂੰ ਹੱਸਦਾ ਹੋਇਆ ਬੋਲਿਆ ਤੁਸੀਂ ਮੈਨੂੰ ਸਰ ਨਾ ਆਖਿਆ ਕਰੋ ਮੈਨੂੰ ਇੰਞ ਮਹਿਸੂਸ ਹੁੰਦਾ ਜਿਵੇਂ ਮੈਂ ਸੱਤ੍ਹਰਾਂ ਸਾਲਾਂ ਨੂੰ ਬਜ਼ੁਰਗ ਹੋਵਾਂ,ਤੁਸੀਂ ਸਿਰਫ਼ ਮੈਨੂੰ ਜੋਗਿੰਦਰ ਕਿਹਾ ਕਰੋ। ਮੇਰਾ ਜਵਾਬ ਉਦੋਂ ਵੀ ਸਿਰਫ਼ ਹਾਂ ਜੀ ਵਿਚ ਸੀ ਕਿਉਂਕਿ ਉਸੇ ਸਮੇਂ ਮੇਰੇ ਮਨ ਚ ਇੱਕ ਬਾਪੂ ਦੀ ਕਹੀ ਗੱਲ ਘੁੰਮਣ ਲੱਗੀ ਕਿ ਵਾਲਾ ਕਿਸੀ ਨੂੰ ਮੂੰਹ ਨਹੀਂ ਲਾਉਣਾ ਕਿਉਂਕਿ ਆਪਣੇ ਲਈ ਇਹ ਸ਼ਹਿਰ ਵੀ ਬੇਗਾਨਾ ਤੇ ਇੱਥੇ ਦੇ ਲੋਕ ਵੀ। ਓਹ ਬੋਲ ਰਿਹਾ ਸੀ ਪਰ ਉਸ ਦੀਆਂ ਗੱਲਾਂ ਵੱਲ ਮੇਰਾ ਧਿਆਨ ਨਹੀਂ ਸੀ। ਉਸ ਨੇ ਮੇਰੀਆ ਅੱਖਾਂ ਅੱਗੇ ਚੁਟਕੀ ਮਾਰ ਕੇ ਕਿਹਾ ਲੱਗਦਾ ਨਵਰੀਤ ਜੀ ਪੰਜਾਬ ਪਹੁੰਚ ਗਏ। ਮੈਂ ਉਸ ਦੀ ਇਸ ਗੱਲ ਤੇ ਨਿੱਕੀ ਜਿਹੀ ਮੁਸਕਾਨ ਦੇ ਦਿੱਤੀ। ਤੇ ਓਹ ਅੱਗੇ ਗੱਲਬਾਤ ਤੋਰਦਾ ਹੋਇਆ ਬੋਲਿਆ ਤੁਸੀਂ ਕੀ ਸਟੱਡੀ ਕੀਤੀ ਹੋਈ ਆ ਨਵਰੀਤ ? ਮੈਂ ਧੀਮੀ ਜਿਹੀ ਆਵਾਜ਼ ਚ ਕਿਹਾ, ਜੀ ਮੈਂ ਮਾਸਟਰਜ਼ ਕੀਤੀ ਆ ਪੰਜਾਬੀ ਦੀ ਇਸੇ ਸਾਲ। ਅੱਛਾ ਜੀ ਮੈਂ ਵੀ ਮਾਸਟਰਜ਼ ਕੀਤੀ ਆ ਇੰਗਲਿਸ਼ ਚ ਪਿਛਲੇ ਹੀ ਸਾਲ। ਦੋਵਾਂ ਨੌਕਰੀਆਂ ਚ ਬੱਸ ਉਲਝਿਆ ਜਿਹਾ ਰਹਿੰਦਾ ਹਾਂ। ਉਸ ਦਾ ਅਗਲਾ ਸਵਾਲ ਸੀ ਕੌਣ-ਕੌਣ ਹੈ ਤੁਹਾਡੇ ਪਰਿਵਾਰ ਚ? ਮੈ ਕਿਹਾ ਬੇਬੇ ਜੀ ਬਾਪੂ ਜੀ ਤੇ ਮੈ। ਓ ਫਿਰ ਤਾਂ ਮੇਰੇ ਵਾਂਗ ਇਕਲੌਤੇ ਹੋ, ਮੈਂ ਵੀ ਮੰਮੀ ਪਾਪਾ ਨਾਲ ਰਹਿੰਦਾ ਹਾਂ। ਚਲੋ ਛੱਡੋ ਇਹ ਗੱਲਾਂ ਐਵੇਂ ਦੱਸੋ ਕੀ ਪੀਓਗੇ ਚਾਹ ਜਾਂ ਕੌਫ਼ੀ? ਮੈਂ ਕਿਹਾ ਨਹੀਂ ਜੀ ਮੈ ਨਹੀਂ ਕੁੱਝ ਵੀ ਪੀਣਾ। ਓਹ ਹੋ ਕੀਤੇ ਨੀ ਥੋਡਾ ਗੋਰਾ ਰੰਗ ਚਾਹ ਪੀ ਕੇ ਕਾਲਾ ਹੁੰਦਾ, ਐਵੇਂ ਕਰਦਾ ਦੁੱਧ ਮੰਗਵਾ ਦਿੰਦਾ ਥੋਡੇ ਲਈ?

ਉਹ ਬਹੁਤ ਹੀ ਖੁੱਲ੍ਹੇ ਢੰਗ ਨਾਲ ਵਿਚਰ ਰਿਹਾ ਸੀ ਮੇਰੇ ਨਾਲ, ਜਿਵੇਂ ਪਹਿਲਾਂ ਤੋਂ ਮੈਨੂੰ ਜਾਣਦਾ ਹੋਵੇ ਹਰ ਰੋਜ ਉਸ ਦੀ ਵਾਰਤਾਲਾਪ ਦਾ ਵਿਸ਼ਾ ਨਵਾਂ ਹੁੰਦਾ ਸੀ, ਤੇ ਮੈ ਵੀ ਓਸ ਨਾਲ ਘੁਲ-ਮਿਲ ਗਈ ਸਾਂ। ਇੱਕ ਦਿਨ ਮੈਨੂੰ ਗੱਲਾ ਕਰਦਾ ਹੋਇਆ ਕਹਿੰਦਾ ਨਵਰੀਤ ਮੈਨੂੰ ਪੰਜਾਬੀ ਨਹੀਂ ਆਉਂਦੀ ਵੇਖਲਾ ਨਾਲੇ ਮੈਂ ਪੰਜਾਬੀ ਆ, ਬੱਸ ਮੰਮੀ ਪਾਪਾ ਘਰੇ ਪੰਜਾਬੀ ਚ ਗੱਲਬਾਤ ਕਰਦੇ ਆ ਤਾਂ ਬੋਲ ਲੈਂਦਾ, ਉਂਞ ਨਾ ਪੜ੍ਹਨੀ ਆਉਂਦੀ ਏ ਤੇ ਨਾਂ ਹੀ

ਲਿਖਣੀ, ਬੜਾ ਸ਼ੁਕਰਗੁਜ਼ਾਰ ਹੋਵਾਂਗਾ ਜੇ ਤੁਸੀਂ ਮੈਨੂੰ ਪੰਜਾਬੀ ਸਿਖਾ ਦੇਵੋਗੇ। ਮੈਂ ਓਹ ਨੂੰ ਪੰਜਾਬੀ ਸਿਖਾਉਣ ਲਈ ਰਾਜ਼ੀ ਹੋ ਗਈ। ਆਪਣੀ ਆਪਣੀ ਕਲਾਸ ਲਗਾਉਣ ਤੋਂ ਬਾਅਦ ਅਸੀਂ ਛੱਤ ਤੇ ਇਕੱਠੇ ਹੋ ਜਾਂਦੇ ਤੇ ਮੈ ਓਹ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕਰ ਦਿੱਤੀ। ਹਰ ਰੋਜ਼ ਮੈਂ ਨਵੇਂ ਤਰੀਕੇ ਨਾਲ ਪੜ੍ਹਾਉਂਦੀ, ਕਈ ਵਾਰ ਉਸ ਦਾ ਧਿਆਨ ਪੜ੍ਹਨ ਚ ਨਾ ਹੁੰਦਾ ਮੈਂ ਬੋਲਦੀ ਰਹਿੰਦੀ ਤੇ ਓਹ ਸ਼ੁਦਾਈਆਂ ਵਾਂਗਰਾਂ ਮੈਨੂੰ ਦੇਖਦਾ ਰਹਿੰਦਾ। ਇੱਕ ਦਿਨ ਓਹ ਨੇ ਪੜ੍ਹਨ ਦੇ ਮਾਹੌਲ ਨੂੰ ਕੱਟਦਿਆਂ ਮੈਨੂੰ ਸਵਾਲ

ਕੀਤਾ, ਨਵਰੀਤ ਤੂੰ ਕਦੀ ਕਿਸੇ ਨੂੰ ਪਿਆਰ ਕੀਤਾ ਏ? ਓਹ ਦਾ ਇਹ ਸਵਾਲ ਮੈਨੂੰ ਬੜਾ ਹੀ ਅਜੀਬ ਲੱਗਿਆਂ। ਮੇਰਾ ਜਵਾਬ ਸੀ ਨਹੀਂ ਕੀਤਾ ਤੇ ਨਾਂ ਹੀ ਕਦੀ ਕਰਾਂਗੀ। ਕਿਉਂਕਿ ਮੇਰੀ ਨਿਗ੍ਹਾ ਚ ਪਿਆਰ ਨਾਮ ਦਾ ਸ਼ਬਦ ਸਿਰਫ਼ ਪਤੀ ਲਈ ਬਣਿਆ। ਮੇਰੇ ਇਸ ਜਵਾਬ ਤੋਂ ਬਾਅਦ ਉਹ ਕੁੱਝ ਸੈਕੰਡ ਲਈ ਚੁੱਪ ਰਿਹਾ, ਫਿਰ ਉਹ ਬੋਲਿਆ ਜੇ ਪਿਆਰ ਹੀ ਹਸਬੈਂਡ ਬਣ ਜਾਵੇ ਫਿਰ? ਮੇਰੇ ਕੋਲ ਕੋਈ ਜਵਾਬ ਹੀ ਨਹੀਂ ਸੀ ਉਹ ਦੇ ਇਸ ਸਵਾਲ ਦਾ, ਮੈਂ ਉਸ ਦੀ ਗੱਲ ਨੂੰ ਕੱਟਦਿਆਂ ਕਿਹਾ, ਚੰਗਾ ਜੋਗਿੰਦਰ ਅੱਜ ਲਈ ਐਨੀ ਬਹੁਤ ਹੈ ਸਟੱਡੀ ਮੈਂ ਹੁਣ ਚੱਲਦੀ ਆ। ਮੈਂ ਪੌੜੀਆਂ ਵੱਲ ਵਧੀ ਹਾਲਾਂਕਿ ਪਹਿਲੀ ਪੌੜੀ ਤੇ ਪੈਰ ਰੱਖਿਆ ਹੀ ਸੀ,ਉਸ ਨੇ ਇੱਕ ਦਮ ਮਗਰੋਂ ਮੇਰੀ ਬਾਂਹ ਫੜ ਲਈ ਘੁੱਟ ਕੇ, ਮੈਂ ਉਹ ਦੇ ਇਸ ਵਰਤਾਰੇ ਤੋ ਡਰ ਗਈ, ਉਹ ਬੜੀ ਹੀ ਗ਼ੌਰ ਨਾਲ ਮੇਰੇ ਵੱਲ ਬੱਸ ਦੇਖੀ ਜਾ ਰਿਹਾ ਸੀ, ਤੇ ਮੇਰੇ ਅੱਗੇ ਗੋਡੇ ਟੇਕ ਕੇ ਬੈਠ ਗਿਆ, ਤੇ ਬੋਲਿਆ ਪਤਾ ਨਹੀਂ ਮੈਂ ਸਹੀ ਹਾਂ ਜਾਂ ਗਲਤ, ਪਰ ਜਦੋਂ ਦੀ ਤੇਰੀ ਇਹ ਭੋਲੀ ਜਿਹੀ ਸੂਰਤ ਵੇਖੀ ਆ ਤੇਰੇ ਲਈ ਮਰਨੇ ਤੇ ਜਿਊਣ ਨੂੰ ਦਿਲ ਕਰਦਾ, ਤੇਰੇ ਨਾਲ ਇਸ਼ਕ ਹੋ ਗਿਆ ਮੈਨੂੰ, ਦਿਵਾਨਾ ਹੋ ਗਿਆ ਹਾਂ ਤੇਰੇ ਰੱਬੀ ਰੂਪ ਦਾ। ਕੀ ਤੈਨੂੰ ਇਸ ਦਾਸ ਦੇ ਪਿਆਰ ਦਾ ਇਜ਼ਹਾਰ ਮਨਜ਼ੂਰ ਹੈ? ਓਸ ਸਮੇਂ ਮੇਰੇ ਮਨ ਚ ਬਹੁਤ ਡਰ ਸੀ ਘਬਰਾ ਗਈ ਸਾਂ ਮੈਂ ਉਦੋਂ, ਮੇਰੀਆ ਅੱਖਾਂ ਚ ਪਾਣੀ ਸੀ, ਮੈਂ ਬਹੁਤ ਮੁਸ਼ਕਿਲ ਨਾਲ ਉਹ ਦੇ ਤੋਂ ਹੱਥ ਛਡਾਇਆ ਤੇ ਚੁੰਨੀ ਦੇ ਲੜ ਨਾਲ ਅੱਖਾਂ ਸਾਫ਼ ਕਰਦੀ ਹੋਈ ਉੱਥੋਂ ਭੱਜ ਗਈ। ਘਰੇ ਜਾ ਕੇ ਵੀ ਮੇਰੀ ਧੜਕਣ ਬਹੁਤ ਤੇਜ ਸੀ, ਗੁੰਮ-ਸੁੰਮ ਜਿਹੀ ਹੋ ਗਈ ਸਾਂ ਮੈਂ,ਇੰਵ ਲੱਗਦਾ ਸੀ ਬਹੁਤ ਵੱਡੇ ਹਾਦਸੇ ਦਾ ਮੈਂ ਸ਼ਿਕਾਰ ਹੋਈ ਹੋਵਾਂ। ਜਿਵੇਂ ਬਚਪਨ ਦੇ ਰਾਖਸ਼ਾਂ ਦਾ ਡਰ ਦੁਬਾਰਾ ਮੇਰੇ ਸੀਨੇ ਤੇ ਬੈਠ ਗਿਆ ਹੋਵੇ। ਬੱਸ ਬੇਸੁਰਤ ਸੀ ਮੈ, ਅਗਲੇ ਦਿਨ ਮੈਂ ਸੈਂਟਰ ਗਈ ਪਰ ਮੈਂ ਜੋਗਿੰਦਰ ਨੂੰ ਬੁਲਾਉਣਾ ਤਾਂ ਦੂਰ ਦੀ ਗੱਲ ਓਹ ਦੇ ਵੱਲ ਮੈਂ ਵੇਖਿਆ ਤੱਕ ਨਹੀਂ। ਬੱਚਿਆਂ ਨੂੰ ਪੜਾਉਣ ਤੋ ਬਾਅਦ ਮੈਂ ਘਰ ਜਾਣ ਹੀ ਲੱਗੀ ਸੀ, ਕਿ ਇੱਕ ਦਮ ਪਿੱਛੋਂ ਜੋਗਿੰਦਰ ਦੀ ਆਵਾਜ਼ ਆਈ ਕੀ ਗੱਲ ਨਵਰੀਤ ਅੱਜ ਪੜ੍ਹਾਉਗੇ ਨਹੀਂ ਮੈਨੂੰ? ਮੈਂ ਚਾਹ ਕੇ ਵੀ ਉਸ ਨੂੰ ਜਵਾਬ ਨਾ ਦੇ ਸਕੀ, ਤੇ ਉਸ ਨੂੰ ਪੜਾਉਣ ਲੱਗ ਪਈ, ਮੇਰੀ ਨਿਗ੍ਹਾ ਬੱਸ ਕਿਤਾਬਾਂ ਚ ਸੀ ਹਿੰਮਤ ਨਹੀਂ ਸੀ ਓਹ ਦੀਆ ਅੱਖਾਂ ਚ ਅੱਖਾਂ ਪਾਉਣ ਦੀ। ਉਹ ਨੇ ਅੱਧੇ ਕੁ ਘੰਟੇ ਬਾਅਦ ਮੇਰੇ ਤੋਂ ਕਿਤਾਬ ਖੋਹ ਕੇ ਬੰਦ ਕਰ ਦਿੱਤੀ ਤੇ ਬੋਲਿਆ ਨਵਰੀਤ ਇੱਕ ਵਾਰ ਮੇਰੀਆ ਅੱਖਾਂ ਚ ਵੇਖ ਪਲੀਜ਼ ਇੱਕ ਵਾਰ, ਮਾਫ਼ ਕਰਦੇ ਮੈਨੂੰ ਜੇ ਤੈਨੂੰ ਮੇਰੇ ਪਿਆਰ ਦਾ ਇਜ਼ਹਾਰ ਕਰਨਾ ਬੁਰਾ ਲੱਗਿਆ, ਸੱਚ ਕਹਾਂ ਕਿਸੀ ਗਲਤ ਨਜ਼ਰ ਨਾਲ ਨਹੀਂ ਸੀ ਵੇਖਿਆ ਤੈਨੂੰ, ਬੱਸ ਆਪਣੇ ਭਵਿੱਖ ਦੀ ਜੀਵਨ ਸਾਥਣ ਦੇ ਰੂਪ ਚ ਵੇਖਿਆ ਸੀ ਤੈਨੂੰ, ਮੇਰੇ ਦਿਲ ਚ ਬਹੁਤ ਇੱਜ਼ਤ ਹੈ ਤੇਰੇ ਲਈ ਬਹੁਤ ਪਿਆਰ ਹੈ।

ਸਮਾਂ ਗੁਜ਼ਰਦਾ ਗਿਆ ਹੋਲੀ- ਹੋਲੀ ਮੇਰੀ ਸੋਚ ਤੇ ਨਜ਼ਰੀਆ ਉਸ ਇਨਸਾਨ ਲਈ ਵਧੀਆ ਹੋਣ ਲੱਗਾ, ਅਸੀਂ ਹਰ ਰੋਜ਼ ਗੱਲਾਂ-ਬਾਤਾਂ ਕਰਦੇ, ਮੇਰੇ ਵਿਚ ਓਹ ਦੇ ਕਾਰਨ ਬਹੁਤ ਬਦਲਾਅ ਆ ਗਿਆ, ਅਸੀਂ ਇੱਕ ਦੂਜੇ ਨਾਲ ਹਰ ਇੱਕ ਗੱਲ ਸਾਂਝੀ ਕਰਦੇ ਰਹੇ, ਉਹ ਦੇ ਨਾਲ ਮੈਨੂੰ ਵੀ ਪਿਆਰ ਹੋ ਗਿਆ ਜਦੋਂ ਵੀ ਅਸੀਂ ਇਕੱਠੇ ਬੈਠਕੇ ਗੱਲਬਾਤ ਕਰਦੇ ਮੈਨੂੰ ਬਹੁਤ ਚੰਗਾ ਲੱਗਦਾ। ਮੈ ਉਸ ਦੇ ਇਜ਼ਹਾਰ ਨੂੰ ਕਬੂਲ ਕਰ ਲਿਆ। ਮੈਂ ਓਹ ਨੂੰ ਹੱਦੋਂ ਵੱਧ ਪਿਆਰ ਕਰਨ ਲੱਗੀ। ਅਸੀਂ ਹਰ ਰੋਜ਼ ਇਕੱਠੇ ਬੈਠਕੇ ਚਾਹ ਪੀਂਦੇ, ਉਹ ਵੀ ਮੈਨੂੰ ਬਹੁਤ ਪਿਆਰ ਤੇ ਇੱਜ਼ਤ ਦਿੰਦਾ।

ਮੇਰੇ ਸੁਪਨਿਆਂ ਦੀ ਉਡਾਣ ਬਹੁਤ ਉੱਚੀ ਹੁੰਦੀ ਗਈ, ਬਹੁਤ ਸੋਚਦੀ ਵਿਆਹ ਵਾਲੇ ਦਿਨ ਜਦੋਂ

ਜੋਗਿੰਦਰ ਦੇ ਲਾਲ ਪੱਗ ਬੰਨੀ ਹੋਊ ਤੇ ਮੈ ਲਾਲ ਸੂਟ ਪਾਇਆ ਹੋਊ ਅਸੀਂ ਕਿੰਨੇ ਸੋਹਣੇ ਲੱਗਾਂਗੇ, ਰੱਬ ਜੀ ਨੇ ਕਿੰਨਾ ਚੰਗਾ ਜੀਵਨ ਸਾਥੀ ਚੁਣ ਲਿਆ ਮੇਰੇ ਲਈ, ਸੱਚੀ ਸ਼ੁਕਰਗੁਜ਼ਾਰ ਹਾਂ ਓਸ ਰੱਬ ਦੀ ਬਹੁਤ ਕਿਸਮਤ ਵਾਲੀ ਹਾਂ ਮੈਂ। ਮੇਰੀਆ ਖੁੱਲ੍ਹੀਆਂ ਅੱਖਾਂ ਨਾਲ ਬੁਣਿਆ ਸੁਪਨਿਆਂ ਦਾ ਤਾਣਾ ਬਾਣਾ ਬਹੁਤ ਲੰਬਾ ਜਾ ਚੁੱਕਿਆ ਸੀ। ਬੇਵਜ੍ਹਾ ਓਹ ਦੇ ਪਿਆਰ ਕਾਰਨ ਮੇਰੇ ਮੁੱਖ ਤੇ ਮੁਸਕਾਨ ਰਹਿਣ ਲੱਗੀ ਸੀ।

ਕੁੱਝ ਮਹੀਨੇ ਗੁਜ਼ਰੇ, ਤੇ ਓਹ ਮੈਨੂੰ ਕਹਿੰਦਾ ਆਪਾਂ ਇਸ ਐਤਵਾਰ ਘੁੰਮਣ ਚੱਲਦੇ ਆ ਕੀਤੇ ਬਾਹਰ, ਮੈਂ ਉਸ ਨੂੰ ਨਾਂਹ ਕਰ ਦਿੱਤੀ ਕਿ ਜੇ ਕਿਸੇ ਨੇ ਵੇਖ ਲਿਆ ਐਵੇਂ ਬਿਪਤਾ ਮੁੱਲ ਲੈ ਲਾਗੇ। ਪਰ ਉਹ ਨਾ ਮੰਨਿਆ ਕਹਿੰਦਾ ਫ਼ਿਕਰ ਨਾ ਕਰ ਤੂੰ ਆਪਣੇ ਨਾਲ ਹੋਏਗੀ ਕਿਸੀ ਬੇਗਾਨੇ ਨਾਲ ਨਹੀਂ। ਮੈਂ ਉਸ ਦੇ ਨਾਲ ਘੁੰਮਣ ਲਈ ਰਾਜ਼ੀ ਹੋ ਗਈ।

ਐਤਵਾਰ ਦਾ ਦਿਨ ਆ ਗਿਆ ਤੇ ਮੈ ਘਰੇ ਓਵਰ ਟਾਈਮ ਕਲਾਸਿਸ ਦਾ ਬਹਾਨਾ ਲਗਾ ਕੇ ਜੋਗਿੰਦਰ ਨਾਲ ਚਲੇ ਗਈ। ਅਸੀਂ ਇੱਕ ਕੈਫ਼ੇ ਤੇ ਕੌਫ਼ੀ ਪੀਤੀ,ਉਸ ਤੋ ਬਾਅਦ ਕਈ ਥਾਵਾਂ ਤੇ ਘੁੰਮੇ, 12 ਕੁ ਵਜੇ ਉਹ ਮੈਨੂੰ ਬਿਨਾਂ ਪੁੱਛਿਆ ਦੱਸਿਆ ਇੱਕ ਹੋਟਲ ਚ ਲੈ ਗਿਆ, ਜਦੋਂ ਮੈਂ ਪੁੱਛਿਆ ਐਥੇ ਕਿਉਂ ਆਏ ਆ ਆਪਾਂ? ਤਾਂ ਉਸ ਦਾ ਜਵਾਬ ਸੀ ਆਪਾ ਇਕੱਠੇ ਬਹਿਕੇ ਇਕੱਲੇ ਰੂਮ ਚ ਗੱਲਬਾਤ ਕਰਾਂਗੇ, ਨਾਲੇ ਆਪਾਂ ਨੂੰ ਕਿਸੇ ਦੇ ਦੇਖਣ ਦਾ ਖ਼ਤਰਾ ਨਹੀ ਹੋਊ, ਵੈਸੇ ਵੀ ਬਾਹਰ ਬਹੁਤ ਸ਼ੋਰ ਸ਼ਰਾਬਾ। ਐਨਾ ਕਹਿਣ ਤੇ ਉਸ ਨੇ ਇੱਕ ਰੂਮ ਬੁੱਕ ਕੀਤਾ। ਉਸ ਹੋਟਲ ਦਾ ਮਾਹੌਲ ਬੜਾ ਬਦਤਰ ਸੀ, ਕੋਈ ਕੁੜੀ ਸਿਗਰਟ ਪੀ ਰਹੀ ਸੀ ਕੋਈ ਜੋੜਾ ਬਾਂਹਾਂ ਚ ਬਾਂਹਾਂ ਪਾਕੇ ਜਾ ਰਿਹਾ ਸੀ। ਫਿਰ ਮੈਂ ਤੇ ਜੋਗਿੰਦਰ ਇਸ ਤਰ੍ਹਾਂ ਦੇ ਲੋਕਾਂ ਵਿਚੋਂ ਲੰਘਦੇ ਹੋਏ ਰੂਮ ਚ ਚਲੇ ਗਏ। ਅਸੀਂ ਦੋਨੋਂ ਇੱਕ ਦੂਜੇ ਦੇ ਆਹਮੋ- ਸਾਹਮਣੇ ਸਾਂ,ਉਹ ਮੇਰਾ ਹੱਥ ਫੜਕੇ ਬੈਠਾ ਰਿਹਾ, ਕੁੱਝ ਸਮੇਂ ਬਾਅਦ ਓਹ ਦੇ ਵਿਵਹਾਰ ਚ ਬਦਲਾਅ ਆਉਣ ਲੱਗਾ, ਉਹ ਕੁੱਝ ਜ਼ਿਆਦਾ ਹੀ ਮੇਰੇ ਨਜ਼ਦੀਕ ਆਉਣ ਦੀ ਕੋਸ਼ਿਸ਼ ਕਰਨ ਲੱਗਾ,ਜਦੋਂ ਉਹ ਜ਼ਿਆਦਾ ਹੱਕਦਾਰ ਜਿਹਾ ਹੋਣ ਲੱਗਾ, ਮੈਂ ਕੰਬਦੀ ਹੋਈ ਨੇ ਉਸ ਨੂੰ ਰੋਕ ਦਿੱਤਾ। ਉਹ ਬਹੁਤ ਗ਼ੁੱਸੇ ਚ ਮੈਨੂੰ ਬੋਲਿਆ ਬੱਸ ਤੇਰੀ ਆਹ ਹੀ ਪ੍ਰਾਬਲਮ ਹੈ, ਤੂੰ ਕਦੀ ਮੇਰੀ ਹੋ ਹੀ ਨਹੀਂ ਸਕਦੀ, ਕਿੰਨਾ ਪਿਆਰ ਕਰਦਾ ਬੱਸ ਤੈਨੂੰ ਮੇਰੇ ਪਿਆਰ ਤੇ ਯਕੀਨ ਹੀ ਨਹੀਂ, ਕੀ ਮੇਰੇ ਐਨਾ ਵੀ ਹੱਕ ਨਹੀਂ ਕਿ ਤੇਰੇ ਤੇ ਹਰ ਹੱਕ ਜਤਾ ਸਕਾ? ਥੱਕ ਗਿਆ ਤੇਰੀਆਂ ਰੋਕਾਂ ਟੋਕਾਂ ਤੇ ਬੰਦਿਸ਼ਾਂ ਤੋਂ ਨਵਰੀਤ, ਤੈਨੂੰ ਵਾਈਫ਼ ਮੰਨਿਆ ਮੈ, ਦੱਸ ਤੂੰ ਐਨਾ ਵੀ ਹੱਕ ਨਹੀਂ ਦੇ ਸਕਦੀ ਮੈਨੂੰ? ਉਸ ਸਮੇਂ ਮੈਨੂੰ ਇੰਵ ਲੱਗਿਆਂ ਕਿ ਹਾਂ ਮੈਂ ਹੀ ਗਲਤ ਹਾਂ, ਬਿਨਾਂ ਕੁੱਝ ਸੋਚਿਆ ਸਮਝਿਆ ਮੈਂ ਉਸ ਨੂੰ ਆਪਣਾ ਸਭ ਕੁੱਝ ਅਰਪਣ ਕਰ ਦਿੱਤਾ। ਓਸ ਸਮੇਂ ਮੇਰੀਆ ਅੱਖਾਂ ਚ ਹੰਝੂ ਸਨ, ਬੱਸ ਮੈਂ ਚੁੱਪ ਸੀ , ਪਰ ਬਹੁਤ ਵੱਡੀ ਗੁਨਾਹਗਾਰ ਸੀ ਮੈ ਆਪਣੇ ਮਾ ਪਿਉ ਦੀ। ਬੱਸ ਓਸ ਜਿਸਮ ਦੇ ਅੱਡੇ ਚ ਉਹ ਮੇਰੇ ਜਿਸਮ ਨਾਲ ਖੇਡ ਗਿਆ।

ਸ਼ਾਮ ਹੋਣ ਤੇ ਮੈ ਜਦੋਂ ਘਰੇ ਆਈ, ਮੈ ਆਪਣੇ ਬੇਬੇ ਬਾਪੂ ਨਾਲ ਅੱਖ ਵੀ ਨਾ ਮਿਲਾ ਸਕੀ ਬੱਸ ਉਨ੍ਹਾਂ ਤੋਂ ਲੁੱਕ-ਲੁੱਕ ਰੋਂਦੀ ਰਹੀ। ਅਗਲੇ ਦਿਨ ਮੈਂ ਸੈਂਟਰ ਨਾ ਗਈ, ਬੱਸ ਮਨ ਡਰਿਆ ਡਰਿਆ ਜਿਹਾ ਸੀ। ਫਿਰ ਸੋਚਿਆ ਬੇਬੇ ਨਾਲ ਕੰਮ ਕਰਵਾ ਦਵਾ ਸ਼ਾਇਦ ਮੇਰਾ ਮਨ ਕੰਮ ਚ ਲੱਗਣ ਨਾਲ ਕੁੱਝ ਹੋਰ ਹੋ ਜਾਵੇ। ਮੈ ਕੁੱਝ ਕੱਪੜੇ ਧੋਣ ਲੱਗ ਪਈ, ਕੱਪੜੇ ਧੋਂਦੀ ਦੇ ਇੱਕ ਦਮ ਮੇਰੇ ਹੱਥ ਚ ਕੋਈ ਤਿੱਖੀ ਚੀਜ਼

ਚੁਭੀ ਤੇ ਮੇਰਾ ਹੱਥ ਜ਼ਖਮੀ ਹੋਕੇ ਖੂਨ ਨਾਲ ਲੱਥ ਪੱਥ ਹੋ ਗਿਆ, ਤੇ ਧੋਣ ਲਈ ਰੱਖੀ ਬਾਪੂ ਦੀ ਚਿੱਟੀ ਪੱਗ ਖੂਨ ਨਾਲ ਭਿੱਜ ਗਈ, ਬਾਪੂ ਦੀ ਚਿੱਟੀ ਪੱਗ ਤੇ ਲੱਗੇ ਖੂਨ ਦੇ ਦਾਗ ਵੇਖ ਕੇ ਮੈਂ ਚੀਕ ਮਾਰੀ, ਮੇਰੀ ਬੇਬੇ ਚੀਕ ਸੁਣਕੇ ਨੰਗੇ ਪੈਰੀ ਭੱਜੀ ਆਈ। ਬੇਬੇ ਬੋਲੀ ਰੀਤ ਕੀ ਹੋਇਆ ਮੈਂ ਬਾਪੂ ਦੀ ਪੱਗ ਨੂੰ ਸੀਨੇ ਨਾਲ ਲਾਕੇ ਬੈਠੀ ਰਹੀ, ਉੱਚੀ-ਉੱਚੀ ਭੁੱਬਾਂ ਮਾਰ ਕੇ ਰੋਂਦੀ ਹੋਈ ਬੋਲੀ, ਬੇਬੇ ਮੈਂ ਬਾਪੂ ਦੀ ਪੱਗ ਨੂੰ ਦਾਗ ਲਾਤਾ, ਦੇਖ ਬੇਬੇ ਮੇਰੇ ਬਾਪੂ ਦੀ ਪੱਗ ਦਾ ਮੈ ਕੀ ਹਾਲ ਕਰਤਾ ਮੇਰਾ ਬਾਪੂ ਕਦੀ ਮਾਫ਼ ਨੀ ਕਰੂ ਬੇਬੇ ਮੈਨੂੰ। ਮੇਰੀ ਬੇਬੇ ਮੇਰੀ ਇਹ ਹਾਲਾਤ ਵੇਖ ਘਬਰਾ ਗਈ, ਉਹ ਨੇ ਮੇਰੇ ਤੋਂ ਪੱਗ ਖੋਹ ਕੇ ਇੱਕ ਪਾਸੇ ਰੱਖ ਦਿੱਤੀ, ਤੇ ਮੈਨੂੰ ਘੁੱਟ ਕੇ ਗਲ ਨਾਲ ਲਾਇਆ ਕੋਈ ਨਾ ਪੁੱਤ ਇਹ ਦਾਗ ਮੈਂ ਆਪੇ ਧੋ ਦੇਵਾਂਗੀ,ਫਿਰ ਬੇਬੇ ਆਪਣੀ ਚੁੰਨੀ ਦਾ ਲੜ ਪਾੜ ਕੇ ਮੇਰੇ ਜ਼ਖਮੀ ਹੱਥ ਤੇ ਪੱਟੀ ਕਰਨ ਲੱਗੀ, ਮੇਰਾ ਸਿਰ ਪਰੋਸਿਆ ਤੇ ਮੈਨੂੰ ਕਮਰੇ ਚ ਕੰਬਲ ਦੇ ਕੇ ਸੁਲਾ ਗਈ।ਪਰ ਮੇਰਾ ਮਨ ਬੋਲਿਆ ਕਿੱਦਾਂ ਲਾਹੇਗੀ ਮਾਏ ਤੇਰੀ ਇੱਜ਼ਤ ਤੇ ਲੱਗਿਆ ਦਾਗ। ਮੈ ਸਾਰੀ ਰਾਤ ਓਹੀ ਡਰ ਨਾਲ ਕੰਬਦੀ ਰਹੀ। ਬਹੁਤ ਵੱਡੀ ਗੁਨਾਹਗਾਰ ਸੀ ਮੈ ਬੇਬੇ ਬਾਪੂ ਦੀ, ਜੋ ਮਹੀਨਿਆਂ ਦੇ ਪਿਆਰ ਪਿੱਛੇ ਸਾਲਾਂ ਦਾ ਪਿਆਰ ਭੁੱਲ ਗਈ ਸੀ। ਅਗਲੀ ਸਵੇਰ ਮੈਂ ਸੈਂਟਰ ਚ ਗਈ, ਮੈਂ ਜੋਗਿੰਦਰ ਨਾਲ ਸਾਫ਼ ਸਾਫ਼ ਗੱਲ ਕਰਨ ਦਾ ਫ਼ੈਸਲਾ ਕਰ ਲਿਆ ਸੀ। ਉਹ ਮੇਰੇ ਵੱਲ ਇਸ ਤਰ੍ਹਾਂ ਵੇਖ ਰਿਹਾ ਜਿਵੇਂ ਕੁੱਝ ਹੋਇਆ ਹੀ ਨਾ ਹੋਵੇ। ਮੈ ਉਸ ਨੂੰ ਕਿਹਾ ਬਹੁਤ ਹੋ ਗਈਆਂ ਹੁਣ ਇਸ਼ਕ ਦੀਆਂ ਪਹੇਲੀਆਂ, ਮੈ ਇਸ ਦਾਗ਼ੀ ਜ਼ਿੰਦਗੀ ਨਾਲ ਨਹੀਂ ਜੀਅ ਸਕਦੀ, ਤੇਰੇ ਅੱਗੇ ਹੱਥ ਜੋੜਦੀ ਆ ਪਲੀਜ਼ ਮੇਰੇ ਘਰੇ ਤੂੰ ਆਪਣੇ ਰਿਸ਼ਤੇ ਦੀ ਗੱਲ ਕਰਲਾ। ਵੇਖ ਮੈ ਆਪਣੀਆਂ ਨਜ਼ਰਾਂ ਚ ਹੀ ਮੁਲਜ਼ਮ ਬਣੀ ਫਿਰਦੀ ਆ, ਤੂੰ ਆਪਣੇ ਘਰਦਿਆਂ ਨੂੰ ਮਨਾ ਲਾ ਜੋਗਿੰਦਰ, ਮੇਰੇ ਮਾਪਿਆਂ ਨਾਲ ਇੱਕ ਵਾਰ ਗੱਲ ਕਰਲਾ ਉਹ ਕਦੀ ਨਾਂਹ ਨਹੀਂ ਕਰਨਗੇ ਬਹੁਤ ਲਾਡਲੀ ਹਾ ਮੈਂ ਉਨ੍ਹਾਂ ਨੂੰ। ਉਹ ਬੱਸ ਸੁਣਦਾ ਰਿਹਾ ਮੈਨੂੰ, ਤੇ ਖਿੱਝਕੇ ਬੋਲਿਆ ਬੱਸ ਹੋ ਗਏ ਤੇਰੇ ਪ੍ਰਵਚਨ, ਜਿੰਨੀ ਭੋਲੀ ਤੈਨੂੰ ਸਮਝਦਾ ਸੀ ਵੈਸੇ ਤੂੰ ਓਨੀ ਹੈ ਨੀ। ਸਬਰ ਰੱਖ ਵਿਆਹ ਦੇ ਫ਼ੈਸਲੇ ਕੋਈ ਮਜ਼ਾਕ ਨਹੀਂ ਆ ਜੋ ਮਿੰਟਾਂ ਚ ਲੈ ਲਵਾ। ਮੈਂ ਅੱਖਾਂ ਦੇ ਹੰਝੂ ਪੂੰਝਦੀ ਹੋਈ ਬੋਲੀ, ਅੱਛਾ ਕਿਸੀ ਦੇ ਦਿਲ ਤੇ ਜਿਸਮ ਨਾਲ ਖੇਡਣ ਦੇ ਫ਼ੈਸਲੇ ਤੇਰੇ ਵਰਗੇ ਇਨਸਾਨ ਤੋਂ ਬੜੀ ਜਲਦੀ ਲੈ ਹੋ ਜਾਦੇ ਨੇ। ਉਹ ਮੈਨੂੰ ਗ਼ੁੱਸੇ ਚ ਬੋਲਿਆ ਬੱਸ ਤੇਰੇ ਵਰਗੀ ਪੇਂਡੂ ਨਾਲ ਮੇਰੀ ਸੋਚ ਮਿਲ ਵੀ ਨਹੀਂ ਸਕਦੀ। ਮੈਂ ਝੂਠੀ ਹਾਸੀ ਹੱਸਦੀ ਨੇ ਕਿਹਾ ਵਾਹ ਓਏ ਸਰਦਾਰਾ! ਹੁਣ ਤੈਨੂੰ ਮੇਰੀ ਸੋਚਣੀ ਪੇਂਡੂ ਲੱਗ ਪਈ, ਕਦੀ ਤੈਨੂੰ ਮੇਰੇ ਵਿਚੋਂ ਰੱਬੀ ਦੀਦਾਰ ਹੁੰਦਾ ਸੀ। ਲਾਉਣੀਆਂ ਸੌਖੀਆਂ ਪਰ ਨਿਭਾਉਣੀਆਂ ਬਹੁਤ ਔਖੀਆਂ ਨੇ ਸਰਦਾਰਾ। ਉਹ ਬੋਲਿਆ ਬੱਸ ਬਹੁਤ ਜ਼ੁਬਾਨ ਲੜਾ ਲਈ, ਜੋ ਕਰਨਾ ਕਰ ਤੇਰੇ ਜਿਹੀ ਪੰਜਾਬੀ ਪੜੀ ਨਾਲ ਮੈਂ ਵਿਆਹ ਕਰਵਾਵਾਂ ਕਦੀ ਹੋ ਹੀ ਨੀ ਸਕਦਾ ਤੇਰਾ ਮੇਰਾ ਮੇਲ ਹੀ ਕੀ ਆ? ਮੇਰੀ ਜ਼ਿੰਦਗੀ ਤੋ ਦੂਰ ਰਹਿ। ਮੈਂ ਰੋਂਦੀ ਕੁਰਲਾਉਂਦੀ ਉਸ ਅੱਗੇ ਚੁੰਨੀ ਦਾ ਪੱਲਾ ਫੈਲਾ ਕੇ ਬੈਠ ਗਈ, ਭੀਖ ਮੰਗਦੀ ਏ ਤੇਰੇ ਕੋਲੋਂ ਮੇਰੀ ਇੱਜ਼ਤ ਲਈ ਹੀ ਮੇਰੇ ਨਾਲ ਵਿਆਹ ਕਰਵਾਲਾ ਸਾਰੀ ਉਮਰ ਤੇਰੀ ਗੁਲਾਮੀ ਕਰੂ, ਮੈਂ ਉਸ ਦੇ ਪੈਰਾਂ ਵਿਚ ਡਿੱਗ ਗਈ, ਪਰ ਉਸ ਨੇ ਮੈਨੂੰ ਲੱਤ ਮਾਰ ਇੱਕ ਪਾਸੇ ਸੁੱਟ ਦਿੱਤਾ। ਜਾਂਦਾ ਹੋਇਆ ਹੱਥ ਜੋੜ ਕਹਿ ਗਿਆ ਬੱਸ ਮੇਰਾ ਖਹਿੜਾ ਛੱਡ, ਜਿੱਥੇ ਮਰਜ਼ੀ ਜਾਹ ਜੋ ਕਰਨਾ ਕਰ। ਆਪਣੀ ਪੰਜਾਬੀ ਦੀ ਮਾਸਟਰੀ ਕਿਸੇ ਹੋਰ ਤੇ ਮਾਰੀ। ਨਾ ਖ਼ਤਮ ਕਰ ਮੈਨੂੰ ਸਰਦਾਰਾ ਜਿਊਂਦੀ ਨੂੰ। ਮੈਨੂੰ ਗ਼ੁੱਸੇ ਚ ਤੱਕਦਾ ਹੋਇਆ ਰੋਂਦੀ ਨੂੰ ਛੱਡ ਕੇ ਲੰਘ ਗਿਆ।

ਮੇਰੀ ਜ਼ਿੰਦਗੀ ਦਾ ਹਰ ਰਾਹ ਬੰਦ ਹੋ ਗਿਆ ਸੀ, ਪਾਪੀ ਨਿੱਕਲਿਆ ਤੂੰ ਤੇਰੀ ਸੋਚ ਚ ਹੀ ਪਾਪ ਸੀ, ਮੈਂ ਤਾਂ ਸੱਚੇ ਦਿਲੋਂ ਚਾਹਿਆ ਸੀ ਤੈਨੂੰ, ਹਾਂ ਮਰ ਜਾਵਾਂਗੀ ਪਰ ਕਿਸੀ ਹੋਰ ਦੀ ਨਹੀਂ ਹੁੰਦੀ। ਮੈਂ ਤਾਂ ਰੱਬ ਮੰਨਿਆ ਸੀ ਤੈਨੂੰ ਪਰ ਤੂੰ ਸਿਰਫ਼ ਹੈਵਾਨ ਨਿੱਕਲਿਆ।

ਤੇਰੇ ਹਾਸੇ ਵੀ ਅੱਜ ਬੜੇ ਹੋਣਗੇ, ਤੇਰੀਆਂ ਮਹਿਫ਼ਲਾਂ ਵੀ ਬੜੀਆਂ ਹੋਣਗੀਆਂ, ਪਤਾ ਮੈਨੂੰ ਤੂੰ ਜ਼ਰੂਰ ਖੇਡੇਗਾ ਹੋਰ ਇੱਜ਼ਤਾਂ ਦੇ ਨਾਲ ਆਪਣੀ ਹੈਵਾਨੀਅਤ ਦੀ ਭੁੱਖ ਨੂੰ ਮਿਟਾਉਣ ਲਈ। ਇਹ ਠੰਢੀ ਪੌਣ ਜਦੋਂ ਤੇਰੇ ਸੀਨੇ ਵਿਚ ਗੁਜ਼ਰੂ ਪਤਾ ਮੈਨੂੰ ਆਪਣੇ ਠਰਦੇ ਹੱਥਾਂ ਨੂੰ ਝੱਸੇਗਾ ਜ਼ਰੂਰ,,ਹਾਂ ਯਕੀਨਨ ਤੈਨੂੰ ਮੇਰਾ ਚੇਤਾ ਵੀ ਜ਼ਰੂਰ ਆਊ, ਜਦੋਂ ਤੂੰ ਭਾਫਾਂ ਨਿੱਕਲਦੇ ਚਾਹ ਦੇ ਪਿਆਲੇ ਨੂੰ ਤਰਾਸ਼ੇਗਾ, ਮੇਰੀ ਜ਼ਿੰਦਗੀ ਨੂੰ ਸੋਗਮਈ ਬਣਾਉਣ ਵਾਲਿਆਂ ਖ਼ੁਸ਼ ਰਹੀ, ਮੈ ਮੁੱਕ ਗਈ ਆ, ਪਰ ਇਹ ਅਲਫਾਜ਼ ਜ਼ਰੂਰ ਜਿਉਂਦੇ ਰਹਿਣਗੇ।

ਅਲਵਿਦਾ।

ਕੁਲਵਿੰਦਰ ਕੌਰ ਸੋਮਲ
ਪਿੰਡ: ਕਲੌੜ, ਜਿਲ੍ਹਾ ਫਤਹਿਗੜ੍ਹ ਸਾਹਿਬ।
ਸੰਪਰਕ: chattha3somal@gmail.com

# ਕਿਲ੍ਹਾ

ਓਦੋਂ ਪਤਾ ਲੱਗਾ
ਜਦੋਂ ਮੈਂ ਕਿਲ੍ਹੇ ਦੇ ਅੰਦਰ ਸੀ
ਵੱਸ ਕਾਸੇ ਤੇ ਨਾ
ਪਰ ਲੱਗਦਾ ਮੈਂ ਸਿਕੰਦਰ ਸੀ

ਸਾਰਾ ਕਿਲ੍ਹਾ ਮੈਨੂੰ ਕਿਸੇ ਦਿਖਾਇਆ
ਇਹ ਆਖ ਫਿਰ:
'ਕਿਲ੍ਹੇ ਅੰਦਰ ਹੀ ਹੈ ਬਾਹਰ ਜਾਣ ਦਾ ਰਸਤਾ'
ਉਹ ਚੁੱਪ ਚੁਪੀਤਾ  ਚਲਾ ਗਿਆ

ਉੱਚੀਆਂ ਕੰਧਾਂ ਬੂਹੇ ਭਾਰੇ
ਬੰਦ ਸਨ ਕੁੱਝ ਕਮਰੇ ਖੁੱਲ੍ਹੇ
ਰਸਤੇ ਬਹੁਤ ਸਾਰੇ
ਪਰ ਰਸਤਾ ਉਹੀ ਇੱਕ ਲਾਪਤਾ

ਬੜਾ ਸਤਿਆ ਮੈਂ ਬੜਾ ਖਪਿਆ
ਓਹ ਇੱਕ ਰਸਤਾ ਹੀ ਨਾ ਲੱਭਿਆ
ਚਾਨਕ ਪਰ ਇੱਕ ਦਿਨ
ਉਹ ਦਾਨਸ਼ਮੰਦ ਮਿੜਆ
ਚੁੱਪ ਚੁੱਪ ਮੈਨੂੰ ਆਪਣੀ ਉਂਗਲ ਲਾਇਆ
ਥੋੜ੍ਹਾ ਪਰਚਾਇਆ
ਤੇ ਮੇਰੇ ਕੰਨ ਵਿੱਚ ਫੁਸਫੁਸਾਇਆ
 ਚੱਲ ਚੱਲੀਏ ਬਾਹਰ-
ਪਰ ਕਿਲ੍ਹੇ ਦੇ ਹੋਰ ਅੰਦਰ ਵੱਲ ਨੂੰ
ਓਹ ਮੈਨੂੰ ਲੈ ਆਇਆ

## ਪੱਥਰ

ਸ਼ੋਰ ਮਚਾਉਂਦਾ
ਪੈਰ ਧਰਦਾ
ਜਿਨ੍ਹਾਂ ਪੱਥਰਾਂ 'ਤੇ
ਪਹੁੰਚ ਰਿਹਾਂ
ਮੈਂ ਟੀਸੀ ਵੱਲ

ਚੁੱਪ ਨੇ
ਉਹ ਸਾਰੇ ਪੱਥਰ

ਕਿਉਂ ਜੁ
ਉਹ ਜਾਣਦੇ

ਪਹੁੰਚ ਕੇ ਟੀਸੀ 'ਤੇ
ਪੱਥਰ ਹੋ ਕੇ
ਆਵਾਂਗਾ ਲੁੜਕਦਾ ਇੱਕ ਦਿਨ
ਉਨ੍ਹਾਂ ਵੱਲ
ਵਾਂਗ ਉਨ੍ਹਾਂ ਦੇ

ਵਰਿੰਦਰ ਪਰਿਹਾਰ



## 1. ਸਾਂਝ

ਖ਼ੌਰੇ ਉਸ ਸਾਜ਼ ਨਾਲ ਸੀ
ਉਸਦਾ ਕੋਈ ਪੁਰਾਣਾ ਰਿਸ਼ਤਾ ਜਾਂ
ਗੀਤ ਹੀ ਕੋਈ ਐਸਾ ਛੋਹਿਆ ਉਸਨੇ
ਘਰ ਦੇ ਸਟੋਰ ਰੂਮ ਚ ਬੰਦ
ਘੱਟੇ ਨਾਲ ਭਰਿਆ
ਜਾਲ਼ੇ ਲੱਗਿਆ
ਸਾਲਾਂ ਤੋਂ ਅਣਛੋਹ ਪਿਆ
ਉਹ ਸਾਜ਼ ਧੜਕ ਉੱਠਿਆ
ਆਪਣੇ ਆਪ ਉਸਦੇ ਗੀਤ ਨਾਲ
ਇਕਸੁਰ ਹੋ ਗਿਆ।


## 2. ਧਾਗੇ ਦੀ ਅਰਜੋਈ

ਸੌਖਾ ਨਹੀਂ ਹੁੰਦਾ ਲੰਘਣਾ
ਸੂਈ ਦੇ ਨੱਕੇ ਵਿਚੋਂ
ਨੱਕੇ ਨੂੰ ਕਬੂਲ ਨਹੀਂ
ਧਾਗੇ ਦੀ ਜ਼ਰਾ ਜਿੰਨੀ
ਲੂੰਈ ਵੀ ਏਧਰ ਓਧਰ
ਪਤਲਾ ਧਾਗਾ
ਐ...ਨ ਇੱਕਸਾਰ
ਕੋਈ ਕੋਈ ਵਿਚਾਰਾ ਮੇਰੇ ਵਰਗਾ
ਬਾਹਲਾ ਖਿਲਰਿਆ ਹੋਇਆ
ਖਾਸਾ ਵੱਟ ਚਾੜਨਾ ਪੈਂਦਾ
ਸਿਰਾ ਵੀ ਕੱਟਣਾ ਪੈ ਜਾਂਦਾ ਕਦੇ
ਧਾਗਾ ਅਰਦਾਸ ਕਰਦਾ ਦਰਜ਼ੀ ਅੱਗੇ
ਮੇਰੇ ਪਾਤਸ਼ਾਹ!
ਮੈਂ ਚਾਹ ਕੇ ਵੀ ਲੰਘ ਨਾ ਸਕਾਂ

ਚੰਗਾ ਭਲਾ ਮਹੀਨ ਤੁਰਿਆ ਆਉਂਦਾ
ਨੱਕੇ ਦੇ ਐਨ ਨੇੜੇ ਆ
ਮੈਂ ਫ਼ਿਰ ਖਿੱਲਰ ਜਾਨਾਂ,
ਮੈਨੂੰ ਕੱਟ ਦੇ...
ਵੱਟ ਦੇ...
ਸਿਰਾ ਫ਼ੇਹ ਦੇ...
ਪਰ ਲੰਘਣ ਜੋਗਾ ਕਰ ਦੇ
ਐਥੇ ਡੱਬੇ ਚ ਬੰਦ
ਲਪੇਟਿਆ ਲਪਟਾਇਆ ਮੈਂ ਕਿਹੜੇ ਕੰਮ
ਜਿੱਥੇ ਮੇਰੀ ਅਸਲੀ ਥਾਂ
ਓਸ ਥਾਂਵੇਂ ਲੱਗਣ ਜੋਗਾ ਕਰ ਦੇ।
ਹੇ ਪਾਤਸ਼ਾਹ!
ਮੈਨੂੰ ਲੰਘਣ ਜੋਗਾ ਕਰ ਦੇ।

## 3. . ਕਵਿਤਾ

ਕਵਿਤਾ ਲਿਖਦਾਂ
ਡਾਇਰੀ ਰੱਖ
ਟਾਰਚ ਬੰਦ ਕਰਕੇ
ਬਿਨਾਂ ਆਵਾਜ਼ ਕੀਤੇ
ਬਿਸਤਰ 'ਚ ਜਾਨਾਂ
ਸਰਾਹਣੇ 'ਤੇ ਸਿਰ ਰੱਖ ਸੋਚਦਾਂ
ਹੁਣ ਸੌਵਾਂਗਾ ਬੇਫ਼ਿਕਰ ਹੋ ਕੇ
ਅੱਖਾਂ ਅਜੇ ਮਿਚਣ ਹੀ ਲੱਗੀਆਂ ਸਨ ...
ਪੋਲੇ ਜਿਹੇ ਆ ਕੇ ਹਲੂਣਦਾ ਕੋਈ
ਆ ਜਾ...
ਕਿੱਥੇ...ਮੈਂ ਪੁੱਛਦਾਂ
ਤੇਰੀ ਡਾਇਰੀ ਕੋਲ਼,
ਮੈਂ...ਕਵਿਤਾ
ਏਦਾਂ ਕਿਉਂ ਆਈ ਏਂ
ਚੋਰੀ ਛਿੱਪੇ
ਤੂੰ ਕਵਿਤਾ ਏਂ ਕਿ ਪ੍ਰੇਮਿਕਾ



ਕੁਝ ਵੀ ਸਮਝ ਲੈ
ਉਹ ਹੱਸ ਕੇ ਕਹਿੰਦੀ ਹੈ
ਉਸਦਾ ਹੱਥ ਫ਼ੜ ਮੈਂ ਫ਼ਿਰ
ਆਸਾ ਪਾਸਾ ਵੇਖ
ਬਿਸਤਰ 'ਚੋਂ ਖਿਸਕਣ ਲਗਦਾਂ ਹਾਂ

## 4. ਦਵੰਦ

ਉੱਡਣ ਲਈ ਕਾਹਲਾ ਪੰਛੀ
ਵਾਰ-ਵਾਰ ਡਿੱਗ ਪੈਂਦਾ
ਚਾਵਾਂ ਨਾਲ ਖੰਭਾਂ 'ਚ ਜੜੇ
ਮੋਤੀਆਂ ਦੇ ਭਾਰ ਨਾਲ,
ਮੋਤੀਆਂ ਨਾਲ ਅੰਤਾਂ ਦਾ ਮੋਹ
ਉਸਨੂੰ ਉੱਡਣ ਨਾ ਦਿੰਦਾ,
ਉੱਡਣ ਦੀ ਤੀਬਰ ਇੱਛਾ
ਉਸਨੂੰ ਟਿਕਣ ਨਾ ਦਿੰਦੀ।

## 5. ਮੈਮੋਰੀ ਚਿੱਪ

ਸਹੇਲੀ ਕਹਿੰਦੀ ਏ
ਮੇਲੇ ਵਿੱਚ ਕੁਝ ਤਸਵੀਰਾਂ
ਤੇਰੀਆ ਵੀ ਖਿੱਚੀਆਂ ਸਨ
ਤੈਨੂੰ ਭੇਜ ਦਿੱਤੀਆ ਹਨ
ਸੇਵ ਕਰ ਲਵੀਂ
ਸੋਚਦਾਂ
ਕਿੱਥੇ ਸੇਵ ਕਰਾਂ
ਨਾਲ ਲੈ ਜਾ ਸਕਾਂ ਜੋ
ਮੇਰੀ ਮੈਮੋਰੀ ਚਿੱਪ ਵਿੱਚ
ਮੇਰੀ ਤਸਵੀਰ ਲਈ ਵੀ ਜਗ੍ਹਾ ਨਹੀ ਹੈ..



ਗਗਨ ਬਰਾੜ

1.
ਆਪਣੇ ਰਾਹ ਤੋਂ ਗੁੰਮਰਾਹ ਨਹੀਂ ਹਾਂ
ਐਂਵੇ ਹੀ ਲੋਕ ਸੋਚਦੇ ਨੇ
ਜਦ ਭਲਾ ਬਣ ਕੇ ਜਿਊਣਾ ਚਾਹੁੰਦਾ ਹਾਂ
ਲੋਕ ਬੁਰਾ ਬਣਾਉਣਾ ਲੋਚਦੇ ਨੇ
ਆਪ ਅਗਾਂਹ ਕੀ ਉਹ ਵਧਦੇ ਹੋਣਗੇ
ਕਦਮ ਜੋ ਦੂਜਿਆਂ ਦੇ ਰੋਕਦੇ ਨੇ
ਸੁਹੱਪਣ ਦੇ ਨੁਕਤੇ ਫੜ੍ਹਨ ਉਹ ਵੀ
ਖ਼ੁਦ ਮੂੰਹ ਜੋ ਕਦੇ ਹੀ ਪੋਚਦੇ ਨੇ
ਦਾਨ ਦਾ ਉਪਦੇਸ਼ ਦੇਣ ਲੱਗੇ ਜੋ
ਹੱਥੋਂ ਗਰੀਬਾਂ ਦੇ ਰਿਜ਼ਕ ਨੋਚਦੇ ਨੇ
ਗੱਲਾਂ ਅਜ਼ਾਦੀ ਦੀਆਂ ਕਰਨ ਉਹੀ
ਜੋ ਗ਼ੁਲਾਮੀ ਸਾਡੇ 'ਤੇ ਠੋਸਦੇ ਨੇ।



2.
ਮੈਂ ਆਪਣੇ ਲੋਕਾਂ ਦੀਆਂ ਪੀੜ੍ਹਾਂ ਦੀ ਗੱਲ ਕਰਾਂਗਾ
ਪਰਜਾ ਨੂੰ  ਨੋਚਣ ਗਿੱਝੀਆਂ ਕੁਤੀੜਾਂ ਦੀ ਗੱਲ ਕਰਾਂਗਾ।
ਬੰਦੂਕ, ਤੋਪਾਂ, ਪੁਲਿਸ-ਤੰਤਰ ਵੀ ਸਾਡਾ ਘਾਣ ਨੇ ਕਰਦੇ
ਨਿੱਤ ਖਾਂਦੀਆਂ ਡੰਡੇ ਇੱਥੇ ਭੀੜਾਂ ਦੀ ਗੱਲ ਕਰਾਂਗਾ।
ਡੇਰੇ, ਮੜ੍ਹੀਆਂ ਬੈਠੇ ਵਿਹਲੜ ਸਾਧੂ ਬੋਝ ਨੇ ਬਾਬੇ
ਲੋਕਾਂ ਨੂੰ ਲੁੱਟਦੀਆਂ ਨਿੱਤ ਮੰਡੀਰਾਂ ਦੀ ਗੱਲ ਕਰਾਂਗਾ।
ਪੁੱਛ ਦੇਸ਼ ਮੇਰੇ ਦੇ ਮਜਦੂਰਾਂ ਦੀ ਕੀ ਹਾਲਤ ਹੋਈ
ਕੰਕਾਲ ਬਣੇ ਜਰਜ਼ਰ ਸਰੀਰਾਂ ਦੀ ਗੱਲ ਕਰਾਂਗਾ।
ਇਹ ਸੋਹਣੇ ਬਾਣੇ ਭੁੱਖੇ ਢਿੱਡਾਂ ਕਿੱਥੋਂ ਨੇ ਪਾਉਣੇ
ਪਿੰਡੇ ਹੰਢਾਈਆਂ ਮੈਂ ਤਾਂ ਲੀਰਾਂ ਦੀ ਗੱਲ ਕਰਾਂਗਾ।
ਕਾਨੂੰਨ ਦੇ ਦਰਵਾਜੇ 'ਤੇ ਧੱਕੇ-ਸ਼ਾਹੀਆਂ ਹੁੰਦੀਆ
ਚੁੱਪ-ਚਾਪ ਵੇਖਦੀਆਂ ਕੁੱਝ ਤਸਵੀਰਾਂ ਦੀ ਗੱਲ ਕਰਾਂਗਾ।
ਦੱਬੇ-ਕੁਚਲਿਆਂ ਦਾ ਨਾ ਬਣਦਾ ਇੱਥੇ ਕੋਈ ਸਹਾਰਾ
ਇਨਸਾਫ਼ ਦੇ ਪੈਰਾਂ 'ਚ ਜੰਜੀਰਾਂ ਦੀ ਗੱਲ ਕਰਾਂਗਾ।
ਜੋ ਵਿਚ ਬਾਜ਼ਾਰਾਂ ਵਿਕਦੇ ਨੇ ਨੋਟਾਂ ਦੇ ਮੁੱਲ ਭਾਵਾਂ 'ਤੇ
ਲੋਭੀ ਕਲਮਕਾਰਾਂ ਦੀਆਂ ਜਮੀਰਾਂ ਦੀ ਗੱਲ ਕਰਾਂਗਾ।
ਲੁੱਟ ਮਿਹਨਤਾਂ ਸਾਡੀਆਂ ਖੱਟਣ ਉਹ ਸ਼ੁੱਧ ਮੁਨਾਫ਼ੇ
ਰੱਤ ਚੂਸਕੇ ਸਾਡੇ ਪਲ਼ਦੇ ਅਮੀਰਾਂ ਦੀ ਗੱਲ ਕਰਾਂਗਾ।
ਲੁਕ ਜਾਏਗੀ ਗਰੀਬੀ 'ਚ ਭਾਵੇਂ ਮੇਰੀ ਸ਼ਾਇਰੀ ਲੋਕੋ
ਡਿੱਗਦੇ ਘੁਣਾਂ ਖਾਧੇ ਘਰ ਦੇ ਸ਼ਤੀਰਾਂ ਦੀ ਗੱਲ ਕਰਾਂਗਾ।
ਐ ਕਲਮਕਾਰੋ! ਛੱਡ ਕਿ ਮਹਿਫ਼ਿਲ ਸਾਕੀ ਜਾਮ ਪਰ੍ਹਾਂ ਮੈਂ
ਮਾੜੇ ਉੱਪਰ ਉੱਠੀਆਂ ਸ਼ਮਸ਼ੀਰਾਂ ਦੀ ਗੱਲ ਕਰਾਂਗਾ।
'ਸੁਖਵੰਤ' ਤੇਰੀ ਮਹਿਫ਼ਿਲ ਦੇ ਕਾਬਿਲ ਬਣ ਸਕਿਆ ਤਾਂ
ਉਸਤਾਦ 'ਲਾਲੀ' ਤੋਂ ਸਿੱਖੀਆਂ ਬਹਿਰਾਂ ਦੀ ਗੱਲ ਕਰਾਂਗਾ।

ਸੁਖਵੰਤ ਸਿੰਘ ਜੜਤੌਲੀ
ਸੰਪਰਕ: 97798-41788



# ਚੰਦ 'ਤੇ ਜਾਣ ਦਾ ਕੱਚ-ਸੱਚ

ਮਨੁੱਖ ਵੱਲੋਂ ਚੰਨ ਅਤੇ ਮੰਗਲ ਗ੍ਰਹਿਆਂ ਵੱਲ ਉਡਾਰੀਆਂ ਤੇ ਹੋਰ ਪੁਲਾੜੀ ਖੋਜਾਂ ਬੇਹੱਦ ਹੈਰਾਨ ਕਰਨ ਵਾਲੀਆਂ ਹਨ। ਯੂਰੀ ਗਾਗਰਿਨ, ਨੀਲ ਆਰਮਸਟਰਾਂਗ, ਐਡਵਿਨ ਐਲਡਰਿਨ ਅਤੇ ਉਨ੍ਹਾਂ ਦੇ ਸਾਥੀਆਂ ਦੀ ਹਿੰਮਤ ਨੂੰ ਸਲਾਮ ਜਿਨ੍ਹਾਂ ਨੇ ਮਨੁੱਖਤਾ ਲਈ ਪੁਲਾੜ ਦੇ ਪ੍ਰਵੇਸ਼- ਦਵਾਰ ਖੋਲ੍ਹੇ। ਆਰਮਸਟਰਾਂਗ ਨੇ 'ਅਪੋਲੋ-99' ਰਾਹੀਂ 20 ਜੁਲਾਈ 1969 ਨੂੰ ਚੰਨ 'ਤੇ ਉਤਰਕੇ ਧਰਤੀ ਤੇ ਅੰਬਰ ਵਿਚਲੀ ਦੂਰੀ ਦੇ ਫ਼ਰਕ ਨੂੰ ਮਿਟਾ ਦਿੱਤਾ ਭਾਵੇਂ ਇਸ ਮੁੱਦੇ 'ਤੇ ਕੁਝ ਕਾਫਿਰਾਂ ਵੱਲੋਂ ਕਿੰਤੂ-ਪ੍ਰੰਤੂ ਕੀਤੇ ਜਾ ਰਹੇ ਹਨ।

ਹਾਲ ਹੀ ਵਿੱਚ ਹੋਈ ਨੀਲ ਆਰਮਸਟਰਾਂਗ ਦੀ ਮੌਤ ਤੋਂ ਬਾਅਦ ਅਜਿਹੀਆਂ ਦੰਦ ਕਥਾਵਾਂ ਮੁੜ ਚਰਚਾ ਵਿੱਚ ਆ ਗਈਆਂ ਹਨ। ਪੁਲਾੜੀ ਖੋਜ ਖੇਤਰ ਵਿੱਚ ਹੁਣ ਤੱਕ ਦੀ ਇਸ ਅਹਿਮ ਪ੍ਰਾਪਤੀ ਦੇ ਕੱਚ-ਸੱਚ ਨੂੰ ਨੰਗਾ ਕਰਨ ਲਈ ਕੁਝ ਖੋਜੀ ਪੱਤਰਕਾਰਾਂ ਅਤੇ ਸਨਕੀ ਸੁਭਾਅ ਦੇ ਵਿਗਿਆਨੀਆਂ ਨੇ 'ਮੂਨ ਕਾਂਸਪੀਰੇਸੀ' ਨਾਂ ਦੀ ਦਸਤਾਵੇਜ਼ੀ ਫ਼ਿਲਮ ਜਾਰੀ ਕੀਤੀ ਹੈ ਜਿਸ ਵਿੱਚ ਅਮਰੀਕਾ ਦੁਆਰਾ ਨੀਲ ਆਰਮਸਟਰਾਂਗ ਨੂੰ ਚੰਨ 'ਤੇ ਉਤਾਰੇ ਜਾਣ ਦੇ ਰਹੱਸ ਤੋਂ ਪਰਦਾ ਹਟਾਉਂਦਿਆਂ ਕਈ ਸਵਾਲ ਖੜ੍ਹੇ ਕੀਤੇ ਗਏ ਹਨ।

ਇਨ੍ਹਾਂ ਵਿੱਚੋਂ ਇੱਕ ਇਹ ਹੈ ਕਿ ਆਰਮਸਟਰਾਂਗ ਆਪਣੀ ਯਾਤਰਾ ਦੌਰਾਨ ਚੰਨ 'ਤੇ ਇੱਕ ਮਿੰਟ ਵਿੱਚ ਹੀ ਪ੍ਰਯੋਗਸ਼ਾਲਾ ਸਥਾਪਤ ਕਰ ਆਇਆ- ਜਿਸ ਵਿੱਚ ਇੱਕ ਲੇਜ਼ਰ ਸੈੱਟ ਅਤੇ ਸੀਸਮੋਗ੍ਰਾਫ ਸ਼ਾਮਲ ਸੀ। ਇਸ ਤੋਂ ਇਲਾਵਾ ਲੂਨਰ ਲੈਂਡਰ, ਝੰਡੇ ਆਦਿ ਵੀ ਚੰਨ ਉਪਰ ਹੀ ਛੱਡ ਦਿੱਤੇ ਗਏ ਪਰ ਸ਼ਕਤੀਸ਼ਾਲੀ ਤੋਂ ਸ਼ਕਤੀਸ਼ਾਲੀ ਟੈਲੀਸਕੋਪ, ਪੁਲਾੜ ਵਿੱਚ ਸਥਿਤ ਕੈਮਰੇ, ਦੂਰਬੀਨਾਂ ਕੋਈ ਵੀ ਇਨ੍ਹਾਂ ਦੀ ਹੋਂਦ ਨੂੰ ਨਹੀਂ ਦਰਸਾਉਂਦੀਆਂ।

ਜੇ ਚੰਨ 'ਤੇ ਪਹੁੰਚਣ ਦੀ ਘਟਨਾ ਨੇ ਕਦੇ ਸਾਕਾਰ ਨਾ ਹੋ ਸਕਣ ਵਾਲਾ ਸੁਪਨਾ ਪੂਰਾ ਕੀਤਾ ਹੁੰਦਾ ਤਾਂ ਉੱਥੇ ਜਾ ਵਸਣ ਲਈ ਮਨੁੱਖੀ ਕੋਸ਼ਿਸ਼ਾਂ ਜਾਰੀ ਰਹਿੰਦੀਆਂ ਅਤੇ ਸਵਾਲਾਂ ਦੇ ਜਵਾਬ ਲੱਭਣ ਦੇ ਹੀਲੇ ਵਰਤੇ ਜਾਂਦੇ ਪਰ ਇਸ ਘਟਨਾ ਤੋਂ ਬਾਅਦ ਇਹ ਮੁੱਦਾ ਠੱਪ ਹੀ ਹੋ ਗਿਆ। ਪ੍ਰਾਪਤ ਰਿਪੋਰਟ ਮੁਤਾਬਕ ਆਰਮਸਟਰਾਂਗ ਨੇ ਚੰਨ 'ਤੇ ਕਦਮ ਰੱਖਦੇ ਹੋਏ ਕਿਹਾ, ''ਮਨੁੱਖ ਦਾ ਇਹ ਛੋਟਾ ਜਿਹਾ ਕਦਮ ਮਨੁੱਖਤਾ ਲਈ ਬਹੁਤ ਵੱਡੀ ਛਲਾਂਗ ਹੈ।'' ਉਸ ਨੇ ਸ਼ਾਇਦ ਸੱਚ ਹੀ ਕਿਹਾ ਸੀ ਕਿ ਇਹ

ਇੱਕ ਛੋਟਾ ਜਿਹਾ ਕਦਮ ਸੀ ਪਰ ਬਹੁਤ ਵੱਡਾ ਫਰੇਬ ਜੋ ਮਨੁੱਖ ਨੂੰ ਕਈ ਪੁਲਾਂਘਾਂ ਦੇ ਬਰਾਬਰ ਪਿਆ। ਫ਼ਰਕ ਬਸ ਇਹੀ ਹੈ ਕਿ ਦਿਸ਼ਾ ਅੱਗੇ ਲਿਜਾਣ ਦੀ ਬਜਾਇ ਪਿੱਛੇ ਧੱਕਣ ਵਾਲੀ ਸੀ। ਹੁਣ ਸਵਾਲ ਇਹ ਉੱਠਦਾ ਹੈ ਕਿ ਆਖਰ ਨਾਸਾ ਨੂੰ ਇਹ ਸਾਜ਼ਿਸ਼ ਘੜਨ ਦੀ ਲੋੜ ਕਿਉਂ ਪਈ?

ਇਹ ਸਾਰਾ ਵਰਤਾਰਾ ਸਮਝਣ ਲਈ ਉਸ ਸਮੇਂ ਦੇ ਰਾਜਨੀਤਕ ਸਮੀਕਰਨਾਂ ਵੱਲ ਝਾਤ ਮਾਰਨਾ ਜ਼ਰੂਰੀ ਹੈ। 1950 ਦੇ ਮੱਧ ਤੀਕ ਰੂਸ ਅਤੇ ਅਮਰੀਕਾ ਪੁਲਾੜ ਖੋਜਾਂ ਦੇ ਮੋਹਰੀ ਮੁਲਕਾਂ ਵਜੋਂ ਦੁਨੀਆਂ ਦੇ ਸਾਹਮਣੇ ਆਏ। ਰੂਸ 14 ਸਤੰਬਰ 1959 ਨੂੰ ਨਿਊਸਿਕ-2 ਨਾਂ ਦਾ ਪੁਲਾੜੀ ਵਾਹਨ ਚੰਨ 'ਤੇ ਉਤਾਰ ਕੇ ਅਮਰੀਕਾ ਨਾਲੋਂ ਇੱਕ ਕਦਮ ਮੂਹਰੇ ਹੋ ਗਿਆ। ਇਸ ਤੋਂ ਪਹਿਲਾਂ 4 ਅਕਤੂਬਰ 1957 ਨੂੰ ਪਹਿਲਾ ਬਨਾਉਟੀ ਉਪਗ੍ਰਹਿ 'ਸਪੂਤਨਿਕ' ਵੀ ਪੁਲਾੜ ਵਿੱਚ ਪਹਿਲਾਂ ਰੂਸ ਨੇ ਹੀ ਛੱਡਿਆ ਸੀ। 12 ਅਪਰੈਲ 1961 ਨੂੰ ਯੂਰੀ ਗਾਗਰਿਨ ਨੇ ਪੁਲਾੜ ਯਾਤਰਾ ਕਰਕੇ ਅਮਰੀਕਾ ਨੂੰ ਤਿੰਨ ਕਦਮ ਪਿੱਛੇ ਛੱਡ ਦਿੱਤਾ। ਰੂਸ ਦੀਆਂ ਇਨ੍ਹਾਂ ਪ੍ਰਾਪਤੀਆਂ ਕਾਰਨ ਅਮਰੀਕਾ ਨੂੰ ਹੱਥਾਂ ਪੈਰਾਂ ਦੀ ਪੈ ਗਈ। ਇਸ ਦਾ ਅੰਦਾਜ਼ਾ ਤਤਕਾਲੀ ਅਮਰੀਕੀ ਰਾਸ਼ਟਰਪਤੀ ਜੇ.ਐਫ. ਕੈਨੇਡੀ ਦੇ ਬਿਆਨ ਕਿ, ''ਚੰਨ 'ਤੇ ਤਾਂ ਸਭ ਤੋਂ ਪਹਿਲਾਂ ਅਮਰੀਕੀ ਹੀ ਉਤਰੇਗਾ।'' ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ। ਸ਼ਾਇਦ ਅਮਰੀਕਾ ਵੱਲੋਂ ਸ਼ੁਰੂ ਕੀਤੇ ਗਏ ਅਪੋਲੋ ਮਿਸ਼ਨ ਦਾ ਟੀਚਾ ਵੀ ਇਹੋ ਸੀ।

1950-60 ਦੇ ਦਹਾਕੇ ਦੌਰਾਨ ਅਮਰੀਕਾ ਅਤੇ ਸੋਵੀਅਤ ਰੂਸ ਵਿੱਚ ਠੰਢੀ ਜੰਗ ਸਿਖ਼ਰ 'ਤੇ ਸੀ। ਰੂਸ ਦੀ ਇੱਕ ਤੋਂ ਬਾਅਦ ਇੱਕ ਪ੍ਰਾਪਤੀ ਨੇ ਅਮਰੀਕਾ ਨੂੰ ਬੌਖਲਾ ਦਿੱਤਾ ਸੀ। ਉਸ ਨੂੰ ਡਰ ਸੀ ਕਿ ਹੁਣ ਰੂਸ ਅਮਰੀਕਾ 'ਤੇ ਹਮਲੇ ਲਈ ਪੁਲਾੜ ਦੀ ਵਰਤੋਂ ਕਰੇਗਾ। ਇਸ ਦੀ ਸ਼ਾਹਦੀ ਉਸ ਸਮੇਂ ਨਿਊਯਾਰਕ ਟਾਈਮਜ਼ ਵਿੱਚ ਛਪਿਆ ਵੱਡਾ ਲੇਖ ਭਰਦਾ ਹੈ, ਜਿਹੜਾ ਅਮਰੀਕੀ ਸੰਸਦ ਵੱਲੋਂ ਨਾਗਰਿਕਾਂ ਦੀ ਤਸੱਲੀ ਲਈ ਛਪਵਾਇਆ ਗਿਆ ਸੀ।

ਦੁਨੀਆਂ ਭਰ ਦੇ ਹਜ਼ਾਰਾਂ, ਲੱਖਾਂ ਲੋਕਾਂ ਦੇ ਨਾਲ-ਨਾਲ ਰਾਕੇਟ ਨਿਰਮਾਤਾ ਕੰਪਨੀ ਦਾ ਚੀਫ਼ ਇੰਜਨੀਅਰ ਅਤੇ ਸਮੀਖਿਅਕ ਬਿਲਕੇਸਿੰਗ ਵੀ ਇਸ ਇਤਿਹਾਸਕ ਨਜ਼ਾਰੇ ਨੂੰ ਸਿੱਧੇ ਪ੍ਰਸਾਰਨ ਰਾਹੀਂ ਦੇਖ ਰਿਹਾ ਸੀ ਪਰ ਆਲੇ-ਦੁਆਲੇ ਤਾਰਿਆਂ ਦੀ ਗ਼ੈਰ-ਮੌਜੂਦਗੀ, ਹਵਾ ਰਹਿਤ ਵਾਤਾਵਰਨ ਦੇ ਬਾਵਜੂਦ ਝੂਲਦਾ ਹੋਇਆ ਅਮਰੀਕੀ ਝੰਡਾ ਅਤੇ ਲੂਨਰ ਲੈਂਡਰ ਦੇ ਚੰਨ 'ਤੇ ਉਤਰਨ ਨਾਲ ਤਲ 'ਤੇ ਖੱਡੇ ਦਾ ਨਾ ਬਣਨਾ ਆਦਿ ਤੱਥਾਂ ਨੇ ਉਸ ਦੇ ਮਨ ਵਿੱਚ ਸ਼ੰਕੇ ਖੜ੍ਹੇ ਕਰ ਦਿੱਤੇ ਕਿ ਕੀ ਇਹ ਸਭ ਕੁਝ ਸੱਚਮੁੱਚ ਹੀ ਚੰਦ ਦੇ ਧਰਾਤਲ 'ਤੇ ਹੋ ਰਿਹਾ ਹੈ?

ਇੱਕ ਅਧਿਐਨ ਮੁਤਾਬਕ ਲਗਪਗ 20 ਫ਼ੀਸਦੀ ਅਮਰੀਕੀ ਨਾਗਰਿਕਾਂ ਦਾ ਅਜੇ ਵੀ ਇਹ ਮੰਨਣਾ ਹੈ ਕਿ ਅਸੀਂ ਕਦੇ ਵੀ ਚੰਨ 'ਤੇ ਪੈਰ ਨਹੀਂ ਧਰਿਆ ਅਤੇ ਮਨੁੱਖ ਦੀ ਇਹ ਸਰਬੋਤਮ ਪ੍ਰਾਪਤੀ ਇੱਕ ਸਾਜ਼ਿਸ਼ ਤੋਂ ਵੱਧ ਹੋਰ ਕੁਝ ਨਹੀਂ ਸੀ। ਕੀ ਨਾਸਾ ਨੇ ਦੁਨੀਆਂ ਨੂੰ ਧੋਖਾ ਦਿੱਤਾ? ਇਸ ਬਾਰੇ ਨਾਸਾ ਦਾ ਇੱਕ 1960 ਦਾ ਪੁਲਾੜ ਯਾਤਰੀ ਬਰਾਇਮ ਲੀਅਰੀ ਕਹਿੰਦਾ ਹੈ ਕਿ ਅਮਰੀਕਾ ਨੇ ਸੋਵੀਅਤ ਰੂਸ ਤੋਂ ਠੰਢੀ ਜੰਗ ਜਿੱਤਣ ਲਈ ਇਹ ਪ੍ਰਪੰਚ ਰਚਿਆ ਹੋ ਸਕਦਾ ਹੈ। ਕਈ ਵਿਗਿਆਨੀਆਂ ਮੁਤਾਬਕ ਚੰਨ 'ਤੇ ਪਹੁੰਚਣਾ ਅਜੇ ਤੱਕ ਵੀ ਅਸੰਭਵ ਹੈ। ਇਸ ਦਾ ਮੁੱਖ ਕਾਰਨ ਚੰਨ ਦੁਆਲੇ ਮੌਜੂਦ ਬੇਹੱਦ ਖ਼ਤਰਨਾਕ ਵੈਨ ਐਲਨ ਰੇਡੀਏਸ਼ਨ ਬੈਲਟਾਂ ਹਨ। ਇਹ ਬੈਲਟਾਂ ਜਾਂ ਪਰਤਾਂ ਕਈ ਹਜ਼ਾਰ ਮੀਲ ਮੋਟੀਆਂ ਹਨ। ਭੌਤਿਕ ਵਿਗਿਆਨੀਆਂ ਮੁਤਾਬਕ ਜੇ ਇਨ੍ਹਾਂ ਪਰਤਾਂ ਨੂੰ ਪਾਰ

ਕਰਨਾ ਹੋਵੇ ਤਾਂ ਮਨੁੱਖ ਨੂੰ ਆਪਣੇ ਦੁਆਲੇ ਛੇ ਫੁੱਟ ਮੋਟੀ ਸਿੱਕੇ ਦੀ ਪਰਤ ਚਾਹੀਦੀ ਹੈ ਪਰ ਨੀਲ ਆਰਮਸਟਰਾਂਗ ਅਤੇ ਉਸ ਦੇ ਸਾਥੀਆਂ ਨੇ ਸਿਰਫ਼ ਇੱਕ ਪਤਲੀ ਜਿਹੀ ਐਲੂਮੀਨੀਅਮ ਦੀ ਪਰਤ ਵਾਲਾ ਸਪੇਸ ਸੂਟ ਪਾਇਆ ਹੋਇਆ ਸੀ। ਇੱਕ ਗੱਲ ਹੋਰ ਚੰਨ ਉਪਰ ਦਿਨ ਅਤੇ ਰਾਤ ਵਿੱਚ 500 ਡਿਗਰੀ ਸੈਂਟੀਗਰੇਡ ਦਾ ਫ਼ਰਕ ਹੈ। ਹੁਣ ਸੋਚਣਾ ਬਣਦਾ ਹੈ ਕਿ ਕੀ ਉਹ ਪਤਲਾ ਜਿਹਾ ਸਪੇਸ ਸੂਟ 0 ਤੋਂ 250 ਡਿਗਰੀ ਸੈਂਟੀਗਰੇਡ ਤੋਂ ਉਪਰ ਅਤੇ 250 ਡਿਗਰੀ ਸੈਂਟੀਗਰੇਡ ਥੱਲੇ ਦਾ ਤਾਪਮਾਨ ਸਹਿ ਸਕਦਾ ਸੀ? ਵਿਗਿਆਨੀ ਸੂਰਜ ਵੱਲੋਂ ਆਉਂਦੀਆਂ ਚੁੰਬਕੀ ਹਨੇਰੀਆਂ ਬਾਰੇ ਕਹਿੰਦੇ ਹਨ ਕਿ ਇਹ ਚੁੰਬਕੀ ਹਨੇਰੀਆਂ ਵੈਨ ਐਲਨ ਰੇਡੀਏਸ਼ਨ ਬੈਲਟਾਂ ਨੂੰ ਕਈ ਹਜ਼ਾਰ ਗੁਣਾਂ ਹੋਰ ਘਾਤਕ ਬਣਾ ਦਿੰਦੀਆਂ ਹਨ। ਵਿਗਿਆਨੀਆਂ ਮੁਤਾਬਕ ਇਹ ਵੀ ਸਬੱਬ ਹੀ ਸਮਝੋ ਕਿ ਇਤਿਹਾਸ ਦੀ ਹੁਣ ਤਕ ਦੀ ਸਭ ਤੋਂ ਭਿਆਨਕ 'ਚੁੰਬਕੀ ਹਨੇਰੀ' ਅਪੋਲੋ-99 ਦੀ ਲੈਂਡਿੰਗ ਸਮੇਂ ਆਈ। ਸੋਵੀਅਤ ਰੂਸ ਦੇ ਇੱਕ ਚੀਫ ਕੋਸਮੋਨੋਟ ਬੋਰਿਸ ਬੋਲੀਸੋਵ ਨੇ ਮੰਨਿਆ ਹੇ ਕਿ ਇਹ ਕਿਰਨਾਂ ਏਨੀਆ ਘਾਤਕ ਹੁੰਦੀਆਂ ਹਨ ਕਿ ਸਪੇਸ ਕਰਾਫਟ ਨੂੰ ਆਸਾਨੀ ਨਾਲ ਪਾਰ ਕਰ ਸਕਦੀਆਂ ਹਨ। ਇਸੇ ਕਾਰਨ ਸੋਵੀਅਤ ਸੰਘ ਨੇ ਕਦੀ ਕਿਸੇ ਮਨੁੱਖ ਨੂੰ ਮੌਤ ਦੇ ਮੂੰਹ ਵੱਲ ਨਹੀਂ ਧੱਕਿਆ। ਕਿਹਾ ਜਾਂਦਾ ਹੈ ਕਿ ਅਮਰੀਕੀ ਸਰਕਾਰ ਨੇ ਨਾਸਾ ਨੂੰ ਨਿਰਦੇਸ਼ ਦਿੱਤਾ ਸੀ ਕਿ 'ਜਾਓ ਜਾਂ ਫਿਰ ਬਣਾਓ' ਤੇ ਇੰਜ ਨਾਸਾ ਨੇ ਨੇਵਾਦਾ ਸਥਿਤ ਏਰੀਆ ਵਿੱਚ ਇੱਕ ਪੁਲਾੜਨੁਮਾ ਸੈੱਟ ਸਥਾਪਤ ਕੀਤਾ ਅਤੇ 'ਅਪੋਲੋ ਸੀਰੀਜ਼' ਫ਼ਿਲਮ ਦੀ ਸ਼ੂਟਿੰਗ ਸ਼ੁਰੂ ਕੀਤੀ। ਇਸ ਏਰੀਆ 51 'ਤੇ ਅਜੇ ਤਕ ਵੀ ਦੇਖਦੇ ਹੀ ਗੋਲੀ ਮਾਰਨ ਦੇ ਹੁਕਮ ਹਨ।

ਨੀਲ ਆਰਮਸਟਰਾਂਗ ਅਤੇ ਐਡਵਿਨ ਐਲਡਰਿਨ ਅਪੋਲੋ-99 ਵਿੱਚ ਸਵਾਰ ਹੋ ਕੇ ਧਰਤੀ ਤੋਂ ਤਾਂ ਜ਼ਰੂਰ ਉਜੱਡੇ ਪਰ ਕਦੇ ਚੰਨ ਦੇ ਕਰੀਬ ਨਹੀਂ ਪਹੁੰਚੇ, ਪੈਰ ਧਰਨਾ ਤਾਂ ਇੱਕ ਪਾਸੇ ਰਿਹਾ। ਉਹ ਅੱਠ ਦਿਨ ਧਰਤੀ ਦੁਆਲੇ ਪੁਲਾੜ ਵਿੱਚ ਹੀ ਚੱਕਰ ਲਾਉਂਦੇ ਰਹੇ ਅਤੇ ਫਿਰ ਨੌਵੇਂ ਦਿਨ ਪੈਰਾਸ਼ੂਟ ਰਾਹੀਂ ਸਮੁੰਦਰ ਵਿੱਚ ਆ ਉਤਰੇ।

ਇਸ ਥਿਊਰੀ 'ਤੇ 1978 ਵਿੱਚ ਇੱਕ ਹਾਲੀਵੁੱਡ ਫ਼ਿਲਮ 'ਕੇਪਰੀਕਾਰਨ ਵੰਨ' ਵੀ ਬਣੀ ਜਿਸ ਵਿੱਚ ਸਰਕਾਰ ਮੰਗਲ ਗ੍ਰਹਿ 'ਤੇ ਜਾਣ ਦਾ ਨਾਟਕ ਕਰਦੀ ਹੈ। ਇਸ ਦੇ ਸੈੱਟ, ਕਿਰਦਾਰਾਂ ਦੇ ਕੱਪੜੇ, ਡਾਇਲਾਗ ਹੂ-ਬ-ਹੂ ਅਪੋਲੋ-99 ਵਰਗੇ ਸਨ। ਇਸ ਫ਼ਿਲਮ ਦਾ ਡਾਇਰੈਕਟਰ ਪਾਲ ਲੈਜ਼ਰਸ ਇਸ 'ਕਾਂਸਪੀਰੇਸੀ ਥਿਊਰੀ' ਵਿੱਚ ਪੂਰਾ ਯਕੀਨ ਰੱਖਦਾ ਸੀ। ਉਸ ਨੇ ਸਿਨੇਮਾ ਰਾਹੀਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਪੁਲਾੜ ਦਾ ਸੈੱਟ ਆਸਾਨੀ ਨਾਲ ਬਣਾਇਆ ਜਾ ਸਕਦਾ ਹੈ। ਇਸ ਫ਼ਿਲਮ ਦਾ ਬਜਟ ਚਾਲੀ ਲੱਖ ਡਾਲਰ ਸੀ। ਲੈਜ਼ਰਸ ਮੁਤਾਬਕ ਨਾਸਾ ਦੇ ਅਪੋਲੋ-99 ਦੇ 40 ਅਰਬ ਡਾਲਰ ਦੇ ਬਜਟ ਨਾਲ ਤਾਂ ਇਸ ਸਾਜ਼ਿਸ਼ ਨੂੰ ਆਸਾਨੀ ਨਾਲ ਅੰਜ਼ਾਮ ਦਿੱਤਾ ਜਾ ਸਕਦਾ ਸੀ। ਲੂਨਰ ਲੈਂਡਰ ਦੇ ਚਲਦੇ ਇੰਜਣ ਦੀ ਆਵਾਜ਼ 140-150 ਹਰਟਜ਼ ਹੁੰਦੀ ਹੈ, ਭਾਵ ਬਹੁਤ ਜ਼ਿਆਦਾ। ਇੰਜਣ ਦੀ ਇੰਨੀ ਖੜਕੇ ਵਾਲੀ ਆਵਾਜ਼ ਵਿੱਚ ਪੁਲਾੜ ਯਾਤਰੀਆਂ ਦੀ ਆਵਾਜ਼ ਦਾ ਸਾਫ਼-ਸਾਫ਼ ਸੁਣਨਾ ਵੀ ਸ਼ੱਕੀ ਪ੍ਰਤੀਤ ਹੁੰਦਾ ਹੈ।


ਡੇਵਿਡ ਪਰਸੀ ਵਰਗੇ ਫੋਟੋਗ੍ਰਾਫੀ ਮਾਹਿਰਾਂ ਮੁਤਾਬਕ ਇਸ ਸਾਰੀ ਫੁਟੇਜ ਵਿੱਚ ਕਈ ਸਾਰੀਆਂ ਊਣਤਾਈਆਂ ਸਪਸ਼ਟ ਦਿਸਦੀਆਂ ਹਨ ਜਿਵੇਂ ਲੂਨਰ ਲੈਂਡਰ ਦੇ ਚੰਨ ਦੇ ਧਰਾਤਲ 'ਤੇ ਉਤਰਨ ਨਾਲ ਕੋਈ ਖੱਡਾ ਨਾ ਪੈਣਾ ਤੇ ਉਸ ਉਜੱਪਰ ਰੇਤ ਦਾ ਇੱਕ ਕਣ ਵੀ ਮੌਜੂਦ ਨਾ ਹੋਣਾ ਜਦੋਂਕਿ

ਆਰਮਸਟਰਾਂਗ ਦੇ ਪੈਰਾਂ ਦੇ ਚੰਨ ਦੇ ਧਰਾਤਲ 'ਤੇ ਨਿਸ਼ਾਨ ਪੈ ਰਹੇ ਸਨ ਤੇ ਬੂਟਾਂ 'ਤੇ ਮਿੱਟੀ, ਫੋਟੋਆਂ ਵਿੱਚ ਤਾਰਿਆਂ ਦੀ ਅਣਹੋਂਦ, ਪਰਛਾਵਿਆਂ ਦੀ ਦਿਸ਼ਾ, ਪਹਿਲੇ ਅਤੇ ਦੂਜੇ ਦਿਨ ਲਈਆਂ ਗਈਆਂ ਫੋਟੋਆਂ ਵਿੱਚ ਇੱਕੋ ਜਿਹੀ ਪਿੱਠਭੂਮੀ ਜਦੋਂਕਿ ਨਾਸਾ ਮੁਤਾਬਕ ਇਹ ਇੱਕ-ਦੂਜੇ ਤੋਂ ਤਕਰੀਬਨ 230 ਮੀਲ ਦੂਰੀ 'ਤੇ ਲਈਆਂ ਗਈਆਂ ਸਨ; ਆਰਮਸਟਰਾਂਗ ਤੇ ਸ਼ੀਸ਼ੇ ਵਾਲੇ ਹੈਲਮਟ ਵਿੱਚ ਰੋਸ਼ਨੀ ਦਾ ਇੱਕ ਸ੍ਰੋਤ ਦਿਸਣਾ ਆਦਿ ਸਾਬਿਤ ਕਰਦੇ ਹਨ ਕਿ ਇਹ ਸਾਰਾ ਪ੍ਰਪੰਚ ਨੇਵਾਦਾ ਦੇ ਏਰੀਆ 51 ਵਿੱਚ ਰਚਿਆ ਗਿਆ। ਅਸਲ 'ਚ ਨਾਸਾ ਵੱਲੋਂ ਨੇਵਾਦਾ ਦਾ ਰੇਗਿਸਤਾਨ ਹੀ ਚੰਨ ਦੀ ਧਰਤੀ ਦਿਖਾਇਆ ਗਿਆ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇ ਇਹ ਸਭ ਕੁਝ ਝੂਠ ਸੀ ਤਾਂ ਨਾਸਾ ਵਿੱਚੋਂ ਕਿਸੇ ਨੇ ਇਸ ਬਾਰੇ ਆਵਾਜ਼ ਕਿਉਂ ਨਾ ਉਠਾਈ? ਗਰਿਸਮ ਨਾਸਾ ਦੇ ਸੱਤ ਮੋਹਰੀ ਪੁਲਾੜੀਆਂ ਵਿੱਚੋਂ ਇੱਕ ਸੀ ਅਤੇ ਸ਼ਾਇਦ ਸਭ ਤੋਂ ਪਹਿਲਾਂ ਆਰਮਸਟਰਾਂਗ ਦੀ ਥਾਂ ਉਸ ਨੇ ਅਪੋਲੋ-99 ਵਿੱਚ ਜਾਣਾ ਸੀ ਪਰ ਇੱਕ ਇੰਟਰਵਿਊ ਦੌਰਾਨ ਗਰਿਸਮ ਨੇ ਨਾਸਾ ਵਿਰੁੱਧ ਇੱਕ ਟਿੱਪਣੀ ਕੀਤੀ ਅਤੇ ਖ਼ਦਸ਼ਾ ਜ਼ਾਹਿਰ ਕੀਤਾ ਕਿ ਜਲਦ ਹੀ ਕੋਈ ਮਾਰਿਆ ਜਾਵੇਗਾ। ਕੁਝ ਹੀ ਦਿਨਾਂ ਬਾਅਦ ਤਿੰਨ ਪੁਲਾੜੀ ਯਾਤਰੀ ਧਰਤੀ ਉਪਰ ਖੜ੍ਹੇ ਅਪੋਲੋ-9 ਵਿੱਚ ਅੱਗ ਲੱਗਣ ਕਰਕੇ ਮਰ ਗਏ। ਅਜਿਹੇ ਹਾਦਸੇ ਦੀ ਆਸ ਪੁਲਾੜ ਵਿੱਚ ਤਾਂ ਕੀਤੀ ਜਾ ਸਕਦੀ ਹੈ ਪਰ ਧਰਤੀ 'ਤੇ ਖੜ੍ਹੇ ਜਹਾਜ਼ ਵਿੱਚ ਇਹ ਸਭ ਹੋਣਾ ਬੇਹੱਦ ਹੈਰਾਨੀਜਨਕ ਸੀ। ਗਰਿਸਮ ਦੀ ਪਤਨੀ ਅਤੇ ਬੇਟਾ ਸ਼ਰੇਆਮ ਇਸ ਦਾ ਇਲਜ਼ਾਮ ਨਾਸਾ ਅਤੇ ਅਮਰੀਕੀ ਏਜੰਸੀ ਸੀ.ਆਈ.ਏ. ਦੇ ਸਿਰ ਮੜ੍ਹਦੇ ਹੋਏ ਇਸ ਘਟਨਾ ਨੂੰ ਸਾਜ਼ਿਸ਼ੀ ਕਤਲ ਦੱਸਦੇ ਹਨ। ਥਾਮਸ ਰੇਨਾਲਡ ਬੇਅਰਨ ਅਪੋਲੋ-9 ਦਾ ਸੇਫਟੀ ਸੁਪਰਵਾਈਜ਼ਰ ਸੀ ਜਿਸ ਨੇ ਇੱਕ ਟੀ.ਵੀ. ਇੰਟਰਵਿਊ ਵਿੱਚ ਖੁਲਾਸਾ ਕੀਤਾ ਕਿ ਅਪੋਲੋ ਪ੍ਰੋਜੈਕਟ ਅਜੇ ਬੇਹੱਦ ਕਮਜ਼ੋਰ ਹੈ ਅਤੇ ਅਗਲੇ 25-30 ਸਾਲ ਤੱਕ ਚੰਦ 'ਤੇ ਜਾਣ ਦੇ ਕੋਈ ਆਸਾਰ ਨਹੀਂ। ਉਸ ਨੇ ਆਪਣੀ ਰਿਪੋਰਟ ਕਾਂਗਰਸ ਨੂੰ ਵੀ ਸੌਂਪੀ। ਕੁਝ ਹੀ ਦਿਨਾਂ ਬਾਅਦ ਬੇਅਰਨ ਆਪਣੀ ਪਤਨੀ ਅਤੇ ਬੇਟੀ ਨਾਲ ਇੱਕ ਸੜਕ ਹਾਦਸੇ ਵਿੱਚ ਮਾਰਿਆ ਗਿਆ। ਉਸ ਦੀ ਰਿਪੋਰਟ ਦਾ ਅਜੇ ਤਕ ਕੋਈ ਅਤਾ-ਪਤਾ ਨਹੀਂ ਲੱਗ ਸਕਿਆ ਜੋ 'ਗੁੰਮ ਹੋਈ' ਕਰਾਰ ਦਿੱਤੀ ਜਾਂਦੀ ਹੈ। ਇਸ ਤੋਂ ਬਾਅਦ ਵੀ ਅਪੋਲੋ ਪ੍ਰੋਜੈਕਟ ਜਾਰੀ ਰਿਹਾ ਅਤੇ ਨਾਲ ਹੀ ਜਾਰੀ ਰਿਹਾ ਅਨਿਆਈਆਂ ਮੌਤਾਂ ਦਾ ਸਿਲਸਿਲਾ ਵੀ। 1964 ਤੋਂ 1967 ਤਕ ਦਸ ਪੁਲਾੜ ਯਾਤਰੀ ਅਜੀਬੋ-ਗਰੀਬ ਹਾਦਸਿਆਂ ਵਿੱਚ ਆਪਣੀ ਜਾਨ ਤੋਂ ਹੱਥ ਧੋ ਬੈਠੇ। ਇਹ ਨਾਸਾ ਦੇ ਕੋਰ ਪੁਲਾੜ ਗਰੁੱਪ ਦਾ 50 ਫ਼ੀਸਦੀ ਹੈ। ਜਿਸ ਨੇ ਵੀ ਨਾਸਾ ਦੀ ਪੋਲ ਖੋਲ੍ਹਣ ਦੀ ਕੋਸ਼ਿਸ਼ ਕੀਤੀ, ਉਸ ਦੀ ਜੀਵਨ ਲੀਲਾ ਹੀ ਖ਼ਤਮ ਕਰ ਦਿੱਤੀ ਗਈ।

ਇੱਕ ਹੋਰ ਸਵਾਲ ਜੋ ਵਾਰ-ਵਾਰ ਦਿਮਾਗ਼ ਨੂੰ ਪ੍ਰੇਸ਼ਾਨ ਕਰਦਾ ਹੈ ਕਿ 1972 ਤੋਂ ਲੈ ਕੇ ਹੁਣ ਤੱਕ ਵਿਗਿਆਨ ਬਹੁਤ ਤਰੱਕੀ ਕਰ ਚੁੱਕਿਆ ਹੈ। ਇਸ ਦੇ ਬਾਵਜੂਦ 1972 ਤੋਂ ਬਾਅਦ ਹੁਣ ਤੱਕ ਕੋਈ ਚੰਨ ਯਾਤਰਾ ਕਿਉਂ ਨਹੀਂ ਹੋਈ। ਜੇ ਉਸ ਸਮੇਂ ਨੀਲ ਆਰਮਸਟਰਾਂਗ ਚੰਨ 'ਤੇ ਪਹੁੰਚ ਗਿਆ ਸੀ ਤਾਂ ਹੁਣ ਤਕ ਤਾਂ ਵਿਗਿਆਨੀਆਂ ਨੇ ਚੰਨ 'ਤੇ ਕਾਲੋਨੀਆਂ ਵਸਾ ਕੇ ਕਾਫ਼ੀ ਵਿਅਕਤੀ ਉੱਥੇ ਭੇਜ ਦੇਣੇ ਸਨ। ਇਸ ਤੋਂ ਇਲਾਵਾ ਇਸ ਖੇਤਰ ਵਿੱਚ ਹੋਰ ਵੀ ਕਾਫ਼ੀ ਕੁਝ ਕਰ ਵਿਖਾਉਣਾ ਸੀ।

ਇਹ ਤੱਥ ਵੀ ਹੈਰਾਨੀ ਭਰਿਆ ਹੈ ਕਿ ਅੱਜ-ਕੱਲ੍ਹ ਮੀਡੀਆ ਖੂਹ ਵਿੱਚ ਡਿੱਗੇ ਬੱਚੇ ਦਾ ਵੀ ਦੋ-ਦੋ



ਦਿਨ ਲਗਾਤਾਰ ਸਿੱਧਾ ਪ੍ਰਸਾਰਨ ਕਰਦਾ ਹੈ, ਛੋਟੇ-ਛੋਟੇ ਵਿਗਿਆਨੀਆਂ ਦੇ ਯੂਨੀਵਰਸਿਟੀਆਂ ਵਿੱਚ ਅਨੇਕਾਂ ਲੈਕਚਰ ਅਤੇ ਟੀ.ਵੀ. 'ਤੇ ਸ਼ੋਅ ਹੁੰਦੇ ਹਨ, ਉਨ੍ਹਾਂ ਬਾਰੇ ਕਿਤਾਬਾਂ ਲਿਖੀਆਂ ਜਾਂਦੀਆਂ ਹਨ, ਟਾਕ ਸ਼ੋਅ ਪ੍ਰਸਾਰਤ ਹੁੰਦੇ ਹਨ ਪਰ ਨੀਲ ਆਰਮਸਟਰਾਂਗ ਦੀ ਕੋਈ ਇੰਟਰਵਿਊ, ਟੀ.ਵੀ. ਟਾਕ ਜਾਂ ਸੈਮੀਨਾਰ, ਲੈਕਚਰ ਆਦਿ ਹੋਣ ਬਾਰੇ ਕਦੇ ਕੋਈ ਖ਼ੁਲਾਸਾ ਨਹੀਂ ਹੋਇਆ। ਕਿਤੇ ਉਸ ਨੂੰ ਜਾਣ-ਬੁੱਝ ਕੇ ਹੀ ਗੁੰਮਨਾਮੀ ਦੀ ਜ਼ਿੰਦਗੀ 'ਚ ਰਹਿਣ ਲਈ ਮਜਬੂਰ ਤਾਂ ਨਹੀਂ ਕੀਤਾ ਗਿਆ? ਹੋਰ ਤਾਂ ਹੋਰ ਅਮਰੀਕੀਆਂ ਨੇ ਕਦੇ ਮਨੁੱਖ ਦੇ ਚੰਨ 'ਤੇ ਪੈਰ ਧਰਨ ਦੇ ਦਿਨ ਦੀ ਵਰ੍ਹੇਗੰਢ ਵੀ ਨਹੀਂ ਮਨਾਈ ਜਦੋਂਕਿ 9/11 ਅਤੇ ਹਿਰੋਸ਼ਿਮਾ ਵਰਗੇ ਅਨੇਕਾਂ ਦਿਹਾੜੇ ਕੌਮਾਂਤਰੀ ਪੱਧਰ 'ਤੇ ਮਨਾਏ ਜਾਂਦੇ ਹਨ।

ਜੇ ਇਹ 'ਅਪੋਲੋ ਹੋਕਸ' ਸੱਚ ਹੈ ਤਾਂ 'ਅਪੋਲੋ-99' 40 ਅਰਬ ਡਾਲਰ ਨਾਲ ਬਣਾਈ ਗਈ ਹੁਣ ਤਕ ਦੀ ਸਭ ਤੋਂ ਮਹਿੰਗੀ ਫ਼ਿਲਮ ਸੀ, ਜਿਸ ਦੀ ਸ਼ੂਟਿੰਗ ਅਮਰੀਕਾ ਦੇ ਨੇਵਾਦਾ ਰੇਗਿਸਤਾਨ ਵਿੱਚ ਸਥਿਤ ਏਰੀਆ 51 ਵਿੱਚ ਹੋਈ ਜਿਸ ਵਿੱਚ ਨੀਲ ਆਰਮਸਟਰਾਂਗ ਅਤੇ ਐਡਵਿਨ ਐਲਡਰਿਨ ਨੇ ਮੁੱਖ ਭੂਮਿਕਾ ਨਿਭਾਈ ਅਤੇ ਇਸ ਫ਼ਿਲਮ ਦਾ ਡਾਇਰੈਕਟਰ ਨਾਸਾ ਅਤੇ ਨਿਰਮਾਤਾ ਯੂਨਾਈਟਿਡ ਸਟੇਟਸ ਆਫ਼ ਅਮਰੀਕਾ ਸੀ।

ਡਾ.ਗਗਨਦੀਪ ਸਿੰਘ,
ਮੋਬਾਈਲ: 76960-97115

# ਵਾਹਿਦ 'ਪ੍ਰਿਜ਼ਮ 'ਚੋਂ ਲੰਘਦਾ ਸ਼ਹਿਰ'

ਪੰਜਾਬੀ ਗਜ਼ਲ ਸਾਹਿਤ ਅੰਦਰ ਵਾਹਿਦ ਆਪਣੇ ਮੌਲਿਕ ਤੇ ਨਿਵੇਕਲੇ ਗਜ਼ਲ ਸੰਗ੍ਰਿਹ 'ਪ੍ਰਿਜ਼ਮ 'ਚੋਂ ਲੰਘਦਾ ਸ਼ਹਿਰ' ਰਾਹੀਂ ਹਾਜ਼ਰੀ ਲਗਵਾਉਂਦਾ ਹੈ। ਇਸ ਸੰਗ੍ਰਿਹ ਦੇ ਸਮਰਪਣ ਸ਼ਬਦ '14 ਜੂਨ 2015 ਦੇ ਦਿਨ ਨੂੰ ਜਿਸ ਦਿਨ ਜ਼ਿੰਦਗੀ ਨੇ ਆਪਣਾ ਰੁਖ਼ ਬਦਲਿਆ' ਕਿਸੇ ਸੰਜੀਦਾ, ਤਲਖ਼ ਹਕੀਕਤ ਨਾਲ ਬਦਲੇ ਹਾਲਾਤਾਂ ਵਲ ਇਸ਼ਾਰਾ ਕਰਦੇ ਹਨ। ਵਾਹਿਦ ਆਪਣੀਆਂ ਗਜ਼ਲਾਂ ਵਿਚ ਭਾਰੀ ਸਾਹਿਤਕ ਸ਼ਬਦਾਵਲੀ ਨਾ ਵਰਤ ਕੇ ਸਰਲ ਅਤੇ ਹਕੀਕਤ ਨਾਲ ਭਰੇ ਸ਼ਬਦਾਂ ਰਾਹੀਂ ਭਾਰੂ ਵਿਸ਼ਿਆਂ ਦੀ ਪੇਸ਼ਕਾਰੀ ਕਰਦਾ ਹੈ। ਕਿਸੇ ਵੀ ਕਿਰਤ ਦੀ ਰਚਨਾ ਸਿੱਧੇ ਤੌਰ 'ਤੇ ਨਹੀਂ ਹੋ ਜਾਂਦੀ, ਉਸ ਪਿੱਛੇ ਕਈ ਪੜਾਅ ਕੰਮ ਕਰਦੇ ਹਨ। ਜਿਵੇਂ ਕੋਈ ਰਚਨਾਕਾਰ ਆਪਣੇ ਸਮਕਾਲੀ ਸਮੇਂ ਦੇ ਹਾਲਾਤਾਂ, ਪ੍ਰਸਥਿਤੀਆਂ ਤੋਂ ਮੁਤਾਸਰ ਹੁੰਦਾ ਏ, ਫ਼ਿਰ ਉਹ ਆਪਣੀ ਭਾਸ਼ਾ ਰਾਹੀਂ ਸਮਕਾਲੀ ਸਮਾਜਕ ਯਥਾਰਥ ਦੇ ਅੰਤਰ- ਵਿਰੋਧਾਂ ਦੀ ਪੇਸ਼ਕਾਰੀ ਕਰਦਾ ਹੈ। ਵਾਹਿਦ ਵਿਸ਼ਵੀਕਰਨ ਅਤੇ ਮੰਡੀ ਦੇ ਦੌਰ 'ਚ ਵਿਗੜ ਰਹੇ ਰਿਸ਼ਤਿਆਂ ਦੀ ਤਾਸੀਰ ਦੀ ਤਰਜ਼ਮਾਨੀ ਕਰਦਾ ਹੈ। ਉਸਦੇ ਕੁਝ ਸ਼ੇਅਰ ਵੇਖੇ ਜਾ ਸਕਦੇ ਹਨ:

ਹਰਿਕ ਪਿੰਡ ਆਵੇ ਸੌਖਾ ਸ਼ਹਿਰ ਵੱਲ ਨੂੰ,<br>
ਸਭੇ ਰਾਹ ਇਉਂ ਸੰਵਾਰੇ ਜਾ ਰਹੇ ਨੇ।<br>
ਇਕ ਵੱਖਰੀ ਦੁਨੀਆ ਹੈ ਹੁਣ ਤਾਂ ਹਰ ਇਕ ਦੀ ਹੀ,<br>
ਹਰ ਘਰ ਵਿਚ ਘਰ ਓਨੇ ਜਿੰਨੇ ਕਮਰੇ ਨੇ।

ਭਟਕਦੇ ਰਿਸ਼ਤਿਆਂ ਤੋਂ ਹਾਰਿਆ ਮਨੁੱਖ ਕਿਵੇਂ ਆਪਣੇ ਅੰਦਰਲੇ ਸ਼ੋਰ ਦਾ ਸਾਹਮਣਾ ਕਰਕੇ ਜਿਊਂਦਾ ਹੈ, ਵਾਹਿਦ ਇਸ ਪੱਖ ਵੱਲ ਵੀ ਧਿਆਨ ਦਿੰਦਾ ਹੈ। ਬੇਬਾਕੀ ਨਾਲ ਸੱਚ ਬੋਲਣਾ ਉਸਦੇ ਸੁਭਾਅ ਵਿਚ ਹੈ। ਕਿਸੇ ਸ਼ਰਤ ਜਾਂ ਸਮਝੌਤੇ ਨਾਲ ਜਿਊਣਾ ਉਸਨੂੰ ਕਤੱਈ ਪ੍ਰਵਾਨ ਨਹੀਂ। ਮੰਡੀ ਯੁੱਗ ਵਿਚ ਬਦਲ ਰਹੇ ਘਰ ਦੇ ਅਰਥਾਂ ਵੱਲ ਵੀ ਵਾਹਿਦ ਦੀਆਂ ਗਜ਼ਲਾਂ ਧਿਆਨ ਦਵਾਉਂਦੀਆਂ ਹਨ। ਉਹ ਅੱਜ ਦੇ ਸਮੇਂ 'ਚ ਨਕਾਬਪੋਸ਼ ਹੋ ਕੇ ਜਿਉਂ ਰਹੇ ਇਨਸਾਨ ਦੀ ਤਬੀਅਤ/ ਸੁਭਾਅ ਉੱਤੇ ਵੀ ਵਿਅੰਗ ਕਰਦਾ ਹੈ। ਵਾਹਿਦ ਆਪਣੇ ਆਲੇ-ਦੁਆਲੇ ਵਾਪਰ ਰਹੀਆਂ ਘਟਨਾਵਾਂ ਨੂੰ ਨਿਜ ਨਾਲ ਜੋੜ ਕੇ ਸਮੂਹਿਕਤਾ ਤੋਂ ਵਿਅਕਤੀਗਤਤਾ ਦਾ ਸਫ਼ਰ ਤੈਅ ਕਰਦਿਆਂ ਉਨ੍ਹਾਂ ਪ੍ਰਤੀ ਜਾਗਰੂਕ ਹੋ ਕੇ ਉਨ੍ਹਾਂ ਖ਼ਿਲਾਫ਼ ਆਵਾਜ਼ ਉਠਾਉਂਦਾ ਹੈ। ਉਹ ਸਮਕਾਲੀ ਰਾਜਨੀਤੀ ਦੀ ਰਮਜ਼ ਨੂੰ ਸਮਝਦਿਆਂ ਬੇਬਾਕੀ ਨਾਲ ਉਸਦੀ ਤਸਵੀਰਕਸ਼ੀ ਪਾਠਕ ਸਾਹਮਣੇ ਕਰਦਾ ਕਰਦਿਆਂ ਲਿਖਦਾ ਹੈ

ਇਹ ਕਰਨਗੇ ਨਵੇਂ ਸਮਿਆਂ ਦੇ ਸਿਰ 'ਚ ਗਲੀਆਂ ਹੁਣ<br>
ਕਮਲ ਦੇ ਫੁੱਲ ਤੋਂ ਤ੍ਰਿਸ਼ੂਲ ਜੋ ਬਣ ਆਏ ਨੇ।

ਵਾਹਿਦ ਗਜ਼ਲ ਜਗਤ 'ਚ ਆਪਣੀ ਹਾਜ਼ਰੀ ਪੂਰੀ ਸੰਜੀਦਗੀ ਅਤੇ ਤਨਦੇਹੀ ਨਾਲ ਲਗਵਾਉਂਦਾ ਹੈ। ਸ਼ਾਲ੍ਹਾ ਉਸਦੀ ਕਲਮ ਹੋਰ ਮਜ਼ਬੂਤ ਅਤੇ ਸੱਚਾਈ ਨਾਲ ਭਰਪੂਰ ਹੋਵੇ।

ਅਮੀਨਾ



# ਤਕਨੀਕੀ ਖ਼ਰਾਬੀ

ਸੜਕੇ-ਸੜਕੇ ਜਾਂਦੀਏ ਮੁਟਿਆਰੇ ਨੀ ਕੰਡਾ ਚੁਭਾ ਚ...ਚੀ...ਚੁ......(ਦੀ ਆਵਾਜ਼)

ਇਹ ਆਵਾਜ਼ ਕਿਤੇ ਸੁਣੀ ਲਗਦੀ ਹੈ, ਅਪਣੇ ਹੀ ਘਰ ਪਏ ਉਸ ਰੇਡੀਉ 'ਚੋ ਇਹ ਆਵਾਜ਼ ਅਕਸਰ ਹੀ ਉਸ ਵਕਤ ਕੰਨਾਂ 'ਚ ਦਸਤਕ ਦਿੰਦੀ ਸੀ, ਜਦ ਵੀ ਕੋਈ ਅਪਣੀ ਪਸੰਦ ਦਾ ਗਾਣਾ ਚਲ ਰਿਹਾ ਹੁੰਦਾ ਸੀ,...ਪਰ ਇਸ ਦਾ ਜ਼ਿੰਮੇਵਾਰ ਕੌਣ ਹੁੰਦਾ ਸੀ? ਜੀ ਰੇਡੀਉ ਤਾਂ ਨਹੀ ਜ਼ਿੰਮੇਵਾਰ ਸਨ ਤਾਂ ਇਸ ਦੀਆਂ ਉਹ ਮਸ਼ੀਨਾਂ ਜਿਨ੍ਹਾਂ ਰਾਹੀਂ ਇਹ ਗੀਤ ਸਾਡੇ ਤਾਈਂ ਅੱਪੜ ਦੇ ਸਨ! ਜਦ ਵੀ ਕੋਈ ਅਜਿਹੀ ਅਨਾਉਂਸਮੈਂਟ ਹੁੰਦੀ ਸੀ ਕਿ, *ਕਿਸੇ ਤਕਨੀਕੀ ਖ਼ਰਾਬੀ ਕਾਰਨ ਅਸੀਂ ਤੁਹਾਨੂੰ ਇਹ ਗੀਤ ਨਹੀ ਸੁਣਾ ਸਕਦੇ, ਜਾਂ ਗੀਤ ਦਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਮੁੱਕ ਜਾਣਾ ਇਸ ਦਾ ਕਾਰਣ ਸਿਰਫ਼ ਇਨ੍ਹਾਂ ਮਸ਼ੀਨਾਂ ਨੂੰ ਹੀ ਪਤਾ ਹੁੰਦਾ ਸੀ!

ਅੱਜ ਵੀ ਇਨ੍ਹਾਂ ਮਸ਼ੀਨਾਂ ਨੂੰ ਵੇਖ ਕੇ ਕੁੱਝ ਨਹੀ ਪਰ ਬਹੁਤ ਕੁੱਝ ਯਾਦ ਆਉਂਦਾ ਹੈ, ਜਦ ਰੇਡੀਓੁ ਹੀ ਸਾਡੇ ਲਈ ਸਭ ਕੁੱਝ ਹੀ ਹੁੰਦਾ ਸੀ, ਕਿਵੇਂ ਸਾਰੇ ਹੀ ਕੰਮ ਨਿਬੇੜ ਕੇ ਰੇਡੀਉ ਲਾਗੇ ਬੈਠ ਜਾਈਦਾ ਸੀ! ਮੈਂ ਤੇ ਬੜੇ ਹੀ ਕਿੱਸੇ ਸੁਣੇ ਹਨ ਇਨ੍ਹਾਂ ਮਸ਼ੀਨਾਂ ਤੇ ਰੇਡੀਉ ਦੇ, ਕੇ ਜਦ ਰੇਡੀਉ ਹੀ ਇਕ ਸਾਧਨ ਹੁੰਦਾ ਸੀ ਤਾਂ ਕਿਵੇਂ ਸਭ ਇਕ ਦੂਜੇ ਦੇ ਘਰ ਜਾ-ਜਾ ਕੇ ਰੇਡੀਉ ਸੁਣ ਦੇ ਸੀ!

ਇਨ੍ਹਾਂ ਮਸ਼ੀਨਾਂ ਦੇ ਕਿੱਸੇ ਤਾਂ ਹੋਰ ਵੀ ਚਟਪਟੇ ਹਨ, ਜਿਨ੍ਹਾਂ 'ਚੋਂ ਕੁੱਝ ਤਾਂ ਅੱਜ ਵੀ ਯਾਦ ਹਨ, ਕਿ ਕਿਵੇਂ ਇਨ੍ਹਾਂ ਮਸ਼ੀਨਾਂ ਦੀ ਸਪੀਡ ਲੂਜ਼ ਹੁੰਦੀ ਸੀ ਅਤੇ ਕਿਵੇਂ 'ਟੇਪਾਂ' ਦੀਆਂ ਸਲੂਪ ਗ਼ਾਇਬ ਹੁੰਦੀਆਂ ਸੀ ਤੇ ਕਿਵੇਂ ਟੇਪ ਅੜਦੀ ਸੀ! ਜਦੋਂ ਸੀ.ਟੀ.ਆਰ ਟੇਪਾਂ ਅਤੇ ਟ੍ਰਨਟੇਬਲ ਦਾ ਵੇਲਾ ਸੀ।ਅੱਜ ਲੱਗਦਾ ਹੈ ਕਿ ਖ਼ੌਰੇ ਉਹ ਵੇਲਾ ਹੀ ਖ਼ੂਬ ਸੀ।ਅਕਸਰ ਹੀ ਰੇਡੀਉ ਸਟੇਸ਼ਨ 'ਚ ਜਦ 'ਡਿਊਟੀ ਰੂਮ' 'ਚ ਸੱਥ ਲਗਦੀ ਸੀ ਤਾਂ ਸੀਨੀਅਰ ਐਂਕਰ ਜਦ ਅਪਣੇ ਵੇਲੇ ਦੀਆ ਗੱਲਾਂ ਕਰਦੇ ਸੀ ਕਿ ਉਸ ਵੇਲੇ ਕੰਮ ਕਰਨ ਦਾ ਇੱਕ 'ਥ੍ਰਿਲ ' ਹੁੰਦਾ ਸੀ, ਇਨ੍ਹਾਂ ਮਸ਼ੀਨਾਂ ਨਾਲ ਇੱਕ ਸਾਂਝ ਹੁੰਦੀ ਸੀ, ਜੋ 'ਕੰਪਿਊਟਰ' ਨਾਲ ਨਹੀਂ ਬਣਦੀ ਹੈ, ਜਦ ਟ੍ਰਨਟੇਬਲ ਨਾਲ ਕੰਮ ਕਰੀਦਾ ਸੀ ਤਾਂ ਜੇ ਕਦੇ ਉਸ ਦੇ

ਰਿਕਾਡ ਦੀ ਸੂਈ ਅੜ ਜਾਨੀ ਤੇ ਫਿਰ ਉਸ ਉੱਪਰ ਇੱਕ ਸਿੱਕਾ ਰੱਖ ਦੇਣਾ ਨਹੀ ਤਾਂ ਹਲਕਾ ਜਿਹਾ 'ਪੁਸ਼' ਕਰ ਦੇਣਾ....., ਕਦੀ-ਕਦੀ ਜੇ ਕਿਤੇ ਸੂਈ ਜ਼ੋਰ ਨਾਲ ਪੁਸ਼ ਹੋ ਜਾਂਦੀ ਸੀ, ਤਾਂ ਸੂਈ ਅਖ਼ੀਰ 'ਚ ਜਾ ਮਿਲਣੀ ਤੇ ਗਾਣਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਮੁੱਕ ਜਾਣਾ !ਇੱਕ ਹੋਰ ਕਿੱਸਾ ਜੋ ਮੈ 'ਸੁੱਖੀ ਮੈਡਮ ' ਤੋ ਸੁਣਿਆ ਸੀ ਕਿ ਸੀ.ਟੀ.ਆਰ ਮਸ਼ੀਨਾਂ ਨਾਲ ਕਿੰਨਾ ਹੀ ਸੁਆਦ ਆਉਣਾ, ਪਰ ਜਦੋਂ ਕਿਤੇ 'ਸਪੀਡ ਲੂਜ਼' ਹੋ ਜਾਣੀ ਤਾਂ ਅਸੀਂ ਅੰਗੂਠੇ ਨਾਲ ਦੱਬ ਦੇਣਾ ਤੇ ਜੇ ਕਿਤੇ ਅੰਗੂਠਾ ਜ਼ੋਰ ਨਾਲ ਦੱਬਿਆ ਗਿਆ ਤਾਂ ਸਪੀਡ ਟ੍ਰਿਪਲ ਹੋ ਜਾਂਦੀ ਸੀ ਤੇ ਟਾੱਕਰ ਦੀ ਆਵਾਜ਼ ਮਾਇਕ ਮਾਊਸ ਦੀ ਆਵਾਜ਼ ਵਰਗੀ ਹੋ ਜਾਣੀ ਚੀਂ.......ਚੂੰ......ਕਦੀ-ਕਦੀ ਟੇਪਾਂ ਚਲਾਉਣ ਲਈ ਸਲੂਪ ਨਹੀ ਮਿਲਦੀ ਸੀ ਤੇ ਕਦੀ ਟੇਪ ਟੁੱਟ ਜਾਂਦੀ ਸੀ, ਕਈ ਵਾਰੀ ਤੇ ਟੇਪਾਂ ਇੱਕ ਪਾਸੇ ਹੀ ਅੜ ਜਾਂਦੀਆਂ ਸਨ .......! ਇਹ ਗੱਲਾਂ ਸੁਣ ਕੇ ਅਪਣੇ-ਆਪ ਨੂੰ ਬਹੁਤ ਚੰਗਾ ਲੱਗਣਾ ਤੇ ਆਪ ਵੀ ਉਸ ਵੇਲੇ 'ਚ ਹੀ ਗੁਆਚ ਜਾਣਾ ਕਿ ਵਾਕਿਆ ਹੀ ਉਹ ਵੇਲਾ ਏਨਾ ਚੰਗਾ ਸੀ? ਇਨ੍ਹਾਂ ਮਸ਼ੀਨਾਂ ਨੂੰ ਅਲਵਿਦਾ ਕਹਿਣਾ ਕਿੰਨਾ ਔਖਾ ਹੋਣਾ ਹੈ? ਜਿਵੇਂ ਕੋਈ ਚੀਜ਼ ਅਪਣੇ ਘਰੋਂ ਹੀ ਚੁੱਕ ਲਈ ਹੋਵੇ, ਕਿਸੇ ਦਾ ਤਾਂ ਦਿਲ ਕੀਤਾ ਹੋਣਾ ਹੈ ਕਿ ਇਨ੍ਹਾਂ ਮਸ਼ੀਨਾਂ ਨੂੰ ਚੁੱਕ ਕੇ ਅਪਣੇ ਘਰ ਹੀ ਲੈ ਜਾਵਾ?

ਇਨ੍ਹਾਂ ਗੱਲਾਂ ਨੂੰ ਸੁਣ ਕੇ ਮੇਰਾ ਦਿਲ ਤੇ ਕਰ ਦਾ ਹੈ ਕਿ ਮੈ ਅਪਣੇ ਘਰ ਲੈ ਜਾਵਾ! ਵਾਕਿਆ ਹੀ ਕਿਸੇ ਨੇ ਸਹੀ ਕਿਹਾ ਹੈ...

ਵਕਤ ਗੁਜ਼ਰਤਾ ਹੀ ਚਲਾ ਗਿਆ
ਔਰ ਮੈਂ ਤੇਰੀ ਯਾਦੋਂ ਮੇਂ ਹੀ ਖੋਯਾ ਰਹਾ...!

ਗੁਰਲੀਨ ਕੌਰ
ਇਟਲੀ

